

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ

ਬੌਬੀ ਸਿੰਘ

(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418

ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ

ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

120-20 101 Avenue S. Richmond Hill, NY 11419

WorldWide Travel, Inc

ਅੱਜ ਹੀ ਕਾਲ ਕਰੋ
24 ਘੰਟੇ ਐਮਰਜੈਂਸੀ ਸੇਵਾ

ਦਿੱਲੀ $895
ਟੈਕਸ ਸਮੇਤ

734 838 9998

Fare shown above is for departure from Jan 15th, 2020 and subject to availability, other conditions apply. Please call for more details

Income Tax & Accounting Services
Business/Personal Taxes
Corporate Accounts Welcome
ਬਹੁਤ ਹੀ ਘੱਟ ਰੇਟ 'ਤੇ ਵਧੀਆ ਸਰਵਿਸ



Karuna Sharma
CPA

IRS e-file

Insurance Services
*Home *Auto *Business

Ph: 718-301-9083
114-11 101 Ave., Richmond Hill, NY 11419



Twenty First Year of Publication  ਨਿਊ ਯਾਰਕ ਐਡੀਸ਼ਨ  Price 50¢

Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 21, Issue 16, April 18, 2020  20451 N. Plum Grove Rd., Palatine, IL 60074  Ph:847-359-0746, Fax:847-705-9388


## ਅਮਰਿੰਦਰ ਕਪਤਾਨੀ 'ਚ ਫਿਰ ਫੇਲ੍ਹ

### ਜ਼ਿੰਮੇਵਾਰੀ ਨਿਭਾਉਣ ਦੀ ਥਾਂ ਕਰੋਨਾ ਨੂੰ ਹਊਆ ਬਣਾਉਣ 'ਤੇ ਜ਼ੋਰ

**ਚੰਡੀਗੜ੍ਹ:** ਪੰਜਾਬ ਵਿਚ ਕਰੋਨਾ ਮਹਾਮਾਰੀ ਦੇ ਵਧਦੇ ਕਹਿਰ ਅਤੇ ਇਸ ਦੇ ਟਾਕਰੇ ਲਈ ਸਰਕਾਰ ਦੇ ਕੁੱਚਜੇ ਪ੍ਰਬੰਧਾਂ ਕਾਰਨ ਸੂਬੇ ਵਿਚ ਹਾਹਾਕਾਰ ਮੱਚੀ ਹੋਈ ਹੈ। ਹਾਲਾਤ ਅਜਿਹੇ ਹਨ ਕਿ ਭੁੱਖੇ ਢਿੱਡ ਘਰਾਂ ਵਿਚ ਕੈਦ ਲੋਕਾਂ, ਖਾਸਕਰ ਦਿਹਾੜੀਦਾਰ ਮਜ਼ਦੂਰਾਂ ਨੂੰ ਸੜਕਾਂ ਉਤੇ ਆਉਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਇਥੇ ਰੋਟੀ ਦੀ ਥਾਂ ਉਨ੍ਹਾਂ ਨੂੰ ਪੁਲਿਸ ਦੀਆਂ ਡਾਂਗਾਂ ਮਿਲ ਰਹੀਆਂ ਹਨ।

ਲੋਕ ਸਹਿਮੇ ਹੋਏ ਹਨ ਤੇ ਇਸੇ ਸਮੇਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ 87 ਫੀਸਦੀ ਵਾਲੇ ਬਿਆਨ ਨੇ ਪੰਜਾਬੀਆਂ ਦਾ ਤ੍ਰਾਹ ਕੱਢ ਕੇ ਰੱਖ ਦਿੱਤਾ ਹੈ। ਕੈਪਟਨ ਦਾ ਦਾਅਵਾ ਹੈ ਕਿ ਜੇ ਹਾਲਾਤ ਇਹੀ ਰਹੇ ਤਾਂ ਇਹ ਮਹਾਮਾਰੀ ਭਾਰਤ ਅੰਦਰ ਜੁਲਾਈ-ਅਗਸਤ ਦੇ ਮਹੀਨੇ ਸਿਖਰ ਉਤੇ ਪਹੁੰਚੇਗੀ ਜਿਸ ਨਾਲ ਮੁਲਕ ਦੇ 58 ਫੀਸਦੀ ਤੇ ਪੰਜਾਬ ਦੇ 87 ਫੀਸਦੀ ਲੋਕ ਪ੍ਰਭਾਵਿਤ ਹੋਣਗੇ। ਮੁੱਖ ਮੰਤਰੀ ਨੇ ਇਹ ਅੰਕੜੇ ਪੀ.ਜੀ.ਆਈ. ਵਲੋਂ ਮਿਲੇ ਦੱਸੇ ਹਨ ਹਾਲਾਂਕਿ ਕੁਝ ਸਮੇਂ ਬਾਅਦ ਹੀ ਭਾਰਤ ਦੀ ਮੁੱਖ ਮੈਡੀਕਲ ਇੰਸਟੀਚਿਊਟ ਪੀ.ਜੀ.ਆਈ. ਵਲੋਂ ਇਸ ਨੂੰ ਦਾਅਵੇ ਨੂੰ ਰੱਦ ਕਰਦਿਆਂ ਸਪਸ਼ਟ ਕੀਤਾ ਗਿਆ ਕਿ ਕਿਸੇ ਵੀ ਸਰਵੇਖਣ ਵਿਚ ਅਜਿਹੇ ਤੱਥ ਜਾਂ ਅੰਕੜੇ ਸਾਹਮਣੇ ਨਹੀਂ ਆਏ।

ਕੈਪਟਨ ਦੇ ਇਸ ਖੁਲਾਸੇ ਪਿੱਛੋਂ ਸਵਾਲ ਉਠ ਰਹੇ ਹਨ ਕਿ ਇਸ ਔਖੀ ਘੜੀ ਵਿਚ ਸਰਕਾਰ ਲੋਕਾਂ ਲਈ ਚੰਗੀਆਂ ਸਿਹਤ ਸਹੂਲਤਾਂ ਤੇ ਰੋਜ਼ੀ ਰੋਟੀ ਦਾ ਪ੍ਰਬੰਧ ਕਰਨ ਦੀ ਥਾਂ ਉਨ੍ਹਾਂ ਨੂੰ ਡਰਾ ਕੇ ਘਰਾਂ ਵਿਚ ਰਹਿਣ ਲਈ ਮਜਬੂਰ ਕਰੇਗੀ। ਦਰਅਸਲ, ਇਸ ਔਖੇ ਵੇਲੇ ਸਰਕਾਰ ਆਪਣੀ ਜ਼ਿੰਮੇਵਾਰੀ ਬਾਰੇ ਗੱਲ ਕਰਨ ਲਈ ਤਿਆਰ ਹੀ



ਨਹੀਂ। ਸਰਕਾਰ ਪੁਲਿਸ ਨੂੰ ਲੋਕਾਂ ਦੇ ਹੱਡ ਕੁੱਟਣ ਦੀ ਖੁੱਲ੍ਹ ਦੇ ਕੇ ਹੀ ਸਾਰੇ ਮਸਲੇ ਹੱਲ ਕਰਨ ਵਾਲੇ ਰਾਹ ਤੁਰੀ ਹੋਈ ਹੈ। ਪਟਿਆਲਾ ਵਿਚ ਕੁਝ ਨਿਹੰਗ ਸਿੰਘਾਂ ਵਲੋਂ ਪੁਲਿਸ ਪਾਰਟੀ ਉਤੇ ਹਮਲੇ ਪਿੱਛੋਂ ਮੁੱਖ ਮੰਤਰੀ ਸਮੇਤ ਵੱਡੀ ਗਿਣਤੀ ਆਗੂਆਂ ਨੇ ਪੁਲਿਸ ਨੂੰ ਜਿਸ ਤਰ੍ਹਾਂ 'ਵਿਚਾਰੀ' ਬਣਾ ਕੇ ਪੇਸ਼ ਕੀਤਾ, ਇਹ ਹੋਰ ਸਖਤੀ ਵਲ ਇਸ਼ਾਰਾ ਹੈ।

ਦਰਅਸਲ, ਸਰਕਾਰ ਅਸਲ ਮੁੱਦਿਆਂ ਉਤੇ ਗੱਲ ਕਰਨ ਨੂੰ ਤਿਆਰ ਹੀ ਨਹੀਂ ਹੈ। ਕਰੋਨਾ ਵਾਇਰਸ ਵਿਰੁਧ ਮੂਹਰਲੀਆਂ ਸਫਾਂ ਵਿਚ ਰਹਿ ਕੇ ਲੜਾਈ ਕਰ ਰਹੇ ਡਾਕਟਰਾਂ, ਨਰਸਾਂ, ਪੈਰਾ-ਮੈਡੀਕਲ ਸਟਾਫ ਅਤੇ ਸਿਹਤ ਖੇਤਰ ਦੇ ਹੋਰ ਕਾਮਿਆਂ ਨੂੰ ਇਸ ਵੇਲੇ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅੰਮ੍ਰਿਤਸਰ, ਪਟਿਆਲਾ ਅਤੇ ਕਈ ਹੋਰ ਥਾਵਾਂ 'ਤੇ ਸਿਹਤ ਕਰਮਚਾਰੀਆਂ ਵਲੋਂ ਪ੍ਰਗਟਾਈ ਗਈ ਨਾਰਾਜ਼ਗੀ ਸਿਹਤ ਖੇਤਰ ਵਿਚਲੀਆਂ ਕਮੀਆਂ ਦੀ ਨਿਸ਼ਾਨਦੇਹੀ ਕਰਦੀ ਹੈ। ਹਾਲਾਤ ਇਹ ਹਨ ਕਿ ਕਈ ਥਾਈਂ ਡਾਕਟਰਾਂ ਨੂੰ ਦਸਤਾਨਿਆਂ ਦੀ ਥਾਂ ਲਿਫਾਫੇ ਪਾ ਕੇ ਕੰਮ ਚਲਾਉਣਾ ਪੈ ਰਿਹਾ ਹੈ। ਸਭ ਤੋਂ ਵੱਡੀ ਨਾਲਾਇਕੀ ਇਹ ਹੈ ਕਿ ਸਰਕਾਰ ਤੋਂ ਮੋਟੇ ਗੱਫੇ ਲੈਣ ਲਈ ਹਰ ਵੇਲੇ ਤਿਆਰ ਰਹਿੰਦੇ ਪ੍ਰਾਈਵੇਟ ਹਸਪਤਾਲ ਇਸ ਔਖੇ ਵੇਲੇ ਮਰੀਜ਼ਾਂ ਲਈ ਦਰਵਾਜ਼ੇ ਬੰਦ ਕਰੀ ਬੈਠੇ ਹਨ। ਸਰਕਾਰ ਨੇ ਭਾਵੇਂ ਪ੍ਰਾਈਵੇਟ ਹਸਪਤਾਲਾਂ ਨੂੰ ਸਾਥ ਦੇਣ ਦਾ ਹੁਕਮ ਤਾਂ ਜਾਰੀ ਕੀਤਾ ਹੈ ਪਰ ਇਹ ਅਜੇ ਕਾਗਜ਼ਾਂ ਵਿਚ ਹੀ ਹੈ।

ਪਿੰਡਾਂ ਵਿਚ ਗਰੀਬ ਲੋਕਾਂ ਲਈ ਰੋਟੀ ਦਾ ਪ੍ਰਬੰਧ ਕਰਨ ਲਈ ਸਰਕਾਰ ਨੇ ਸਰਪੰਚਾਂ ਦੀ ਜ਼ਿੰਮੇਵਾਰੀ ਲਾਈ ਹੋਈ ਹੈ ਪਰ ਵੱਡੀ ਗਿਣਤੀ ਪੰਚਾਇਤਾਂ ਨੇ ਸਾਫ ਆਖ ਦਿੱਤਾ ਹੈ ਕਿ ਉਨ੍ਹਾਂ ਕੋਲ ਕੋਈ ਫੰਡ ਹੀ ਨਹੀਂ ਤਾਂ ਉਹ ਪੈਸੇ ਕਿਥੋਂ ਲਾਉਣ? ਇਸ ਦੀ ਤਾਜ਼ਾ ਮਿਸਾਲ ਫਤਹਿਗੜ੍ਹ ਸਾਹਿਬ ਦੇ ਕੁਝ ਪਿੰਡਾਂ ਤੋਂ ਸਾਹਮਣੇ ਆਈ। ਇਥੇ ਮਜ਼ਦੂਰਾਂ ਨੂੰ ਰਾਸ਼ਨ ਨਾ ਮਿਲਣ ਦਾ ਮੁੱਦਾ ਉਠਿਆ ਤਾਂ ਸਰਪੰਚਾਂ ਨੇ ਖੁਦ ਮੰਨਿਆ ਹੈ ਕਿ ਉਨ੍ਹਾਂ ਕੋਲ ਨਾ ਤਾਂ ਪੰਚਾਇਤੀ ਫੰਡ ਹੈ ਅਤੇ ਨਾ ਹੀ ਉਹ ਨਿੱਜੀ ਤੌਰ ਉੱਤੇ ਖਰਚ ਕਰ ਸਕਦੇ ਹਨ। ਇਕ ਸਰਪੰਚ ਨੇ ਤਾਂ ਬਾਹਰੋਂ ਲੰਗਰ ਲੈ ਕੇ ਗਏ ਵਲੰਟੀਅਰਾਂ ਨੂੰ ਵਾਪਸ ਮੋੜ ਦਿੱਤਾ ਗਿਆ। ਦਲੀਲ ਇਹ ਹੈ ਕਿ ਅਖਬਾਰ ਵਿਚ ਖਬਰ ਛਪਵਾ ਕੇ ਇਨ੍ਹਾਂ ਨੇ ਪਿੰਡ ਦੇ ਅਕਸ ਨੂੰ ਖਰਾਬ ਕੀਤਾ ਹੈ।

ਸਰਕਾਰ ਅਜਿਹੇ ਲੋਕਾਂ ਦੀਆਂ ਸਮੱਸਿਆਵਾਂ ਵਲ ਧਿਆਨ ਨਹੀਂ ਦੇ ਰਹੀ ਜੋ ਲੌਕਡਾਊਨ ਕਾਰਨ ਕਿਤੇ ਬਾਹਰ ਫਸ ਗਏ ਹਨ। ਹਜ਼ੂਰ ਸਾਹਿਬ ਵਿਚ ਫਸੇ ਦੋ ਹਜ਼ਾਰ ਦੇ ਕਰੀਬ ਸਿੱਖ ਸ਼ਰਧਾਲੂਆਂ ਨੂੰ ਵਾਪਸ ਪੰਜਾਬ ਲਿਆਉਣ ਦੀ ਮੰਗ ਲੌਕਡਾਊਨ ਦੇ ਐਲਾਨ ਵਾਲੇ ਦਿਨ ਤੋਂ ਹੀ ਚੱਲ ਰਹੀ ਹੈ। ਅੰਮ੍ਰਿਤਸਰ ਸਾਹਿਬ ਸਮੇਤ ਪੰਜਾਬ ਦੇ ਬਹੁਤ ਸਾਰੇ ਸ਼ਹਿਰਾਂ ਵਿਚ ਵੀ ਅਜਿਹੇ

(ਬਾਕੀ ਸਫਾ 6 ਉਤੇ)

## ਮੋਦੀ ਦੀ ਰਣਨੀਤੀ ਸਵਾਲਾਂ ਵਿਚ ਘਿਰੀ

**ਨਵੀਂ ਦਿੱਲੀ:** ਭਾਰਤ ਸਰਕਾਰ ਵਲੋਂ ਕਰੋਨਾ ਮਹਾਮਾਰੀ ਦੇ ਟਾਕਰੇ ਲਈ ਬਣਾਈ ਰਣਨੀਤੀ ਉਤੇ ਲਗਾਤਾਰ ਸਵਾਲ ਉਠ ਰਹੇ ਹਨ। ਸਰਕਾਰੀ ਦਾਅਵੇ ਮੁਤਾਬਕ ਭਾਰਤ ਦੇ 50 ਫੀਸਦੀ ਜ਼ਿਲ੍ਹਿਆਂ ਵਿਚ ਇਹ ਵਾਰਿਸ ਫੈਲ ਚੁੱਕਾ ਹੈ। ਹਾਲਾਂਕਿ ਇਨ੍ਹਾਂ ਅੰਕੜਿਆਂ ਵਿਚ ਜ਼ਿਆਦਾ ਸਪਸ਼ਟਤਾ ਨਹੀਂ ਹੈ ਕਿਉਂਕਿ ਦੇਸ਼ ਵਿਚ ਟੈਸਟ ਵੱਡੀ ਪੱਧਰ 'ਤੇ ਨਹੀਂ ਕੀਤੇ ਜਾ ਰਹੇ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਹੁਣ ਤੱਕ ਇਸ ਮਹਾਮਾਰੀ ਉਤੇ 4 ਵਾਰ ਰਾਸ਼ਟਰ ਨੂੰ ਸੰਬੋਧਨ ਕਰ ਚੁੱਕੇ ਹਨ ਅਤੇ ਉਨ੍ਹਾਂ ਹਰ ਵਾਰ ਲੋਕਾਂ ਨੂੰ ਹੀ ਆਪਣੀ ਜ਼ਿੰਮੇਵਾਰੀ ਨਿਭਾਉਣ ਦੀ ਹੀ ਨਸੀਹਤ ਦਿੱਤੀ ਹੈ, ਹਾਲਾਂਕਿ ਜਦੋਂ ਵੀ ਮੋਦੀ ਦੇ ਰਾਸ਼ਟਰ ਨੂੰ ਸੰਬੋਧਨ ਕਰਨ ਦੀ ਤਰੀਕ/ਸਮਾਂ ਤੈਅ ਹੁੰਦਾ ਹੈ ਤਾਂ ਆਮ ਲੋਕ, ਸੂਬਾ ਸਰਕਾਰਾਂ ਤੇ ਇਸ ਮਹਾਮਾਰੀ ਖਿਲਾਫ ਮੂਹਰਲੀਆਂ ਸਫਾਂ ਵਿਚ ਲੜ ਰਿਹਾ ਮੈਡੀਕਲ ਅਮਲਾ ਕਿਸੇ ਵੱਡੀ ਰਾਹਤ ਵਾਲੇ ਐਲਾਨ ਦੀ ਉਮੀਦ ਕਰਦਾ ਹੈ ਪਰ ਹੁਣ ਤੱਕ ਥਾਲੀਆਂ ਖੜਕਾਉਣ ਤੇ ਮੋਮਬੱਤੀਆਂ ਬਾਲ ਕੇ ਹੀ ਬੁੱਤਾ ਸਾਰਨ ਦੀਆਂ ਸਲਾਹਾਂ ਮਿਲੀਆਂ ਹਨ।


ਸਰਕਾਰ ਵਲੋਂ ਹਰ ਵਾਰ ਸਮਾਜਿਕ ਦੂਰੀ ਦੀ ਰਟ ਲਾਈ ਜਾ ਰਹੀ ਹੈ ਪਰ ਰੋਟੀ ਤੋਂ ਔਖੇ ਲੋਕ ਨਾ ਤਾਂ ਸਰੀਰਕ ਦੂਰੀ ਬਣਾ ਪਾ ਰਹੇ ਹਨ ਅਤੇ ਨਾ ਹੀ ਦੂਸਰੀਆਂ ਸਾਵਧਾਨੀਆਂ ਵਰਤ ਸਕਦੇ ਹਨ। ਕਰੋਨਾ ਵਾਇਰਸ ਦੇ ਸਹਿਮ ਕਾਰਨ ਦੂਸਰੀਆਂ ਬਿਮਾਰੀਆਂ ਤੋਂ ਪ੍ਰਭਾਵਤ ਮਰੀਜ਼ਾਂ ਦਾ ਨਾ ਤਾਂ ਇਲਾਜ ਹੋ ਰਿਹਾ ਹੈ ਅਤੇ ਨਾ ਹੀ ਉਨ੍ਹਾਂ ਨੂੰ ਦਵਾਈ ਮਿਲ ਰਹੀ ਹੈ। ਅਸਲ ਵਿਚ ਸਰਕਾਰ ਲੌਕਡਾਊਨ ਅਤੇ ਕਰਫਿਊ ਜਿਹੀਆਂ ਪਾਬੰਦੀਆਂ ਲਾ ਕੇ ਹੀ ਇਸ ਵਾਇਰਸ ਨੂੰ ਡੱਕਣਾ ਚਾਹੁੰਦੀ ਹੈ ਪਰ ਇਹ ਪਾਬੰਦੀਆਂ ਇੰਨੀ ਜਲਦੀ ਵਿਚ ਲਗਾਈਆਂ ਗਈਆਂ ਕਿ ਆਮ ਆਦਮੀ ਨੂੰ ਸੰਭਲਣ ਦਾ ਮੌਕਾ ਹੀ ਨਹੀਂ ਮਿਲਿਆ। ਇਸ ਤੋਂ ਵੀ ਹੈਰਾਨੀ ਵਾਲੀ ਗੱਲ ਇਹ ਹੈ ਕਿ ਇਸ ਔਖੀ ਘੜੀ ਵਿਚ ਸੂਬਿਆਂ ਨੂੰ ਵੱਡੇ ਰਾਹਤ ਪੈਕੇਜ ਤਾਂ ਕੀ ਦੇਣੇ ਸਨ ਸਗੋਂ ਜੀ.ਐਸ.ਟੀ. ਦੇ ਹਜ਼ਾਰਾਂ ਕਰੋੜ ਰੁਪਏ ਕੇਂਦਰੀ ਸਰਕਾਰ ਵਲ ਬਕਾਇਆ ਹਨ।

ਅਸਲ ਵਿਚ, ਮੋਦੀ ਸਰਕਾਰ ਦੀ ਇਸ ਔਖੀ ਘੜੀ ਵਿਚ ਵੀ ਸਾਰਾ ਧਿਆਨ ਫਿਰਕੂਵਾਦ ਨੂੰ ਹਵਾ ਦੇਣ ਵਲ ਹੈ। ਭਾਰਤ ਵਿਚ ਕਰੋਨਾ ਵਾਇਰਸ ਨੂੰ ਫੈਲਾਉਣ ਲਈ ਤਬਲੀਗੀ ਜਮਾਤ ਦੇ ਇਕੱਠ ਤੋਂ ਬਾਅਦ ਅਜਿਹਾ ਮਾਹੌਲ ਸਿਰਜਿਆ ਜਾ ਰਿਹਾ ਹੈ, ਜਿਵੇਂ ਇਹ ਵਾਇਰਸ ਮੁਸਲਿਮ ਭਾਈਚਾਰੇ ਨੇ ਪੈਦਾ ਕੀਤਾ ਹੋਵੇ ਅਤੇ ਕਿਸੇ ਸਾਜ਼ਿਸ਼ ਤਹਿਤ ਉਹ ਇਸ ਨੂੰ ਫੈਲਾਉਣ ਦੀ ਕੋਸ਼ਿਸ਼ ਕਰ ਰਿਹਾ ਹੋਵੇ। ਸਿਆਸੀ ਮਾਹਿਰ ਇਹ ਵੀ ਤਰਕ ਦੇ ਰਹੇ ਹਨ ਕਿ ਇਹ ਪ੍ਰਚਾਰ ਕਰਕੇ ਅਸਲ ਵਿਚ ਕਰੋਨਾ ਵਾਇਰਸ ਦੇ ਸਹੀ ਕਾਰਨਾਂ, ਵੇਲੇ ਸਿਰ ਯੋਗ ਕਦਮ ਨਾ ਉਠਾਉਣ ਦੀਆਂ ਸਰਕਾਰੀ ਅਣਗਹਿਲੀਆਂ ਅਤੇ ਹੁਣ ਵੀ ਹਸਪਤਾਲਾਂ ਦੇ ਸਟਾਫ ਨੂੰ ਲੋੜੀਂਦੀਆਂ ਸੁਰੱਖਿਆ ਕਿਟਾਂ, ਮਾਸਕ ਤੇ ਹੋਰ ਸਾਜ਼ੋ-ਸਮਾਨ ਨਾ ਮਿਲਣ, ਖਾਸ ਤੌਰ ਉਤੇ ਦੇਸ਼ ਦੇ 80 ਕਰੋੜ ਗਰੀਬਾਂ ਵਲੋਂ ਭੁੱਖ ਨਾਲ ਜੂਝਣ ਦੇ ਭਵਿਖੀ ਖਤਰਿਆਂ ਤੋਂ ਧਿਆਨ ਹਟਾਇਆ ਜਾ ਰਿਹਾ ਹੈ।

ਚੀਨ ਨੇ ਦਸੰਬਰ ਵਿਚ ਸੰਸਾਰ ਸਿਹਤ ਸੰਸਥਾ ਨੂੰ ਦੱਸ ਦਿੱਤਾ ਸੀ ਕਿ ਦੇਸ਼ ਦੇ ਇਕ ਇਲਾਕੇ ਵਿਚ ਨਮੋਨੀਆ ਦੀ ਸ਼ਿਕਾਇਤ ਵਧ ਰਹੀ ਹੈ। ਜਨਵਰੀ ਤੱਕ ਇਸ ਨੂੰ ਕਰੋਨਾ

(ਬਾਕੀ ਸਫਾ 6 ਉਤੇ)


Tanya`s Beauty Salon



*Threading/Waxing
*Facial (Men & Women)
*Anti-Aging Facial-Bleach
*Hair Cut-Color and Style

We Specialize in Bridal & Henna

85-03 Roosevelt Ave.,
Jackson Heights, NY 11373
Ph: 718-205-7832

ਅਨੁਭਵੀ ਕੁੱਕ ਦੀ ਲੋੜ ਹੈ

ਨਿਆਗਰਾ ਫਾਲਜ਼, ਨਿਊ ਯਾਰਕ ਵਿਚ ਇੰਡੀਅਨ ਰੈਸੋਟਰੈਂਟ ਲਈ ਅਨੁਭਵੀ ਕੁੱਕ ਦੀ ਲੋੜ ਹੈ, ਜੋ ਕੁਕਿੰਗ ਅਤੇ ਤੰਦੂਰ ਦਾ ਕੰਮ ਜਾਣਦਾ ਹੋਵੇ

ਚੰਗੀ ਤਨਖਾਹ ਤੇ ਹੋਰ ਸਹੂਲਤਾਂ

ਸੰਪਰਕ ਕਰੋ

ਫੋਨ: 716-297-2100

10-13

Ad Space Available

Please call

Ph: 847-359-0746

# ਕਰੋਨਾ ਨੇ ਰੋਲੇ ਗੰਭੀਰ ਮਰਜ਼ਾਂ ਵਾਲੇ ਮਰੀਜ਼

**ਚੰਡੀਗੜ੍ਹ:** ਭਾਰਤ ਵਿਚ ਸੈਂਕੜੇ ਗੰਭੀਰ ਮਰਜ਼ਾਂ ਵਾਲੇ ਮਰੀਜ਼ ਕਰੋਨਾ ਵਾਇਰਸ ਮਹਾਮਾਰੀ ਦਾ ਅਸਰ ਘਟਣ ਦਾ ਇੰਤਜ਼ਾਰ ਕਰ ਰਹੇ ਹਨ, ਤਾਂ ਕਿ ਉਨ੍ਹਾਂ ਦੇ ਕੈਂਸਰ, ਕਿਡਨੀ ਤੇ ਦਿਲ ਦੀਆਂ ਬੀਮਾਰੀਆਂ ਦਾ ਇਲਾਜ ਵੀ ਹੋ ਸਕੇ। ਇਨ੍ਹਾਂ ਨਾਮੁਰਾਦ ਬਿਮਾਰੀਆਂ ਦੇ ਸੈਂਕੜੇ ਮਰੀਜ਼ ਹਸਪਤਾਲਾਂ ਦੇ ਬਾਹਰ ਜੁੜੇ ਹੋਏ ਹਨ ਤੇ ਘਰਾਂ ਨੂੰ ਫੋਨ ਕਰਦੇ ਨਜ਼ਰੀਂ ਪੈਂਦੇ ਹਨ। ਪ੍ਰਾਈਵੇਟ ਹਸਪਤਾਲਾਂ 'ਚ ਉਹ ਇਲਾਜ ਕਰਵਾਉਣ ਤੋਂ ਅਸਮਰੱਥ ਹਨ।

ਦਰਅਸਲ, ਰੋਗਗ੍ਰਸਤ ਵਿਅਕਤੀਆਂ ਨੂੰ ਕਰਫਿਊ ਦਾ ਵੱਡਾ ਖਮਿਆਜ਼ਾ ਭੁਗਤਣਾ ਪੈ ਰਿਹਾ ਹੈ। ਨਸ਼ਾ ਛੱਡਣ ਵਾਲੇ, ਕੈਂਸਰ, ਕਾਲੇ ਪੀਲੀਏ ਅਤੇ ਮਨੋਰੋਗਾਂ ਤੋਂ ਪੀੜਤ ਵਿਅਕਤੀ ਸਮੇਂ ਸਿਰ ਜਾਂਚ ਨਾ ਹੋਣ ਅਤੇ ਦਵਾਈ ਨਾ ਮਿਲਣ ਕਾਰਨ ਜ਼ਿਆਦਾ ਪਰੇਸ਼ਾਨ ਹਨ। ਵੇਰਵਿਆਂ ਅਨੁਸਾਰ ਹਸਪਤਾਲਾਂ ਵਿਚ ਹਰ ਕਿਸਮ ਦੇ ਮਾਹਿਰ ਡਾਕਟਰ ਹੁਣ ਸਿਰਫ ਦੋ ਤੋਂ ਤਿੰਨ ਘੰਟੇ ਹੀ ਮਰੀਜ਼ਾਂ ਨੂੰ ਚੈੱਕ ਕਰਦੇ ਹਨ। ਇੰਨੇ ਘੱਟ ਸਮੇਂ ਵਿਚ ਗਿਣਤੀ ਦੇ ਮਰੀਜ਼ਾਂ ਹੀ ਦਾ ਚੈਕਅੱਪ ਹੁੰਦਾ ਹੈ। ਸ਼ਹਿਰ ਤੋਂ ਦੂਰ ਦੁਰਾਡੇ ਵਾਲੇ ਸਾਧਨ ਹੀਣੇ ਮਰੀਜ਼ਾਂ ਦੀ ਹਾਲਤ ਕਾਫੀ ਚਿੰਤਾਜਨਕ ਹੈ। ਨਸ਼ੇ ਛੱਡਣ ਵਾਲਿਆਂ ਅਤੇ ਮਨੋਰੋਗੀਆਂ ਨੂੰ ਦਵਾਈਆਂ ਨਹੀਂ ਮਿਲ ਰਹੀਆਂ ਕਿਉਂਕਿ ਕੈਮਿਸਟ ਸਿਰਫ ਡਾਕਟਰ ਵੱਲੋਂ ਸਿਫਾਰਸ਼ ਕੀਤੀ ਸਲਿੱਪ ਉਤੇ ਹੀ ਇਹ ਦਵਾਈਆਂ ਮਰੀਜ਼ਾਂ ਨੂੰ ਦਿੰਦੇ ਹਨ।

ਸਰਕਾਰੀ ਸਿਹਤ ਅਦਾਰਿਆਂ ਦੇ ਡਾਕਟਰ ਕਰੋਨਾ ਐਮਰਜੈਂਸੀ ਡਿਊਟੀ ਵਿਚ ਰੁੱਝੇ ਹੋਏ ਹਨ। ਬਹੁਤੇ ਨਿੱਜੀ ਹਸਪਤਾਲਾਂ ਨੇ ਆਪਣੇ ਦਰ ਬੰਦ ਕਰ ਲਏ ਹਨ। ਇਸ ਸਥਿਤੀ ਦਾ ਸੰਤਾਪ ਮਰੀਜ਼ਾਂ ਨੂੰ ਭੋਗਣਾ ਪੈ ਰਿਹਾ ਹੈ। ਕਰਫਿਊ ਦਾ ਸਭ ਤੋਂ ਵੱਧ ਕਸ਼ਟ ਕਾਲੇ ਪੀਲੀਏ ਅਤੇ ਕੈਂਸਰ ਦੇ ਰੋਗੀ ਹੰਢਾਅ ਰਹੇ ਹਨ। ਮਾਨਸਾ ਜ਼ਿਲ੍ਹੇ ਦੇ ਪਿੰਡ ਗੁਰਨੇ ਕਲਾਂ ਦੀ ਰਾਜਵਿੰਦਰ ਕੌਰ ਫੂਡ ਪਾਈਪ ਦੇ ਕੈਂਸਰ ਤੋਂ ਪੀੜਤ ਹੈ। ਉਸ ਦੇ ਪਤੀ ਚਰਨ ਦਾਸ ਸ਼ਰਮਾ ਨੇ ਦੱਸਿਆ ਕਿ ਆਵਾਜਾਈ ਨਾ ਹੋਣ ਕਾਰਨ ਉਹ 15 ਦਿਨਾਂ ਤੋਂ ਫਰੀਦਕੋਟ ਰੁਕੇ ਹੋਏ ਹਨ।

ਗਰਦਨ ਦੇ ਕੈਂਸਰ ਤੋਂ ਪੀੜਤ ਸੰਗਰੂਰ ਦੇ ਕੁਲਦੀਪ ਸਿੰਘ, ਗਲੇ, ਛਾਤੀ ਤੇ ਰੀੜ੍ਹ ਦੀ ਹੱਡੀ ਦੇ ਕੈਂਸਰ ਤੋਂ ਪੀੜਤ ਲੁਧਿਆਣਾ ਦੀ ਰਵਿੰਦਰ ਕੌਰ ਦਾ ਵੀ ਇਹੋ ਹਾਲ ਹੈ। ਮੁਕੇਰੀਆਂ ਦਾ ਹਜ਼ਾਰਾ ਸਿੰਘ ਜੀਭ ਦੇ ਕੈਂਸਰ ਤੋਂ ਪੀੜਤ ਹੈ। ਕਰਫਿਊ ਕਾਰਨ ਉਹ ਵੀ ਫਰੀਦਕੋਟ 'ਚ ਅਟਕੇ ਹੋਏ ਹਨ। ਇਨ੍ਹਾਂ ਸਾਰਿਆਂ ਦਾ ਕਹਿਣਾ ਹੈ ਕਿ ਕਰਫਿਊ ਕਾਰਨ ਵਾਰ-ਵਾਰ ਦੀ ਆਵਾਜਾਈ 'ਚ ਪੈਦਾ ਹੁੰਦੇ ਅੜਿੱਕੇ ਤੋਂ ਬਚਣ ਲਈ ਉਹ ਰੁਕੇ ਹੋਏ ਹਨ। ਬਠਿੰਡਾ ਦੇ ਕੈਂਸਰ ਹਸਪਤਾਲ ਵਿਚੋਂ ਇਲਾਜ ਕਰਵਾ ਰਹੇ ਮਰੀਜ਼ਾਂ ਅਤੇ ਉਨ੍ਹਾਂ ਦੇ ਵਾਰਸਾਂ ਦੀਆਂ ਦਿੱਕਤਾਂ ਵੀ ਇਸ ਤੋਂ ਵੱਖਰੀਆਂ ਨਹੀਂ ਹਨ। ਇਥੇ ਆਪਣੇ ਮਰੀਜ਼ ਦਾ ਇਲਾਜ ਕਰਵਾ ਰਹੇ ਮੁਨੀਸ਼ ਜੋਸ਼ੀ ਨੇ ਹਸਪਤਾਲ 'ਚ ਕਰੋਨਾ ਦੇ ਮਰੀਜ਼ਾਂ ਲਈ ਬਣਾਏ ਇਕਾਂਤਵਾਸ ਉਤੇ ਇਤਰਾਜ਼ ਪ੍ਰਗਟਾਇਆ। ਉਨ੍ਹਾਂ ਦਾ ਵਿਚਾਰ ਸੀ ਕਿ ਕੈਂਸਰ ਦੇ ਮਰੀਜ਼ਾਂ ਦੇ ਹਸਪਤਾਲ 'ਚ ਸੈਂਟਰ ਬਣਾਉਣ ਦਾ ਫੈਸਲਾ ਗਲਤ ਹੈ।



## ਕੈਂਸਰ ਪੀੜਤਾਂ ਲਈ ਡਾਢਾ ਔਖਾ ਸਮਾਂ

**ਪਟਿਹੀ ਆਲਾ:** ਕਰੋਨਾ ਵਾਇਰਸ ਕਰਕੇ ਜਾਰੀ ਤਾਲਾਬੰਦੀ ਤੇ ਕਰਫਿਊ ਦੌਰਾਨ ਵੱਖ-ਵੱਖ ਧਿਰਾਂ ਵੱਲੋਂ ਲੋੜਵੰਦਾਂ ਦੀਆਂ ਮੁਸ਼ਕਲਾਂ ਦਾ ਹੱਲ ਕਰਨ ਦਾ ਤਹੱਈਆ ਕੀਤਾ ਜਾ ਰਿਹਾ ਹੈ ਪਰ ਜ਼ਿਲ੍ਹੇ ਦੇ ਪਿੰਡ ਟਹਿਲਪੁਰਾ ਦੇ 38 ਸਾਲਾ ਕੈਂਸਰ ਪੀੜਤ ਗੁਰਮੁੱਖ ਸਿੰਘ ਦੀ ਮੁਸ਼ਕਲ ਵਧਦੀ ਜਾ ਰਹੀ ਹੈ। ਪੀਜੀਆਈ 'ਚ ਉਸ ਦਾ ਇਲਾਜ ਸ਼ੁਰੂ ਹੀ ਹੋਣਾ ਸੀ ਕਿ ਕਰਫਿਊ ਲੱਗ ਗਿਆ ਤੇ ਹੁਣ ਓਪੀਡੀ ਬੰਦ ਹੋਣ ਕਾਰਨ ਉਹ ਇਲਾਜ ਖੁਣੋਂ ਤਕਲੀਫ ਵਿਚ ਹੈ। ਉਸ ਦੇ ਗਲੇ 'ਚ ਕੈਂਸਰ ਹੈ ਤੇ ਹਰ ਤੀਜੇ ਦਿਨ ਗਲੇ 'ਚ ਪਾਈਪ ਬਦਲਣ ਲਈ ਵੀ ਇਕ ਹਸਪਤਾਲ 'ਚ ਕੰਮ ਕਰਦੇ ਨੌਜਵਾਨ ਦਾ ਸਹਾਰਾ ਲੈਣਾ ਪੈ ਰਿਹਾ ਹੈ। ਤਾਲਾਬੰਦੀ ਦੌਰਾਨ ਸਾਹ ਦੀ ਤਕਲੀਫ ਵਧਣ 'ਤੇ ਉਹ ਰਾਜਿੰਦਰਾ ਹਸਪਤਾਲ ਪਟਿਆਲਾ ਸਮੇਤ ਦੋ ਦਿਨ ਪੀ.ਜੀ.ਆਈ. 'ਚ ਦਾਖਲ ਰਿਹਾ।

# ਭਾਰਤ ਦੀ ਵਿਕਾਸ ਦਰ 1.5 ਤੋਂ 2.8 ਫੀਸਦੀ ਰਹਿਣ ਦਾ ਅਨੁਮਾਨ

**ਵਾਸ਼ਿੰਗਟਨ:** ਵਿਸ਼ਵ ਬੈਂਕ ਨੇ ਅਨੁਮਾਨ ਲਗਾਇਆ ਹੈ ਕਿ ਭਾਰਤ ਦੀ ਵਿਕਾਸ ਦਰ ਵਿੱਤੀ ਵਰ੍ਹੇ 2020-21 ਵਿਚ 1.5 ਤੋਂ 2.8 ਫੀਸਦ ਰਹਿ ਸਕਦੀ ਹੈ। ਕਰੋਨਾ ਵਾਇਰਸ ਮਹਾਮਾਰੀ ਫੈਲਣ ਕਾਰਨ ਅਰਥਚਾਰੇ ਨੂੰ ਭਾਰੀ ਨੁਕਸਾਨ ਹੋ ਸਕਦਾ ਹੈ। 1991 'ਚ ਉਦਾਰੀਕਰਨ ਪਿਛੋਂ ਭਾਰਤ ਦੀ ਵਿਕਾਸ ਦਰ ਮੌਜੂਦਾ ਵਿੱਤੀ ਵਰ੍ਹੇ ਵਿਚ ਸਭ ਤੋਂ ਖਰਾਬ ਰਹਿਣ ਦਾ ਖਦਸ਼ਾ ਹੈ।

ਵਿਸ਼ਵ ਬੈਂਕ ਨੇ ਆਪਣੀ ਦੱਖਣੀ ਏਸ਼ੀਆ ਆਰਥਿਕ ਫੋਕਸ ਰਿਪੋਰਟ 'ਚ ਕਿਹਾ ਹੈ ਕਿ ਕੋਵਿਡ-19 ਉਸ ਸਮੇਂ ਫੈਲਿਆ ਜਦੋਂ ਭਾਰਤ ਦਾ ਅਰਥਚਾਰਾ ਪਹਿਲਾਂ ਹੀ ਵਿੱਤੀ ਸੈਕਟਰ 'ਚ ਕਮਜ਼ੋਰੀ ਕਾਰਨ ਸੁਸਤ ਸੀ। ਉਨ੍ਹਾਂ ਅੰਦਾਜ਼ਾ ਲਾਇਆ ਸੀ ਕਿ ਵਿੱਤੀ ਵਰ੍ਹੇ 2019-20 ਵਿਚ ਭਾਰਤ ਦੀ ਵਿਕਾਸ ਦਰ 4.8 ਤੋਂ 5 ਫੀਸਦ ਵਿਚਕਾਰ ਰਹੇਗੀ। ਰਿਪੋਰਟ 'ਚ ਕਿਹਾ ਗਿਆ ਹੈ ਕਿ ਲੌਕਡਾਊਨ ਕਰਕੇ ਫੈਕਟਰੀਆਂ ਅਤੇ ਕਾਰੋਬਾਰ ਠੱਪ ਹੋ ਗਏ ਹਨ, ਉਡਾਣਾਂ, ਰੇਲਾਂ ਅਤੇ ਹੋਰ ਸਾਧਨ ਬੰਦ ਹਨ। 'ਇਸ ਦੇ ਨਤੀਜੇ ਵਜੋਂ ਘਰੇਲੂ ਸਪਲਾਈ ਅਤੇ ਮੰਗ ਵਿਚ ਤੇਜ਼ ਗਿਰਾਵਟ ਆਵੇਗੀ। ਸਰਵਿਸਿਜ਼ ਸੈਕਟਰ ਨੂੰ ਉਚੇਚੇ ਤੌਰ ਉਤੇ ਮਾਰ ਪਵੇਗੀ।' ਘਰੇਲੂ ਨਿਵੇਸ਼ 'ਚ ਛੇਤੀ ਸੁਧਾਰ ਆਉਣ ਦੀ ਸੰਭਾਵਨਾ ਘੱਟ ਹੈ। ਵਿਸ਼ਵ ਬੈਂਕ ਦਾ ਇਹ ਅਨੁਮਾਨ ਕੌਮਾਂਤਰੀ ਏਜੰਸੀਆਂ ਨਾਲ ਮੇਲ ਖਾਂਦਾ ਹੈ ਜਿਨ੍ਹਾਂ ਪਿਛਲੇ ਦਿਨਾਂ ਵਿਚ ਵਿਕਾਸ ਦੇ ਅੰਦਾਜ਼ਿਆਂ 'ਚ ਅਜਿਹੇ ਨਿਘਾਰ ਦੇ ਖਦਸ਼ੇ ਜਤਾਏ ਹਨ। ਵਿਸ਼ਵ ਬੈਂਕ ਵਲੋਂ ਜਾਰੀ ਰਿਪੋਰਟ ਮੁਤਾਬਕ ਦੱਖਣੀ ਏਸ਼ਿਆਈ ਖਿੱਤੇ (ਅੱਠ ਮੁਲਕ) 'ਚ ਇਸ ਸਾਲ ਵਿਕਾਸ ਦਰ 1.8 ਤੋਂ 2.8 ਫੀਸਦ ਰਹਿ ਸਕਦੀ ਹੈ ਜੋ ਛੇ ਮਹੀਨੇ ਪਹਿਲਾਂ ਅਨੁਮਾਨਿਤ 6.3 ਫੀਸਦ ਤੋਂ ਕਿਤੇ ਹੇਠਾਂ ਹੈ। ਵਿਸ਼ਵ ਬੈਂਕ ਦੇ ਦੱਖਣੀ ਏਸ਼ੀਆ ਮਾਮਲਿਆਂ ਦੇ ਮੁਖੀ ਹੈਂਸ ਟਿਮਰ ਨੇ ਕਿਹਾ ਕਿ ਭਾਰਤ ਦਾ ਆਰਥਿਕ ਨਜ਼ਰੀਆ ਠੀਕ ਨਹੀਂ ਹੈ। ਉਨ੍ਹਾਂ ਕਿਹਾ ਕਿ ਜੇਕਰ ਲੌਕਡਾਊਨ ਲੰਬੇ ਸਮੇਂ ਤੱਕ ਚਲਿਆ ਤਾਂ ਆਰਥਿਕ ਸਿੱਟੇ ਹੋਰ ਮਾੜੇ ਹੋਣਗੇ। ਟਿਮਰ ਨੇ ਕਿਹਾ ਕਿ ਭਾਰਤ ਨੂੰ ਪਹਿਲਾਂ ਰੋਗ ਫੈਲਣ ਤੋਂ ਰੋਕਣ ਉਤੇ ਧਿਆਨ ਕੇਂਦਰਤ ਕਰਨਾ ਪਵੇਗਾ ਅਤੇ ਫਿਰ ਇਹ ਯਕੀਨੀ ਬਣਾਉਣਾ ਹੋਵੇਗਾ ਕਿ ਹਰ ਕਿਸੇ ਨੂੰ ਭੋਜਨ ਮਿਲੇ।

# ਕਰੋਨਾ ਕਾਰਨ ਮਰਨ ਵਾਲਿਆਂ ਲਈ ਵੱਖਰੇ ਅੰਗੀਠੇ ਤਿਆਰ ਹੋਣ ਲੱਗੇ

**ਚੰਡੀਗੜ੍ਹ:** ਪੰਜਾਬ ਵਿਚ ਕਰੋਨਾ ਵਾਇਰਸ ਮਹਾਮਾਰੀ ਕਾਰਨ ਮਰਨ ਵਾਲਿਆਂ ਦੇ ਅੰਤਿਮ ਸੰਸਕਾਰ ਲਈ ਵੱਖਰੇ ਅੰਗੀਠੇ ਤਿਆਰ ਹੋਣ ਲੱਗ ਪਏ ਹਨ ਤਾਂ ਜੋ ਕਰੋਨਾ ਪੀੜਤ ਮੋਇਆਂ ਦੀ ਮਿੱਟੀ ਨਾ ਰੁਲੇ। ਮਿਲੇ ਵੇਰਵਿਆਂ ਅਨੁਸਾਰ ਹੁਸ਼ਿਆਰਪੁਰ ਦੇ ਮੁੱਖ ਸ਼ਮਸ਼ਾਨਘਾਟ ਵਿਚ ਕਰੋਨਾ ਵਾਇਰਸ ਨਾਲ ਮਰਨ ਵਾਲਿਆਂ ਲਈ ਵੱਖਰੇ ਚਾਰ ਨਵੇਂ ਅੰਗੀਠੇ ਤਿਆਰ ਕੀਤੇ ਗਏ ਹਨ।

ਇਥੋਂ ਦੇ ਪ੍ਰਬੰਧਕ ਮਾਸਟਰ ਵਿਜੈ ਕੁਮਾਰ ਦਾ ਕਹਿਣਾ ਹੈ ਕਿ ਜਦੋਂ ਹਜ਼ੂਰੀ ਰਾਗੀ ਭਾਈ ਨਿਰਮਲ ਸਿੰਘ ਦੀ ਮ੍ਰਿਤਕ ਦੇਹ ਦੀ ਬੇਅਦਬੀ ਹੋਈ ਤਾਂ ਉਦੋਂ ਮਨ ਨੂੰ ਠੇਸ ਲੱਗੀ। ਉਸ ਮਗਰੋਂ ਇਹ ਫੈਸਲਾ ਲਿਆ ਗਿਆ। ਮੋਗਾ ਸ਼ਹਿਰ ਦੇ ਮੁੱਖ ਸ਼ਮਸ਼ਾਨਘਾਟ ਵਿਚ ਸਸਕਾਰ ਵਾਸਤੇ 13 ਅੰਗੀਠੇ ਹਨ। ਇਸ ਤੋਂ ਇਲਾਵਾ ਦੋ ਗੈਸ ਆਧਾਰਤ ਅੰਗੀਠੇ ਹਨ ਜੋ ਸ਼ੁਰੂ ਤੋਂ ਬੰਦ ਪਏ ਸਨ। ਇਸੇ ਤਰ੍ਹਾਂ ਮੁਹਾਲੀ ਦੇ ਸ਼ਮਸ਼ਾਨਘਾਟ ਵਿਚ ਹੁਣ ਤੱਕ ਕਰੋਨਾ ਵਾਇਰਸ ਨਾਲ ਮਰਨ ਵਾਲੇ ਇਕ ਵਿਅਕਤੀ ਦਾ ਸਸਕਾਰ ਹੋਇਆ ਹੈ। ਇਥੇ ਸਸਕਾਰ ਲਈ ਇਲੈਕਟ੍ਰਿਕ ਅੰਗੀਠਾ ਰੱਖਿਆ ਗਿਆ ਹੈ। ਨਵਾਂ ਸ਼ਹਿਰ ਦੇ ਬੰਗਾ ਰੋਡ 'ਤੇ ਸਥਿਤ ਸ਼ਮਸ਼ਾਨਘਾਟ ਵਿਚ ਤਿੰਨ ਅੰਗੀਠੇ ਹਨ।


Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ

One of the Fastest Growing City in America and Best School System...



- ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ



ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ

Manjit Singh Nagra
Realtor/Broker
Cell: 317-750-1900
6979 Hillsdale Court
Indianapolis, Indiana 46250

Gurdeep (Garry) Chhokar
Realtor/Broker
Cell: 317-500-1247

Star Alliance BROKERAGE



We do all type of Home and Commercial Loan. Same day loan approval...


ਨਿਰਵਿਘਨ ਪ੍ਰਕਾਸ਼ਨ ਦੇ 21ਵੇਂ ਸਾਲ 'ਚ (ਪਹਿਲੀ ਜਨਵਰੀ 2000-2020)

# ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦੇ ਮੁੱਦਈ ਅਦਾਰਾ ਪੰਜਾਬ ਟਾਈਮਜ਼ ਅਤੇ ਆਨਰੇਰੀ ਸਲਾਹਕਾਰ ਬੋਰਡ ਵਲੋਂ

# ਸਮੂਹ ਪਾਠਕਾਂ ਨੂੰ ਖਾਲਸਾ ਸਿਰਜਣਾ ਦਿਹਾੜੇ ਅਤੇ ਵਿਸਾਖੀ ਦੀ


# ਲੱਖ ਲੱਖ ਵਧਾਈ ਹੋਵੇ

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ


ਸਵਰਨਜੀਤ ਸਿੰਘ ਢਿਲੋਂ


ਅਮੋਲਕ ਸਿੰਘ ਗਾਖਲ


ਡਾ. ਨਵਦੀਪ ਕੌਰ ਸੰਧੂ


ਬਲਵਿੰਦਰ ਕੌਰ (ਨਿੱਕੀ) ਸੇਖੋਂ


ਡਾ. ਗੁਰਦਿਆਲ ਸਿੰਘ ਬਸਰਾਨ


ਹਰਦਿਆਲ ਸਿੰਘ ਦਿਓਲ


ਹਰਜੀਤ ਸਿੰਘ ਸਾਹੀ


ਜਗਦੀਸ਼ਰ ਸਿੰਘ ਕਲੇਰ


ਗੁਰਚਰਨ ਸਿੰਘ ਗਰੇਵਾਲ


ਡਾ. ਹਰਗੁਰਮੁਖਪਾਲ ਸਿੰਘ


ਡਾ. ਤੇਜਿੰਦਰ ਸਿੰਘ ਮੰਡੇਰ


ਦਰਸ਼ਨ ਸਿੰਘ ਗਰੇਵਾਲ


ਦਰਸ਼ਨ ਸਿੰਘ ਦਰੜ


ਰਾਜਿੰਦਰ ਸਿੰਘ ਬੈਂਸ


ਜੱਸੀ ਗਿੱਲ


ਜੈਦੇਵ ਸਿੰਘ ਭੱਠਲ


ਪਰਮਿੰਦਰ ਸਿੰਘ ਵਾਲੀਆ


ਸਰਵਣ ਸਿੰਘ ਟਿਵਾਣਾ


ਮਨਦੀਪ ਸਿੰਘ ਭੂਰਾ


ਰਘਬੀਰ ਸਿੰਘ ਘੁੰਨ


ਅਵਤਾਰ ਸਿੰਘ ਸਪਰਿੰਗਫੀਲਡ


ਗੁਲਜ਼ਾਰ ਸਿੰਘ ਮੁਲਤਾਨੀ


ਗੁਰਵੀਰ ਸਿੰਘ ਗਿੱਲ


## ਸਾਡੇ ਸਥਾਈ ਲੇਖਕ ਤੇ ਕਾਲਮਨਵੀਸ


ਗੁਲਜ਼ਾਰ ਸਿੰਘ ਸੰਧੂ


ਗੁਰਬਚਨ ਸਿੰਘ ਭੁੱਲਰ


ਤਰਲੋਚਨ ਸਿੰਘ ਦੁਪਾਲਪੁਰ


ਡਾ. ਗੁਰਨਾਮ ਕੌਰ


ਬੀਬੀ ਸੁਰਜੀਤ ਕੌਰ


ਡਾ. ਗੁਰਬਖਸ਼ ਸਿੰਘ ਭੰਡਾਲ


ਬਲਜੀਤ ਬਾਸੀ


ਹਰਪਾਲ ਸਿੰਘ ਪੰਨੂ


ਜਤਿੰਦਰ ਪਨੂੰ


ਬੂਟਾ ਸਿੰਘ


ਇਕਬਾਲ ਜੱਬੋਵਾਲ


ਐਸ. ਅਸ਼ੋਕ ਭੌਰਾ

**ਸਹਿਯੋਗੀ ਸੰਸਥਾਵਾਂ:** ਪੰਜਾਬੀ ਹੈਰੀਟੇਜ ਆਰਗੇਨਾਈਜੇਸ਼ਨ (ਪੀ. ਐਚ. ਓ.) ਸ਼ਿਕਾਗੋ; ਪੰਜਾਬੀ ਕਲਚਰਲ ਸੁਸਾਇਟੀ (ਪੀ. ਸੀ. ਐਸ.) ਸ਼ਿਕਾਗੋ; ਪੰਜਾਬੀ ਅਮੈਰਿਕਨ ਆਰਗੇਨਾਈਜੇਸ਼ਨ-ਸ਼ਿਕਾਗੋ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ (ਮਿਡਵੈਸਟ) ਸ਼ਿਕਾਗੋ; ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ; ਇੰਡੋ ਅਮੈਰਿਕਨ ਸੀਨੀਅਰ ਸੁਸਾਇਟੀ, ਇੰਡੀਅਨਐਪੋਲਿਸ (ਇੰਡੀਆਨਾ); ਪੰਜਾਬੀ ਕਲਚਰਲ ਆਰਗੇਨਾਈਜੇਸ਼ਨ-ਮਿਲਵਾਕੀ; ਗੁਰੂ ਲਾਧੋ ਰੇ ਸੇਵਾ ਸੁਸਾਇਟੀ-ਮਿਲਵਾਕੀ; ਸੰਤ ਬਾਬਾ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ-ਇੰਡੀਆਨਾ; ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ-ਮਿਸ਼ੀਗਨ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਸਿਨਸਿਨੈਟੀ; ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸਿਨਸਿਨੈਟੀ; ਪੰਜਾਬ ਸਪੋਰਟਸ ਕਲੱਬ ਕਲੀਵਲੈਂਡ (ਓਹਾਇਓ); ਯੂਨਾਈਟਿਡ ਸਪੋਰਟਸ ਕਲੱਬ ਕੈਲੀਫੋਰਨੀਆ; ਗਦਰ ਮੈਮੋਰੀਅਲ ਫਾਊਂਡੇਸ਼ਨ ਸੈਕਰਾਮੈਂਟੋ; ਇੰਡੋ ਅਮੈਰੀਕਨ ਕਲਚਰਲ ਆਰਗੇਨਾਈਜੇਸ਼ਨ ਸੈਕਰਾਮੈਂਟੋ; ਸ਼ਹੀਦ ਊਧਮ ਸਿੰਘ ਮੈਮੋਰੀਅਲ ਫਾਊਂਡੇਸ਼ਨ ਆਫ ਨਾਰਥ ਅਮੈਰਿਕਾ; ਇੰਡੋ-ਅਮੈਰੀਕਨ ਹੈਰੀਟੇਜ ਫੋਰਮ ਫਰਿਜ਼ਨੋ; ਇੰਡੋ-ਯੂ. ਐਸ. ਹੈਰੀਟੇਜ ਐਸੋਸੀਏਸ਼ਨ ਫਰਿਜ਼ਨੋ; ਆਪਣਾ ਪੰਜਾਬ ਸਪੋਰਟਸ ਐਸੋਸੀਏਸ਼ਨ ਕੈਲੀਫੋਰਨੀਆ; ਸਿੱਖ ਸਪੋਰਟਸ ਐਸੋਸੀਏਸ਼ਨ ਕੈਲੀਫੋਰਨੀਆ; ਹੱਸਦਾ ਪੰਜਾਬ ਐਸੋਸੀਏਸ਼ਨ, ਡੈਲਸ; ਕਪੂਰਥਲਾ ਸਪੋਰਟਸ ਕਲੱਬ, ਨਿਊ ਯਾਰਕ; ਸ਼ਹੀਦ ਊਧਮ ਸਿੰਘ ਸਭਾ, ਨਿਊ ਯਾਰਕ; ਸ਼ਹੀਦ ਭਾਈ ਮਨੀ ਸਿੰਘ ਕਲਚਰਲ ਸੁਸਾਇਟੀ, ਨਿਊ ਯਾਰਕ; ਇੰਡੋ ਅਮੈਰਿਕਨ ਹੈਰੀਟੇਜ ਫਾਊਂਡੇਸ਼ਨ, ਨਿਊ ਯਾਰਕ।

ਪੰਜਾਬ ਟਾਈਮਜ਼

ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ

Published simultaneously from Chicago, California & New York.

Ph: 847-359-0746

*e-mail: punjabtimes1@sbcglobal.net, website: www.punjabtimesusa.com*

# ਪੰਜਾਬ ਵਿਚ ਨਿਹੱਥੇ ਜੰਗ ਲੜ ਰਿਹੈ ਡਾਕਟਰ ਤੇ ਹੋਰ ਅਮਲਾ

## ਮੈਡੀਕਲ ਸਟਾਫ ਪੌਲੀਥੀਨ ਦੇ ਲਿਫਾਫੇ ਪਾ ਕੇ ਬੁੱਤਾ ਸਾਰਨ ਲਈ ਮਜਬੂਰ

**ਜਲੰਧਰ:** ਸਿਵਲ ਹਸਪਤਾਲ ਵਿਚ ਕਰੋਨਾ ਵਾਇਰਸ ਦੇ ਪਾਜ਼ੇਟਿਵ ਮਰੀਜ਼ਾਂ ਦੀ ਦੇਖਭਾਲ ਕਰ ਰਹੀਆਂ ਨਰਸਾਂ ਤੇ ਹੋਰ ਸਟਾਫ ਨੇ ਲੋੜੀਂਦੀਆਂ ਪੀਪੀਈ ਕਿੱਟਾਂ ਨਾ ਦੇਣ ਉਤੇ ਮੈਡੀਕਲ ਸੁਪਰਡੈਂਟ ਦਫਤਰ ਦੇ ਬਾਹਰ ਜ਼ੋਰਦਾਰ ਰੋਸ ਪ੍ਰਦਰਸ਼ਨ ਕੀਤਾ। ਕਰੋਨਾ ਵਾਇਰਸ ਤੋਂ ਪੀੜਤ ਮਰੀਜ਼ਾਂ ਨੂੰ ਦੇਖਣ ਵਾਲਾ ਸਟਾਫ ਪੌਲੀਥੀਨ ਦੇ ਲਿਫਾਫੇ ਪਾਉਣ ਲਈ ਮਜਬੂਰ ਹੋ ਰਿਹਾ ਹੈ ਕਿਉਂਕਿ ਉਨ੍ਹਾਂ ਨੂੰ ਕਿੱਟਾਂ ਹੀ ਨਹੀਂ ਦਿੱਤੀਆਂ ਜਾ ਰਹੀਆਂ।

ਜ਼ਿਕਰਯੋਗ ਹੈ ਕਿ ਜਲੰਧਰ ਦੇ ਸਿਵਲ ਹਸਪਤਾਲ ਨੂੰ ਕਰੋਨਾ ਵਾਇਰਸ ਦੇ ਮਰੀਜ਼ਾਂ ਲਈ ਆਈਸੋਲੇਟ ਵਾਰਡ ਵਜੋਂ ਤਿਆਰ ਕੀਤਾ ਗਿਆ ਹੈ। ਪੰਜਾਬ ਸਰਕਾਰ ਤੇ ਮੈਡੀਕਲ ਸੁਪਰਡੈਂਟ ਦਾ ਪਿਟ ਸਿਆਪਾ ਕਰਦਿਆਂ ਇਨ੍ਹਾਂ ਨਰਸਾਂ ਤੇ ਚੌਥਾ ਦਰਜਾ ਮੁਲਾਜ਼ਮਾਂ ਨੇ ਦੋਸ਼ ਲਾਇਆ ਕਿ ਉਨ੍ਹਾਂ ਨੂੰ ਕਰੋਨਾ ਵਾਇਰਸ ਦੇ ਪੀੜਤ ਮਰੀਜ਼ਾਂ ਨੂੰ ਦਵਾਈਆਂ ਤੇ ਹੋਰ ਖਾਣਾ ਆਦਿ ਦੇਣ ਲਈ ਤਾਂ ਭੇਜਿਆ ਜਾਂਦਾ ਹੈ ਪਰ ਉਨ੍ਹਾਂ ਦੀਆਂ ਜ਼ਿੰਦਗੀਆਂ ਦੀ ਕੋਈ ਪ੍ਰਵਾਹ ਨਹੀਂ ਕੀਤੀ ਜਾ ਰਹੀ। ਇਨ੍ਹਾਂ ਪੀੜਤਾਂ ਨੇ ਇਹ ਦੋਸ਼ ਵੀ ਲਾਇਆ ਕਿ ਉਹ ਜਦੋਂ ਡਿਊਟੀ ਕਰਕੇ ਆਪਣੇ ਪਰਿਵਾਰਾਂ ਵਿਚ ਜਾਂਦੇ ਹਨ ਤਾਂ ਉਨ੍ਹਾਂ ਦਾ ਜੀਵਨ ਵੀ ਖਤਰੇ ਵਿਚ ਪੈ ਜਾਂਦਾ ਹੈ। ਕਰੋਨਾ ਵਾਇਰਸ ਦੇ ਸ਼ੱਕੀ ਮਰੀਜ਼ਾਂ ਅਤੇ ਪਾਜ਼ੇਟਿਵ ਮਰੀਜ਼ਾਂ ਨੂੰ ਦੇਖਣ ਵਾਲੀਆਂ ਨਰਸਾਂ ਵਿਚੋਂ ਬਹੁਤੀਆਂ ਠੇਕੇ ਉਤੇ ਵੀ ਰੱਖੀਆਂ ਹੋਇਆਂ ਹਨ। ਉਨ੍ਹਾਂ ਨੇ ਵੀ ਮੰਗ ਕੀਤੀ ਕਿ ਸਰਕਾਰ ਨੇ ਕਦੇ ਸਮੇਂ ਸਿਰ ਤਨਖਾਹ ਨਹੀਂ ਦਿੱਤੀ ਤੇ ਹੁਣ ਸਭ ਤੋਂ ਔਖੇ ਤੇ ਜ਼ੋਖਮ ਭਰੇ ਕੰਮ ਵਿਚ ਉਨ੍ਹਾਂ ਨੂੰ ਅੱਗੇ ਡਾਹ ਦਿੱਤਾ ਗਿਆ ਹੈ।

ਇਸੇ ਤਰ੍ਹਾਂ ਅੰਮ੍ਰਿਤਸਰ ਦੇ ਸਰਕਾਰੀ ਮੈਡੀਕਲ ਕਾਲਜ ਦੇ ਪ੍ਰਬੰਧ ਹੇਠ ਇਥੇ ਗੁਰੂ ਨਾਨਕ ਦੇਵ ਹਸਪਤਾਲ ਵਿਚ ਸਥਾਪਿਤ ਆਈਸੋਲੇਸ਼ਨ ਵਾਰਡ ਵਿਚ ਅੱਗੇ ਹੋ ਕੇ ਕਰੋਨਾ ਵਾਇਰਸ ਦੇ ਮਰੀਜ਼ਾਂ ਦਾ ਇਲਾਜ ਕਰ ਰਹੇ ਜੂਨੀਅਰ ਰੈਜ਼ੀਡੈਂਟ ਡਾਕਟਰ, ਨਰਸਾਂ ਤੇ ਹੋਰ ਪੈਰਾ ਮੈਡੀਕਲ ਅਮਲੇ ਦਾ ਹਾਲ ਅਜਿਹਾ ਹੈ, ਜਿਵੇਂ ਬਿਨਾਂ ਹਥਿਆਰਾਂ ਦੇ ਇਕ ਸਿਪਾਹੀ ਨੂੰ ਸਰਹੱਦ ਉਤੇ ਜੰਗ ਲੜਨ ਲਈ ਭੇਜ ਦਿੱਤਾ ਹੋਵੇ।

ਆਈਸੋਲੇਸ਼ਨ ਵਾਰਡ ਵਿਚ ਹੁਣ ਤੱਕ ਕਈ ਕਰੋਨਾ ਪੀੜਤ ਮਰੀਜ਼ ਆ ਚੁੱਕੇ ਹਨ ਅਤੇ ਇਨ੍ਹਾਂ ਵਿਚੋਂ 2 ਦੀ ਮੌਤ ਵੀ ਹੋ ਚੁੱਕੀ ਹੈ। ਇਥੇ ਆਈਸੋਲੇਸ਼ਨ ਵਾਰਡ ਵਿਚ ਵਧੇਰੇ ਡਿਊਟੀ ਜੂਨੀਅਰ ਰੈਜ਼ੀਡੈਂਟ ਡਾਕਟਰਾਂ, ਸਟਾਫ ਨਰਸਾਂ ਤੇ ਹੋਰ ਪੈਰਾ ਮੈਡੀਕਲ ਸਟਾਫ ਦੀ ਲਾਈ ਗਈ ਹੈ। ਤਿੰਨ ਸ਼ਿਫਟਾਂ ਵਿਚ 24 ਘੰਟੇ ਡਿਊਟੀ ਦਿੱਤੀ ਜਾ ਰਹੀ ਹੈ। ਰਾਤ ਦੀ ਡਿਊਟੀ ਵਾਲੇ ਅਮਲੇ ਨੂੰ 12 ਘੰਟੇ ਇਥੇ ਇਸੇ ਵਾਰਡ ਵਿਚ ਬਿਤਾਉਣੇ ਪੈਂਦੇ ਹਨ, ਜਦਕਿ ਬਾਕੀ ਦੋ ਸ਼ਿਫਟਾਂ ਵਿਚ 6-6 ਘੰਟੇ ਦੀ ਡਿਊਟੀ ਹੈ। ਸੀਨੀਅਰ ਡਾਕਟਰ ਸਿਰਫ ਇਥੇ ਰਾਊਂਡ ਵਾਸਤੇ ਜਾਂ ਫਿਰ ਐਮਰਜੈਂਸੀ ਵੇਲੇ ਹੀ ਆਉਂਦੇ ਹਨ। ਵਧੇਰੇ ਜੋਖਮ ਭਰੀ ਇਹ ਡਿਊਟੀ ਕਰਨ ਵਾਲੇ ਅਮਲੇ ਨੂੰ ਤਾਂ ਇਸ ਵਾਇਰਸ ਤੋ ਬਚਾਅ ਵਾਸਤੇ ਹਰ ਤਰ੍ਹਾਂ ਦੀ ਸਹੂਲਤ ਮਿਲਣੀ ਚਾਹੀਦੀ ਹੈ ਪਰ ਅਮਲੇ ਨੂੰ ਬਚਾਅ ਵਾਲੇ ਸਾਜ਼ੋ-ਸਾਮਾਨ ਵਾਸਤੇ ਵੀ ਜੂਝਣਾ ਪੈ ਰਿਹਾ ਹੈ।

ਅਮਲੇ ਨੇ ਇਥੇ ਮੈਡੀਕਲ ਸਿੱਖਿਆ ਮੰਤਰੀ ਓਪੀ ਸੋਨੀ ਕੋਲ ਇਹ ਮੰਗਾਂ ਰੱਖੀਆਂ ਹਨ ਅਤੇ ਇਸ ਬਾਰੇ ਬਹਿਸ ਵੀ ਕਰਨੀ ਪਈ ਸੀ। ਇਸ ਤੋਂ ਪਹਿਲਾਂ ਵੀ ਇਹ ਅਮਲਾ ਰੋਸ ਦਾ ਪ੍ਰਗਟਾਵਾ ਕਰ ਚੁੱਕਾ ਹੈ। ਆਈਸੋਲੇਸ਼ਨ ਵਾਰਡ ਵਿਚ ਕੰਮ ਕਰ ਰਹੀ ਇਕ ਸਟਾਫ ਨਰਸ ਦਿਲਰਾਜ ਕੌਰ ਨੇ ਦੱਸਿਆ ਕਿ ਉਹ ਆਪਣੀ ਇਸ ਡਿਊਟੀ ਕਾਰਨ ਇਕ ਅਪਰੈਲ ਤੋਂ ਘਰ ਇਸ ਲਈ ਨਹੀਂ ਗਈ ਕਿਉਂਕਿ ਘਰ ਵਿਚ ਉਸ ਦੇ ਦੋ ਛੋਟੇ ਬੱਚੇ ਅਤੇ ਹੋਰ ਮੈਂਬਰ ਹਨ।

ਵਾਇਰਸ ਦੀ ਲਾਗ ਲੱਗਣ ਦੇ ਡਰ ਕਾਰਨ ਉਹ ਬਾਹਰ ਰਹਿ ਰਹੀ ਹੈ। ਬਾਕੀ ਸਟਾਫ ਨੇ ਕਿਹਾ ਕਿ ਅਜਿਹੀ ਜੋਖਮ ਵਾਲੀ ਸਥਿਤੀ ਵਿਚ ਕੰਮ ਕਰਨ ਲਈ ਅਮਲੇ ਨੂੰ ਪੀਪੀਈ ਕਿੱਟਾਂ, ਐੱਨ 95 ਮਾਸਕ, ਦਸਤਾਨੇ ਅਤੇ ਸੈਨੇਟਾਈਜ਼ਰ ਦੀ ਲੋੜ ਹੈ। ਬਿਨਾਂ ਸਾਮਾਨ ਦੇ ਕਿਵੇਂ ਉਹ ਕੰਮ ਕਰ ਸਕਦੇ ਹਨ। ਜੂਨੀਅਰ ਰੈਜ਼ੀਡੈਂਟ ਡਾਕਟਰਾਂ ਨੇ ਕਿਹਾ ਕਿ ਆਈਸੋਲੇਸ਼ਨ ਵਾਰਡ ਤੋਂ ਇਲਾਵਾ ਐਮਰਜੈਂਸੀ ਵਾਰਡ ਵਿਚ ਕੰਮ ਕਰਨ ਵਾਲੇ ਅਮਲੇ ਨੂੰ ਵੀ ਪੀਪੀਈ ਕਿੱਟ, ਐੱਨ 95 ਮਾਸਕ ਦੀ ਲੋੜ ਹੈ ਕਿਉਂਕਿ ਅਜਿਹੇ ਮਰੀਜ਼ ਨੂੰ ਪਹਿਲਾਂ ਐਮਰਜੈਂਸੀ ਵਾਰਡ ਵਿਚ ਹੀ ਲਿਆਂਦਾ ਜਾਂਦਾ ਹੈ।

### ਕਰੋਨਾ ਪੀੜਤ ਦਾ ਸਸਕਾਰ ਰੋਕਣ ਦਾ ਯਤਨ

**ਜਲੰਧਰ:** ਜਲੰਧਰ 'ਚ ਕਰੋਨਾ ਵਾਇਰਸ ਕਾਰਨ ਮਰਨ ਵਾਲੇ ਪ੍ਰਵੀਨ ਕੁਮਾਰ ਸ਼ਰਮਾ ਦਾ ਸਸਕਾਰ ਰੁਕਵਾਉਣ ਲਈ ਕੁਝ ਲੋਕਾਂ ਨੇ ਅੜਿੱਕਾ ਪਾਇਆ ਜਿਨ੍ਹਾਂ ਨੂੰ ਬਾਅਦ ਵਿਚ ਪੁਲਿਸ ਨੇ ਭਜਾ ਦਿੱਤਾ। ਕਰੋਨਾ ਕਾਰਨ ਇਹ ਜਲੰਧਰ ਸ਼ਹਿਰ ਵਿਚ ਹੋਈ ਪਹਿਲੀ ਮੌਤ ਹੈ। ਇਸ ਦੇ ਨਾਲ ਹੀ ਸ਼ਹਿਰ ਵਿਚ ਤਿੰਨ ਹੋਰ ਨਵੇਂ ਮਰੀਜ਼ ਵੀ ਸਾਹਮਣੇ ਆਏ ਹਨ। ਮਿੱਠਾ ਬਾਜ਼ਾਰ ਦੇ ਰਹਿਣ ਵਾਲੇ ਪ੍ਰਵੀਨ ਕੁਮਾਰ ਸ਼ਰਮਾ ਦੇ ਕਰੋਨਾ ਵਾਇਰਸ ਤੋਂ ਪੀੜਤ ਹੋਣ ਦੀ ਪੁਸ਼ਟੀ ਹੋਈ ਸੀ ਤੇ ਉਨ੍ਹਾਂ ਦੀ ਮੌਤ ਹੋ ਗਈ ਸੀ। ਲੋਕਾਂ ਨੇ ਮ੍ਰਿਤਕ ਦਾ ਸਸਕਾਰ ਹਰਨਾਮਦਾਸਪੁਰਾ ਦੇ ਸ਼ਮਸ਼ਾਨਘਾਟ ਵਿਚ ਹੋਣ ਤੋਂ ਰੋਕਣ ਲਈ ਰਸਤੇ 'ਚ ਰੱਸੀਆਂ ਬੰਨ੍ਹ ਦਿੱਤੀਆਂ। ਉਥੇ ਲੋਕਾਂ ਨੇ ਦੋ-ਢਾਈ ਘੰਟੇ ਰੌਲਾ ਪਾਈ ਰੱਖਿਆ। ਰੌਲਾ ਪਾਉਣ ਵਾਲੀਆਂ ਔਰਤਾਂ ਕਹਿ ਰਹੀਆਂ ਸਨ ਜਿਵੇਂ ਵੇਰਕਾ ਵਾਲਿਆਂ ਨੇ ਭਾਈ ਨਿਰਮਲ ਸਿੰਘ ਦਾ ਸਸਕਾਰ ਨਹੀਂ ਸੀ ਹੋਣ ਦਿੱਤਾ ਤੇ ਸਸਕਾਰ ਖੇਤਾਂ ਵਿਚ ਕੀਤਾ ਗਿਆ, ਇਸੇ ਤਰ੍ਹਾਂ ਪ੍ਰਵੀਨ ਸ਼ਰਮਾ ਦਾ ਸਸਕਾਰ ਵੀ ਖੇਤਾਂ ਵਿਚ ਹੀ ਕੀਤਾ ਜਾਵੇ।

# ਲੌਕਡਾਊਨ ਦੌਰਾਨ ਜਮ੍ਹਾਂਖੋਰ ਅਤੇ ਕਾਲਾ ਬਾਜ਼ਾਰੀਏ ਹੋਏ ਸਰਗਰਮ

**ਨਵੀਂ ਦਿੱਲੀ:** ਕਰੋਨਾ ਵਾਇਰਸ ਕਾਰਨ ਦੇਸ਼ ਭਰ 'ਚ ਲੌਕਡਾਊਨ ਜਮ੍ਹਾਂਖੋਰਾਂ ਤੇ ਕਾਲਾ ਬਾਜ਼ਾਰੀਆਂ ਲਈ ਕਮਾਈ ਦਾ ਵੱਡਾ ਮੌਕਾ ਬਣ ਗਿਆ ਹੈ ਕਿਉਂਕਿ ਉਹ ਜ਼ਰੂਰੀ ਵਸਤਾਂ ਜਮ੍ਹਾਂ ਕਰਕੇ ਉਨ੍ਹਾਂ ਨੂੰ ਮਹਿੰਗੇ ਭਾਅ ਵੇਚ ਕੇ ਮੁਨਾਫਾ ਕਮਾ ਰਹੇ ਹਨ। ਮਾਹਿਰਾਂ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਕਾਲਾਬਾਜ਼ਾਰੀ, ਜਮ੍ਹਾਂਖੋਰੀ ਤੇ ਜ਼ਰੂਰੀ ਵਸਤਾਂ ਦੀਆਂ ਵਧਾਈਆਂ ਗਈਆਂ ਫਰਜ਼ੀ ਕੀਮਤਾਂ ਖਿਲਾਫ ਕਾਰਵਾਈ ਲਈ ਚੁੱਕੇ ਗਏ ਕਦਮ ਸ਼ਲਾਘਾਯੋਗ ਹਨ।

ਗੈਰ-ਲਾਹੇਵੰਦ ਸੰਸਥਾ ਏਪੀਜੇ ਅਬਦੁਲ ਕਲਾਮ ਸੈਂਟਰ ਦੇ ਮੁੱਖ ਕਾਰਜਕਾਰੀ ਅਧਿਕਾਰੀ ਸ੍ਰੀਜਨ ਪਾਲ ਸਿੰਘ ਨੇ ਕਿਹਾ, 'ਵੱਡੇ ਪੱਧਰ ਉਤੇ ਬਣੇ ਹੰਗਾਮੀ ਹਾਲਾਤ ਕਾਰਨ ਇਕ ਪਾਸੇ ਜ਼ਰੂਰੀ ਵਰਤੋਂ ਵਾਲੀਆਂ ਵਸਤਾਂ ਦੀ ਮੰਗ ਵਧ ਗਈ ਹੈ ਤੇ ਦੂਜੇ ਪਾਸੇ ਇਸ ਨੂੰ ਜਮ੍ਹਾਂਖੋਰ ਤੇ ਕਾਲਾਬਾਜ਼ਾਰੀ ਕਰਨ ਵਾਲੇ ਸੁਨਹਿਰੀ ਮੌਕੇ ਵਜੋਂ ਦੇਖ ਰਹੇ ਹਨ। ਅਸੀਂ ਦੇਖਿਆ ਹੈ ਕਿ ਨਵੰਬਰ 2019 'ਚ ਜਦੋਂ ਦਿੱਲੀ ਵਿਚ ਪ੍ਰਦੂਸ਼ਣ ਵਧਣ ਕਾਰਨ ਮਾਸਕ ਦੀ ਮੰਗ ਵਧੀ ਸੀ ਤਾਂ ਮਾਸਕਾਂ ਦੀ ਕਾਲਾਬਾਜ਼ਾਰੀ ਕੀਤੀ ਗਈ ਸੀ। ਕੋਵਿਡ-19 ਕਾਰਨ ਕਾਲਾਬਾਜ਼ਾਰੀ ਕਰਨ ਵਾਲੇ ਤੇ ਜਮ੍ਹਾਂਖੋਰ ਮਾਸਕਾਂ ਨੂੰ ਉਨ੍ਹਾਂ ਉਤੇ ਪ੍ਰਿੰਟ ਕੀਮਤ ਤੋਂ ਕਈ ਗੁਣਾਂ ਮਹਿੰਗੇ ਭਾਅ ਉਤੇ ਵੇਚ ਰਹੇ ਹਨ। ਅਜਿਹਾ ਸਿਰਫ ਭਾਰਤ ਵਿਚ ਹੀ ਨਹੀਂ ਬਲਕਿ ਸਾਰੀ ਦੁਨੀਆ 'ਚ ਹੋ ਰਿਹਾ ਹੈ।'

ਉਨ੍ਹਾਂ ਕਿਹਾ ਕਿ ਜਦੋਂ ਤੋਂ ਲੌਕਡਾਊਨ ਹੋਇਆ ਹੈ ਜਮ੍ਹਾਂਖੋਰਾਂ ਨੇ ਖੁਰਾਕੀ ਵਸਤਾਂ ਨੂੰ ਨਿਸ਼ਾਨਾ ਬਣਾ ਲਿਆ ਹੈ। ਉਨ੍ਹਾਂ ਕਿਹਾ ਕਿ ਅਜਿਹਾ ਸਿਰਫ ਦੁਕਾਨਦਾਰਾਂ ਨੇ ਹੀ ਨਹੀਂ ਕੀਤਾ ਬਲਕਿ ਕੋਲਡ ਸਟੋਰੇਜ ਤੇ ਘਰੇਲੂ ਪੱਧਰ ਤੱਕ ਵੀ ਖਾਣ ਪੀਣ ਦੀਆਂ ਵਸਤਾਂ ਜਮ੍ਹਾਂ ਕੀਤੀਆਂ ਗਈਆਂ ਹਨ ਜਿਸ ਨਾਲ ਬਾਜ਼ਾਰ ਦਾ ਤਵਾਜ਼ਨ ਵਿਗੜ ਗਿਆ ਹੈ।

ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਜਮ੍ਹਾਂਖੋਰਾਂ ਤੇ ਕਾਲਾਬਾਜ਼ਾਰੀਆਂ ਖਿਲਾਫ ਸਖਤ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ ਪਰ ਅਜਿਹਾ ਵੱਡੇ ਪੱਧਰ ਉਤੇ ਕਰਨਾ ਸੰਭਵ ਨਹੀਂ ਅਤੇ ਅਜਿਹਾ ਰੋਕਣ ਲਈ ਨਵੀਂ ਪਹੁੰਚ ਅਪਣਾਉਣ ਦੀ ਲੋੜ ਹੈ।

# ਭਾਰਤ 'ਚ 40 ਕਰੋੜ ਕਾਮਿਆਂ ਦੇ ਗਰੀਬੀ ਵਲ ਧੱਕੇ ਜਾਣ ਦਾ ਖਦਸ਼ਾ

**ਸੰਯੁਕਤ ਰਾਸ਼ਟਰ:** ਕਰੋਨਾ ਵਾਇਰਸ ਦਾ ਮੁਕਾਬਲਾ ਕਰਨ ਲਈ ਦੇਸ਼ ਭਰ ਵਿਚ ਲੌਕਡਾਊਨ ਨਾਲ ਕਾਰੋਬਾਰੀ ਅਦਾਰੇ, ਉਦਯੋਗ ਅਤੇ ਹੋਰ ਖੇਤਰਾਂ ਦੇ ਬੰਦ ਹੋਣ ਨਾਲ ਬੇਰੁਜ਼ਗਾਰੀ ਵੀ ਤੇਜ਼ੀ ਨਾਲ ਵਧ ਰਹੀ ਹੈ। ਇਸ ਕਰਕੇ ਕਰੋੜਾਂ ਲੋਕਾਂ ਸਾਹਮਣੇ ਰੋਜ਼ੀ ਰੋਟੀ ਦੀ ਵੱਡੀ ਸਮੱਸਿਆ ਪੈਦਾ ਹੋ ਗਈ ਹੈ।

ਕਰੋਨਾ ਵਾਇਰਸ ਸੰਕਟ ਕਾਰਨ ਭਾਰਤ ਦੇ ਗੈਰ-ਸੰਗਠਿਤ ਖੇਤਰ 'ਚ ਕੰਮ ਕਰਦੇ 40 ਕਰੋੜ ਲੋਕਾਂ ਦੇ ਗਰੀਬੀ ਰੇਖਾ ਤੋਂ ਹੇਠਾਂ ਜਾਣ ਦਾ ਖਤਰਾ ਹੈ। ਸੰਯੁਕਤ ਰਾਸ਼ਟਰ ਦੀ ਕੌਮਾਂਤਰੀ ਕਿਰਤ ਜਥੇਬੰਦੀ (ਆਈ. ਐਲ. ਓ.) ਨੇ ਚਿਤਾਵਨੀ ਦਿੱਤੀ ਹੈ ਕਿ ਮੌਜੂਦਾ ਸਾਲ ਦੀ ਦੂਜੀ ਤਿਮਾਹੀ 'ਚ ਆਲਮੀ ਪੱਧਰ ਉਤੇ 19.5 ਕਰੋੜ ਨੌਕਰੀਆਂ ਜਾਂ 6.7 ਫੀਸਦੀ ਕੰਮਕਾਜੀ ਘੰਟੇ ਖਤਮ ਹੋਣ ਦੀ ਸੰਭਾਵਨਾ ਹੈ। ਆਈ. ਐਲ. ਓ. ਨੇ ਆਪਣੀ ਰਿਪੋਰਟ 'ਚ ਕਰੋਨਾ ਵਾਇਰਸ ਮਹਾਮਾਰੀ ਨੂੰ 'ਦੂਜੀ ਸੰਸਾਰ ਜੰਗ ਤੋਂ ਬਾਅਦ ਦਾ ਸਭ ਤੋਂ ਭਿਆਨਕ ਆਲਮੀ ਸੰਕਟ' ਕਰਾਰ ਦਿੱਤਾ ਹੈ।

ਜਥੇਬੰਦੀ ਦੇ ਡਾਇਰੈਕਟਰ ਜਨਰਲ ਗਾਏ ਰਾਈਡਰ ਨੇ ਕਿਹਾ, "ਵਿਕਸਤ ਅਤੇ ਵਿਕਾਸਸ਼ੀਲ ਅਰਥਚਾਰਿਆਂ 'ਚ ਕਾਮਿਆਂ ਅਤੇ ਕਾਰੋਬਾਰੀਆਂ ਨੂੰ ਪਰਲੋ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਾਨੂੰ ਤੇਜ਼ੀ ਨਾਲ ਇਕੱਠਿਆਂ ਇਸ ਤਬਾਹੀ ਵਿਚੋਂ ਨਿਕਲਣਾ ਪਵੇਗਾ।" ਰਿਪੋਰਟ 'ਚ ਕਿਹਾ ਗਿਆ ਹੈ ਕਿ ਦੁਨੀਆ ਭਰ ਵਿਚ ਦੋ ਅਰਬ ਵਿਅਕਤੀ ਗੈਰ-ਸੰਗਠਿਤ ਖੇਤਰ ਵਿਚ ਕੰਮ ਕਰਦੇ ਹਨ ਅਤੇ ਉਹ ਉਚੇਚੇ ਤੌਰ ਉਤੇ ਖਤਰੇ 'ਚ ਹਨ। ਆਈ. ਐਲ. ਓ. ਨੇ ਕਿਹਾ ਕਿ ਭਾਰਤ, ਨਾਈਜੀਰੀਆ ਅਤੇ ਬ੍ਰਾਜ਼ੀਲ 'ਚ ਗੈਰ-ਸੰਗਠਿਤ ਖੇਤਰ ਵਿਚ ਕੰਮ ਕਰਦੇ ਵੱਡੀ ਗਿਣਤੀ ਵਰਕਰਾਂ ਨੂੰ ਲੌਕਡਾਊਨ ਅਤੇ ਹੋਰ ਪਾਬੰਦੀਆਂ ਦਾ ਖਮਿਆਜ਼ਾ ਭੁਗਤਣਾ ਪੈ ਰਿਹਾ ਹੈ।

ਉਨ੍ਹਾਂ ਕਿਹਾ ਕਿ ਭਾਰਤ 'ਚ ਪਰਵਾਸੀ ਮਜ਼ਦੂਰਾਂ ਨੂੰ ਲੌਕਡਾਊਨ ਕਾਰਨ ਆਪਣੇ ਜੱਦੀ ਪਿੰਡਾਂ ਵਲ ਪਰਤਣਾ ਪਿਆ ਹੈ ਜਿਸ ਦਾ ਉਨ੍ਹਾਂ ਦੇ ਕੰਮਕਾਰ ਉਤੇ ਮਾੜਾ ਅਸਰ ਪਵੇਗਾ। ਰਾਈਡਰ ਨੇ ਕਿਹਾ, "ਇਹ ਪਿਛਲੇ 75 ਸਾਲਾਂ ਤੋਂ ਵੱਧ ਸਮੇਂ 'ਚ ਕੌਮਾਂਤਰੀ ਸਹਿਯੋਗ ਦੀ ਪ੍ਰੀਖਿਆ ਦੀ ਘੜੀ ਹੈ। ਜੇ ਇਕ ਮੁਲਕ ਨਾਕਾਮ ਹੋਇਆ ਤਾਂ ਅਸੀਂ ਸਾਰੇ ਨਾਕਾਮ ਹੋਵਾਂਗੇ। ਸਾਨੂੰ ਸਭ ਨੂੰ ਰਲ ਕੇ ਕੋਈ ਹੱਲ ਕੱਢਣਾ ਪਵੇਗਾ ਤਾਂ ਜੋ ਕੁੱਲ ਆਲਮ ਦੇ ਖਾਸ ਕਰਕੇ ਹਾਸ਼ੀਏ ਉਤੇ ਧੱਕੇ ਲੋਕਾਂ ਦੀ ਮਦਦ ਹੋ ਸਕੇ।" ਏਜੰਸੀ ਮੁਤਾਬਕ ਖੁਰਾਕੀ ਸੇਵਾਵਾਂ, ਮੈਨੂਫੈਕਚਰਿੰਗ, ਪਰਚੂਨ ਅਤੇ ਹੋਰ ਪ੍ਰਸ਼ਾਸਕੀ ਖੇਤਰਾਂ ਨੂੰ ਸਭ ਤੋਂ ਵੱਡਾ ਖਤਰਾ ਹੈ।

ਭਾਰਤੀ ਅਰਥਚਾਰੇ ਉਤੇ ਨਜ਼ਰ ਰੱਖ ਰਹੀ ਸੰਸਥਾ ਸੈਂਟਰ ਫਾਰ ਮੋਨੀਟਰਿੰਗ ਇੰਡੀਅਨ ਇਕਾਨਮੀ ਦੀ ਰਿਪੋਰਟ ਅਨੁਸਾਰ ਮਾਰਚ ਤੱਕ ਬੇਰੁਜ਼ਗਾਰੀ 23.4 ਫ਼ੀਸਦੀ ਤੱਕ ਵਧ ਚੁੱਕੀ ਹੈ। ਸ਼ਹਿਰੀ ਖੇਤਰ ਵਿਚ ਬੇਰੁਜ਼ਗਾਰੀ ਦੀ ਦਰ 30.9 ਫੀਸਦੀ ਹੈ। ਅਰਥਚਾਰੇ ਵਿਚ ਪਹਿਲਾਂ ਤੋਂ ਚੱਲ ਰਹੇ ਮੰਦਵਾੜੇ ਅਤੇ ਹੁਣ ਕਰੋਨਾ ਵਾਇਰਸ ਦੇ ਕਹਿਰ ਨੇ ਇਸ ਸਮੱਸਿਆ ਨੂੰ ਹੋਰ ਗੰਭੀਰ ਕਰ ਦਿੱਤਾ ਹੈ। ਭਾਰਤ ਵਿਚ ਜੇਕਰ ਹਾਲਤ ਇਹੀ ਰਹਿੰਦੀ ਹੈ ਤਾਂ ਆਬਾਦੀ ਦੇ ਕੁਝ ਹਿੱਸੇ ਨੂੰ ਭੁੱਖਮਰੀ ਦੀ ਸਮੱਸਿਆ ਦਾ ਸਾਹਮਣਾ ਵੀ ਕਰਨਾ ਪੈ ਸਕਦਾ ਹੈ। ਰਿਪੋਰਟ ਵਿਚ ਇਹ ਖਦਸ਼ਾ ਪ੍ਰਗਟ ਕੀਤਾ ਗਿਆ ਹੈ ਕਿ ਬੇਰੁਜ਼ਗਾਰੀ ਦੀ ਦਰ ਗੰਭੀਰ ਹੱਦ ਤਕ ਵਧ ਜਾਣ ਦੀ ਸੰਭਾਵਨਾ ਹੈ।

ਭਾਰਤ ਵਿਚ 2019 ਵਿਚ ਜਾਰੀ ਰਿਪੋਰਟ ਅਨੁਸਾਰ ਸਾਲ 2017-18 ਵਿਚ ਬੇਰੁਜ਼ਗਾਰੀ ਦੀ ਦਰ 6.1 ਫੀਸਦੀ ਸੀ ਅਤੇ ਜਿਹੜੀ 45 ਸਾਲਾਂ ਵਿਚ ਸਭ ਤੋਂ ਜ਼ਿਆਦਾ ਸੀ। ਕਰੋਨਾ ਵਾਇਰਸ ਦੇ ਟਾਕਰੇ ਕਰਕੇ ਅਚਾਨਕ ਕੀਤੇ ਲੌਕਡਾਊਨ ਕਰਕੇ ਦੇਸ਼ ਵਿਚ ਵੱਡੇ ਸ਼ਹਿਰਾਂ ਵਿਚੋਂ ਲੱਖਾਂ ਬੇਰੁਜ਼ਗਾਰ ਮਜ਼ਦੂਰ ਸੈਂਕੜੇ ਕਿਲੋਮੀਟਰ ਦਾ ਸਫਰ ਤਹਿ ਕਰਕੇ ਆਪੋ ਆਪਣੇ ਰਾਜਾਂ ਨੂੰ ਚੱਲ ਪਏ ਸਨ। ਗੁਰਬਤ ਦੇ ਕਾਰਨ ਇਹ ਮਜ਼ਦੂਰ ਆਪਣੇ ਪਰਿਵਾਰਾਂ ਦਾ ਢਿੱਡ ਭਰਨ ਅਤੇ ਵਧੀਆ ਜੀਵਨ ਜਿਊਣ ਦੀ ਉਮੀਦ ਵਿਚ ਸ਼ਹਿਰਾਂ ਅਤੇ ਦੂਸਰੇ ਸੂਬਿਆਂ ਵਲ ਆਏ ਸਨ।

ਇਸ ਮਹਾਮਾਰੀ ਦੇ ਕਾਰਨ ਉਨ੍ਹਾਂ ਕੋਲ ਆਪਣੇ ਹੀ ਪਿੰਡਾਂ ਨੂੰ ਪਰਤਣ ਤੋਂ ਸਿਵਾ ਕੁਝ ਨਹੀਂ ਸੀ ਬਚਿਆ। ਅਮਰਤਿਆ ਸੇਨ ਅਤੇ ਅਭਿਜੀਤ ਚੈਟਰਜੀ ਵਰਗੇ ਲੋਕ-ਪੱਖੀ ਅਰਥ ਸ਼ਾਸਤਰੀਆਂ ਨੇ ਇਹ ਸਿਫਾਰਸ਼ ਕੀਤੀ ਹੈ ਕਿ ਭਾਰਤ ਕੋਲ ਪਏ 60 ਮਿਲੀਅਨ ਟਨ ਦੇ ਅਨਾਜ ਭੰਡਾਰਾਂ ਵਿਚੋਂ 40 ਮਿਲੀਅਨ ਟਨ ਮੁਫਤ ਵਿਚ ਗਰੀਬਾਂ ਨੂੰ ਵੰਡ ਦੇਣਾ ਚਾਹੀਦਾ ਹੈ। ਸਮੱਸਿਆ ਨਾਲ ਨਜਿੱਠਣ ਲਈ ਜੀਡੀਪੀ ਦਾ ਲਗਭਗ ਦਸ ਫੀਸਦੀ ਭਾਵ 7 ਲੱਖ ਕਰੋੜ ਰੁਪਏ ਦਾ ਆਰਥਿਕ ਪੈਕੇਜ ਦਿੱਤੇ ਜਾਣ ਦੀ ਲੋੜ ਹੈ।

### ਵਿਸ਼ਵ 1930 ਦੀ ਮਹਾਮੰਦੀ ਤੋਂ ਵੀ ਬਦਤਰ ਸਥਿਤੀ ਵਲ ਵਧ ਰਿਹੈ

**ਵਾਸ਼ਿੰਗਟਨ:** ਅੰਤਰਰਾਸ਼ਟਰੀ ਮੁਦਰਾ ਕੋਸ਼ (ਆਈ.ਐਮ.ਐਫ.) ਦੀ ਮੈਨੇਜਿੰਗ ਡਾਇਰੈਕਟਰ ਕ੍ਰਿਸਟਲੀਨਾ ਜਾਰਗੀਏਵਾ ਨੇ ਕਿਹਾ ਕਿ ਸਾਲ 2020 'ਚ ਕੋਰੋਨਾ ਵਾਇਰਸ ਦੇ ਚੱਲਦਿਆਂ 1930 ਦੇ ਦਹਾਕੇ ਵਿਚ ਆਈ ਮਹਾਂਮੰਦੀ ਤੋਂ ਬਾਅਦ ਸਭ ਤੋਂ ਭੈੜੀ ਵਿਸ਼ਵ ਆਰਥਿਕ ਗਿਰਾਵਟ ਵੇਖਣ ਨੂੰ ਮਿਲ ਸਕਦੀ ਹੈ ਅਤੇ 170 ਤੋਂ ਵੱਧ ਦੇਸ਼ਾਂ 'ਚ ਫੈਲੀ ਕੋਰੋਨਾ ਮਹਾਂਮਾਰੀ ਕਾਰਨ ਪ੍ਰਤੀ ਵਿਅਕਤੀ ਆਮਦਨ ਵਾਧੇ ਦੇ ਨਕਾਰਾਤਮਿਕ ਹੋਣ ਦੀ ਸੰਭਾਵਨਾ ਹੈ। ਉਨ੍ਹਾਂ ਕਿਹਾ ਕਿ ਬਿਜਲੀ ਦੀ ਗਤੀ ਨਾਲ ਫੈਲੇ ਕੋਵਿਡ-19 ਨੇ ਸਾਡੀ ਸਮਾਜਿਕ ਤੇ ਆਰਥਿਕ ਵਿਵਸਥਾ ਨੂੰ ਵਿਗਾੜ ਕੇ ਰੱਖ ਦਿੱਤਾ ਹੈ।

# ਭਾਰਤ ਸਰਕਾਰ ਵਲੋਂ ਸਿਹਤ ਖੇਤਰ ਲਈ 15 ਹਜ਼ਾਰ ਕਰੋੜ ਦਾ ਪੈਕੇਜ ਜਾਰੀ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਕੌਮੀ ਤੇ ਸੂਬਾਈ ਸਿਹਤ ਪ੍ਰਬੰਧ ਨੂੰ ਵਧੇਰੇ ਮਜ਼ਬੂਤ ਕਰਨ ਤੇ ਕਰੋਨਾਵਾਇਰਸ ਦੇ ਟਾਕਰੇ ਲਈ ਤਿਆਰੀਆਂ ਨੂੰ ਬਲ ਦੇਣ ਦੇ ਇਰਾਦੇ ਨਾਲ ਸਿਹਤ ਸੰਭਾਲ ਖੇਤਰ ਲਈ 15 ਹਜ਼ਾਰ ਕਰੋੜ ਰੁਪਏ ਦਾ ਪੈਕੇਜ ਐਲਾਨ ਦਿੱਤਾ ਹੈ। ਉਧਰ, ਲੌਕਡਾਊਨ ਦੇ 16ਵੇਂ ਦਿਨ ਸਰਕਾਰ ਨੇ ਮਾਸਕਾਂ ਨੂੰ ਲਾਜ਼ਮੀ ਕਰਨ ਤੋਂ ਲੈ ਕੇ ਕੋਵਿਡ-19 ਹੌਟਸਪੌਟ ਵਜੋਂ ਸ਼ਨਾਖਤ ਕੀਤੇ ਇਲਾਕਿਆਂ 'ਚ ਲੋਕਾਂ ਦੀ ਆਮਦੋ-ਰਫਤ ਉਤੇ ਪਾਬੰਦੀ ਸਮੇਤ ਕਈ ਰਾਜਾਂ ਵਿਚ ਚੌਕਸੀ ਵਧਾਉਣ ਦੇ ਹੁਕਮ ਦਿੰਦਿਆਂ ਕਰੋਨਾਵਾਇਰਸ ਦੇ ਟਾਕਰੇ ਲਈ ਯਤਨ ਤੇਜ਼ ਕਰ ਦਿੱਤੇ ਹਨ।

ਸਰਕਾਰ ਨੇ ਕਿਹਾ ਕਿ ਇਸ ਪੈਕੇਜ ਵਿਚੋਂ 7774 ਕਰੋੜ ਰੁਪਏ ਦੀ ਰਕਮ ਮਹਾਮਾਰੀ ਦੇ ਟਾਕਰੇ ਲਈ ਫੌਰੀ ਵਰਤੀ ਜਾਵੇਗੀ ਜਦੋਂਕਿ ਬਾਕੀ ਪੈਸਾ ਮਿਸ਼ਨ ਮੋਡ ਰਸਾਈ ਤਹਿਤ ਇਕ ਤੋਂ ਚਾਰ ਸਾਲਾਂ 'ਚ ਖਰਚਿਆ ਜਾਵੇਗਾ। ਸਿਹਤ ਮੰਤਰਾਲੇ ਨੇ ਇਕ ਬਿਆਨ ਵਿਚ ਕਿਹਾ ਕਿ ਇਸ ਪੈਕੇਜ ਦਾ ਮੁੱਖ ਉਦੇਸ਼ ਕੋਵਿਡ-19 ਦੇ ਪਾਸਾਰ ਨੂੰ ਰੋਕਣਾ ਹੈ। ਪੈਕੇਜ ਤਹਿਤ ਮਿਲਣ ਵਾਲੀ ਰਕਮ ਰੋਗ ਦੇ ਲੱਛਣਾਂ ਦੀ ਨਿਸ਼ਾਨਦੇਹੀ ਤੇ ਇਸ ਦੇ ਇਲਾਜ ਜਿਹੀਆਂ ਸਹੂਲਤਾਂ ਨੂੰ ਵਿਕਸਤ ਕਰਨ ਲਈ ਖਰਚੀ ਜਾਵੇਗੀ। ਸਰਕਾਰ ਨੇ ਰਾਹਤ ਪੈਕੇਜ ਦਾ ਐਲਾਨ ਅਜਿਹੇ ਮੌਕੇ ਕੀਤਾ ਹੈ ਜਦੋਂ ਪਾਜ਼ੇਟਿਵ ਕੇਸਾਂ ਦੀ ਵਧਦੀ ਗਿਣਤੀ ਦੇ ਮੱਦੇਨਜ਼ਰ ਸੂਬਾ ਸਰਕਾਰਾਂ ਉਤੇ ਸਿਹਤ ਸੰਭਾਲ ਸੇਵਾਵਾਂ ਮੁਹੱਈਆ ਕਰਵਾਉਣ ਲਈ ਦਬਾਅ ਵਧ ਰਿਹਾ ਹੈ।

ਇਸ ਤੋਂ ਪਹਿਲਾਂ ਸਿਹਤ ਮਿਸ਼ਨ ਦੀ ਡਾਇਰੈਕਟਰ ਵੰਦਨਾ ਗੁਰਨਾਨੀ ਵਲੋਂ ਜਾਰੀ ਪੱਤਰ ਮੁਤਾਬਕ ਕੇਂਦਰੀ ਫੰਡ ਵਾਲੇ ਪ੍ਰਾਜੈਕਟ ਜਨਵਰੀ 2020 ਤੋਂ ਮਾਰਚ 2024 ਦੇ ਅਰਸੇ ਦੌਰਾਨ ਤਿੰਨ ਗੇੜਾਂ ਵਿਚ ਲਾਗੂ ਹੋਣਗੇ। ਪਹਿਲਾ ਗੇੜ ਜਨਵਰੀ 2020 ਤੋਂ ਜੂਨ 2020 ਤੱਕ ਚੱਲੇਗਾ। ਰਾਜਾਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ ਦੇ ਵਧੀਕ ਮੁੱਖ ਸਕੱਤਰਾਂ, ਪ੍ਰਮੁੱਖ ਸਕੱਤਰਾਂ ਤੇ ਕਮਿਸ਼ਨਰਾਂ ਨੂੰ ਲਿਖੇ ਪੱਤਰ ਮੁਤਾਬਕ, 'ਪ੍ਰੋਜੈਕਟ ਐਮਰਜੈਂਸੀ ਕੋਵਿਡ-19 ਰਿਸਪਾਂਸ ਦੇ ਅਸਲ ਮੰਤਵਾਂ- ਕੌਮੀ ਤੇ ਸੂਬਾਈ ਪ੍ਰਬੰਧਾਂ ਨੂੰ ਮਜ਼ਬੂਤ ਕਰਨਾ, ਜ਼ਰੂਰੀ ਮੈਡੀਕਲ ਸਾਜ਼ੋ-ਸਾਮਾਨ ਤੇ ਦਵਾਈਆਂ ਦੀ ਉਪਲਬਧਤਾ, ਲੈਬਾਰਟਰੀਆਂ ਸਥਾਪਤ ਕਰਨ ਸਮੇਤ ਚੌਕਸੀ ਵਧਾਉਣ ਤੇ ਬਾਇਓ ਸੁਰੱਖਿਆ ਤਿਆਰੀਆਂ, ਨੂੰ ਅਮਲ ਵਿਚ ਲਿਆਉਣਾ ਹੈ।' ਪੱਤਰ ਵਿਚ ਕਿਹਾ ਗਿਆ ਹੈ ਕਿ ਕੇਂਦਰੀ ਸਿਹਤ ਮੰਤਰਾਲੇ ਵਲੋਂ ਪਹਿਲੇ ਗੇੜ ਲਈ ਰਾਜਾਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਫੰਡ ਜਾਰੀ ਕੀਤੇ ਜਾ ਰਹੇ ਹਨ। ਪਹਿਲੇ ਗੇੜ ਤਹਿਤ ਕੋਵਿਡ-19 ਨੂੰ ਸਮਰਪਿਤ ਹਸਪਤਾਲ, ਆਈਸੋਲੇਸ਼ਨ ਬਲਾਕ, ਹਸਪਤਾਲਾਂ ਵਿਚ ਵੈਂਟੀਲੇਟਰਾਂ ਤੇ ਆਕਸੀਜਨ ਦੀ ਸਪਲਾਈ ਵਾਲੇ ਆਈਸੀਯੂ'ਜ਼ ਆਦਿ ਅਹਿਮ ਸਰਗਰਮੀਆਂ ਨੂੰ ਅਮਲ ਵਿਚ ਲਿਆਂਦਾ ਜਾਵੇਗਾ। ਇਸੇ ਪੜਾਅ ਵਿਚ ਲੈਬਾਰੇਟਰੀਆਂ ਦੀ ਸ਼ਨਾਖਤ, ਰੋਗ ਦੇ ਲੱਛਣਾਂ ਨੂੰ ਫੜਨ ਲਈ ਸਮਰੱਥਾ ਵਧਾਉਣ, ਡਾਇਗਨੌਸਟਿਕ ਉਪਕਰਨਾਂ, ਟੈਸਟਿੰਗ ਕਿੱਟਾਂ ਤੇ ਹੋਰ ਸਾਜ਼ੋ-ਸਾਮਾਨ ਦੀ ਉਪਲੱਬਧਤਾ ਤੇ ਨਮੂਨਿਆਂ ਨੂੰ ਇਕ ਤੋਂ ਦੂਜੀ ਥਾਂ ਪਹੁੰਚਾਉਣ ਆਦਿ ਦਾ ਪ੍ਰਬੰਧ ਵੀ ਸ਼ਾਮਲ ਹੈ। ਇਸੇ ਪੜਾਅ ਵਿਚ ਹਸਪਤਾਲਾਂ, ਸਰਕਾਰੀ ਦਫਤਰਾਂ, ਜਨਤਕ ਥਾਵਾਂ ਤੇ ਐਂਬੂਲੈਂਸਾਂ ਨੂੰ ਕੀਟਾਣੂਮੁਕਤ ਕਰਨਾ ਵੀ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਸਿਹਤ ਤੇ ਪਰਿਵਾਰ ਭਲਾਈ ਮੰਤਰਾਲਾ ਪਹਿਲਾਂ ਹੀ ਫੰਡ ਜਾਰੀ ਕਰ ਚੁੱਕਾ ਹੈ।

ਇਸ ਦੌਰਾਨ ਸਿਹਤ ਮੰਤਰਾਲੇ 'ਚ ਜੁਆਇੰਟ ਸਕੱਤਰ ਲਵ ਅਗਰਵਾਲ ਨੇ ਨਿੱਜੀ ਸੁਰੱਖਿਆ ਉਪਕਰਨਾਂ (ਪੀਪੀਈ'ਜ਼) ਦੀ ਸੁਚੱਜੀ ਵਰਤੋਂ ਉਤੇ ਜ਼ੋਰ ਦਿੰਦਿਆਂ ਕਿਹਾ ਕਿ ਘਬਰਾਉਣ ਦੀ ਕੋਈ ਲੋੜ ਨਹੀਂ ਕਿਉਂਕਿ ਭਾਰਤ ਵਿਚ ਪੀਪੀਈ'ਜ਼ ਦਾ ਵੱਡਾ ਸਟਾਕ ਉਪਲਬਧ ਹੈ ਤੇ ਸਰਕਾਰ ਇਨ੍ਹਾਂ ਦੀ ਸਪਲਾਈ ਨੂੰ ਵਧਾਉਣ ਲਈ ਹਰ ਸੰਭਵ ਯਤਨ ਕਰ ਰਹੀ ਹੈ।

# ਗੁਰਦੁਆਰਾ ਸੰਤ ਸਾਗਰ, ਬੈਲਰੋਜ਼ (ਨਿਊ ਯਾਰਕ)

242-25 Braddock Ave., Bellerose, NY 11426

ੴ ਸਤਿਗੁਰ ਪ੍ਰਸਾਦਿ

ਖਾਲਸਾ ਅਕਾਲ ਪੁਰਖ ਕੀ ਫੌਜ॥ ਪ੍ਰਗਟਿਓ ਖਾਲਸਾ ਪਰਮਾਤਮ ਕੀ ਮੌਜ॥
ਜਬ ਲਗ ਖਾਲਸਾ ਰਹੇ ਨਿਆਰਾ॥ ਤਬ ਲਗ ਤੇਜ ਦੀਓ ਮੈਂ ਸਾਰਾ॥
ਜਬ ਇਹ ਗਹੈ ਬਿਪਰਨ ਦੀ ਰੀਤ॥ ਮੈਂ ਨ ਕਰੋਂ ਇਨ ਕੀ ਪ੍ਰਤੀਤ॥

## ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਸਾਜੇ-ਨਿਵਾਜੇ ਗੁਰੂ ਰੂਪ ਖਾਲਸਾ ਜੀ ਦੇ ਸਾਜਨਾ ਦਿਹਾੜੇ ਤੇ ਵਿਸਾਖੀ ਦੀ ਸੰਗਤਾਂ ਨੂੰ

# ਲੱਖ ਲੱਖ ਵਧਾਈ ਹੋਵੇ



ਗੁਰੂ-ਸੰਗਤਾਂ ਦਾ ਦਾਸ: ਭਾਈ ਸੱਜਣ ਸਿੰਘ, ਫੋਨ: ਫੋਨ: 718-347-5659 ਜਾਂ 718-343-1030
ਸਾਬਕਾ ਹਜ਼ੂਰੀ ਰਾਗੀ, ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ
ਮੁੱਖ ਸੰਚਾਲਕ, ਗੁਰਦੁਆਰਾ ਸੰਤ ਸਾਗਰ, ਬੈਲਰੋਜ਼ (ਨਿਊ ਯਾਰਕ)

**Punjab Times**
Established in 2000
21st Year in Publication

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**California**
Shiara Dhindsa
661-703-6664
**New York**
Iqbal S. Jabowalia
917-375-6395
**Circulation**
Harbhajan Singh
917-856-5229
**Photographer**
Kamaljit Singh Virdi
Ph. 847-502-2703

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

*-ਸਾਕਾ ਜਲ੍ਹਿਆਂਵਾਲਾ ਬਾਗ-*

## ਘਰਾਂ 'ਚ ਹੀ ਸ਼ਹੀਦਾਂ ਨੂੰ ਦਿੱਤੀ ਸ਼ਰਧਾਂਜਲੀ

**ਅੰਮ੍ਰਿਤਸਰ:** ਕਰੋਨਾ ਵਾਇਰਸ ਦਾ ਅਸਰ ਜਲ੍ਹਿਆਂਵਾਲਾ ਬਾਗ ਦੇ 101ਵੇਂ ਸ਼ਹੀਦੀ ਦਿਹਾੜੇ ਉਤੇ ਵੀ ਦੇਖਣ ਨੂੰ ਮਿਲਿਆ। ਜਿਸ ਦੇ ਸਿੱਟੇ ਵਜੋਂ ਇਹ ਦਿਹਾੜਾ ਜਲ੍ਹਿਆਂਵਾਲਾ ਬਾਗ ਦੇ ਸ਼ਹੀਦੀ ਸਮਾਰਕ 'ਤੇ ਨਹੀਂ ਮਨਾਇਆ ਗਿਆ। ਸ਼ਹੀਦਾਂ ਦੇ ਪਰਿਵਾਰਾਂ ਨੇ ਘਰਾਂ ਵਿਚ ਹੀ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਕਰੋਨਾ ਵਾਇਰਸ ਤੋਂ ਮੁਕਤੀ ਦੀ ਪ੍ਰਾਰਥਨਾ ਕੀਤੀ।

ਇਸ ਦੌਰਾਨ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਅਤੇ ਵਿਧਾਇਕ ਰਾਜ ਕੁਮਾਰ ਵੇਰਕਾ ਨੇ ਜਲ੍ਹਿਆਂਵਾਲਾ ਬਾਗ ਦੇ ਬਾਹਰ ਸਥਾਪਤ ਸ਼ਹੀਦ ਊਧਮ ਸਿੰਘ ਦੇ ਬੁੱਤ ਉਤੇ ਫੁੱਲ ਭੇਟ ਕਰ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ। ਜਲ੍ਹਿਆਂਵਾਲਾ ਬਾਗ ਸਾਕੇ ਦੇ 101ਵੇਂ ਵਰ੍ਹੇ ਮੌਕੇ ਇਹ ਯਾਦਗਾਰ ਆਮ ਲੋਕਾਂ ਲਈ ਬੰਦ ਸੀ। ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਅਤੇ ਵਿਧਾਇਕ ਰਾਜ ਕੁਮਾਰ ਇਥੇ ਪੁੱਜੇ ਸਨ ਪਰ ਜਲ੍ਹਿਆਂਵਾਲਾ ਬਾਗ ਸਮਾਰਕ ਦੇ ਮੁੱਖ ਗੇਟ ਨੂੰ ਤਾਲਾ ਲੱਗਾ ਹੋਣ ਕਾਰਨ ਉਹ ਯਾਦਗਾਰ 'ਚ ਨਹੀਂ ਜਾ ਸਕੇ। ਇਸ ਦੌਰਾਨ ਉਨ੍ਹਾਂ ਗੇਟ ਦੇ ਬਾਹਰ ਹੀ ਸਥਾਪਤ ਸ਼ਹੀਦ ਊਧਮ ਸਿੰਘ ਦੇ ਬੁੱਤ 'ਤੇ ਫੁੱਲ ਭੇਟ ਕੀਤੇ ਅਤੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ।

## ਵਾਢੀ ਲਈ ਮਜ਼ਦੂਰ ਨਾ ਮਿਲਣ 'ਤੇ ਕਿਸਾਨ ਵਲੋਂ ਖੁਦਕੁਸ਼ੀ

**ਬਾਂਦਾ (ਉੱਤਰ ਪ੍ਰਦੇਸ਼):** ਦੇਸ਼ਵਿਆਪੀ ਤਾਲਾਬੰਦੀ ਦੇ ਚੱਲਦਿਆਂ ਕਣਕ ਦੀ ਫਸਲ ਕੱਟਣ ਲਈ ਮਜ਼ਦੂਰ ਨਾ ਮਿਲਣ ਉਤੇ ਉੱਤਰ ਪ੍ਰਦੇਸ਼ 'ਚ ਇਕ ਕਿਸਾਨ ਨੇ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ। ਉਸ ਦੀ ਪਛਾਣ ਰਾਮਭਵਨ ਸ਼ੁਕਲਾ ਵਾਸੀ ਪਿੰਡ ਜਾਰੀ ਵਜੋਂ ਹੋਈ ਹੈ। ਉਸ ਨੇ ਦਰਖਤ ਨਾਲ ਫਾਹਾ ਲੈ ਕੇ ਖੁਦਕੁਸ਼ੀ ਕੀਤੀ।

# ਇਸ ਵਾਰ ਘਰਾਂ 'ਚ ਹੀ ਮਨਾਈ ਵਿਸਾਖੀ

**ਤਲਵੰਡੀ ਸਾਬੋ:** ਮਾਲਵੇ ਵਿਚ ਸਥਿਤ ਸਿੱਖ ਕੌਮ ਦੇ ਚੌਥੇ ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ 'ਚ ਹਰ ਸਾਲ ਲੱਗਣ ਵਾਲੇ ਪ੍ਰਸਿੱਧ ਵਿਸਾਖੀ ਮੇਲੇ ਨੂੰ ਕਰੋਨਾ ਮਹਾਮਾਰੀ ਕਰਕੇ ਇਤਿਹਾਸ ਵਿਚ ਪਹਿਲੀ ਵਾਰ ਗ੍ਰਹਿਣ ਲੱਗ ਗਿਆ। ਵਿਸਾਖੀ ਵਾਲੇ ਦਿਨ ਚਾਰ ਚੁਫੇਰੇ ਸੁੰਨ ਪਸਰੀ ਦੇਖੀ ਗਈ ਅਤੇ ਕੋਈ ਵਿਰਲਾ-ਵਿਰਲਾ ਸ਼ਰਧਾਲੂ ਆਉਂਦਾ ਦਿਸਿਆ।

ਸ਼੍ਰੋਮਣੀ ਕਮੇਟੀ ਵੱਲੋਂ ਤਖਤ ਸਾਹਿਬ ਵਿਖੇ ਸਾਦੇ ਧਾਰਮਿਕ ਸਮਾਗਮ ਕੀਤੇ ਗਏ। ਜ਼ਿਕਰਯੋਗ ਹੈ ਕਿ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਿੰਘ ਸਾਹਿਬਾਨ ਨਾਲ ਵਿਚਾਰਾਂ ਕਰਕੇ ਕੌਮ ਨੂੰ ਇਸ ਵਾਰ ਵਿਸਾਖੀ ਮੌਕੇ ਵੱਡੇ ਇਕੱਠ ਨਾ ਕਰਨ ਅਤੇ ਸੰਗਤਾਂ ਨੂੰ ਆਪਣੇ ਘਰਾਂ ਵਿਚ ਹੀ ਪਾਠ ਕਰਨ ਦਾ ਆਦੇਸ਼ ਜਾਰੀ ਕੀਤਾ ਸੀ।

ਇਸ ਤੋਂ ਇਲਾਵਾ ਛਿਆਨਵੇਂ ਕਰੋੜੀ ਸ਼੍ਰੋਮਣੀ ਅਕਾਲੀ ਬੁੱਢਾ ਦਲ (ਨਿਹੰਗ ਸਿੰਘ) ਦੇ ਮੁੱਖ ਜਥੇਦਾਰ ਬਾਬਾ ਬਲਬੀਰ ਸਿੰਘ ਨੇ ਵੀ ਸਮੂਹ ਨਿਹੰਗ ਸਿੰਘ ਜਥੇਬੰਦੀਆਂ ਨੂੰ ਆਦੇਸ਼ ਜਾਰੀ ਕੀਤਾ ਸੀ ਕਿ ਕਰੋਨਾ ਕਾਰਨ ਉਹ ਆਪਣੇ-ਆਪਣੇ ਪੜਾਵਾਂ ਉਤੇ ਹੀ ਵਿਸਾਖੀ ਦਾ ਦਿਹਾੜਾ ਮਨਾਉਣ। ਸ਼ਹਿਰ 'ਚ ਮੇਲੇ ਵਰਗਾ ਕੋਈ ਸ਼ੋਰ-ਸ਼ਰਾਬਾ ਨਹੀਂ ਸੀ ਅਤੇ ਹਰ ਦੁਕਾਨ ਨੂੰ ਤਾਲੇ ਲੱਗੇ ਹੋਏ ਸਨ। ਇਤਿਹਾਸਕ ਗੁਰਦੁਆਰਾ ਦਮਦਮਾ ਸਾਹਿਬ 'ਚ ਅਖੰਡ ਪਾਠ ਦੇ ਭੋਗ ਪਾਏ ਗਏ। ਅਕਾਲ ਤਖਤ ਦੇ ਹੈੱਡ ਗ੍ਰੰਥੀ ਭਾਈ ਮਲਕੀਤ ਸਿੰਘ ਨੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ।

ਇਸ ਮੌਕੇ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕੌਮ ਦੇ ਨਾਂ ਆਦੇਸ਼ ਜਾਰੀ ਕਰਦਿਆਂ ਸੰਗਤ ਨੂੰ ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀ ਵਧਾਈ ਦਿੱਤੀ। ਉਨ੍ਹਾਂ ਸੰਗਤ ਨੂੰ ਵੱਖ-ਵੱਖ ਚੈਨਲਾਂ 'ਤੇ ਗੁਰੂ ਘਰਾਂ ਤੋਂ ਕੀਤੇ ਜਾ ਰਹੇ ਸਿੱਧੇ ਪ੍ਰਸਾਰਣ ਦਾ ਆਨੰਦ ਘਰਾਂ ਵਿਚ ਬੈਠ ਕੇ ਮਾਣਨ ਦਾ ਆਦੇਸ਼ ਦਿੱਤਾ।

## ਟਰੰਪ ਨੇ ਸੰਸਾਰ ਸਿਹਤ ਸੰਸਥਾ ਦੇ ਫੰਡ ਰੋਕੇ

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਸੰਸਾਰ ਸਿਹਤ ਸੰਸਥਾ (ਡਬਲਿਊ.ਐਚ.ਓ.) ਨੂੰ ਪਿਛਲੇ ਦਿਨੀਂ ਦਿੱਤੀ ਧਮਕੀ ਸੱਚ ਕਰ ਦਿਖਾਈ ਹੈ ਅਤੇ ਇਸ ਨੂੰ ਦਿੱਤੇ ਜਾਂਦੇ ਫੰਡ ਬੰਦ ਕਰ ਦਿੱਤੇ ਹਨ। ਉਸ ਨੇ ਕਿਹਾ ਹੈ ਕਿ ਡਬਲਿਊ.ਐਚ.ਓ. ਕਰੋਨਾ ਵਾਇਰਸ ਸੰਕਟ ਦੇ ਮਾਮਲੇ ਵਿਚ 'ਆਪਣੀ ਬੁਨਿਆਦੀ ਡਿਊਟੀ ਨਿਭਾਉਣ ਤੋਂ ਅਸਫਲ' ਰਹੀ ਹੈ। ਇਸ ਤੋਂ ਪਹਿਲਾਂ ਉਨ੍ਹਾਂ ਨੇ ਡਬਲਿਊ.ਐਚ.ਓ. ਉਤੇ ਚੀਨ ਪ੍ਰਤੀ ਨਰਮ ਰਵੱਈਆ ਰੱਖਣ ਦੇ ਦੋਸ਼ ਲਾਏ ਸਨ।

ਉਧਰ, ਸਿਆਸੀ ਵਿਸ਼ੇਸ਼ਕਾਂ ਦਾ ਕਹਿਣਾ ਹੈ ਕਿ ਟਰੰਪ ਡਬਲਿਊ.ਐਚ.ਓ. ਨੂੰ ਐਵੇਂ ਬਲੀ ਦਾ ਬੱਕਰਾ ਬਣਾ ਰਹੇ ਹਨ। ਹਕੀਕਤ ਇਹ ਹੈ ਕਿ ਉਹ ਇਸ ਸੰਕਟ ਨੂੰ ਸਮਝਣ ਅਤੇ ਫਿਰ ਇਸ ਦੇ ਹੱਲ ਲਈ ਸਾਰਥਕ ਕਦਮ ਉਠਾਉਣ ਵਿਚ ਬੁਰੀ ਤਰ੍ਹਾਂ ਨਾਕਾਮ ਰਹੇ ਹਨ। ਹੁਣ ਉਨ੍ਹਾਂ ਆਪਣੀ ਨਾਲਾਇਕੀ ਲੁਕੋਣ ਲਈ ਹੀ ਡਬਲਿਊ.ਐਚ.ਓ. ਦੇ ਫੰਡ ਬੰਦ ਕਰਨ ਦਾ ਫੈਸਲਾ ਕੀਤਾ ਹੈ।

ਇਸੇ ਦੌਰਾਨ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਐਂਤੋਨੀਓ ਗੁਟੇਰੇਜ਼ ਨੇ ਕਿਹਾ ਹੈ ਕਿ ਇਹ ਵਕਤ ਅਜਿਹੇ ਫੈਸਲੇ ਕਰਨ ਦਾ ਨਹੀਂ ਹੈ। ਹੁਣ ਤਾਂ ਸਾਰਿਆਂ ਨੂੰ ਸਗੋਂ ਡਬਲਿਊ.ਐਚ.ਓ. ਵਰਗੀਆਂ ਸੰਸਥਾਵਾਂ ਦੀ ਵੱਧ ਤੋਂ ਵੱਧ ਮਦਦ ਕਰਨੀ ਚਾਹੀਦੀ ਹੈ। ਚੇਤੇ ਰਹੇ ਕਿ ਡਬਲਿਊ.ਐਚ.ਓ. ਨੂੰ ਸਭ ਤੋਂ ਵੱਧ ਫੰਡ ਅਮਰੀਕਾ ਹੀ ਦਿੰਦਾ ਹੈ ਜੋ ਇਸ ਦੇ ਕੁੱਲ ਬਜਟ ਦਾ 15 ਫੀਸਦੀ ਬਣਦਾ ਹੈ। ਪਿਛਲੇ ਸਾਲ ਅਮਰੀਕਾ ਨੇ ਡਬਲਿਊ.ਐਚ.ਓ. ਨੂੰ 400 ਮਿਲੀਅਨ ਡਾਲਰ (40 ਕਰੋੜ ਡਾਲਰ) ਦਿੱਤੇ ਸਨ। ਚੀਨ ਨੇ 2018-19 ਵਿਚ ਇਸ ਸੰਸਥਾ ਨੂੰ 76 ਮਿਲੀਅਨ ਡਾਲਰ (7.60 ਕਰੋੜ ਡਾਲਰ) ਦਿੱਤੇ ਸਨ। ਸੰਸਥਾ ਨੇ ਕਰੋਨਾ ਸੰਕਟ ਦੇ ਮੱਦੇਨਜ਼ਰ ਮਾਰਚ ਵਿਚ ਅਪੀਲ ਕੀਤੀ ਸੀ ਕਿ ਇਸ ਨੂੰ ਮੌਜੂਦਾ ਸੰਕਟ ਨਾਲ ਨਜਿੱਠਣ ਲਈ 675 ਮਿਲੀਅਨ ਡਾਲਰ (67.50 ਕਰੋੜ ਡਾਲਰ) ਚਾਹੀਦੇ ਹਨ।

## ਘਰੋਂ ਬਾਹਰ ਨਿਕਲੇ ਆਸਟਰੇਲਿਆਈ ਮੰਤਰੀ ਨੂੰ ਦੇਣਾ ਪਿਆ ਅਸਤੀਫਾ

**ਸਿਡਨੀ:** ਆਸਟਰੇਲੀਆ ਵਿਚ ਲੌਕਡਾਊਨ ਦੀ ਉਲੰਘਣਾ ਕਰਨ ਦੇ ਦੋਸ਼ ਹੇਠ ਇਕ ਮੰਤਰੀ ਨੂੰ ਅਹੁਦੇ ਤੋਂ ਅਸਤੀਫਾ ਦੇਣਾ ਪਿਆ ਹੈ। ਈਸਟਰ ਦੀਆਂ ਛੁੱਟੀਆਂ ਮਨਾਉਣ ਲਈ ਘਰੋਂ ਬਾਹਰ ਨਿਕਲੇ ਮੰਤਰੀ ਡੌਨ ਹਾਰਵਿਨ ਨੂੰ ਪੁਲਿਸ ਨੇ 1000 ਡਾਲਰ ਦਾ ਜੁਰਮਾਨਾ ਕੀਤਾ ਹੈ। ਮਾਮਲਾ ਸੁਰਖੀਆਂ ਵਿਚ ਆਉਣ ਬਾਅਦ ਮੰਤਰੀ ਨੂੰ ਸੋਸ਼ਲ ਮੀਡੀਆ ਉਤੇ ਆਲੋਚਨਾਵਾਂ ਦਾ ਸਾਹਮਣਾ ਕਰਨਾ ਪਿਆ। ਸੂਬਾ ਨਿਊ ਸਾਊਥ ਵੇਲਜ਼ ਦੀ ਪ੍ਰੀਮੀਅਰ ਗਲੈਡਿਸ ਬੇਰੇਜਿਕਲੀਅਨ ਨੇ ਦੱਸਿਆ ਕਿ ਮੰਤਰੀ ਨੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ।

ਕਰੋਨਾ ਵਾਇਰਸ ਦਾ ਪ੍ਰਭਾਵ ਰੋਕਣ ਲਈ ਲੋਕਾਂ ਨੂੰ ਛੁੱਟੀਆਂ ਦੌਰਾਨ ਆਪੋ-ਆਪਣੇ ਘਰ ਰਹਿਣ ਦੀ ਨਸੀਹਤ ਦਿੰਦਿਆਂ ਪ੍ਰੀਮੀਅਰ ਨੇ ਕਿਹਾ ਕਿ ਕੋਈ ਵੀ ਵਿਅਕਤੀ ਕਾਨੂੰਨ ਤੋਂ ਉੱਪਰ ਨਹੀਂ ਹੈ। ਉਧਰ ਮੰਤਰੀ ਨੇ ਕਿਹਾ ਕਿ ਉਹ ਸਿਡਨੀ ਵਿਚਲੇ ਤੰਗ ਘਰ ਵਿਚ ਘੁਟਣ ਮਹਿਸੂਸ ਕਰਦੇ ਸਨ। ਸਮੁੰਦਰ ਕਿਨਾਰੇ ਹੋਲੀਡੇਅ ਹੋਮ ਵਿਚ ਤਾਜ਼ੀ ਹਵਾ ਲੈਣ ਦੇ ਇੱਛੁਕ ਸਨ ਪਰ ਇਹ ਫੈਸਲਾ ਮਹਿੰਗਾ ਪਿਆ।

## ਮੁਜੀਬੁਰ ਰਹਿਮਾਨ ਦੇ ਕਾਤਲ ਨੂੰ ਫਾਂਸੀ ਦਿੱਤੀ

**ਨਵੀਂ ਦਿੱਲੀ:** ਬੰਗਲਾਦੇਸ਼ ਨੂੰ ਆਜ਼ਾਦ ਕਰਵਾਉਣ ਵਾਲੇ ਆਗੂ ਸ਼ੇਖ ਮੁਜੀਬੁਰ ਰਹਿਮਾਨ ਦੀ ਹੱਤਿਆ ਦੇ ਕਰੀਬ 45 ਵਰ੍ਹਿਆਂ ਮਗਰੋਂ ਕਾਤਲ ਨੂੰ ਫਾਂਸੀ ਉਤੇ ਚੜ੍ਹਾ ਦਿੱਤਾ ਗਿਆ। ਕੈਪਟਨ ਅਬਦੁੱਲ ਮਾਜਿਦ ਨੂੰ ਢਾਕਾ ਸਥਿਤ ਕੇਰਾਨੀਗੰਜ ਕੇਂਦਰੀ ਜੇਲ੍ਹ 'ਚ ਫਾਂਸੀ ਦਿੱਤੀ ਗਈ। ਮਾਜਿਦ ਵੱਲੋਂ ਰਹਿਮ ਲਈ ਦਿੱਤੀ ਗਈ ਅਰਜ਼ੀ ਨੂੰ ਰਾਸ਼ਟਰਪਤੀ ਅਬਦੁਲ ਹਾਮਿਦ ਨੇ ਰੱਦ ਕਰ ਦਿੱਤਾ ਸੀ।

ਬੰਗਲਾਦੇਸ਼ ਦੀ ਸੁਪਰੀਮ ਕੋਰਟ ਨੇ 19 ਨਵੰਬਰ 2009 'ਚ ਮਾਜਿਦ ਅਤੇ 11 ਹੋਰਾਂ ਦੀ ਮੌਤ ਦੀ ਸਜ਼ਾ ਬਹਾਲ ਰੱਖੀ ਸੀ। ਇਨ੍ਹਾਂ 'ਚੋਂ ਪੰਜ ਨੂੰ 27 ਜਨਵਰੀ 2010 ਵਿਚ ਫਾਂਸੀ ਦੇ ਦਿੱਤੀ ਗਈ ਸੀ। ਮਾਜਿਦ ਨੂੰ ਸਾਬਕਾ ਪ੍ਰਧਾਨ ਮੰਤਰੀ ਤਾਜੂਦੀਨ ਅਹਿਮਦ ਅਤੇ ਅਵਾਮੀ ਲੀਗ ਦੇ ਤਿੰਨ ਆਗੂਆਂ ਦੀ ਹੱਤਿਆ ਦੇ ਕੇਸ ਵਿਚ ਉਮਰ ਕੈਦ ਦੀ ਸਜ਼ਾ ਵੀ ਹੋਈ ਸੀ।

# ਅਮਰਿੰਦਰ ਕਪਤਾਨੀ 'ਚ ਫਿਰ ਫੇਲ੍ਹ

*(ਸਫਾ ਇਕ ਦੀ ਬਾਕੀ)*

ਲੋਕ ਹਨ ਜੋ ਹੋਰਾਂ ਥਾਵਾਂ ਤੋਂ ਆਏ ਹੋਏ ਹਨ। ਸਵਾਲ ਇਹ ਉਠ ਰਹੇ ਹਨ ਕਿ ਜੇ ਦੂਸਰੇ ਦੇਸ਼ ਆਪਣੇ ਨਾਗਰਿਕਾਂ ਨੂੰ ਵਿਸ਼ੇਸ਼ ਉਡਾਣਾਂ ਰਾਹੀਂ ਵਾਪਸ ਲਿਜਾ ਰਹੇ ਹਨ ਤਾਂ ਸਾਡੀਆਂ ਸਰਕਾਰਾਂ ਨੂੰ ਵੀ ਆਪਣੇ ਨਾਗਰਿਕਾਂ ਦਾ ਸਨਮਾਨ ਕਰਦਿਆਂ ਬਿਪਤਾ ਦੀ ਘੜੀ ਵਿਚ ਮਦਦ ਵਾਸਤੇ ਅੱਗੇ ਆਉਣਾ ਚਾਹੀਦਾ ਹੈ।

ਪੰਜਾਬ ਵਿਚ 15 ਅਪਰੈਲ ਤੋਂ ਕਣਕ ਦੀ ਖਰੀਦ ਸ਼ੁਰੂ ਹੋ ਗਈ ਹੈ ਪਰ ਮਾੜੇ ਪ੍ਰਬੰਧਾਂ ਕਾਰਨ ਕਿਸਾਨਾਂ ਨੂੰ ਇਸ ਵਾਰ ਪੱਕੀ ਪਕਾਈ ਫਸਲ ਹੱਥੋਂ ਜਾਣ ਦਾ ਡਰ ਸਤਾ ਰਹੇ ਰਿਹਾ ਹੈ। ਅਸਲ ਵਿਚ, ਕਰੋਨਾ ਵਾਇਰਸ ਮਹਾਮਾਰੀ ਦਾ ਅਸਰ ਜ਼ਿੰਦਗੀ ਦੇ ਹਰ ਸ਼ੋਹਬੇ ਉਤੇ ਦਿਖਾਈ ਦੇਣ ਲੱਗਾ ਹੈ। ਉਦਯੋਗ, ਵਪਾਰ ਅਤੇ ਹੋਰ ਕਾਰੋਬਾਰੀ ਅਦਾਰੇ ਬੰਦ ਹੋਣ ਕਾਰਨ ਲੱਖਾਂ ਕਿਰਤੀਆਂ ਦੇ ਬੇਰੁਜ਼ਗਾਰ ਹੋਣ ਦੇ ਨਾਲ ਨਾਲ ਹੁਣ ਇਹ ਅਸਰ ਬੱਝੀਆਂ ਤਨਖਾਹਾਂ ਲੈਣ ਵਾਲੇ ਕਰਮਚਾਰੀਆਂ 'ਤੇ ਵੀ ਪੈਣਾ ਸ਼ੁਰੂ ਹੋ ਗਿਆ ਹੈ।

ਪੰਜਾਬ ਸਰਕਾਰ ਨੇ ਪ੍ਰਾਈਵੇਟ ਸਕੂਲਾਂ ਅਤੇ ਕਾਲਜਾਂ ਨੂੰ ਵੀ ਬੱਚਿਆਂ ਤੋਂ ਫੀਸ ਨਾ ਵਸੂਲਣ ਅਤੇ ਅਧਿਆਪਕਾਂ ਅਤੇ ਸਟਾਫ ਨੂੰ ਤਨਖਾਹ ਦੇਣ ਦਾ ਹੁਕਮ ਦਿੱਤਾ ਹੈ। ਪੰਜਾਬ ਦੇ 1600 ਪ੍ਰਾਈਵੇਟ ਗੈਰ-ਸਰਕਾਰੀ ਅਤੇ ਗੈਰ-ਸਹਾਇਤਾ ਪ੍ਰਾਪਤ ਤਕਨੀਕੀ ਕਾਲਜਾਂ ਦੇ ਲਗਭਗ ਇਕ ਲੱਖ ਸਟਾਫ ਮੈਂਬਰਾਂ ਨੂੰ ਪਿਛਲੇ 7 ਮਹੀਨਿਆਂ ਤੋਂ ਤਨਖਾਹ ਨਹੀਂ ਮਿਲੀ। ਇਸ ਸਮੇਂ ਤਨਖਾਹਾਂ ਦੇਣ ਦਾ ਸੰਭਾਵਨਾ ਨਜ਼ਰ ਨਹੀਂ ਆ ਰਹੀ। ਇਨ੍ਹਾਂ ਕਾਲਜਾਂ ਦੇ ਪ੍ਰਬੰਧਕਾਂ ਦੀ ਜਥੇਬੰਦੀ ਤਨਖਾਹਾਂ ਦੇਣ ਤੋਂ ਅਸਮਰਥਤਾ ਪ੍ਰਗਟ ਕਰ ਰਹੀ ਹੈ। ਪ੍ਰਾਈਵੇਟ ਸਕੂਲਾਂ ਦੀ ਹਾਲਤ ਵੀ ਕਾਲਜਾਂ ਤੋਂ ਵੱਖਰੀ ਨਹੀਂ। ਪੰਜਾਬ ਨੇ ਤਿੰਨ ਮਈ ਤੱਕ ਕਰਫਿਊ ਵਧਾ ਦਿੱਤਾ ਗਿਆ ਹੈ। ਰਾਸ਼ਟਰੀ ਪੱਧਰ ਉਤੇ ਵੀ ਲੌਕਡਾਊਨ ਦੀ ਮਿਆਦ ਇਸੇ ਤਰੀਕ ਤੱਕ ਵਧ ਗਈ ਹੈ। ਦਿਹਾੜੀਦਾਰਾਂ ਨੇ ਬਹੁਤ ਮੁਸ਼ਕਲ ਨਾਲ ਦੋ ਹਫਤੇ ਤੋਂ ਜ਼ਿਆਦਾ ਸਮੇਂ ਲਈ ਕਸ਼ਟ ਝੱਲਿਆ ਹੈ ਪਰ ਅੱਗੋਂ ਖੁਰਾਕ ਦੇ ਨਾਲ ਦੀ ਨਾਲ ਹੋਰ ਲੋੜਾਂ ਦਾ ਸੰਕਟ ਵੀ ਵਧੇਗਾ।

## ਮੋਦੀ ਦੀ ਰਣਨੀਤੀ ਸਵਾਲਾਂ ਵਿਚ ਘਿਰੀ

*(ਸਫਾ ਇਕ ਦੀ ਬਾਕੀ)*

ਵਾਇਰਸ ਅਤੇ ਦੁਨੀਆਂ ਲਈ ਖਤਰੇ ਦੇ ਤੌਰ ਉਤੇ ਐਲਾਨ ਦਿੱਤਾ ਗਿਆ। ਜਰਮਨ ਸਰਕਾਰ ਨੇ 4 ਮਾਰਚ ਨੂੰ ਕੋਈ ਮਰੀਜ਼ ਨਾ ਹੋਣ ਦੇ ਬਾਵਜੂਦ ਹੰਗਾਮੀ ਹਾਲਾਤ ਐਲਾਨਦਿਆਂ ਸਮੁੱਚੇ ਪ੍ਰਬੰਧ ਕਰਨੇ ਸ਼ੁਰੂ ਕਰ ਦਿੱਤੇ।

ਭਾਰਤ ਦੇ ਸਿਹਤ ਮੰਤਰੀ ਨੇ 13 ਮਾਰਚ ਨੂੰ ਕਿਹਾ ਕਿ ਦੇਸ਼ ਵਿਚ ਸਿਹਤ ਸਬੰਧੀ ਕੋਈ ਹੰਗਾਮੀ ਹਾਲਾਤ ਨਹੀਂ ਹਨ ਪਰ 19 ਮਾਰਚ ਨੂੰ ਪ੍ਰਧਾਨ ਮੰਤਰੀ ਰਾਤ ਨੂੰ ਅੱਠ ਵਜੇ ਦੇਸ਼ ਦੇ ਨਾਮ ਸੰਦੇਸ਼ ਉਤੇ 22 ਮਾਰਚ ਨੂੰ ਜਨਤਾ ਕਰਫਿਊ ਦਾ ਐਲਾਨ ਕਰ ਦਿੰਦੇ ਹਨ। ਫਿਰ 24 ਮਾਰਚ ਨੂੰ ਮੁੜ 31 ਮਾਰਚ ਤੱਕ ਲੌਕਡਾਊਨ ਅਤੇ ਅਗਾਂਹ ਇਹ 14 ਅਪਰੈਲ ਤੇ ਹੁਣ 3 ਮਈ ਤੱਕ ਵਧਾ ਦਿੱਤਾ ਜਾਂਦਾ ਹੈ। ਲੌਕਡਾਊਨ ਨਾਲ ਕਾਰੋਬਾਰ ਠੱਪ ਹੋ ਗਏ, ਦੁਕਾਨਾਂ ਬੰਦ ਹੋ ਗਈਆਂ ਅਤੇ ਵੱਡੀ ਗਿਣਤੀ ਵਿਚ ਬੇਰੁਜ਼ਗਾਰੀ ਫੈਲ ਗਈ।

# ਗੁਰਪਤਵੰਤ ਪੰਨੂ ਅਤੇ ਐਸ. ਐਫ. ਜੇ. ਖਿਲਾਫ ਕੇਸ

**ਚੰਡੀਗੜ੍ਹ:** ਪੰਜਾਬ ਪੁਲਿਸ ਨੇ ਗੁਰਪਤਵੰਤ ਸਿੰਘ ਪੰਨੂ ਅਤੇ ਉਸ ਦੀ ਪਾਬੰਦੀਸ਼ੁਦਾ ਸੰਸਥਾ 'ਸਿੱਖਸ ਫਾਰ ਜਸਟਿਸ' (ਐਸ. ਐਫ. ਜੇ.) ਉਤੇ ਕੋਵਿਡ-19 ਦੇ ਮੱਦੇਨਜ਼ਰ ਲਾਏ ਕਰਫਿਊ ਦੌਰਾਨ ਆਟੋਮੇਟਿਡ (ਦੇਸ਼ ਵਿਰੋਧੀ) ਕਾਲਾਂ ਰਾਹੀਂ ਲੋਕਾਂ ਨੂੰ ਸੂਬਾ ਸਰਕਾਰ ਵਿਰੁੱਧ ਭੜਕਾਉਣ ਲਈ ਮੁਕੱਦਮਾ ਦਰਜ ਕੀਤਾ ਹੈ। ਡੀ. ਜੀ. ਪੀ. ਦਿਨਕਰ ਗੁਪਤਾ ਨੇ ਇਕ ਬਿਆਨ ਰਾਹੀਂ ਦੱਸਿਆ ਕਿ ਪੰਨੂ ਅਤੇ ਯੂ. ਐਸ. ਆਧਾਰਤ ਐਸ. ਐਫ. ਜੇ. ਵਿਰੁੱਧ ਸਟੇਟ ਸਪੈਸ਼ਲ ਅਪ੍ਰੇਸ਼ਨ ਸੈੱਲ, ਮੁਹਾਲੀ ਵਿਚ ਆਈ. ਪੀ. ਸੀ. ਦੀ ਧਾਰਾ 124-ਏ, ਅਤੇ ਗੈਰਕਾਨੂੰਨੀ ਗਤੀਵਿਧੀਆਂ (ਰੋਕੂ) ਐਕਟ, 1967 ਦੀ ਧਾਰਾ 10(ਏ) ਅਤੇ 13(1) ਤਹਿਤ ਕੇਸ ਦਰਜ ਕੀਤੇ ਗਏ ਹਨ।

ਵਰਿੰਦਰਪਾਲ ਸਿੰਘ, ਏ. ਆਈ. ਜੀ. ਸਟੇਟ ਸਪੈਸ਼ਲ ਅਪ੍ਰੇਸ਼ਨ ਸੈੱਲ (ਐਸ. ਐਸ. ਓ. ਸੀ.), ਮੁਹਾਲੀ, ਪੰਜਾਬ ਦੀ ਮੁੱਢਲੀ ਪੜਤਾਲ ਤੋਂ ਪਤਾ ਲੱਗਾ ਹੈ ਕਿ ਪੰਨੂ ਸਵੈ-ਚਾਲਤ ਕਾਲਾਂ ਰਾਹੀਂ ਪੰਜਾਬ ਨੂੰ ਵੱਖ ਕਰਨ ਦੀ ਵਕਾਲਤ ਕਰਨ ਦੇ ਨਾਲ-ਨਾਲ ਪਹਿਲਾਂ ਤੋਂ ਰਿਕਾਰਡ ਕੀਤੇ ਆਡੀਓ ਸੰਦੇਸ਼ਾਂ ਨੂੰ ਫੈਲਾਉਣ ਵਿਚ ਸ਼ਾਮਲ ਸੀ। ਇਹ ਸੰਦੇਸ਼ ਮਾਰਚ ਅਤੇ ਅਪਰੈਲ 2020 ਵਿਚ ਪੰਜਾਬ ਦਾ ਮਾਹੌਲ ਖਰਾਬ ਕਰਨ ਦੇ ਇਰਾਦੇ ਨਾਲ ਭੇਜੇ ਗਏ।

ਏ. ਆਈ. ਜੀ. ਨੇ ਦੱਸਿਆ ਕਿ ਉੱਤਰੀ ਅਮਰੀਕਾ ਖੇਤਰ ਦੇ ਇਕ ਅੰਤਰਰਾਸ਼ਟਰੀ ਨੰਬਰ (+1-8336101020) ਤੋਂ ਭੇਜੇ ਗਏ, ਇਕ ਅਜਿਹੇ ਰਿਕਾਰਡਿਡ ਆਡੀਓ ਸੰਦੇਸ਼ ਵਿਚ ਪੰਨੂ ਨੇ ਇਹ ਦੋਸ਼ ਲਾਉਂਦਿਆਂ ਲੋਕਾਂ ਨੂੰ ਭੜਕਾਇਆ ਕਿ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਕੋਵਿਡ-19 ਮਹਾਮਾਰੀ ਕਾਰਨ ਰਾਜ ਵਿਚ ਚੱਲ ਰਹੇ ਕਰਫਿਊ ਨੂੰ ਲਾਗੂ ਕਰਨ ਦੇ ਨਾਮ ਉਤੇ ਨੌਜਵਾਨਾਂ ਉਤੇ ਤਸ਼ੱਦਦ ਕਰ ਰਹੀ ਹੈ। ਏ. ਆਈ. ਜੀ. ਨੇ ਕਿਹਾ ਕਿ ਨਿਊ ਯਾਰਕ ਦੇ ਵੱਖ ਵੱਖ ਖੇਤਰਾਂ ਨਾਲ ਸਬੰਧਤ ਪੰਜਾਬ ਦੇ ਲੋਕਾਂ ਦੀਆਂ ਟੈਲੀਫੋਨ ਕਾਲਾਂ ਉਤੇ ਗੱਲਬਾਤ ਅਤੇ ਆਡੀਓ ਸੰਦੇਸ਼ਾਂ ਨੂੰ ਪਹਿਲਾਂ ਹੀ ਰਿਕਾਰਡ ਕੀਤਾ ਜਾ ਰਿਹਾ ਹੈ ਤਾਂ ਜੋ ਸਵੈਕਥਿਤ ਸੰਸਥਾ ਸਿੱਖਸ ਫਾਰ ਜਸਟਿਸ ਦੇ ਵੱਖਵਾਦੀ ਏਜੰਡੇ ਨੂੰ ਅੱਗੇ ਵਧਣ ਤੋਂ ਰੋਕਿਆ ਜਾ ਸਕੇ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਰਿੰਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੁਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਨਿਹੰਗਾਂ ਵਲੋਂ ਪੁਲਿਸ ਮੁਲਾਜ਼ਮਾਂ 'ਤੇ ਹਮਲਾ, ਥਾਣੇਦਾਰ ਦਾ ਗੁੱਟ ਵੱਢਿਆ

**ਪਟਿਆਲਾ:** ਇਥੇ ਸਬਜ਼ੀ ਮੰਡੀ ਵਿਚ ਚਾਰ ਨਿਹੰਗ ਸਿੰਘਾਂ ਨੇ ਕਿਰਪਾਨ ਮਾਰ ਕੇ ਇਕ ਏ.ਐਸ.ਆਈ. ਦਾ ਗੁੱਟ ਹੀ ਬਾਂਹ ਨਾਲੋਂ ਵੱਖ ਕਰ ਦਿੱਤਾ। ਜਦਕਿ ਘਟਨਾ ਵਿਚ ਇਕ ਇੰਸਪੈਕਟਰ ਤੇ ਇਕ ਹੋਰ ਥਾਣੇਦਾਰ ਵੀ ਜਖਮੀ ਹੋ ਗਏ।

ਇਸ ਮਗਰੋਂ ਪਿੰਡ ਬਲਬੇੜਾ ਵਿਚ ਗੁਰਦੁਆਰਾ ਖਿਚੜੀ ਸਾਹਿਬ ਵਿਚਲੀ ਠਹਿਰ ਵਿਚੋਂ ਪੁਲਿਸ ਨੇ ਚਾਰ ਘੰਟਿਆਂ ਦੀ ਮੁਸ਼ੱਕਤ ਤੇ ਮੁੱਠਭੇੜ ਮਗਰੋਂ ਇਕ ਮਹਿਲਾ ਤੇ ਦਸ ਨਿਹੰਗ ਸਿੰਘਾਂ ਨੂੰ ਗ੍ਰਿਫਤਾਰ ਕੀਤਾ ਹੈ, ਜਿਸ ਦੌਰਾਨ 39 ਲੱਖ ਨਗਦੀ, ਤਿੰਨ ਪਿਸਤੌਲ, ਦੋ ਪੈਟਰੋਲ ਬੰਬਾਂ, ਸ਼ੱਕੀ ਕੈਮੀਕਲ ਦੀਆਂ 38 ਬੋਤਲਾਂ, 8 ਗੈਸ ਸਿਲੰਡਰ, ਇਸਜੂ ਮਾਰਕਾ ਗੱਡੀ ਸਮੇਤ ਭੰਗ ਦੀਆਂ ਸਾਢੇ 6 ਬੋਰੀਆਂ ਵੀ ਬਰਾਮਦ ਕੀਤੀਆਂ ਹਨ। ਗ੍ਰਿਫਤਾਰੀ ਮੌਕੇ ਦੋ ਸੌ ਪੁਲਿਸ ਮੁਲਾਜ਼ਮਾਂ ਸਮੇਤ ਸਪੈਸ਼ਲ ਅਪਰੇਸ਼ਨ ਗਰੁੱਪ ਦੇ 50 ਕਮਾਂਡੋ ਵੀ ਮੌਜੂਦ ਸਨ।



ਗ੍ਰਿਫਤਾਰੀ ਮੌਕੇ ਤਲਵਾਰਾਂ ਅਤੇ ਨੇਜ਼ਿਆਂ ਨਾਲ ਕੀਤੇ ਹਮਲੇ ਦੌਰਾਨ ਐਸ.ਐਸ.ਪੀ. ਮਨਦੀਪ ਸਿੰਘ ਸਿੱਧੂ ਦੇ ਹੱਥ ਉਤੇ ਸੱਟ ਵੱਜੀ ਤੇ ਉਨ੍ਹਾਂ ਦੇ ਨਿੱਜੀ ਸੁਰੱਖਿਆ ਗਾਰਡ ਸਮੇਤ ਕੁਝ ਹੋਰ ਪੁਲਿਸ ਮੁਲਾਜ਼ਮ ਵੀ ਜਖਮੀ ਹੋਏ। ਗੁੱਟ ਵੱਢਣ ਵਾਲਾ ਨਿਹੰਗ ਨਿਰਭੈ ਸਿੰਘ ਵੀ ਪੱਟ ਅਤੇ ਛਾਤੀ 'ਚ ਗੋਲੀਆਂ ਲੱਗਣ ਕਾਰਨ ਜਖਮੀ ਹੋ ਗਿਆ।

ਪੁਲਿਸ ਵਲੋਂ ਗ੍ਰਿਫਤਾਰ ਮੁਲਜ਼ਮਾਂ 'ਚ ਡੇਰਾ ਮੁਖੀ ਬਲਵਿੰਦਰ ਸਿੰਘ ਕਰਹਾਲੀ, ਨਿਰਭੈ ਸਿੰਘ, ਬੰਤ ਸਿੰਘ ਕਾਲਾ, ਜਗਮੀਤ ਸਿੰਘ ਅਮਰਗੜ੍ਹ, ਗੁਰਦੀਪ ਸਿੰਘ ਸਮਾਣਾ, ਨੰਨਾ, ਜੰਗੀਰ ਸਿੰਘ ਪ੍ਰਤਾਪਗੜ੍ਹ, ਮਨਿੰਦਰ ਸਿੰਘ ਮਹਿਮੂਦਪੁਰ, ਜਸਵੰਤ ਸਿੰਘ ਚਮਾਰੂ, ਦਰਸ਼ਨ ਸਿੰਘ ਧੀਰੂ ਕੀ ਮਾਜਰੀ ਸਮੇਤ ਸੁਖਪ੍ਰੀਤ ਕੌਰ ਪਤਨੀ ਜਗਮੀਤ ਸਿੰਘ ਵਾਸੀ ਡੇਰਾ ਖਿਚੜੀ ਸਾਹਿਬ ਸ਼ਾਮਲ ਹਨ। ਥਾਣਾ ਸਦਰ ਪਟਿਆਲਾ ਅਤੇ ਪਸਿਆਣਾ ਵਿਖੇ ਦੋ ਕੇਸ ਦਰਜ ਕੀਤੇ ਗਏ ਹਨ।

ਆਈਜੀ ਨੇ ਦੱਸਿਆ ਕਿ ਪੁਲਿਸ ਪਾਰਟੀ ਜਦੋਂ ਪਟਿਆਲਾ ਸ਼ਹਿਰ ਦੇ ਬਾਹਰ ਵਾਰ ਸਬਜ਼ੀ ਮੰਡੀ ਵਿਚ ਤਾਇਨਾਤ ਸੀ, ਤਾਂ ਨਿਹੰਗ ਸਿੰਘਾਂ ਨੇ ਗੱਡੀ ਬੈਰੀਕੇਡਾਂ 'ਚ ਮਾਰ ਦਿੱਤੀ। ਰੋਕਣ ਦੀ ਕੋਸ਼ਿਸ਼ ਕਰਨ ਉਤੇ ਉਨ੍ਹਾਂ ਨੇ ਤਲਵਾਰਾਂ ਨਾਲ ਹਮਲਾ ਕਰ ਦਿੱਤਾ ਅਤੇ ਇਕ ਨਿਹੰਗ ਨੇ ਏ.ਐਸ.ਆਈ. ਹਰਜੀਤ ਸਿੰਘ ਗਿੱਲ ਦਾ ਗੁੱਟ ਵੱਢ ਦਿੱਤਾ ਅਤੇ ਥਾਣਾ ਸਦਰ ਪਟਿਆਲਾ ਦੇ ਮੁਖੀ ਇੰਸਪੈਕਟਰ ਬਿੱਕਰ ਸਿੰਘ ਸੋਹੀ ਅਤੇ ਥਾਣੇਦਾਰ ਰਾਜ ਸਿੰਘ ਸਮੇਤ ਆਕਸ਼ਨ ਰਿਕਾਰਡਰ ਯਾਦਵਿੰਦਰ ਸਿੰਘ ਨੂੰ ਵੀ ਜ਼ਖਮੀ ਕਰ ਦਿੱਤਾ। ਹਰਜੀਤ ਸਿੰਘ ਪੀਜੀਆਈ ਤੇ ਬਾਕੀ ਪਟਿਆਲਾ 'ਚ ਦਾਖਲ ਹਨ।

ਐਸ.ਐਸ.ਪੀ ਨੇ ਦੱਸਿਆ ਕਿ ਪੁਲਿਸ ਨੇ ਸ਼੍ਰੋਮਣੀ ਕਮੇਟੀ ਦੇ ਸਥਾਨਕ ਨੁਮਾਇੰਦਿਆਂ ਨੂੰ ਬੁਲਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚੱਲ ਰਹੇ ਅਖੰਡ ਪਾਠ ਦੀ ਮਰਿਆਦਾ ਬਹਾਲ ਰੱਖੀ ਅਤੇ ਦੁਧਾਰੂ ਪਸ਼ੂਆਂ ਅਤੇ ਘੋੜਿਆਂ ਦੀ ਦੇਖ ਭਾਲ ਦਾ ਜ਼ਿੰਮਾ ਪਿੰਡ ਦੀ ਪੰਚਾਇਤ ਨੂੰ ਸੌਂਪਿਆ ਹੈ। ਘਟਨਾ ਦੀ ਵਾਇਰਲ ਵੀਡੀਓ 'ਚ ਗੁੱਟ ਵੱਢਣ ਸਮੇਤ ਥਾਣੇਦਾਰ ਵਲੋਂ ਹੱਥ ਦਾ ਪੀਸ ਚੁੱਕ ਕੇ ਲਿਆਉਣ ਦਾ ਵਾਸਤਾ ਪਾਉਣ ਅਤੇ ਫੇਰ ਇਕ ਨੌਜਵਾਨ ਵਲੋਂ ਗੁੱਟ ਚੁੱਕ ਕੇ ਲਿਆਉਣ ਦੇ ਦ੍ਰਿਸ਼ ਬਹੁਤ ਹੌਲਨਾਕ ਹਨ।

## 'ਹਮਲਾਵਰਾਂ ਦਾ ਨਿਹੰਗ ਜਥੇਬੰਦੀ ਨਾਲ ਸਬੰਧ ਨਹੀਂ'

**ਪਟਿਆਲਾ:** ਨਿਹੰਗਾਂ ਦੀ ਸੁਪਰੀਮ ਜਥੇਬੰਦੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ 'ਛਿਆਨਵੇਂ ਕਰੋੜੀ' ਦੇ ਮੁਖੀ ਜਥੇਦਾਰ ਬਾਬਾ ਬਲਬੀਰ ਸਿੰਘ ਨੇ ਕਿਹਾ ਕਿ ਡਿਊਟੀ ਉਤੇ ਤਾਇਨਾਤ ਪੁਲਿਸ ਉਤੇ ਹਮਲਾ ਕਰਨ ਵਾਲੇ ਅਖੌਤੀ ਨਿਹੰਗਾਂ ਦਾ ਜਥੇਬੰਦੀ ਬੁੱਢਾ ਦਲ, ਤਰਨਾ ਦਲ ਜਾਂ ਕਿਸੇ ਹੋਰ ਨਿਹੰਗ ਦਲ ਨਾਲ ਕੋਈ ਸਬੰਧ ਨਹੀਂ ਹੈ। ਉਨ੍ਹਾਂ ਕਿਹਾ ਕਿ ਅਜਿਹੇ ਬਹਿਰੂਪੀਏ ਲੋਕਾਂ ਨੂੰ ਸਖਤ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ ਤਾਂ ਕਿ ਅੱਗੇ ਤੋਂ ਕੋਈ ਵੀ ਅਖੌਤੀ ਨਿਹੰਗ ਸਮੁੱਚੇ ਨਿਹੰਗ ਸਿੰਘਾਂ ਦੇ ਬਾਣੇ ਜਾਂ ਸਿਧਾਂਤ ਜਾਂ ਨਿਹੰਗ ਜਥੇਬੰਦੀਆਂ ਨੂੰ ਬਦਨਾਮ ਨਾ ਕਰ ਸਕੇ।

## ਕੀ ਹੈ ਡੇਰਾ ਮੁਖੀ ਦਾ ਪਿਛੋਕੜ

**ਪਟਿਆਲਾ:** ਡੇਰਾ ਮੁਖੀ ਨਿਹੰਗ ਬਲਵਿੰਦਰ ਸਿੰਘ ਨੇ ਲਗਭਗ ਦੋ ਦਹਾਕੇ ਪਹਿਲਾਂ ਬਲਬੇੜਾ ਵਿਖੇ ਆ ਕੇ ਇਕ ਵੀਰਾਨ ਛਪੜੀ ਵਾਲੀ ਜਗ੍ਹਾ ਬਾਰੇ ਇਹ ਪ੍ਰਚਾਰ ਕਰਨਾ ਸ਼ੁਰੂ ਕੀਤਾ ਕਿ ਇਹ ਜਗ੍ਹਾ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਚਰਨ ਛੋਹ ਪ੍ਰਾਪਤ ਹੈ।

ਇਸੇ ਆਧਾਰ ਉਤੇ ਉਸ ਨੇ ਇਥੇ ਆਪਣਾ ਨਿੱਜੀ ਗੁਰਦੁਆਰਾ ਸਾਹਿਬ ਵੀ ਸਥਾਪਿਤ ਕਰ ਲਿਆ, ਪਰ ਜਲਦੀ ਹੀ ਨਿਹੰਗ ਬਲਵਿੰਦਰ ਸਿੰਘ ਇਲਾਕਾ ਵਾਸੀਆਂ ਲਈ ਖੌਫ ਦਾ ਦੂਜਾ ਨਾਂ ਬਣ ਗਿਆ, ਜਦੋਂ ਆਪਣੇ ਡੇਰੇ ਦੇ ਵਿਸਥਾਰ ਲਈ ਡੇਰਾ ਮੁਖੀ ਨੂੰ ਹੋਰ ਜਗ੍ਹਾ ਦੀ ਲੋੜ ਮਹਿਸੂਸ ਹੋਈ ਤਾਂ ਉਸ ਨੇ ਆਲੇ-ਦੁਆਲੇ ਦੇ ਕਿਸਾਨਾਂ ਨੂੰ ਆਪਣੀ ਜ਼ਮੀਨ ਗੁਰਦੁਆਰੇ ਨੂੰ ਦੇਣ ਲਈ ਦਬਾਅ ਪਾਉਣਾ ਸ਼ੁਰੂ ਕਰ ਦਿੱਤਾ ਤੇ ਕਈ ਵਾਰ ਉਸ ਦੇ ਕਿਸਾਨਾਂ ਨਾਲ ਝਗੜੇ ਵੀ ਹੋਏ।

# ਪੁਲਿਸ ਕਰਮੀਆਂ ਨੂੰ ਕਿਹਾ ਜਾਵੇ 'ਜਵਾਨ' ਜਾਂ 'ਸ਼ੇਰ'

**ਬਠਿੰਡਾ:** ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਡੀ.ਜੀ.ਪੀ. ਨੂੰ ਸੁਝਾਇਆ ਹੈ ਕਿ ਪੁਲਿਸ ਕਰਮੀਆਂ ਨੂੰ 'ਮੁਲਾਜ਼ਮ' ਕਹਿ ਕੇ ਸੰਬੋਧਨ ਕਰਨ ਦੀ ਥਾਂ 'ਜਵਾਨ' ਜਾਂ 'ਸ਼ੇਰ' ਸ਼ਬਦ ਵਰਤੇ ਜਾਣ। ਉਨ੍ਹਾਂ ਦਾ ਤਰਕ ਸੀ ਕਿ ਸਮਾਜ ਲਈ ਆਪਾ ਨਿਛਾਵਰ ਕਰਨ ਲਈ ਹਮੇਸ਼ਾ ਤਿਆਰ ਰਹਿਣ ਵਾਲੇ ਮੁਲਾਜ਼ਮ ਨਹੀਂ ਹੁੰਦੇ ਸਗੋਂ ਇਨ੍ਹਾਂ ਦਾ ਰੁਤਬਾ ਅਥਾਹ ਬੁਲੰਦ ਹੁੰਦਾ ਹੈ।

ਸ. ਬਾਦਲ ਸ਼ਹਿਰ ਵਿਚ ਕਰੋਨਾ ਸੰਕਟ ਦੌਰਾਨ ਚੌਵੀ ਘੰਟੇ ਡਿਊਟੀ ਦੇ ਰਹੇ ਪੰਜਾਬ ਪੁਲਿਸ ਦੇ ਕਰਮੀਆਂ ਦੀ ਹੌਸਲਾ ਅਫਜਾਈ ਕਰਨ ਲਈ ਪੁਲਿਸ ਨਾਕਿਆਂ ਉਤੇ ਗਏ। ਇਕ ਸਵਾਲ ਦੇ ਜਵਾਬ 'ਚ ਖਜ਼ਾਨਾ ਮੰਤਰੀ ਨੇ ਖੁਲਾਸਾ ਕੀਤਾ ਕਿ 'ਕੋਵਿਡ-19 ਦੇ ਮੁਕਾਬਲੇ ਲਈ ਪੰਜਾਬ ਨੂੰ ਕੇਂਦਰ ਤੋਂ ਕੋਈ ਸਹਾਇਤਾ ਰਾਸ਼ੀ ਪ੍ਰਾਪਤ ਨਹੀਂ ਹੋਈ ਹੈ।' ਉਨ੍ਹਾਂ ਸਪੱਸ਼ਟ ਕੀਤਾ ਕਿ ਪਿਛਲੇ ਸਮੇਂ ਵਿਚ ਸੂਬੇ ਨੂੰ ਜੋ ਰਾਸ਼ੀ ਪ੍ਰਾਪਤ ਹੋਈ, ਉਹ ਰਾਜ ਦੀਆਂ ਕੇਂਦਰ ਵਲ ਜੀ.ਐਸ.ਟੀ., ਮੁਆਵਜ਼ਾ, ਮਾਲੀਆ ਘਾਟਾ ਗ੍ਰਾਂਟ ਅਤੇ ਆਫਤ ਰਾਹਤ ਫੰਡ ਦੀਆਂ ਬਕਾਇਆ ਗ੍ਰਾਂਟਾਂ ਹੀ ਸਨ। ਉਨ੍ਹਾਂ ਦੱਸਿਆ ਕਿ ਸੂਬੇ ਦੀਆਂ ਇਨ੍ਹਾਂ ਮਦਾਂ ਦਾ ਚਾਰ ਹੋਰ ਮਹੀਨਿਆਂ ਦਾ ਬਕਾਇਆ ਅਜੇ ਕੇਂਦਰ ਸਰਕਾਰ ਵਲ ਖੜ੍ਹਾ ਹੈ ਪਰ ਨਾਲ ਹੀ ਉਨ੍ਹਾਂ ਦੁਹਰਾਇਆ ਕਿ ਇਹ ਸਮਾਂ ਸਿਆਸਤ ਕਰਨ ਦਾ ਨਹੀਂ ਹੈ।

# ਕਰੋਨਾ ਮਹਾਮਾਰੀ ਖਿਲਾਫ ਜੰਗ 'ਚ ਪੰਚਾਇਤਾਂ ਨੇ ਸੰਭਾਲਿਆ ਮੋਰਚਾ

**ਹੁਸ਼ਿਆਰਪੁਰ:** ਪੰਜਾਬ ਸਰਕਾਰ ਵੱਲੋਂ ਕੋਵਿਡ-19 ਖਿਲਾਫ ਵਿੱਢੀ ਜੰਗ ਵਿਚ ਕਰੋਨਾ ਦਾ ਮੁਕਾਬਲਾ ਕਰਨ ਲਈ ਪੰਚਾਇਤਾਂ ਅਤੇ ਪਿੰਡ ਵਾਸੀ ਵੀ ਅੱਗੇ ਆ ਰਹੇ ਹਨ। ਪਿੰਡਾਂ ਵੱਲੋਂ ਇਹ ਮੁਕਾਬਲਾ ਸਵੈ-ਇਕਾਂਤਵਾਸ ਅਪਣਾ ਕੇ ਕੀਤਾ ਜਾ ਰਿਹਾ ਹੈ ਅਤੇ ਹੁਣ ਤੱਕ ਜ਼ਿਲ੍ਹੇ ਦੇ 1357 ਪਿੰਡਾਂ ਵੱਲੋਂ ਪਹਿਲਕਦਮੀ ਕਰਦਿਆਂ ਸਵੈ-ਇਕਾਂਤਵਾਸ ਨੂੰ ਅਪਣਾਇਆ ਗਿਆ ਹੈ।

ਡਿਪਟੀ ਕਮਿਸ਼ਨਰ ਅਪਨੀਤ ਰਿਆਤ ਨੇ ਦੱਸਿਆ ਕਿ ਪੰਚਾਇਤਾਂ ਵੱਲੋਂ ਦਿੱਤੇ ਜਾ ਰਹੇ ਸਹਿਯੋਗ ਅਤੇ ਪਹਿਲਕਦਮੀ ਸਦਕਾ ਜ਼ਿਲ੍ਹੇ ਦੇ 1429 ਪਿੰਡਾਂ ਵਿਚੋਂ 1357 ਪਿੰਡਾਂ ਵੱਲੋਂ ਸਵੈ-ਇਕਾਂਤਵਾਸ ਨੂੰ ਅਪਣਾਉਣਾ ਬੇਮਿਸਾਲ ਉਪਰਾਲਾ ਹੈ, ਜੋ ਕੋਵਿਡ-19 ਦੇ ਪ੍ਰਭਾਵ ਨੂੰ ਫੈਲਣ ਤੋਂ ਰੋਕਣ ਵਿਚ ਕਾਮਯਾਬ ਸਾਬਤ ਹੋਵੇਗਾ। ਉਨ੍ਹਾਂ ਦੱਸਿਆ ਕਿ ਹੁਸ਼ਿਆਰਪੁਰ ਬਲਾਕ-1 ਦੇ 181 ਪਿੰਡਾਂ, ਭੂੰਗਾ ਦੇ 165, ਦਸੂਹਾ ਦੇ 155, ਮੁਕੇਰੀਆਂ ਦੇ 140, ਮਾਹਿਲਪੁਰ ਦੇ 135, ਗੜ੍ਹਸ਼ੰਕਰ ਦੇ 135, ਹੁਸ਼ਿਆਰਪੁਰ ਬਲਾਕ-2 ਦੇ 120, ਟਾਂਡਾ ਦੇ 118, ਤਲਵਾੜਾ ਦੇ 106 ਅਤੇ ਹਾਜੀਪੁਰ ਬਲਾਕ ਦੇ 102 ਪਿੰਡਾਂ ਵੱਲੋਂ ਸੈਲਫ਼ ਕੁਆਰੰਟਾਈਨ ਕੀਤਾ ਗਿਆ ਹੈ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸਵੈ-ਇਕਾਂਤਵਾਸ ਲਈ ਅੱਗੇ ਆਏ ਪਿੰਡਾਂ ਦੀਆਂ ਪੰਚਾਇਤਾਂ ਵੱਲੋਂ ਪਿੰਡ ਨੂੰ ਲੱਗਦੇ ਰਸਤਿਆਂ ਉਤੇ ਬੈਰੀਕੇਡਿੰਗ ਕਰਵਾਈ ਗਈ ਹੈ ਅਤੇ ਜੇਕਰ ਪਿੰਡ ਦਾ ਕੋਈ ਵਿਅਕਤੀ ਐਮਰਜੈਂਸੀ ਹਾਲਾਤ ਦੌਰਾਨ ਬਾਹਰ ਜਾਣਾ ਚਾਹੁੰਦਾ ਹੈ, ਤਾਂ ਉਸ ਦਾ ਪੂਰਾ ਵੇਰਵਾ ਰਜਿਸਟਰ ਉਤੇ ਦਰਜ ਕੀਤਾ ਜਾਂਦਾ ਹੈ। ਕਈ ਪੰਚਾਇਤਾਂ ਵੱਲੋਂ ਪਿੰਡ ਐਂਟਰੀ ਪੁਆਇੰਟਾਂ ਉਤੇ ਸੀਸੀਟੀਵੀ ਕੈਮਰੇ ਵੀ ਲਗਾਏ ਗਏ ਹਨ। ਉਨ੍ਹਾਂ ਨੇ ਉਕਤ ਪੰਚਾਇਤਾਂ ਸਮੇਤ ਪਿੰਡ ਵਾਸੀਆਂ ਦੀ ਪ੍ਰਸ਼ੰਸਾ ਤੇ ਧੰਨਵਾਦ ਕਰਦਿਆਂ ਬਾਕੀ ਪੰਚਾਇਤਾਂ ਨੂੰ ਵੀ ਇਸ ਲੜਾਈ ਵਿਚ ਪਿੰਡਾਂ ਦਾ ਸਵੈ-ਇਕਾਂਤਵਾਸ ਕਰ ਕੇ ਸਾਥ ਦੇਣ ਦਾ ਸੱਦਾ ਦਿੱਤਾ।

# ਕੈਪਟਨ ਸਰਕਾਰ ਨੇ ਪੰਜਾਬ 'ਚ ਕਰਫਿਊ ਪਹਿਲੀ ਮਈ ਤੱਕ ਵਧਾਇਆ

## *ਅਰਥਚਾਰੇ ਨੂੰ ਲੀਹ 'ਤੇ ਲਿਆਉਣ ਲਈ ਦੋ ਟਾਸਕ ਫੋਰਸਾਂ ਬਣਾਉਣ ਦਾ ਫੈਸਲਾ*

**ਚੰਡੀਗੜ੍ਹ:** ਪੰਜਾਬ ਵਿਚ ਕੋਵਿਡ-19 ਦੇ ਵਧਦੇ ਕੇਸਾਂ ਅਤੇ ਮਹਾਮਾਰੀ ਨੂੰ ਅੱਗੇ ਫੈਲਣ ਤੋਂ ਰੋਕਣ ਦੇ ਇਰਾਦੇ ਨਾਲ ਪੰਜਾਬ ਵਜ਼ਾਰਤ ਨੇ ਸੂਬੇ ਵਿਚ ਜਾਰੀ ਕਰਫਿਊ ਦੀ ਮਿਆਦ ਪਹਿਲੀ ਮਈ ਤੱਕ ਵਧਾ ਦਿੱਤੀ ਹੈ। ਵਜ਼ਾਰਤ ਨੇ ਕਰੋਨਾ ਆਫਤ ਦੇ ਟਾਕਰੇ ਕਰਨ ਲਈ ਕੇਂਦਰ ਕੋਲੋਂ ਵਿੱਤੀ ਮਦਦ ਮੰਗਣ, ਕਿਸਾਨਾਂ ਨੂੰ ਕਣਕ ਉਤੇ ਬੋਨਸ ਦੇਣ ਅਤੇ ਕਣਕ ਦੀ ਖਰੀਦ ਲਈ ਹੋਰ ਖਰੀਦ ਕੇਂਦਰ ਖੋਲ੍ਹਣ ਦਾ ਫੈਸਲਾ ਕੀਤਾ ਹੈ।



ਇਹ ਫੈਸਲੇ ਇਥੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਵਜ਼ਾਰਤ ਦੀ ਮੀਟਿੰਗ ਵਿਚ ਲਏ ਗਏ। ਮੁੱਖ ਮੰਤਰੀ ਨੇ ਅਗਲੇ ਹਫਤਿਆਂ ਵਿਚ ਮਹਾਮਾਰੀ ਦੇ ਵਿਕਰਾਲ ਰੂਪ ਧਾਰਨ ਦੇ ਗੰਭੀਰ ਖਦਸ਼ਿਆਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਕਰਫਿਊ ਬੰਦਸ਼ਾਂ ਬਹੁਤ ਜ਼ਰੂਰੀ ਸਨ ਤਾਂ ਜੋ ਮੈਡੀਕਲ ਢਾਂਚੇ ਉਤੇ ਪੈਣ ਵਾਲੇ ਦਬਾਅ ਨੂੰ ਘਟਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਮੈਡੀਕਲ ਭਾਈਚਾਰੇ ਦਾ ਇਹ ਆਮ ਵਿਚਾਰ ਹੈ ਕਿ ਲੌਕਡਾਊਨ ਹੀ ਇਸ ਬਿਮਾਰੀ ਦੇ ਫੈਲਾਅ ਨੂੰ ਰੋਕਣ ਤੋਂ ਬਚਾਅ ਕਰ ਸਕਦਾ ਹੈ।

ਵਜ਼ਾਰਤ ਨੇ ਮੁੱਖ ਮੰਤਰੀ ਦੀ ਤਜਵੀਜ਼ ਉਤੇ ਸਿਹਤ ਸੇਵਾਵਾਂ ਦੇ ਨਵੀਨੀਕਰਨ ਅਤੇ ਸੂਬੇ ਦੇ ਅਰਥਚਾਰੇ ਨੂੰ ਪਟੜੀ ਉਤੇ ਲਿਆਉਣ ਲਈ ਦੋ ਟਾਸਕ ਫੋਰਸਾਂ ਕਾਇਮ ਕਰਨ ਦਾ ਫੈਸਲਾ ਕੀਤਾ ਹੈ। ਟਾਸਕ ਫੋਰਸ 10 ਦਿਨਾਂ ਦੇ ਅੰਦਰ ਆਪਣੀ ਰਿਪੋਰਟ ਸੌਂਪੇਗੀ। ਟਾਸਕ ਫੋਰਸ ਵਿਚ 15 ਮੈਂਬਰ ਹੋਣਗੇ, ਜਿਹੜੇ ਵਪਾਰ, ਕਾਰੋਬਾਰ, ਉਦਯੋਗ, ਖੇਤੀਬਾੜੀ, ਸਿਵਲ ਸੁਸਾਇਟੀ ਤੇ ਸਿਹਤ ਸੰਭਾਲ ਖੇਤਰਾਂ ਦੀ ਨੁਮਾਇੰਦਗੀ ਕਰਨਗੇ। ਮੁੱਖ ਮੰਤਰੀ ਨੂੰ ਟਾਸਕ ਫੋਰਸ ਬਾਰੇ ਫੈਸਲਾ ਲੈਣ ਲਈ ਅਧਿਕਾਰਤ ਕੀਤਾ ਗਿਆ ਹੈ। ਵਜ਼ਾਰਤ ਨੇ ਉਚ ਤਾਕਤੀ ਕਮੇਟੀ ਦੀ ਸਥਾਪਨਾ ਕਰਨ ਦਾ ਵੀ ਫੈਸਲਾ ਕੀਤਾ, ਜੋ ਸੂਬੇ ਨੂੰ ਕੋਵਿਡ ਦੇ ਖਤਰੇ ਦੇ ਘਟਣ ਅਤੇ ਆਮ ਜਨਜੀਵਨ ਬਹਾਲ ਹੋਣ ਵੇਲੇ ਸੂਬੇ ਦੀ ਅਰਥਵਿਵਸਥਾ ਦੀ ਮੁੜ ਸੁਰਜੀਤੀ ਦਾ ਖਾਕਾ ਉਲੀਕਣ ਵਿਚ ਸੁਝਾਅ ਦੇਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਉਹ ਯੋਜਨਾ ਕਮਿਸ਼ਨ ਦੇ ਸਾਬਕਾ ਡਿਪਟੀ ਚੇਅਰਮੈਨ ਮੌਂਟੇਕ ਸਿੰਘ ਆਹਲੂਵਾਲੀਆ ਨੂੰ ਇਸ ਕਮੇਟੀ ਦੇ ਮੁਖੀ ਬਣਨ ਦੀ ਬੇਨਤੀ ਕਰਨਗੇ।

ਵਜ਼ਾਰਤ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਪੰਜਾਬ ਵਿੱਚ 500 ਕਰੋੜ ਰੁਪਏ ਦੇ ਨਿਵੇਸ਼ ਨਾਲ ਵਾਇਰੋਲੋਜੀ ਦਾ ਐਡਵਾਂਸ ਸੈਂਟਰ ਸਥਾਪਤ ਕੀਤਾ ਜਾਵੇ ਅਤੇ ਸੂਬਾ ਸਰਕਾਰ ਇਸ ਪ੍ਰੋਜੈਕਟ ਲਈ ਮੁਫਤ ਵਿਚ ਜ਼ਮੀਨ ਦੇਵੇਗੀ। ਇਸ ਕੇਂਦਰ ਦੇ ਬਣਨ ਨਾਲ ਸੂਬੇ ਨੂੰ ਵੱਖ-ਵੱਖ ਵਾਇਰਸਾਂ ਖਿਲਾਫ ਲੜਾਈ ਵਿਚ ਮਦਦ ਮਿਲੇਗੀ। ਵਜ਼ਾਰਤ ਨੇ ਸੂਬੇ ਦੇ ਸਿਹਤ ਢਾਂਚੇ ਦੇ ਨਵੀਨੀਕਰਨ ਲਈ ਲੋਕ ਨਿਰਮਾਣ ਵਿਭਾਗ ਦੇ ਪ੍ਰਮੁੱਖ ਸਕੱਤਰ ਦੀ ਅਗਵਾਈ ਵਿਚ ਇਕ ਹੋਰ ਟਾਸਕ ਫੋਰਸ ਸਥਾਪਤ ਕਰਨ ਦਾ ਫੈਸਲਾ ਲਿਆ। ਇਹ ਫੋਰਸ ਸਿਹਤ ਢਾਂਚੇ ਦੇ ਜਲਦੀ ਨਵੀਨੀਕਰਨ ਦਾ ਕੰਮ ਨਿਸ਼ਚਤ ਸਮੇਂ ਵਿਚ ਕਰੇਗੀ।

ਵਜ਼ਾਰਤ ਨੇ ਡਿਪਟੀ ਕਮਿਸ਼ਨਰਾਂ ਨੂੰ ਜ਼ਿਲ੍ਹਿਆਂ ਵਿਚ ਲੋੜ ਮੁਤਾਬਕ ਨਵੀਆਂ ਮੰਡੀਆਂ ਐਲਾਨਣ ਲਈ ਅਧਿਕਾਰਤ ਕੀਤਾ ਹੈ ਤਾਂ ਕਿ ਸਮਾਜਿਕ ਦੂਰੀ ਕਾਇਮ ਰੱਖਣ ਦੇ ਨਾਲ-ਨਾਲ ਅਨਾਜ ਦੀ ਨਿਰਵਿਘਨ ਖਰੀਦ ਨੂੰ ਯਕੀਨੀ ਬਣਾਇਆ ਜਾ ਸਕੇ। ਇਹ ਮੰਡੀਆਂ ਪਹਿਲਾਂ ਹੀ ਐਲਾਨੀਆਂ ਜਾ ਚੁੱਕੀਆਂ 3800 ਮੰਡੀਆਂ ਤੋਂ ਵਾਧੂ ਹੋਣਗੀਆਂ। ਸਰਕਾਰ ਨੇ ਕੇਂਦਰ ਪਾਸੋਂ ਕੋਵਿਡ-19 ਦੇ ਸੰਕਟ ਦੇ ਮੱਦੇਨਜ਼ਰ ਮੰਡੀਆਂ ਵਿਚ ਪੜਾਅਵਾਰ ਕਣਕ ਲਿਆਉਣ ਵਾਲੇ ਕਿਸਾਨਾਂ ਨੂੰ ਮੁਆਵਜ਼ਾ ਦੇਣ ਵੀ ਮੰਗ ਕੀਤੀ ਹੈ ਅਤੇ ਕੇਂਦਰ ਸਰਕਾਰ ਨੇ ਸੂਬੇ ਦੀ ਮੰਗ ਪ੍ਰਤੀ ਅਜੇ ਤੱਕ ਹੁੰਗਾਰਾ ਨਹੀਂ ਭਰਿਆ।

ਕੈਬਨਿਟ ਨੇ ਕਿਹਾ ਕਿ ਕਣਕ ਦੀ ਖਰੀਦ ਸਮੇਂ ਸੈਨੇਟਾਈਜ਼ਰਾਂ, ਹੱਥ ਧੋਣ ਦੇ ਪ੍ਰਬੰਧਾਂ ਸਮੇਤ ਸਾਰੇ ਪ੍ਰੋਟੋਕੋਲਾਂ ਦੀ ਸਖਤੀ ਨਾਲ ਪਾਲਣਾ ਕੀਤੀ ਜਾਣੀ ਚਾਹੀਦੀ ਹੈ। ਵਧੀਕ ਮੁੱਖ ਸਕੱਤਰ (ਵਿਕਾਸ) ਵਿਸ਼ਵਾਜੀਤ ਖੰਨਾ ਨੇ ਦੱਸਿਆ ਕਿ ਇਸ ਸਾਲ ਕਿਸਾਨਾਂ ਦੇ ਬੈਂਕ ਖਾਤਿਆਂ ਵਿਚ ਸਿੱਧੀ ਅਦਾਇਗੀ ਦੀ ਪ੍ਰਣਾਲੀ ਸ਼ੁਰੂ ਕੀਤੀ ਜਾਣੀ ਸੀ, ਪਰ ਹੁਣ ਇਸ ਦੀ ਬਜਾਏ ਆੜ੍ਹਤੀਆਂ ਰਾਹੀਂ ਫਸਲ ਦੀ ਅਦਾਇਗੀ ਕਰਨ ਵਾਸਤੇ ਨਿਯਮਾਂ ਵਿਚ ਸੋਧ ਕੀਤੀ ਜਾ ਚੁੱਕੀ ਹੈ। ਸੂਬੇ ਵਿਚ 3718 ਖਰੀਦ ਕੇਂਦਰਾਂ ਦੀ ਸਥਾਪਨਾ ਕੀਤੀ ਗਈ ਹੈ। ਮੰਡੀਆਂ ਵਿਚ ਲਗਭਗ 137 ਲੱਖ ਮੀਟਰਕ ਟਨ ਕਣਕ ਆਉਣ ਦੀ ਆਸ ਹੈ ਜਿਸ ਵਿਚੋਂ 135 ਲੱਖ ਮੀਟਰਕ ਟਨ ਸਰਕਾਰੀ ਏਜੰਸੀਆਂ ਵਲੋਂ ਅਤੇ 2 ਲੱਖ ਮੀਟਰਕ ਟਨ ਪ੍ਰਾਈਵੇਟ ਵਪਾਰੀਆਂ ਵਲੋਂ ਖਰੀਦੀ ਜਾਵੇਗੀ। ਮੰਡੀਆਂ ਵਿਚ ਭੀੜ-ਭੜੱਕੇ ਨੂੰ ਰੋਕਣ ਲਈ ਮਾਰਕੀਟ ਕਮੇਟੀਆਂ ਵਲੋਂ ਆੜ੍ਹਤੀਆਂ ਨੂੰ ਲਗਭਗ 27 ਲੱਖ ਕੂਪਨ ਜਾਰੀ ਕੀਤੇ ਜਾਣਗੇ। ਇਕ ਕੂਪਨ ਉਤੇ ਕਿਸਾਨ ਮੰਡੀ ਵਿਚ 50 ਕੁਇੰਟਲ ਦੀ ਇਕ ਟਰਾਲੀ ਕਣਕ ਹੀ ਲਿਆ ਸਕੇਗਾ।

## ਪੰਜਾਬ ਵਿਚ ਮਾਸਕ ਪਾਉਣਾ ਹੁਣ ਲਾਜ਼ਮੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਕੋਵਿਡ-19 ਦੇ ਫੈਲਣ ਕਾਰਨ ਲੋਕਾਂ ਲਈ ਮੂੰਹ ਉਤੇ ਮਾਸਕ ਪਾਉਣਾ ਲਾਜ਼ਮੀ ਕਰ ਦਿੱਤਾ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਹ ਐਲਾਨ ਆਪਣੇ ਫੇਸਬੁੱਕ ਪੇਜ ਉਤੇ ਕੀਤਾ। ਉਨ੍ਹਾਂ ਆਪਣੀ ਪੋਸਟ 'ਚ ਲਿਖਿਆ ਹੈ ਕਿ ਪੰਜਾਬ ਵਿਚ ਮਾਸਕ ਹੁਣ ਲਾਜ਼ਮੀ ਹੈ। ਉਨ੍ਹਾਂ ਕਿਹਾ ਕਿ ਮਾਸਕ ਇਕ ਕੱਪੜੇ ਦਾ ਟੋਟਾ ਹੈ ਜੋ ਘਰ ਤੋਂ ਬਾਹਰ ਆਉਣ ਸਮੇਂ ਮੂੰਹ ਉਤੇ ਪਾਉਣਾ ਹੈ। ਬੀਤੇ ਕੁਝ ਦਿਨਾਂ ਤੋਂ ਪੰਜਾਬ 'ਚ ਕੋਰੋਨਾ ਵਾਇਰਸ ਦੇ ਕੇਸਾਂ ਵਿਚ ਵਾਧਾ ਹੋਇਆ ਹੈ।

## ਗਰਮੀਆਂ ਦੀਆਂ ਛੁੱਟੀਆਂ ਦੋ ਮਹੀਨੇ ਪਹਿਲਾਂ ਕੀਤੀਆਂ

**ਮੁਹਾਲੀ:** ਪੰਜਾਬ ਵਿਚ ਐਤਕੀਂ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਵਿਚ ਗਰਮੀਆਂ ਦੀਆਂ ਛੁੱਟੀਆਂ ਦੋ ਮਹੀਨੇ ਪਹਿਲਾਂ ਹੀ ਕਰ ਦਿੱਤੀਆਂ ਹਨ। ਅਜਿਹਾ ਮੌਜੂਦਾ ਸਮੇਂ ਵਿਚ ਕਰੋਨਾਵਾਇਰਸ ਦੀ ਮਹਾਮਾਰੀ ਫੈਲਣ ਕਾਰਨ ਕੀਤਾ ਗਿਆ ਹੈ। ਪੰਜਾਬ ਸਰਕਾਰ ਨੇ 11 ਅਪਰੈਲ ਤੋਂ 10 ਮਈ ਤੱਕ ਸਮੂਹ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਵਿਚ ਛੁੱਟੀਆਂ ਕਰਨ ਦਾ ਐਲਾਨ ਕੀਤਾ ਹੈ ਜਦੋਂਕਿ ਇਸ ਤੋਂ ਪਹਿਲਾਂ ਹਰੇਕ 1 ਜੂਨ ਤੋਂ 30 ਜੂਨ ਤੱਕ ਸਕੂਲਾਂ ਵਿਚ ਛੁੱਟੀਆਂ ਹੁੰਦੀਆਂ ਸਨ, ਕਿਉਂਕਿ ਇਨ੍ਹਾਂ ਦਿਨਾਂ ਵਿਚ ਗਰਮੀ ਪੂਰੇ ਜੋਬਨ 'ਤੇ ਹੁੰਦੀ ਸੀ ਅਤੇ ਹੱਡ ਚੀਰਵੀਂ ਲੂ ਅਤੇ ਤੇਜ਼ ਧੁੱਪ ਤੋਂ ਬੱਚਿਆਂ ਨੂੰ ਬਚਾਉਣ ਲਈ ਹੀ ਛੁੱਟੀਆਂ ਕੀਤੀਆਂ ਜਾਂਦੀਆਂ ਸਨ ਪਰ ਇਸ ਵਾਰ ਬੱਚਿਆਂ ਨੂੰ ਕਰੋਨਾ ਤੋਂ ਬਚਾਉਣ ਲਈ ਇਹ ਕਦਮ ਚੁੱਕਿਆ ਗਿਆ ਹੈ।

# ਕਣਕ ਦੀ ਖਰੀਦ ਬਾਰੇ ਸਖਤ ਨਿਯਮਾਂ ਤੋਂ ਘਬਰਾਏ ਕਿਸਾਨ

**ਚੰਡੀਗੜ੍ਹ:** ਕਰੋਨਾ ਵਾਇਰਸ ਕਾਰਨ ਪੰਜਾਬ ਸਰਕਾਰ ਵੱਲੋਂ ਇਕ ਮਈ ਤੱਕ ਵਧਾ ਦਿੱਤੇ ਗਏ ਕਰਫਿਊ ਦੌਰਾਨ ਹੀ ਕਣਕ ਖਰੀਦ ਦਾ ਵੱਡਾ ਕਾਰਜ ਸਰਕਾਰ ਦੇ ਸਾਹਮਣੇ ਹੈ। ਸਰਕਾਰੀ ਯੋਜਨਾ ਵਿਚ ਸਪੱਸ਼ਟਤਾ ਦੀ ਘਾਟ ਕਾਰਨ ਕਿਸਾਨਾਂ ਨੂੰ ਇਸ ਗੱਲ ਦੀ ਤਸੱਲੀ ਨਹੀਂ ਹੋ ਰਹੀ ਕਿ ਕਣਕ ਦੀ ਖਰੀਦ ਵਿਚ ਔਕੜਾਂ ਨਹੀਂ ਆਉਣਗੀਆਂ।



ਮਿਸਾਲ ਦੇ ਤੌਰ ਉਤੇ ਸਰਕਾਰ ਨੇ ਕਣਕ ਮੰਡੀ ਵਿਚ ਲਿਆਉਣ ਤੋਂ ਲੈ ਕੇ ਪੇਮੈਂਟ ਤੱਕ ਦੀ ਜ਼ਿੰਮੇਵਾਰੀ ਆੜ੍ਹਤੀਆਂ ਉਤੇ ਸੁੱਟੀ ਹੈ। ਇਕ ਆੜ੍ਹਤੀ ਇਕ ਮੰਡੀ ਲਈ ਇਕ ਦਿਨ ਵਾਸਤੇ ਪੰਜ ਟਰਾਲੀਆਂ ਨੂੰ ਪਾਸ ਦੇ ਸਕੇਗਾ ਅਤੇ ਇਕ ਕਿਸਾਨ ਨੂੰ ਇਕ ਦਿਨ ਲਈ ਇਕ ਪਾਸ ਮਿਲੇਗਾ। ਕਿਸਾਨੀ ਦੇ ਧੰਦੇ ਨੂੰ ਨੇੜਿਓਂ ਜਾਣਨ ਵਾਲਿਆਂ ਵੱਲੋਂ ਸੁਆਲ ਉਠਾਉਣਾ ਸੁਭਾਵਿਕ ਹੈ। ਪੰਜਾਬ ਵਿਚ ਖਰੀਦ ਦਾ ਸੀਜ਼ਨ 15 ਅਪਰੈਲ ਤੋਂ ਸ਼ੁਰੂ ਹੋ ਕੇ 15 ਜੂਨ ਤੱਕ ਚੱਲੇਗਾ। ਇਸ ਹਿਸਾਬ ਨਾਲ ਹੀ 3691 ਮੰਡੀਆਂ ਵਿਚ ਕਣਕ ਲਿਆਉਣ ਦਾ ਤਰੀਕਾ ਅਪਣਾਇਆ ਗਿਆ ਹੈ। ਨਿਯਮਾਂ ਮੁਤਾਬਕ ਇਕ ਪਾਸ ਇਕ ਟਰਾਲੀ ਲਈ ਜਾਰੀ ਕੀਤਾ ਜਾਵੇਗਾ।

ਇਕ ਆੜ੍ਹਤੀ ਇਕ ਦਿਨ ਵਿਚ ਪੰਜ ਟਰਾਲੀਆਂ ਦੇ ਪਾਸ ਜਾਰੀ ਕਰ ਸਕੇਗਾ। ਇਸ ਦਾ ਭਾਵ ਹੈ ਇਕ ਆੜ੍ਹਤੀ ਨੂੰ 250 ਕੁਇੰਟਲ ਕਣਕ (550 ਬੋਰੀ) ਤੱਕ ਰੋਜ਼ਾਨਾ ਮੰਗਵਾਉਣ ਦੀ ਇਜਾਜ਼ਤ ਹੋਵੇਗੀ। ਉਨ੍ਹਾਂ ਲਈ 30 ਵਰਗ ਫੁੱਟ ਦੀ ਜਗ੍ਹਾ ਫੜ੍ਹ ਲਈ ਅਲਾਟ ਹੋਵੇਗੀ। ਪਹਿਲੇ ਤਿੰਨ ਦਿਨ ਮੰਡੀ ਦੀ ਸਮਰੱਥਾ ਤੋਂ ਇਕ ਤਿਹਾਈ ਪਾਸ ਜਾਰੀ ਕਰਨ ਲਈ ਕਿਹਾ ਗਿਆ ਹੈ। ਇਸ ਤਰ੍ਹਾਂ ਪੂਰੀ ਖਰੀਦ ਡੇਢ ਮਹੀਨੇ ਦਾ ਸਮਾਂ ਲਵੇਗੀ। ਇਕ ਸੀਨੀਅਰ ਅਧਿਕਾਰੀ ਅਨੁਸਾਰ ਇਕ ਕੰਬਾਈਨ ਦਿਨ ਵਿਚ 25 ਤੋਂ 30 ਏਕੜ ਤੱਕ ਕਟਾਈ ਕਰ ਦਿੰਦੀ ਹੈ। ਆਮ ਤੌਰ ਉਤੇ ਕੋਸ਼ਿਸ਼ ਇਹੀ ਹੁੰਦੀ ਹੈ ਕਿ ਇਕ ਕਿਸਾਨ ਦੇ ਲੱਗੀ ਕੰਬਾਈਨ ਉਸ ਦੀ ਸਾਰੀ ਕਣਕ ਕੱਟ ਕੇ ਹੀ ਕਿਸੇ ਹੋਰ ਕਿਸਾਨ ਕੋਲ ਜਾਵੇ। ਅਜਿਹੀ ਹਾਲਤ ਵਿਚ ਜੇਕਰ ਇਕ ਕਿਸਾਨ ਨੂੰ ਇਕ ਟਰਾਲੀ ਦਾ ਪਾਸ ਮਿਲੇਗਾ ਤਾਂ ਉਹ ਇਕ ਟਰਾਲੀ ਮੰਡੀ ਵਿਚ ਅਤੇ ਦੂਸਰੀਆਂ ਕਿੱਥੇ ਲੈ ਕੇ ਜਾਵੇਗਾ?

ਮੰਤਰੀ ਮੰਡਲ ਦੀ ਮੀਟਿੰਗ ਵਿਚ ਪਹਿਲਾਂ ਛੋਟੇ ਕਿਸਾਨਾਂ ਨੂੰ ਪਾਸ ਦੇਣ ਦੀ ਗੱਲ ਉਤੇ ਵਿਚਾਰ ਹੋਈ ਸੀ ਕਿਉਂਕਿ ਉਸ ਕੋਲ ਘਰ ਰੱਖਣ ਲਈ ਜਗ੍ਹਾ ਜਾਂ ਵਸੀਲੇ ਨਹੀਂ ਹੁੰਦੇ। ਦੱਸੇ ਗਏ ਨਿਯਮਾਂ ਵਿਚ ਅਜਿਹਾ ਕੋਈ ਜ਼ਿਕਰ ਨਹੀਂ ਹੈ। ਟਰਾਲੀ ਵਿਚ ਪੰਜਾਹ ਕੁਇੰਟਲ ਤੋਂ ਘੱਟ ਜਾਂ ਵੱਧ ਅਨਾਜ ਹੋ ਸਕਦਾ ਹੈ। ਭਾਰਤੀ ਕਿਸਾਨ ਯੂਨੀਅਨ ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਉਨ੍ਹਾਂ ਨੂੰ ਅਜੇ ਤੱਕ ਪੂਰਾ ਨਹੀਂ ਪਤਾ ਪਰ ਕਿਸੇ ਵੀ ਉਲੰਘਣਾ ਲਈ ਆੜ੍ਹਤੀ ਉਤੇ ਕੇਸ ਕਰਨ ਦੀਆਂ ਸੂਚਨਾਵਾਂ ਖਤਰਨਾਕ ਹਨ। ਅਸਲ ਵਿਚ ਵੱਡੇ ਆੜ੍ਹਤੀਆਂ ਦੇ ਸ਼ੈੱਲਰ ਵੀ ਹਨ। ਉਨ੍ਹਾਂ ਨੂੰ ਆਪਣੇ ਆਪਣੇ ਸ਼ੈੱਲਰ ਵਿਚ ਆਪਣੇ ਗਾਹਕਾਂ ਦੀ ਕਣਕ ਲਵਾਉਣ ਦਾ ਅਧਿਕਾਰ ਦੇ ਦੇਣਾ ਚਾਹੀਦਾ ਸੀ। ਉਹ ਬਾਰਦਾਨਾ ਲੈ ਕੇ ਖੇਤਾਂ ਵਿਚੋਂ ਭਰਵਾ ਲੈਂਦੇ ਤੇ ਬੋਰੀਆਂ ਲਗਵਾ ਸਕਦੇ ਸਨ।

ਜ਼ਿਕਰਯੋਗ ਹੈ ਕਿ ਆੜ੍ਹਤੀ ਵੱਲੋਂ ਜਾਰੀ ਪਾਸ ਵਿਸ਼ੇਸ਼ ਮੰਡੀ ਲਈ ਹੀ ਹੋਵੇਗਾ। ਜੇਕਰ ਸਮੇਂ ਸਿਰ ਅਨਾਜ ਨਾ ਲਿਆਂਦਾ ਤਾਂ ਮਿਆਦ ਲੰਘੀ ਪਿੱਛੋਂ ਪਾਸ ਨਹੀਂ ਚੱਲੇਗਾ। ਪਾਸ ਦੀ ਫੋਟੋ ਕਾਫੀ ਜਾਂ ਫੋਟੋ ਨਹੀਂ ਚੱਲੇਗੀ। ਹਰ ਮੰਡੀ ਦੇ ਗੇਟ ਉਤੇ ਖੜ੍ਹੇ ਅਧਿਕਾਰੀ ਨੂੰ ਜੇਕਰ ਕਿਸੇ ਨੂੰ ਜ਼ੁਕਾਮ, ਖੰਘ ਜਾਂ ਬੁਖਾਰ ਦਾ ਸ਼ੱਕ ਹੋਵੇਗਾ ਤਾਂ ਟਰਾਲੀ ਨਹੀਂ ਜਾਣ ਦੇਣਗੇ ਅਤੇ ਉਸ ਨੂੰ ਹਸਪਤਾਲ ਵਿਚ ਜਾਂਚ ਲਈ ਜਾਣਾ ਪਵੇਗਾ। ਮੰਡੀਆਂ ਦੇ ਗੇਟਾਂ ਉਤੇ ਪੁਲਿਸ ਦਾ ਪਹਿਰਾ ਹੋਵੇਗਾ। ਪੰਜਾਬ ਦੀਆਂ ਮੰਡੀਆਂ ਵਿਚ 35 ਲੱਖ ਹੈਕਟੇਅਰ ਰਕਬੇ ਵਿਚੋਂ 135 ਲੱਖ ਟਨ ਕਣਕ ਆਉਣ ਦੀ ਉਮੀਦ ਹੈ।

## ਹਰਿਆਣਾ ਦੇ ਡਾਕਟਰਾਂ ਤੇ ਸਬੰਧਤ ਸਟਾਫ ਨੂੰ ਦੁੱਗਣੀ ਤਨਖਾਹ ਦੇਣ ਦਾ ਐਲਾਨ

**ਚੰਡੀਗੜ੍ਹ:** ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਨੇ ਕਰੋਨਾ ਵਾਇਰਸ ਦੇ ਮਰੀਜ਼ਾਂ ਦੇ ਇਲਾਜ ਵਿਚ ਲੱਗੇ ਡਾਕਟਰਾਂ, ਨਰਸਾਂ, ਪੈਰਾ ਮੈਡੀਕਲ ਸਟਾਫ, ਚੌਥੀ ਸ਼੍ਰੇਣੀ ਕਰਮਚਾਰੀਆਂ, ਐਂਬੂਲੈਂਸ ਦੇ ਸਟਾਫ, ਟੈਸਟਿੰਗ ਲੈਬ ਦੇ ਸਟਾਫ ਤੇ ਦੇਖਭਾਲ 'ਚ ਲੱਗੇ ਸਟਾਫ ਦੇ ਕਰਮਚਾਰੀਆਂ ਨੂੰ ਕਰੋਨਾ ਪੀਰੀਅਡ ਦੌਰਾਨ ਦੁੱਗਣੀ ਤਨਖਾਹ ਦੇਣ ਦਾ ਐਲਾਨ ਕੀਤਾ ਹੈ। ਮੁੱਖ ਮੰਤਰੀ ਨੇ ਇਹ ਐਲਾਨ ਡਾਕਟਰਾਂ, ਸਿਵਲ ਸਰਜਨਾਂ, ਮੈਡੀਕਲ ਸੰਸਥਾਵਾਂ ਤੇ ਇੰਡੀਅਨ ਮੈਡੀਕਲ ਐਸੋਸੀਏਸ਼ਨ ਦੇ ਅਧਿਕਾਰੀਆਂ ਨਾਲ ਵੀਡੀਓ ਕਾਨਫਰੰਸ ਦੌਰਾਨ ਕੀਤਾ।

ਐਕਸ-ਗਰੇਸ਼ੀਆ ਸਕੀਮ ਦਾ ਜ਼ਿਕਰ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਰਾਜ ਵਿਚ ਕੰਮ ਕਰ ਰਹੇ ਅਜਿਹੇ ਸਾਰੇ ਵਿਅਕਤੀ, ਜੋ ਕੇਂਦਰ ਸਰਕਾਰ ਦੇ ਐਲਾਨ ਸਕੀਮ ਵਿਚ ਪਾਤਰ ਨਹੀਂ ਹੁੰਦੇ, ਉਨ੍ਹਾਂ ਸਾਰਿਆਂ ਨੂੰ ਵੀ ਰਾਜ ਸਰਕਾਰ ਵਲੋਂ ਕਵਰ ਕੀਤਾ ਜਾਵੇਗਾ ਜਿਸ ਤਹਿਤ ਡਾਕਟਰਾਂ ਨੂੰ 50 ਲੱਖ ਰੁਪਏ, ਨਰਸ ਨੂੰ 30 ਲੱਖ ਰੁਪਏ, ਪੈਰਾ ਮੈਡੀਕਲ ਨੂੰ 20 ਲੱਖ ਰੁਪਏ ਅਤੇ ਚੌਥੀ ਸ਼੍ਰੇਣੀ ਕਰਮੀ ਨੂੰ 10 ਲੱਖ ਰੁਪਏ ਦੀ ਐਕਸ-ਗਰੇਸ਼ੀਆ ਦਾ ਲਾਭ ਦਿੱਤਾ ਜਾਵੇਗਾ।

# ਪੰਜਾਬ ਦੇ ਦੁੱਧ ਉਤਪਾਦਕਾਂ ਨੂੰ ਕਰੋਨਾ ਵਾਇਰਸ ਦੀ ਮਾਰ ਸਭ ਤੋਂ ਵੱਧ ਪਈ

**ਚੰਡੀਗੜ੍ਹ:** ਕਰੋਨਾ ਵਾਇਰਸ ਦੇ ਟਾਕਰੇ ਲਈ ਕਰਫਿਊ ਲੱਗਣ ਕਾਰਨ ਸਾਰਾ ਜਨਜੀਵਨ ਠੱਪ ਹੈ। ਖੇਤੀ ਦੇ ਸਭ ਤੋਂ ਵਧੇਰੇ ਪ੍ਰਚੱਲਿਤ ਤੇ ਸੁਖਾਲੇ ਸਹਾਇਕ ਧੰਦੇ ਦੁੱਧ ਉਤਪਾਦਨ ਉਪਰ ਇਸ ਦੀ ਵੱਡੀ ਮਾਰ ਪਈ ਹੋਈ ਹੈ। ਗਰਮੀ ਸ਼ੁਰੂ ਹੋਣ ਨਾਲ ਇਨ੍ਹਾਂ ਦਿਨਾਂ ਵਿਚ ਦੁੱਧ ਦੀ ਪੈਦਾਵਾਰ ਘਟ ਜਾਂਦੀ ਹੈ ਤੇ ਭਾਅ 'ਚ ਤੇਜ਼ੀ ਆ ਜਾਂਦੀ ਹੈ, ਪਰ ਇਸ ਵਾਰ ਉਲਟਾ ਹੋਇਆ ਹੈ ਕਿ ਕਰਫਿਊ ਕਾਰਨ ਬਾਜ਼ਾਰ, ਦੁਕਾਨਾਂ ਬੰਦ ਹਨ ਤੇ ਦੁੱਧ ਦੀ ਲਾਗਤ ਘਟ ਗਈ ਹੈ। ਦੁੱਧ ਦਾ ਭਾਅ ਪ੍ਰਤੀ ਕਿਲੋ 3 ਤੋਂ 4.5 ਰੁਪਏ ਘਟਾ ਦਿੱਤਾ ਗਿਆ ਹੈ। ਪਸ਼ੂਆਂ ਦੀ ਖੁਰਾਕ, ਤੂੜੀ ਤੇ ਹਰੇ ਚਾਰੇ ਦੇ ਭਾਅ ਵਧ ਗਏ ਹਨ। ਸਮੁੱਚਾ ਦੁੱਧ ਉਤਪਾਦਨ ਹੀ ਵੱਡੇ ਸੰਕਟ ਦੇ ਮੂੰਹ ਆ ਖੜ੍ਹਾ ਹੈ।



ਦੋਧੀਆਂ, ਹਲਵਾਈਆਂ ਤੇ ਠੇਕੇਦਾਰਾਂ ਨੂੰ ਦੁੱਧ ਪਾਉਣ ਵਾਲੇ ਲੱਖਾਂ ਉਤਪਾਦਕਾਂ ਦਾ ਤਾਂ ਹਰ ਰੋਜ਼ ਕਰੀਬ 50 ਲੱਖ ਲੀਟਰ ਦੁੱਖ ਵਿਕਣੋਂ ਹੀ ਰਹਿ ਰਿਹਾ ਹੈ। ਇਹ ਵੀ ਖਬਰਾਂ ਹਨ ਕਿ ਕਈ 20 ਰੁਪਏ ਲੀਟਰ ਤੱਕ ਵੇਚਣ ਨੂੰ ਮਜਬੂਰ ਹਨ ਤੇ ਕਈ ਘਿਓ ਆਦਿ ਤਿਆਰ ਕਰਨ ਲੱਗ ਪਏ ਹਨ। ਅਜਿਹਾ ਕਰਨ ਨਾਲ ਉਨ੍ਹਾਂ ਦੇ ਖਰਚੇ ਪੂਰੇ ਨਹੀਂ ਹੁੰਦੇ। ਸਰਕਾਰੀ ਤੇ ਗੈਰ ਸਰਕਾਰੀ ਹਲਕਿਆਂ ਮੁਤਾਬਕ ਪੰਜਾਬ ਅੰਦਰ ਔਸਤਨ ਰੋਜ਼ਾਨਾ 345 ਲੱਖ ਲੀਟਰ ਦੇ ਕਰੀਬ ਦੁੱਧ ਦੀ ਪੈਦਾਵਾਰ ਹੈ। ਮਿਲਕਫੈੱਡ ਦੇ ਮੈਨੇਜਿੰਗ ਡਾਇਰੈਕਟਰ ਕਮਲਜੀਤ ਸਿੰਘ ਸੰਘਾ ਦਾ ਕਹਿਣਾ ਹੈ ਕਿ ਇਨ੍ਹਾਂ ਦਿਨਾਂ 'ਚ ਦੁੱਧ ਉਤਪਾਦਨ 300 ਲੱਕ ਲੀਟਰ ਦੇ ਆਸ-ਪਾਸ ਹੈ। ਇਸ ਦੁੱਧ ਵਿਚੋਂ ਕਰੀਬ 50 ਫੀਸਦੀ ਘਰਾਂ 'ਚ ਹੀ ਵਰਤਿਆ ਜਾਂਦਾ ਹੈ ਤੇ ਇਸ ਤਰ੍ਹਾਂ ਕਰੀਬ ਅੱਧਾ ਬਚਿਆ 150 ਲੱਖ ਲੀਟਰ ਦੁੱਧ ਮੰਡੀ ਵਿਚ ਆਉਂਦਾ ਹੈ। ਮੰਡੀ ਵਿਚ ਆਏ ਦੁੱਧ ਵਿਚੋਂ 27 ਲੱਖ ਲੀਟਰ ਦੇ ਆਸ-ਪਾਸ ਤਾਂ ਮਿਲਕਫੈੱਡ ਖਰੀਦਦਾ ਹੈ ਤੇ 64 ਲੱਖ ਲੀਟਰ ਦੇ ਕਰੀਬ ਹੋਰ ਛੋਟੇ-ਵੱਡੇ ਦੁੱਧ ਪਲਾਂਟਾਂ ਵਾਲੇ ਖਰੀਦ ਕਰਦੇ ਹਨ। ਇਸ ਤਰ੍ਹਾਂ ਇਕ ਕਰੋੜ ਲੀਟਰ ਦੇ ਕਰੀਬ ਦੁੱਧ ਦੀ ਥਾਂ ਹਰ ਰੋਜ਼ ਖਰੀਦ ਹੋ ਜਾਂਦੀ ਹੈ, ਪਰ ਕਰੀਬ ਤੀਜਾ ਹਿੱਸਾ 50 ਲੱਖ ਲੀਟਰ ਦੇ ਕਰੀਬ ਦੁੱਧ ਨੂੰ ਖਰੀਦਣ ਵਾਲਾ ਹੀ ਕੋਈ ਨਹੀਂ ਮਿਲ ਰਿਹਾ।

ਪੰਜਾਬ 'ਚ ਦੁੱਧ ਉਤਪਾਦਕਾਂ ਦੀ ਇਕੋ-ਇਕ ਵੱਡੀ ਦੁੱਧ ਉਤਪਾਦਕ ਐਸੋਸੀਏਸ਼ਨ ਦੇ ਪ੍ਰਧਾਨ ਦਲਜੀਤ ਸਿੰਘ ਸਦਰਪੁਰਾ ਦਾ ਕਹਿਣਾ ਹੈ ਕਿ ਵਿਕਣੋਂ ਰਹਿ ਰਿਹਾ ਤੀਜਾ ਹਿੱਸਾ ਪੰਜਾਬ 'ਚ ਵੱਡੇ ਸੰਕਟ ਦਾ ਸੰਕੇਤ ਦੇ ਰਿਹਾ ਹੈ। ਮਿਲਕਫੈੱਡ ਪਿਛਲੇ ਵਰ੍ਹੇ ਨਾਲੋਂ 27 ਫੀਸਦੀ ਵਧੇਰੇ ਦੁੱਧ ਚੁੱਕ ਰਿਹਾ ਹੈ। ਮਿਲਕਫੈੱਡ ਨੇ ਸੁੱਕਾ ਦੁੱਧ ਬਣਾਉਣ ਵਾਲਾ ਪਲਾਂਟ ਪੂਰੀ ਸਮਰੱਥਾ ਨਾਲ ਚਾਲੂ ਕੀਤਾ ਹੋਇਆ ਹੈ ਤੇ ਪਸ਼ੂ ਖੁਰਾਕ ਬਣਾਉਣ ਵਾਲੀਆਂ ਸਾਰੀਆਂ ਫੈਕਟਰੀਆਂ ਵੀ ਕੰਮ ਕਰ ਰਹੀਆਂ ਹਨ, ਪਰ ਅਸਾਧਾਰਨ ਹੋਈ ਹਾਲਤ ਵਿਚ ਪਸ਼ੂ ਖੁਰਾਕ ਬਣਾਉਣ ਵਾਲੀਆਂ ਨਿੱਜੀ ਫੈਕਟਰੀਆਂ ਨੇ ਕੀਮਤਾਂ ਵਧਾ ਦਿੱਤੀਆਂ ਹਨ ਤੇ ਤੂੜੀ ਆਦਿ ਵੀ ਮਹਿੰਗੀ ਹੋ ਗਈ ਹੈ। ਦੁੱਧ ਦੇ ਭਾਅ ਘਟਣ ਤੇ ਪਸ਼ੂ ਖੁਰਾਕ 'ਚ ਤੇਜ਼ੀ ਅਤੇ 50 ਲੱਖ ਲੀਟਰ ਦੇ ਕਰੀਬ ਦੁੱਧ ਨਾ ਵਿਕਣ ਕਾਰਨ ਪੰਜਾਬ ਦੇ ਉਤਪਾਦਕਾਂ ਨੂੰ ਰੋਜ਼ਾਨਾ 20 ਤੋਂ 25 ਕਰੋੜ ਰੁਪਏ ਦਾ ਰਗੜਾ ਲੱਗ ਰਿਹਾ ਹੈ।

### ਗੁੱਜਰਾਂ ਤੋਂ ਮੁਫਤ ਦੁੱਧ ਲੈਣ ਤੋਂ ਵੀ ਨਾਂਹ

ਪੰਜਾਬ ਵਿਚ ਲੌਕਡਾਊਨ ਨੇ ਗੁੱਜਰ ਭਾਈਚਾਰੇ ਨੂੰ ਦੋਹਰੀ ਸੱਟ ਮਾਰੀ ਹੈ। ਉਨ੍ਹਾਂ ਦਾ ਦੁੱਧ ਹੁਣ ਕੋਈ ਮੁਫਤ ਵਿਚ ਵੀ ਲੈਣ ਲਈ ਤਿਆਰ ਨਹੀਂ। ਦੁੱਧ ਨਾ ਵਿਕਣ ਕਾਰਨ ਗੁੱਜਰਾਂ ਦੀ ਆਰਥਿਕ ਹਾਲਤ ਪਤਲੀ ਹੋ ਗਈ ਹੈ। ਕਈ ਗੁੱਜਰ ਤਾਂ 10 ਰੁਪਏ ਕਿਲੋ ਦੁੱਧ ਵੇਚਣ ਲਈ ਮਜਬੂਰ ਹੋ ਰਹੇ ਹਨ ਤੇ ਕਈ ਦੁੱਧ ਚੋਣ ਤੋਂ ਬਾਅਦ ਮੁੜ ਪਸ਼ੂਆਂ ਨੂੰ ਪਿਲਾ ਰਹੇ ਹਨ। ਇਨ੍ਹਾਂ ਗੁੱਜਰਾਂ ਦਾ ਕਹਿਣਾ ਸੀ ਕਿ ਜੇ ਮੱਝਾਂ ਦਾ ਦੁੱਧ ਰੋਜ਼ ਨਾ ਚੋਇਆ ਜਾਵੇ ਤਾਂ ਉਹ ਫਿਰ ਦੁੱਧ ਦੇਣੋਂ ਹਟ ਜਾਣਗੀਆਂ ਤਾਂ ਉਹ ਕਿੱਥੇ ਜਾਣਗੇ। ਕਈ ਪਿੰਡਾਂ ਵਿਚ ਤਾਂ ਗੁੱਜਰਾਂ ਦੇ ਪਿੰਡਾਂ ਵਿਚ ਵੜਨ ਉਤੇ ਵੀ ਰੋਕ ਲਾ ਦਿੱਤੀ ਗਈ ਹੈ। ਗੁੱਜਰਾਂ ਦੇ ਪਸ਼ੂ ਤੇ ਪਰਿਵਾਰਕ ਮੈਂਬਰ ਭੁੱਖ ਦਾ ਸ਼ਿਕਾਰ ਹੋਣ ਲੱਗ ਪਏ ਹਨ।

# ਔਖੀ ਘੜੀ 'ਚ ਪੰਜਾਬ ਨੂੰ ਮਿਲਿਆ 1136 ਕਰੋੜ ਦਾ ਜੀ.ਐਸ.ਟੀ. ਬਕਾਇਆ

**ਚੰਡੀਗੜ੍ਹ:** ਕੇਂਦਰ ਸਰਕਾਰ ਨੇ ਇਸ ਔਖੀ ਘੜੀ ਵਿਚ ਸੂਬਿਆਂ ਵਲੋਂ ਜੀ.ਐਸ.ਟੀ. ਦੇ ਬਕਾਏ ਦੇਣ ਦੀ ਮੰਗ ਨੂੰ ਅੰਸ਼ਕ ਰੂਪ 'ਚ ਪ੍ਰਵਾਨ ਕਰਦਿਆਂ ਕੁਝ ਪੈਸਾ ਜਾਰੀ ਕੀਤਾ ਹੈ। ਪੰਜਾਬ ਸਰਕਾਰ ਨੂੰ ਜੀ.ਐਸ.ਟੀ. ਬਕਾਏ ਦੇ 1136 ਕਰੋੜ ਰੁਪਏ ਮਿਲ ਗਏ ਹਨ ਪਰ 5664 ਕਰੋੜ ਰੁਪਏ ਅਜੇ ਵੀ ਕੇਂਦਰ ਵੱਲ ਬਕਾਇਆ ਖੜ੍ਹੇ ਹਨ। ਇਸ ਪੈਸੇ ਨਾਲ ਤਨਖਾਹਾਂ ਦੇਣ ਦਾ ਕੰਮ ਵੀ ਨਹੀਂ ਚਲਣਾ ਕਿਉਂਕਿ ਤਨਖਾਹਾਂ ਲਈ 2100 ਕਰੋੜ ਰੁਪਏ ਚਾਹੀਦੇ ਹਨ।

ਕਰੋਨਾ ਨਾਲ ਜੰਗ ਲੜਨ ਲਈ ਵੱਖਰੇ ਤੌਰ ਉਤੇ ਪੈਸਾ ਚਾਹੀਦਾ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਜੀ.ਐਸ.ਟੀ. ਦਾ ਬਕਾਇਆ ਅਦਾ ਕਰਨ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਪੱਤਰ ਲਿਖੇ ਸਨ। ਉਨ੍ਹਾਂ ਮੰਗ ਕੀਤੀ ਸੀ ਕਿ ਲੌਕਡਾਊਨ ਅਤੇ ਕਰਫਿਊ ਕਰਕੇ ਸੂਬੇ ਦੇ ਆਪਣੇ ਸਾਧਨਾਂ ਤੋਂ ਆਮਦਨ ਬੰਦ ਹੋ ਚੁੱਕੀ ਹੈ ਅਤੇ ਸੂਬੇ ਨੂੰ ਕੋਵਿਡ-19 ਖਿਲਾਫ ਲੜਾਈ ਲੜਨ 'ਚ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਲਈ ਉਨ੍ਹਾਂ ਜੀ.ਐਸ.ਟੀ. ਦਾ ਬਕਾਇਆ ਅਤੇ ਮੁਆਵਜ਼ਾ ਫੌਰੀ ਤੌਰ ਉਤੇ ਜਾਰੀ ਕਰਨ ਲਈ ਕਿਹਾ ਸੀ। ਕੇਂਦਰ ਵੱਲੋਂ ਜੀ.ਐਸ.ਟੀ. ਦੇ ਮਿਲੇ ਬਕਾਏ ਬਾਰੇ ਇਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਇਹ ਪੈਸਾ ਸਰਕਾਰ ਦੀ ਆਮਦਨ ਹੈ ਅਤੇ ਇਸ ਵਿਚੋਂ ਤਨਖਾਹਾਂ ਦੇਣ ਸਮੇਤ ਹੋਰ ਕੰਮਾਂ 'ਚ ਇਸ ਨੂੰ ਵਰਤਿਆ ਜਾਵੇਗਾ। ਉਂਜ ਕਰੋਨਾ ਵਾਇਰਸ ਨਾਲ ਨਜਿੱਠਣਾ ਪ੍ਰਾਥਮਿਕਤਾ ਰਹੇਗੀ।

ਪੰਜਾਬ ਸਰਕਾਰ ਨੂੰ ਡੀਜ਼ਲ, ਪੈਟਰੋਲ, ਸ਼ਰਾਬ, ਜ਼ਮੀਨਾਂ ਦੀ ਵੇਚ ਵੱਟਤ, ਅਤੇ ਹੋਰ ਟੈਕਸਾਂ ਰਾਹੀਂ ਆਮਦਨ ਬੰਦ ਹੋ ਚੁੱਕੀ ਹੈ। ਹੁਣ ਜ਼ਰੂਰੀ ਵਸਤਾਂ ਦੀ ਢੋਆ-ਢੁਆਈ ਲਈ ਟਰੱਕ ਚਲ ਰਹੇ ਹਨ ਅਤੇ ਕੰਬਾਈਨਾਂ ਤੇ ਟਰੈਕਟਰ ਚੱਲਣੇ ਸ਼ੁਰੂ ਹੋ ਜਾਣਗੇ ਜਿਸ ਨਾਲ ਕੁਝ ਆਮਦਨ ਆਉਣ ਲੱਗੇਗੀ। ਕਰੋਨਾ ਵਾਇਰਸ ਮਹਾਮਾਰੀ ਦਰਮਿਆਨ ਸੂਬਿਆਂ ਨੂੰ ਹੋਰ ਰਾਹਤ ਦੇਣ ਦੇ ਇਰਾਦੇ ਨਾਲ ਵਿੱਤ ਮੰਤਰਾਲੇ ਵੱਲੋਂ ਹੁਣ ਤੱਕ ਦੋ ਕਿਸ਼ਤਾਂ ਵਿਚ ਤਕਰੀਬਨ 34 ਹਜ਼ਾਰ ਕਰੋੜ ਰੁਪਏ ਜੀ.ਐਸ.ਟੀ. ਮੁਆਵਜ਼ੇ ਵਜੋਂ ਜਾਰੀ ਕੀਤੇ ਜਾ ਚੁੱਕੇ ਹਨ। ਸੂਤਰਾਂ ਨੇ ਕਿਹਾ ਕਿ 14,103 ਕਰੋੜ ਰੁਪਏ ਜਾਰੀ ਕੀਤੇ ਜਾਣ ਨਾਲ ਕੇਂਦਰ ਨੇ ਅਕਤੂਬਰ ਅਤੇ ਨਵੰਬਰ ਦਾ ਬਕਾਇਆ ਜੀ.ਐਸ.ਟੀ. ਮੁਆਵਜ਼ਾ 34,053 ਕਰੋੜ ਰੁਪਏ ਅਦਾ ਕਰ ਦਿੱਤਾ ਹੈ। 19,950 ਕਰੋੜ ਰੁਪਏ ਦੀ ਪਹਿਲੀ ਕਿਸ਼ਤ 17 ਫਰਵਰੀ ਨੂੰ ਅਦਾ ਕੀਤੀ ਜਾ ਚੁੱਕੀ ਹੈ।

ਸੂਤਰਾਂ ਨੇ ਕਿਹਾ ਕਿ ਵਿੱਤ ਮੰਤਰਾਲਾ ਦਸੰਬਰ ਅਤੇ ਜਨਵਰੀ ਦਾ ਬਕਾਇਆ ਵੀ ਸੂਬਿਆਂ ਨੂੰ ਕਿਸ਼ਤਾਂ ਵਿਚ ਛੇਤੀ ਜਾਰੀ ਕਰ ਸਕਦਾ ਹੈ। ਸਰਕਾਰ ਨੇ ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਜੀ.ਐਸ.ਟੀ. ਮੁਆਵਜ਼ੇ ਵਜੋਂ ਕਰੀਬ 1.35 ਲੱਖ ਕਰੋੜ ਰੁਪਏ ਜਾਰੀ ਕੀਤੇ ਹਨ। ਕਾਨੂੰਨ ਤਹਿਤ ਜੀ.ਐਸ.ਟੀ. ਲਾਗੂ ਹੋਣ ਦੇ ਪਹਿਲੇ ਪੰਜ ਸਾਲਾਂ ਦੌਰਾਨ ਜੇਕਰ ਮਾਲੀਏ 'ਚ ਕੋਈ ਨੁਕਸਾਨ ਹੁੰਦਾ ਹੈ ਤਾਂ ਕੇਂਦਰ ਵੱਲੋਂ ਸੂਬਿਆਂ ਨੂੰ ਇਸ ਦੀ ਭਰਪਾਈ ਕੀਤੀ ਜਾਵੇਗੀ।

ਕੇਂਦਰ ਪਹਿਲੀ ਜੁਲਾਈ 2017 ਨੂੰ ਜੀ.ਐਸ.ਟੀ. ਲਾਗੂ ਕੀਤੇ ਜਾਣ ਤੋਂ ਬਾਅਦ ਹੁਣ ਤਕ ਸੂਬਿਆਂ ਨੂੰ ਮੁਆਵਜ਼ੇ ਵਜੋਂ ਕਰੀਬ 2.45 ਲੱਖ ਕਰੋੜ ਰੁਪਏ ਜਾਰੀ ਕਰ ਚੁੱਕਾ ਹੈ। ਲੌਕਡਾਊਨ ਦਾ ਅਸਰ ਜੀ.ਐਸ.ਟੀ. ਇਕੱਤਰ ਕਰਨ ਉਤੇ ਵੀ ਪਿਆ ਹੈ ਅਤੇ ਮਾਰਚ 'ਚ ਇਹ ਅੰਕੜਾ ਇਕ ਲੱਖ ਕਰੋੜ ਦੇ ਨਿਸ਼ਾਨੇ ਤੋਂ ਖੁੰਝ ਗਿਆ। ਪਿਛਲੇ ਮਹੀਨੇ 97,597 ਕਰੋੜ ਰੁਪਏ ਜੀ.ਐਸ.ਟੀ. ਇਕੱਤਰ ਹੋਇਆ ਸੀ। ਮਾਰਚ 2019 ਵਿਚ ਜੀ.ਐਸ.ਟੀ. 1.06 ਲੱਖ ਕਰੋੜ ਰੁਪਏ ਇਕੱਠਾ ਹੋਇਆ ਸੀ ਜਿਸ ਦੇ ਮੁਕਾਬਲੇ 'ਚ ਇਸ ਸਾਲ 8.4 ਫੀਸਦੀ ਦੀ ਗਿਰਾਵਟ ਦਰਜ ਕੀਤੀ ਗਈ ਹੈ।

-ਕਰੋਨਾ ਸੰਕਟ-

# ਸ਼੍ਰੋਮਣੀ ਕਮੇਟੀ ਗੁਰਦੁਆਰਿਆਂ ਵਿਚ ਹੀ ਲੰਗਰ ਵਰਤਾਏਗੀ

**ਸ੍ਰੀ ਆਨੰਦਪੁਰ ਸਾਹਿਬ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖ ਵਿਦਵਾਨਾਂ ਵਲੋਂ ਗਲੀ-ਗਲੀ ਜਾ ਕੇ ਲੰਗਰ ਵੰਡਣ ਤੋਂ ਸੰਕੋਚ ਕਰਨ ਦੀ ਦਿੱਤੀ ਗਈ ਸਲਾਹ ਉਤੇ ਅਮਲ ਕਰ ਲਿਆ ਹੈ। ਹੁਣ ਸ਼੍ਰੋਮਣੀ ਕਮੇਟੀ ਕਰੋਨਾ ਮਹਾਮਾਰੀ ਦੌਰਾਨ ਸਿਰਫ ਗੁਰਦੁਆਰਿਆਂ ਦੇ ਲੰਗਰ ਹਾਲਾਂ ਵਿਚ ਹੀ ਲੰਗਰ ਵਰਤਾਏਗੀ।



ਇਸ ਦਾ ਕਾਰਨ ਖੁੱਲ੍ਹੇਆਮ ਲੰਗਰ ਵਰਤਾਉਣ ਨਾਲ ਮੁਲਾਜ਼ਮਾਂ ਤੇ ਆਮ ਲੋਕਾਂ ਦਰਮਿਆਨ ਸਮਾਜਿਕ ਦੂਰੀ ਬਰਕਰਾਰ ਨਾ ਰੱਖ ਸਕਣ ਨੂੰ ਦੱਸਿਆ ਗਿਆ ਹੈ। ਜ਼ਿਕਰਯੋਗ ਹੈ ਕਿ ਕਰੋਨਾ ਮਹਾਮਾਰੀ ਦੌਰਾਨ ਜਿਥੇ ਸਾਰੇ ਧਰਮਾਂ ਨੇ ਆਪਣੇ ਧਾਰਮਿਕ ਅਸਥਾਨਾਂ ਨੂੰ ਬੰਦ ਕਰ ਦਿੱਤਾ ਸੀ ਉਥੇ ਸਿੱਖਾਂ ਦੇ ਧਾਰਮਿਕ ਅਸਥਾਨ ਹੀ ਖੁੱਲ੍ਹੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵੱਖ-ਵੱਖ ਗੁਰਦੁਆਰਿਆਂ ਜਿਨ੍ਹਾਂ ਵਿਚ ਤਖਤ ਸ੍ਰੀ ਕੇਸਗੜ੍ਹ ਸਾਹਿਬ, ਗੁਰਦੁਆਰਾ ਬਿਭੌਰ ਸਾਹਿਬ ਨੰਗਲ, ਗੁਰਦੁਆਰਾ ਪਰਿਵਾਰ ਵਿਛੋੜਾ ਸਾਹਿਬ, ਬਾਬਾ ਗੁਰਦਿੱਤਾ ਜੀ, ਪਤਾਲਪੁਰੀ ਸਾਹਿਬ, ਗੁਰਦੁਆਰਾ ਭੱਠਾ ਸਾਹਿਬ ਆਦਿ ਤੋਂ ਰੋਜ਼ਾਨਾ 20 ਹਜ਼ਾਰ ਲੋਕਾਂ ਦਾ ਲੰਗਰ ਤਿਆਰ ਕਰਕੇ ਵਰਤਾਇਆ ਜਾਂਦਾ ਸੀ ਜੋ ਪਿਛਲੇ ਦੋ ਦਿਨਾਂ ਤੋਂ ਮਹਿਜ਼ ਇਕ ਹਜ਼ਾਰ ਤੱਕ ਹੀ ਸੀਮਤ ਕਰ ਦਿੱਤਾ ਗਿਆ ਹੈ।

ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਕਿਹਾ ਕਿ ਖੁੱਲ੍ਹੇਆਮ ਲੰਗਰ ਵੰਡਣ ਨਾਲ ਮੁਲਾਜ਼ਮਾਂ ਤੇ ਲੰਗਰ ਲੈਣ ਵਾਲੇ ਲੋੜਵੰਦਾਂ 'ਚ ਸਮਾਜਿਕ ਦੂਰੀ ਨਹੀਂ ਰੱਖੀ ਜਾ ਸਕਦੀ। ਇਸ ਤੋਂ ਇਲਾਵਾ ਸ਼ਿਕਾਇਤਾਂ ਵੀ ਆ ਰਹੀਆਂ ਸਨ ਕਿ ਕੁਝ ਸਵਾਰਥੀ ਲੋਕ ਲੰਗਰ ਦੇ ਨਾਮ ਉਤੇ ਆਪਣੀ ਸਿਆਸਤ ਚਮਕਾ ਰਹੇ ਹਨ। ਇਸ ਕਰਕੇ ਗੁਰਦੁਆਰਿਆਂ ਵਿਚ ਹੀ ਲੰਗਰ ਵੰਡਣ ਦਾ ਫੈਸਲਾ ਲਿਆ ਗਿਆ ਹੈ।

ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੈਨੇਜਰ ਜਸਵੀਰ ਸਿੰਘ ਨੇ ਕਿਹਾ ਕਿ ਸਰਕਾਰ ਵਲੋਂ ਰਾਸ਼ਨ ਮੁਹੱਈਆ ਕਰਵਾਉਣ ਅਤੇ ਹੋਰ ਸੰਸਥਾਵਾਂ ਵਲੋਂ ਵੀ ਲੰਗਰ ਜਾਂ ਰਾਸ਼ਨ ਵੰਡਣ ਕਰਕੇ ਗੁਰੂ ਘਰ ਦੇ ਲੰਗਰ ਦੀ ਬੇਕਦਰੀ ਹੋਣ ਲੱਗ ਪਈ ਸੀ। ਇਸ ਕਰਕੇ ਹੁਣ ਲੰਗਰ ਹਾਲ 'ਚ ਵੀ ਲੰਗਰ ਤਿਆਰ ਕਰਕੇ ਵਰਤਾਇਆ ਜਾਂਦਾ ਹੈ ਤੇ ਜੇ ਕਿਸੇ ਨੂੰ ਜ਼ਰੂਰਤ ਹੋਵੇ ਤਾਂ ਉਥੇ ਪਹੁੰਚਾ ਵੀ ਦਿੱਤਾ ਜਾਂਦਾ ਹੈ।

# ਕਰੋਨਾ ਬਾਰੇ ਹਿਫਾਜ਼ਤੀ ਹਦਾਇਤਾਂ ਦੇ ਨਾਲ ਪਰਿਵਾਰਕ ਤੇ ਸਮਾਜਕ ਫਰਜ ਵੀ ਨਿਭਾਈਏ: ਦੁਪਾਲਪੁਰ

**ਨਵਾਂ ਸ਼ਹਿਰ (ਬਿਊਰੋ):** ਪ੍ਰਸਿੱਧ ਕੀਰਤਨੀਏ ਪਦਮਸ਼੍ਰੀ ਭਾਈ ਨਿਰਮਲ ਸਿੰਘ ਖਾਲਸਾ ਦੀ ਦੇਹ ਦੀ ਬੇਹੁਰਮਤੀ ਵਾਲੇ ਅਤਿ ਦੁਖਦਾਈ ਵਾਕਿਆ ਪਿਛੋਂ ਆਪਣੇ ਪਰਿਵਾਰਕ ਜੀਆਂ ਦੀਆਂ ਮ੍ਰਿਤਕ ਦੇਹਾਂ ਦਾ ਖੁਦ ਅੰਤਿਮ ਸਸਕਾਰ ਕਰਨ ਤੋਂ ਇਨਕਾਰੀ ਹੋਣ ਦੀਆਂ ਵਧਦੀਆਂ ਜਾ ਰਹੀਆਂ ਘਟਨਾਵਾਂ ਤੋਂ ਚਿੰਤਿਤ ਹੁੰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਮੈਂਬਰ ਅਤੇ ਕਾਲਮਨਵੀਸ ਸ. ਤਰਲੋਚਨ ਸਿੰਘ ਦੁਪਾਲਪੁਰ ਨੇ ਆਪਣੇ ਪਿੰਡ ਦੁਪਾਲਪੁਰ ਦੇ ਕੁਝ ਪਤਵੰਤੇ ਸੱਜਣਾਂ ਨਾਲ ਉਚੇਚਾ ਮੀਟਿੰਗ ਕੀਤੀ ਤਾਂ ਜੋ ਸਮਾਜ ਲਈ ਜਾ ਰਿਹਾ ਹੈ ਤਾਂ ਜੋ ਉਨ੍ਹਾਂ ਦਾ ਅੰਤਿਮ ਸਸਕਾਰ ਨਾ ਕਰਨਾ ਪਵੇ।

ਇਸ ਮੌਕੇ ਉਨ੍ਹਾਂ ਨਾਲ ਸਰਪੰਚ ਤਰਸੇਮ ਸਿੰਘ, ਬਲਾਕ ਸੰਮਤੀ ਨਵਾਂ ਸ਼ਹਿਰ ਦੇ ਮੈਂਬਰ ਗੁਰਬਚਨ ਸਿੰਘ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਦੁਪਾਲਪੁਰ ਦੇ ਪ੍ਰਧਾਨ ਭਾਈ ਕ੍ਰਿਪਾਲ ਸਿੰਘ, ਸੈਣੀ ਸਭਾ ਜਿਲਾ ਨਵਾਂ ਸ਼ਹਿਰ ਦੇ ਪ੍ਰਧਾਨ ਰਿਟਾ. ਕੈਪਟਨ ਸਤਨਾਮ ਸਿੰਘ ਅਤੇ ਸਮਾਜ ਸੇਵਕ ਭਾਈ ਦਿਲਬਾਗ ਸਿੰਘ ਜੰਮੂ ਵੀ ਹਾਜਰ ਸਨ।

ਮੀਟਿੰਗ ਵਿਚ ਇਹ ਤਜਵੀਜ਼ ਵੀ ਆਈ ਕਿ ਪਿੰਡ



*(ਖੱਬਿਓਂ) ਸਰਪੰਚ ਤਰਸੇਮ ਸਿੰਘ, ਕੈਪਟਨ ਸਤਨਾਮ ਸਿੰਘ, ਸਾਬਕਾ ਸਰਪੰਚ ਗੁਰਬਚਨ ਸਿੰਘ, ਗਿਆਨੀ ਕਿਰਪਾਲ ਸਿੰਘ ਅਤੇ ਤਰਲੋਚਨ ਸਿੰਘ ਦੁਪਾਲਪੁਰ*

ਇਸ ਮੌਕੇ ਕੋਈ ਯੋਗ ਸੁਝਾਅ ਲੱਭੇ ਜਾ ਸਕਣ।

ਪਿੰਡ ਦੀ ਸਰਕਾਰੀ ਡਿਸਪੈਂਸਰੀ ਲਾਗੇ ਇਕੱਠੇ ਹੋਏ ਚੋਣਵੇਂ ਸੱਜਣਾਂ ਨਾਲ ਗੱਲਬਾਤ ਕਰਦਿਆਂ ਸ. ਦੁਪਾਲਪੁਰ ਨੇ ਕਿਹਾ ਕਿ ਸਾਨੂੰ ਕਰੋਨਾ ਮਹਾਮਾਰੀ ਬਾਰੇ ਸਰਕਾਰ ਅਤੇ ਡਾਕਟਰਾਂ ਦੀਆਂ ਹਿਫਾਜ਼ਤੀ ਹਦਾਇਤਾਂ ਦਾ ਸਖਤੀ ਨਾਲ ਪਾਲਣ ਕਰਨਾ ਚਾਹੀਦਾ ਹੈ, ਪਰ ਇਸ ਦੇ ਨਾਲ ਅਸੀਂ ਆਪਣੇ ਸਮਾਜਕ ਤੇ ਪਰਿਵਾਰਕ ਫਰਜ਼ਾਂ ਨੂੰ ਵੀ ਤਿਲਾਂਜਲੀ ਨਾ ਦੇਈਏ। ਉਨ੍ਹਾਂ ਭਰੇ ਮਨ ਨਾਲ ਕਿਹਾ ਕਿ ਜਿਸ ਸਮਾਜ ਵਿਚ ਕਿਸੇ ਸੱਤ ਬਿਗਾਨੇ ਦੇ ਬਲਦੇ ਸਿਵੇ ਵਿਚ ਤੁਰੇ ਜਾਂਦੇ ਰਾਹੀ/ਮੁਸਾਫਿਰ ਵਲੋਂ ਗੋਹਟਾ ਪਾ ਕੇ ਜਾਣ ਦੀ ਰਵਾਇਤ ਚੱਲੀ ਆ ਰਹੀ ਹੋਵੇ, ਉਥੇ ਡਾਕਟਰਾਂ ਵਲੋਂ ਸਪਸ਼ਟ ਦੱਸੇ ਜਾਣ ਦੇ ਬਾਵਜੂਦ ਆਪਣੇ ਸਕੇ ਸਬੰਧੀਆਂ ਦੀਆਂ ਮ੍ਰਿਤਕ ਦੇਹਾਂ ਲੈਣ ਤੋਂ ਇਨਕਾਰ ਕੀਤਾ ਦੁਪਾਲਪੁਰ ਦੇ ਇਕੋ ਇੱਕ ਸਾਂਝੇ ਸ਼ਮਸ਼ਾਨਘਾਟ ਨੂੰ ਕਰੋਨਾ ਦੀ ਲਾਗ ਤੋਂ ਮ੍ਰਿਤਕ ਦੇਹਾਂ ਦੇ ਅੰਤਿਮ ਸਸਕਾਰ ਕਰਨ ਲਈ ਅਧਿਕਾਰੀਆਂ ਨਾਲ ਗੱਲਬਾਤ ਕੀਤੀ ਜਾਵੇ। ਸਰਪੰਚ ਤਰਸੇਮ ਸਿੰਘ ਨੇ ਕਿਹਾ ਕਿ ਉਹ ਜਲਦੀ ਹੀ ਪੰਚਾਇਤ ਮੈਂਬਰਾਂ ਨਾਲ ਇਸ ਵਿਸ਼ੇ 'ਤੇ ਸਲਾਹ ਮਸ਼ਵਰਾ ਕਰਨਗੇ।

ਪਿੰਡ ਵਿਚ ਸਮੇਂ ਸਮੇਂ ਲਾਊਡ ਸਪੀਕਰ 'ਤੇ ਜਰੂਰੀ ਹਦਾਇਤਾਂ ਦੀ ਅਨਾਊਂਸਮੈਂਟ ਕਰਨ ਦੀ ਸੇਵਾ ਨਿਭਾਉਣ ਵਾਲੇ ਕੈਪਟਨ ਸਤਨਾਮ ਸਿੰਘ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਨੂੰ ਬੇਨਤੀ ਕੀਤੀ ਗਈ ਕਿ ਉਹ ਲੋਕਾਂ ਨੂੰ ਸਮਾਜਕ ਅਤੇ ਪਰਿਵਾਰਕ ਫਰਜਾਂ ਪ੍ਰਤੀ ਵੀ ਜਾਗਰੂਕ ਕਰਦੇ ਰਹਿਣ। ਇਸ ਮੌਕੇ ਕਰੋਨਾ ਕਾਰਨ ਪਿੰਡ ਵਿਚ ਲਾਏ ਜਾ ਰਹੇ ਨਾਕਿਆਂ ਅਤੇ ਹੋਰ ਪ੍ਰਬੰਧਾਂ ਦੀ ਗੰਭੀਰਤਾ ਨਾਲ ਸਮੀਖਿਆ ਵੀ ਕੀਤੀ ਗਈ।

# ਮਾਂ ਤੇ ਆਖਿਰ ਮਾਂ ਹੁੰਦੀ ਏ!

ਕਰੋਨਾ ਦੀ ਦਹਿਸ਼ਤ ਅੱਜ ਲੋਕਾਂ ਦੇ ਮਨਾਂ 'ਚ ਇਸ ਕਦਰ ਹਾਵੀ ਹੈ ਕਿ ਢਿੱਡੋਂ ਜੰਮੇ ਬੱਚੇ ਵੀ ਕਰੋਨਾ ਨਾਲ ਮਰੇ ਆਪਣੇ ਮਾਂ-ਪਿਉ ਦੀਆਂ ਲਾਸ਼ਾਂ ਲੈਣ ਨੂੰ ਤਿਆਰ ਨਹੀਂ ਹਨ। ਉਹ ਮ੍ਰਿਤਕ ਦੇਹਾਂ ਲੈਣ ਤੋਂ ਨਾਂਹ ਕਰ ਦਿੰਦੇ ਹਨ ਤੇ ਸਸਕਾਰ ਦੀਆਂ ਤਮਾਮ ਜਿੰਮੇਵਾਰੀ ਪ੍ਰਸ਼ਾਸਨ 'ਤੇ ਸੁੱਟ ਦਿੰਦੇ ਹਨ। ਅਜੋਕੇ ਸਮਾਜ ਵਿਚ ਕਦਰਾਂ-ਕੀਮਤਾਂ ਕਿਸ ਕਦਰ ਖਤਮ ਹੋ ਰਹੀਆਂ ਹਨ ਕਿ ਕਿਤੇ ਕਿਸੇ ਸੁਸਾਇਟੀ ਵਾਲਿਆਂ ਨੇ ਕਰੋਨਾ ਨਾਲ ਮਰੇ ਬੰਦੇ ਨੂੰ ਦਫਨਾਉਣ ਤੋਂ ਮਨ੍ਹਾਂ ਕਰਦਿਆਂ ਕਬਰਿਸਤਾਨ ਨੂੰ ਜਿੰਦਰੇ ਮਾਰ ਦਿੱਤੇ ਅਤੇ ਕਿਸੇ ਥਾਂ ਸ਼ਮਸ਼ਾਨਘਾਟ ਬੰਦ ਕਰ ਦਿੱਤਾ ਗਿਆ।

ਕਰੋਨਾ ਵਾਇਰਸ ਕਾਰਨ ਹੋਏ ਲੌਕਡਾਊਨ ਦੇ ਚਲਦਿਆਂ ਦੇਸ਼ 'ਚ ਵੱਖ-ਵੱਖ ਥਾਂਈਂ ਵੱਡੀ ਗਿਣਤੀ ਵਿਚ ਲੋਕ ਫਸੇ ਪਏ ਹਨ। ਇਸੇ ਦੌਰਾਨ ਇੱਕ ਅਜਿਹੀ ਘਟਨਾ ਸਾਹਮਣੇ ਆਈ ਹੈ, ਜਿਸ ਤੋਂ ਲੱਗਦਾ ਹੈ ਕਿ ਵਾਕਈ ਮਾਂ ਦੇ ਦਿਲ ਵਿਚ ਆਪਣੀ ਔਲਾਦ ਲਈ ਮਮਤਾ ਦਾ ਜੋ ਜਜ਼ਬਾ ਹੈ, ਉਸ ਦਾ ਕੋਈ ਸਾਨੀ ਨਹੀਂ ਹੈ।



*ਰਜ਼ੀਆ ਅਤੇ ਉਸ ਦਾ ਪੁੱਤਰ*

ਲੌਕਡਾਊਨ ਕਾਰਨ ਤੇਲੰਗਾਨਾ ਦੇ ਨਿਜ਼ਾਮਾਬਾਦ ਜਿਲੇ ਦੀ 48 ਸਾਲਾ ਵਿਧਵਾ ਔਰਤ ਰਜ਼ੀਆ ਬੇਗਮ ਦਾ ਬੇਟਾ ਉਸ ਦੇ ਘਰ ਤੋਂ ਕਰੀਬ 700 ਕਿਲੋਮੀਟਰ ਦੂਰ ਆਂਧਰਾ ਪ੍ਰਦੇਸ਼ ਦੇ ਸ਼ਹਿਰ ਨੈਲੌਰ ਵਿਖੇ ਫਸ ਗਿਆ। ਕੋਈ ਹੋਰ ਚਾਰਾ ਨਾ ਵੇਖਦਿਆਂ ਉਸ ਮਾਂ ਨੇ ਬੇਟੇ ਨੂੰ ਘਰ ਲਿਆਉਣ ਲਈ ਸਕੂਟੀ 'ਤੇ ਲੰਮਾ ਸਫਰ ਤੈਅ ਕੀਤਾ ਅਤੇ ਅਖੀਰ ਬੇਟੇ ਨੂੰ ਘਰ ਲਿਆਉਣ ਵਿਚ ਸਫਲ ਹੋਈ।

ਰਜ਼ੀਆ ਬੇਗਮ ਨਿਜ਼ਾਮਾਬਾਦ ਦੇ ਸ਼ਹਿਰ ਬੋਧਨ 'ਚ ਇੱਕ ਸਰਕਾਰੀ ਅਧਿਆਪਕਾ ਹੈ। ਉਹ ਆਪਣੇ ਬੇਟੇ ਨੂੰ ਲਿਆਉਣ ਲਈ 6 ਅਪਰੈਲ 2020 ਨੂੰ ਸਵੇਰੇ ਸਕੂਟੀ 'ਤੇ ਰਵਾਨਾ ਹੋਈ ਅਤੇ 7 ਅਪਰੈਲ ਦੁਪਹਿਰ ਨੂੰ ਨੈਲੌਰ ਪਹੁੰਚ ਗਈ। ਉਥੋਂ ਉਸ ਨੇ ਆਪਣੇ 17 ਸਾਲਾ ਬੇਟੇ ਮੁਹੰਮਦ ਨਿਜ਼ਾਮੁਦੀਨ ਨੂੰ ਸਕੂਟਰੀ 'ਤੇ ਬਿਠਾਇਆ ਅਤੇ ਆਪਣੇ ਘਰ ਵਲ ਵਾਪਸੀ ਲਈ ਚਾਲੇ ਪਾ ਦਿੱਤੇ ਤੇ 8 ਅਪਰੈਲ ਦੀ ਸ਼ਾਮ ਨੂੰ ਆਪਣੇ ਘਰ ਸਹੀ ਸਲਾਮਤ ਪਹੁੰਚ ਗਈ।

ਬੋਧਨ ਜਿਲੇ ਦੇ ਸਹਾਇਕ ਪੁਲਿਸ ਕਮਿਸ਼ਨਰ (ਏ. ਸੀ. ਪੀ.) ਵੀ. ਜੈਪਾਲ ਰੈਡੀ ਨੇ ਰਜ਼ੀਆ ਦੀ ਇਸ ਕੰਮ ਵਿਚ ਮਦਦ ਕੀਤੀ। ਰਜ਼ੀਆ ਦੀ ਬੇਨਤੀ 'ਤੇ ਜੈਪਾਲ ਰੈਡੀ ਨੇ ਉਸ ਨੂੰ ਇਕ ਵਿਸ਼ੇਸ਼ ਪੱਤਰ ਜਾਰੀ ਕਰ ਦਿੱਤਾ। ਸਫਰ ਦੌਰਾਨ ਪੁਲਿਸ ਨੇ ਕਈ ਥਾਂਈਂ ਰਜ਼ੀਆ ਨੂੰ ਰੋਕਿਆ, ਪਰ ਏ. ਸੀ. ਪੀ. ਦੇ ਵਿਸ਼ੇਸ਼ ਪਾਸ ਕਾਰਨ ਉਸ ਨੂੰ ਬਹੁਤੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਿਆ। ਨਿਜ਼ਾਮੁਦੀਨ ਹੈਦਰਾਬਾਦ ਵਿਚ ਮੈਡੀਕਲ ਦਾਖਲਾ ਪ੍ਰੀਖਿਆ ਦੀ ਤਿਆਰੀ ਕਰ ਰਿਹਾ ਹੈ। ਉਹ ਆਪਣੇ ਦੋਸਤ ਨਾਲ ਨੈਲੌਰ ਗਿਆ ਸੀ, ਜਿੱਥੇ ਉਸ ਦੇ ਦੋਸਤ ਦੇ ਪਿਤਾ ਹਸਪਤਾਲ ਵਿਚ ਦਾਖਲ ਸਨ।

ਆਪਣੇ ਸਫਰ ਦੀ ਗੱਲ ਕਰਦਿਆਂ ਰਜ਼ੀਆ ਨੇ ਕਿਹਾ ਕਿ ਇੱਕ ਔਰਤ ਲਈ ਟੂ-ਵ੍ਹੀਲਰ ਦਾ ਸਫਰ ਆਸਾਨ ਨਹੀਂ ਸੀ, ਪਰ ਬੇਟੇ ਨੂੰ ਵਾਪਿਸ ਲਿਆਉਣ ਦੀ ਮੇਰੀ ਇੱਛਾ ਸ਼ਕਤੀ ਅੱਗੇ ਇਹ ਡਰ ਵੀ ਗਾਇਬ ਹੋ ਗਿਆ। ਮੈਂ ਰੋਟੀ ਪੈਕ ਕੀਤੀ ਅਤੇ ਸਫਰ 'ਤੇ ਨਿਕਲ ਪਈ।

*-ਮੁਹੰਮਦ ਅੱਬਾਸ ਧਾਲੀਵਾਲ*
*ਫੋਨ: 91-98552-59650*

Midway Business Broker




For All Your Commercial Real Estate Needs




We Help You To
*Gas Station
*Commercial
*Liquor Store
*Hotel/Motel
*Miscellaneous Store

We will assist you to provide funding from $25K to $500K in 48 hrs.

List your business at: WWW.MBBBIZ.COM
Ajeet Singh: 847-529-9778
Nick Verma: 630-664-1435

ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

Gurdip Singh Sandhu
Homeopathic Practitioner/Consultant Since 1973
DHMS-Gold Medalist, BAMS, MDEh.- India
**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

Live on Jas TV
Saturday 9:30AM and Sunday 4PM (Pacific Time)
7021 Village Park Way, Dublin, CA 94568
Email: Homeomedicine@yahoo.com

Michigan Truck Driving School
6405 Middlebelt Road, Romulus, MI 48174

ਖੁਸ਼ਖਬਰੀ ! ਖੁਸ਼ਖਬਰੀ ! !
ਖੁਸ਼ਖਬਰੀ ! ! !
ਹੁਣ 48 ਸਟੇਟਾਂ ਵਿਚ ਮਨਜ਼ੂਰਸ਼ੁਦਾ




*ਆਪਣੀ ਸਟੇਟ ਤੋਂ ਲਰਨਿੰਗ ਪਰਮਿਟ ਲੈ ਕੇ ਆਓ ਤੇ ਉਸੇ ਸਟੇਟ ਦਾ ਡਰਾਈਵਿੰਗ ਲਾਇਸੈਂਸ ਲਓ
*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
Raj Jamarai Cell:734-644-1010 Office:734-747-4298

# ਕਰੋਨਾ ਵਾਇਰਸ ਅਤੇ ਆਰਥਕ ਸੰਕਟ ਦਾ ਇਲਾਜ

*ਕਰੋਨਾ ਵਾਇਰਸ ਕਾਰਨ ਸਮੁੱਚੇ ਸੰਸਾਰ ਅੰਦਰ ਉਥਲ-ਪੁਥਲ ਹੋ ਰਹੀ ਹੈ। ਹੁਣ ਇਹ ਤੈਅ ਹੈ ਕਿ ਕਰੋਨਾ ਸੰਕਟ ਪਿਛੋਂ ਸੰਸਾਰ ਪਹਿਲਾਂ ਜਿਹਾ ਨਹੀਂ ਹੋਵੇਗਾ। ਵਿਦਵਾਨ ਕਿਆਸਅਰਾਈਆਂ ਲਾ ਰਹੇ ਹਨ ਕਿ ਸੰਸਾਰ ਦਾ ਰੁਖ ਕਿਸ ਪਾਸੇ ਜਾਵੇਗਾ। ਇਸ ਵਿਚ ਵਾਤਾਵਰਣ ਦਾ ਮੁੱਦਾ ਸਭ ਤੋਂ ਅਹਿਮ ਹੈ। ਅਸਲ ਵਿਚ ਇਸ ਸੰਕਟ ਨੇ ਸੰਸਾਰ ਦੇ ਵਿਕਾਸ ਮਾਡਲ ਉਤੇ ਵੱਡਾ ਸਵਾਲੀਆ ਨਿਸ਼ਾਨ ਲਾਇਆ ਹੈ। ਹੁਣ ਇਹ ਦੇਖਣਾ ਬਾਕੀ ਹੈ ਕਿ ਸੰਸਾਰ ਦੇ ਵੱਖ-ਵੱਖ ਮੁਲਕ ਇਸ ਸੰਕਟ ਤੋਂ ਕਿਹੜੇ-ਕਿਹੜੇ ਸਬਕ ਸਿੱਖਦੇ ਹਨ ਅਤੇ ਆਪਣੀਆਂ ਨਵੀਆਂ ਨੀਤੀਆਂ ਵਿਚ ਕਿਹੜੀਆਂ-ਕਿਹੜੀਆਂ ਤਬਦੀਲੀ ਕਰਦੇ ਹਨ। ਇਸ ਸਮੁੱਚੇ ਹਾਲਾਤ ਬਾਰੇ ਚਰਚਾ ਸ. ਗੁਰਬਚਨ ਸਿੰਘ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ। -ਸੰਪਾਦਕ*

ਸੁਖਵਿੰਦਰ ਪੱਪੀ ਦੇ ਫੇਸਬੁੱਕ ਸਫੇ ਉਤੇ ਬਹੁਤ ਵਧੀਆ ਇਬਾਰਤ ਲਿਖੀ ਹੈ,

"ਬਹੁਤ ਸਾਰੇ ਲੋਕਾਂ ਨੇ ਇਹ ਸਹੀ ਲਿਖਿਆ ਹੈ ਕਿ ਜਲੰਧਰ ਤੋਂ ਅੰਦਾਜ਼ਨ 250 ਕਿਲੋਮੀਟਰ ਦੂਰ ਧੌਲਾਧਾਰ ਦੀਆਂ ਪਹਾੜੀਆਂ ਦਿਸ ਰਹੀਆਂ ਹਨ। ਪੰਜਾਬ 'ਚ ਜਦੋਂ ਕੋਈ ਵਾਤਾਵਰਨ ਦੀ ਗੱਲ ਕਰਦਾ ਸੀ ਤਾਂ 'ਵਾਤਾਵਰਨ ਪ੍ਰੇਮੀ' ਉਸ ਲਈ ਐਸਾ ਸ਼ਬਦ ਸੀ ਕਿ ਅਗਲੇ ਨੂੰ ਪਤਾ ਵੀ ਨਹੀਂ ਸੀ ਲਗਦਾ ਕਿ ਕਹਿਣ ਵਾਲਾ ਉਸ ਦੀ ਪ੍ਰਸ਼ੰਸਾ ਕਰ ਰਿਹਾ ਹੈ ਜਾਂ ਬੇਇਜ਼ਤੀ। ਹੁਣ ਘਰਾਂ ਵਿਚ ਬੈਠੇ ਮੱਧ ਵਰਗੀ ਲੋਕਾਂ ਨੂੰ ਵੀ ਵਾਤਾਵਰਨ ਦੀ ਗੱਲ ਪ੍ਰਭਾਵਿਤ ਕਰ ਰਹੀ ਹੈ। ਇਹ ਸਦਮੇ ਵਿਚੋਂ ਨਿਕਲਣ ਤੇ ਆਪਣੀਆਂ ਗਲਤੀਆਂ ਦਾ ਪਛਤਾਵਾ ਕਰਨ ਦਾ ਮੌਕਾ ਵੀ ਹੈ। ਇਹ ਨਖਲਿਸਤਾਨ ਨੂੰ ਫੜਦੇ ਫੜਦੇ ਮਾਰੂਥਲ ਵਿਚ ਹੰਭ ਕੇ ਖੜ੍ਹੇ ਹਿਰਨ ਦਾ ਸਵੈਚਿੰਤਨ ਵੀ ਹੈ। ਮਧ ਵਰਗੀ ਬੰਦਾ ਜਦੋਂ

**ਗੁਰਬਚਨ ਸਿੰਘ**
ਫੋਨ: 91-98156-98451

ਸੋਚਦਾ ਹੈ ਅਤੇ ਚਿੰਤਨ ਕਰਦਾ ਹੈ, ਤਾਂ ਉਸ ਦੀ ਖੂਬੀ ਇਹ ਹੈ ਕਿ ਉਸ ਦਾ ਸਵੈ-ਲਾਲਚ ਉਸ ਦੇ ਚਿੰਤਨ ਵਿਚੋਂ ਕਦੇ ਵੀ ਗਾਇਬ ਨਹੀਂ ਹੁੰਦਾ। ਉਹ ਹੁਣ ਵੀ 'ਵਾਤਾਵਰਨ ਪ੍ਰੇਮੀ' ਹੋ ਕੇ ਮਹਾਨ ਹੋਣ ਦਾ ਮੌਕਾ ਨਹੀਂ ਗਵਾਉਣਾ ਚਾਹੁੰਦਾ।

ਮੌਜੂਦਾ ਵਿਸ਼ਵ ਸੰਕਟ ਨੇ ਆਦਮੀ ਨੂੰ ਪਹਾੜ, ਬਿਰਖ, ਪਸ਼ੂ, ਪੰਛੀ, ਤਾਰੇ, ਆਸਮਾਨ ਬਾਰੇ ਸੋਚਣ ਦੀ ਵਿਹਲ ਦਿਤੀ ਹੈ। ਲੋਕ ਕੁਦਰਤ ਦੇ ਗੁਣ ਗਾਉਣ, ਉਸ ਦੀ ਮਹਿਮਾ ਕਰਨ, ਉਸ ਦੇ ਅਪਰਮ ਅਪਾਰ ਹੋਣ ਅਤੇ ਉਸ ਦੇ ਸਦੀਵੀ ਮਹਾਨ ਹੋਣ ਦੀਆਂ ਕਹਾਣੀਆਂ ਸੁਣਾਉਣ ਲੱਗੇ ਹਨ, ਪਰ ਉਨ੍ਹਾਂ ਦੀਆਂ ਸਭ ਕਹਾਣੀਆਂ ਵਿਚੋਂ ਉਹ 'ਹੀਰੋ' ਗਾਇਬ ਹੈ, ਜੋ ਇਸ ਸਾਰੇ ਕਾਰੇ ਦਾ ਦੋਸ਼ੀ ਹੈ। ਦੁਨੀਆਂ ਦਾ ਉਹ ਕਾਰਪੋਰੇਟ, ਜਿਸ ਨੇ ਪੂੰਜੀ ਦੀ ਅੰਨ੍ਹੀ ਹਵਸ ਦੀ ਪੂਰਤੀ ਲਈ ਕੁੱਲ ਦੁਨੀਆਂ ਦੀ ਕਿਰਤ ਸ਼ਕਤੀ ਦੇ ਖੂਨ ਨੂੰ ਮੂੰਹ ਲਾ ਕੇ ਹੀ ਨਹੀਂ ਡੀਕਿਆ, ਕੁੱਲ ਧਰਤੀ ਦੀ 99 ਫੀਸਦੀ ਵਸੋਂ ਨੂੰ ਨਰਕ ਦੇ ਮੂੰਹ ਵਿਚ ਹੀ ਨਹੀਂ ਧਕਿਆ, ਸਗੋਂ ਕੁੱਲ ਕਾਇਨਾਤ ਦੇ ਜੀਵ ਜੰਤੂਆਂ, ਪਸ਼ੂ-ਪੰਛੀਆਂ, ਬਿਰਖਾਂ ਨਦੀਆਂ, ਪਹਾੜਾਂ, ਜੰਗਲਾਂ ਨੂੰ ਵੀ ਬਲਦੀ ਦੇ ਬੂਥੇ ਦਿਤਾ ਹੈ। ਅੱਜ ਜੇ ਧਰਤੀ ਉਤੇ ਕੁਝ ਵੀ ਸੁਰਖਿਅਤ ਨਹੀਂ ਤਾਂ ਇਸ ਲਈ ਕੋਈ ਤਾਂ ਜ਼ਿੰਮੇਵਾਰ ਹੋਵੇਗਾ ਹੀ? ਇਹ ਸਾਰਾ ਕੁਝ ਮੁਢ ਕਦੀਮ ਤੋਂ ਤਾਂ ਇੰਜ ਨਹੀਂ ਸੀ। ਕੁਦਰਤ ਆਦਮੀ ਦੀਆਂ ਲੋੜਾਂ ਤੋਂ ਕਦੇ ਵੀ ਮੁਨਕਰ ਨਹੀਂ ਹੋਈ, ਪਰ ਕੁਦਰਤ ਆਦਮੀ ਦੀ ਹਵਸ ਦਾ ਢਿੱਡ ਨਹੀਂ ਭਰ ਸਕਦੀ। ਮੌਜੂਦਾ ਸੰਕਟ ਪੂੰਜੀਪਤੀਆਂ ਦਾ ਕੁਦਰਤ ਨੂੰ ਹੋਰ ਨਿਚੋੜਨ ਦਾ ਸੰਕਟ ਹੈ। ਵਾਇਰਸ ਮਨੁੱਖ ਨੇ ਬਣਾਇਆ ਹੈ ਜਾਂ ਕੁਦਰਤੀ ਹੈ, ਦੋਨਾਂ ਪੱਖਾਂ ਤੋਂ ਸਿੱਟਾ ਕੁਦਰਤ ਨਾਲ ਹਥੋਪਾਈ ਕਰਨ ਦਾ ਹੀ ਹੈ। ਮਨੁੱਖ ਦੇ ਜੀਣ ਥੀਣ ਦਾ ਮੌਜੂਦਾ ਮਾਡਲ ਕੁਦਰਤ ਮੁਤਾਬਕ ਨਾ ਹੋ ਕੇ ਕੁਦਰਤ ਦੇ ਵਿਪਰੀਤ ਮੰਡੀ ਦੀ ਲੋੜ ਵਿਚੋਂ ਨਿਕਲਿਆ ਹੈ। ਇਸ ਮਾਡਲ ਦੇ ਰਸਤੇ ਜਿਥੇ ਪਹੁੰਚਦੇ ਹਨ, ਅੱਜ ਅਸੀਂ ਉਥੇ ਹੀ ਪਹੁੰਚੇ ਹਾਂ।

ਇਸ ਦੀ ਤਾਜ਼ਾ ਮਿਸਾਲ ਦੁਨੀਆਂ ਦਾ ਅਖੌਤੀ ਸਰਬ ਸ੍ਰੇਸ਼ਠ ਮੁਲਕ ਅਮਰੀਕਾ ਦਾ ਲੌਕਡਾਊਨ ਨਾ ਕਰਨਾ ਹੈ। ਉਹ ਇਸ ਵੱਡੀ ਆਫਤ ਵਿਚ ਵੀ 'ਰੱਬ' ਦੀ ਸਰਬ ਉਚ ਰਚਨਾ ਮਨੁੱਖ ਨੂੰ ਦਾਅ 'ਤੇ ਲਾ ਕੇ ਜੀ.ਡੀ.ਪੀ. ਨੂੰ ਉਪਰ ਰੱਖਣੀ ਚਾਹੁੰਦਾ ਹੈ। ਇਸ ਕਰਕੇ ਉਸ ਨੇ ਐਲਾਨੀਆ ਤੌਰ 'ਤੇ ਢਾਈ ਲੱਖ ਲੋਕਾਂ ਦੀ ਬਲੀ ਦੇਣ ਦਾ ਫੈਸਲਾ ਲਿਆ ਹੈ। ਹੁਣ ਕੀ ਇਹ ਕਰੋਨਾ ਕਹਿਰ ਹੋਵੇਗਾ ਜਾਂ ਮੰਡੀ ਦੀ ਲੋੜ ਵਿਚੋਂ ਨਿਕਲਿਆ ਚੰਦ ਉਨ੍ਹਾਂ ਪੂੰਜੀਪਤੀਆਂ ਦਾ ਇਕ ਕਾਤਲਾਨਾ ਫਰਮਾਨ? ਇਹ ਫੈਸਲਾ ਹੁਣ ਤੁਸੀਂ ਕਰਨਾ ਹੈ। ਕੱਲ੍ਹ ਨੂੰ ਜਦੋਂ ਇਤਿਹਾਸ ਇਸ ਮਹਾਮਾਰੀ ਵਿਚ ਮਾਰੇ ਗਏ ਲੋਕਾਂ ਦੀ ਗਿਣਤੀ ਕਰੇਗਾ ਤਾਂ ਕੀ ਅਸੀਂ ਇਸ ਨੂੰ ਕਰੋਨਾ ਦੀ ਮਾਰ ਕਹਾਂਗੇ ਜਾ ਮੰਡੀ ਦੀ ਲੋੜ? ਵਾਤਾਵਰਨ ਦਾ ਸੁਆਲ ਪੂੰਜੀ ਦੀ ਅੰਨ੍ਹੀ ਹਵਸ ਦੇ ਸੁਆਲ ਤੋਂ ਭੋਰਾ ਭਰ ਵੀ ਵੱਖਰਾ ਨਹੀਂ। ਜਿੰਨੀ ਦੇਰ ਅਸੀਂ ਇਸ ਸੁਆਲ ਨੂੰ ਸੰਬੋਧਤ ਨਹੀਂ ਹੁੰਦੇ, ਉਨੀ ਦੇਰ ਅਸੀਂ ਦੁਨੀਆਂ ਭਰ ਦੇ ਲੋਕਾਂ ਨਾਲ ਹੋ ਰਹੇ ਇਸ ਵੱਡੇ ਫਰਾਡ ਨੂੰ ਨਹੀਂ ਸਮਝ ਸਕਦੇ।

ਆਖਰੀ ਗੱਲ! ਜਦੋਂ ਪਿੰਡ ਦਾ ਆਖਰੀ ਚੁੱਲ੍ਹਾ ਕਿਸੇ ਪੂੰਜੀਪਤੀ ਦੀ ਮਿਹਰ ਨਾਲ ਚੱਲਣਾ ਬੰਦ ਹੋ ਜਾਏਗਾ, ਤਾਂ ਜਲੰਧਰ ਤੋਂ ਹਰ ਰੋਜ਼ ਹੀ ਧੌਲਦਾਰ ਦੀਆਂ ਪਹਾੜੀਆਂ ਦਿਸਿਆ ਕਰਨਗੀਆਂ।"

---

ਇਹ ਕਰੋਨਾ ਵਾਇਰਸ ਫੈਲਣ ਦੇ ਡਰੋਂ ਹੋਏ ਲੌਕਡਾਊਨ ਦਾ ਸਿੱਟਾ ਹੈ। ਬੜੇ ਸਾਲਾਂ ਪਿਛੋਂ ਜਲੰਧਰ ਵਿਚ ਗੂੜ੍ਹੀ ਨੀਲੀ ਭਾਹ ਮਾਰਦਾ ਆਕਾਸ਼ ਵਿਖਾਈ ਦਿੱਤਾ ਹੈ। ਸ਼ਾਇਦ ਬਹੁਤ ਸਾਲਾਂ ਪਿਛੋਂ ਮਨੁੱਖੀ ਫੇਫੜਿਆਂ ਨੂੰ ਭਰਪੂਰ ਮਾਤਰਾ ਵਿਚ ਸ਼ੁਧ ਆਕਸੀਜਨ ਮਿਲੀ ਹੈ। ਸ਼ੁਧ ਆਕਸੀਜਨ ਮਨੁੱਖੀ ਹੋਂਦ ਲਈ ਕਿੰਨੀ ਜਰੂਰੀ ਹੈ, ਇਸ ਬਾਰੇ ਮੈਂ ਆਪਣਾ ਤਜਰਬਾ ਸਾਂਝਾ ਕਰਨਾ ਚਾਹੁੰਦਾ ਹਾਂ। ਮੈਲਬਰਨ (2016) ਦੀ ਆਪਣੀ ਵਾਪਸੀ ਤੋਂ ਕੁਝ ਦਿਨ ਪਹਿਲਾਂ ਮੈਂ ਆਪਣੇ ਤੋਂ ਦੋ ਸਾਲ ਵੱਡੇ ਇਟੈਲੀਅਨ ਮੂਲ ਦੇ 68 ਸਾਲਾਂ ਗੁਆਂਢੀ ਟੋਨੀ ਨਾਲ ਬੋਟੈਨੀਕਲ ਪਾਰਕ ਵੇਖਣ ਚਲਾ ਗਿਆ। ਮੇਰੇ ਉਥੇ ਰਹਿੰਦਿਆਂ ਹੀ ਟੋਨੀ ਦੇ ਪੇਟ ਵਿਚ ਕੈਂਸਰ ਹੋਣ ਦਾ ਪਤਾ ਲੱਗਾ ਸੀ। ਅਸੀਂ ਦੋਵੇਂ ਸਵੇਰੇ 10 ਵਜੇ ਘਰੋਂ ਗਏ ਸ਼ਾਮ ਨੂੰ 6 ਵਜੇ ਵਾਪਸ ਮੁੜੇ। ਬੋਟੈਨੀਕਲ ਪਾਰਕ ਬਹੁਤ ਵੱਡਾ ਸੀ ਤੇ ਅਸੀਂ ਦੋਵੇਂ ਉਸ ਦੀ ਸੈਰ ਕਰਦੇ ਕਈ ਵਾਰ ਰਸਤਾ ਭੁੱਲੇ। ਇਸ ਦੌਰਾਨ ਅਸੀਂ ਸਿਰਫ ਇਕ-ਇਕ ਕੱਪ ਕਾਫੀ ਦਾ ਪੀਤਾ ਤੇ ਇਕ-ਇਕ ਬਰਗਰ ਖਾਧਾ। ਆਉਣ-ਜਾਣ ਵਿਚ ਕਰੀਬ ਇਕ ਘੰਟੇ ਮੈਟਰੋ ਦੇ ਸਫਰ ਤੋਂ ਬਿਨਾਂ ਬਾਕੀ ਸਾਰਾ ਸਮਾਂ ਅਸੀਂ ਪੈਦਲ ਘੁੰਮੇ। ਘਰ ਵਾਪਸੀ ਉਤੇ ਏਨਾ ਪੈਦਲ ਸਫਰ ਕਰਨ ਦੇ ਬਾਵਜੂਦ ਕੋਈ ਥਕੇਵਾਂ ਨਾ ਹੋਣ ਬਾਰੇ ਮੈਨੂੰ ਥੋੜ੍ਹੀ ਜਿਹੀ ਚਿੰਤਾ ਹੋਈ ਕਿ ਇਸ ਉਮਰ ਵਿਚ ਥਕੇਵਾਂ ਨਾ ਹੋਣਾ ਵੀ ਰੋਗ ਹੋ ਸਕਦਾ ਹੈ। ਜਦੋਂ ਕਿ ਜਲੰਧਰ ਵਿਚ ਅੱਧੇ ਘੰਟੇ ਤੋਂ ਵੱਧ ਸੈਰ ਕਰਨ ਨਾਲ ਥਕੇਵਾਂ ਹੋ ਜਾਂਦਾ ਹੈ। ਇਸ ਦਾ ਜ਼ਿਕਰ ਮੈਂ ਆਪਣੇ ਪੁੱਤਰ ਨਾਲ ਵੀ ਕੀਤਾ। ਕੁਝ ਚਿਰ ਸੋਚ ਕੇ ਮੈਨੂੰ ਇਹ ਸਮਝ ਆਈ ਕਿ ਇਸ ਦਾ ਕਾਰਨ ਇਥੋਂ ਦੇ ਵਾਤਾਵਰਨ ਵਿਚ ਸ਼ੁਧ ਆਕਸੀਜਨ ਦੀ ਮਾਤਰਾ ਹੈ। ਮਨੁੱਖੀ ਸੈਲ ਨੂੰ ਨਰੋਆ ਰੱਖਣ ਲਈ ਮੁਖ ਤੌਰ 'ਤੇ ਦੋ ਹੀ ਵਸਤਾਂ ਚਾਹੀਦੀਆ ਹਨ- ਸ਼ੁਧ ਆਕਸੀਜਨ ਅਤੇ ਸੰਤੁਲਿਤ ਭੋਜਨ ਵਿਚੋਂ ਪ੍ਰਾਪਤ ਗਲੂਕੋਜ਼।

ਕਰੋਨਾ ਵਾਇਰਸ ਨਾਲ ਲੜਨ ਲਈ ਡਾਕਟਰ ਕਹਿ ਰਹੇ ਹਨ ਕਿ ਆਪਣੇ ਇਮਿਊਨ ਸਿਸਟਮ, ਭਾਵ ਸਰੀਰ ਦੀ ਰੋਗਾਂ ਨਾਲ ਲੜਨ ਦੀ ਸਮਰਥਾ ਨੂੰ ਤਗੜਾ ਕਰੋ। ਇਹ ਸਮਰਥਾ ਤਗੜੀ ਕਿਵੇਂ ਹੋ ਸਕਦੀ ਹੈ? ਸਰੀਰ ਨੂੰ ਸ਼ੁੱਧ ਆਕਸੀਜਨ, ਸਾਫ ਪਾਣੀ ਤੇ ਸੰਤੁਲਿਤ ਭੋਜਨ ਮਿਲੇ। ਹੱਥੀਂ ਕਿਰਤ ਕਰਕੇ ਸਰੀਰ ਨੂੰ ਕਮਾਇਆ ਜਾਏ। ਉਸਾਰੂ ਸਮਾਜੀ ਵਿਦਿਆ ਨਾਲ ਆਪਣਾ ਆਤਮਿਕ ਬਲ ਵਧਾ ਕੇ ਦਿਲ (ਮਨ) ਨੂੰ ਢਹਿੰਦੀ ਕਲਾ ਵਿਚ ਜਾਣ ਤੋਂ ਰੋਕਿਆ ਜਾਏ, ਪਰ ਮੂਰਤੀ ਤੇ ਪੈਸਾ ਪੂਜ ਸਾਮਰਾਜੀ ਢਾਂਚੇ ਨੇ ਸੰਤੁਲਿਤ ਭੋਜਨ ਦੀ ਪ੍ਰਾਪਤੀ ਅਸੰਭਵ ਬਣਾ ਦਿਤੀ ਹੈ। ਬੰਦੇ ਨੂੰ ਹੱਥੀਂ ਕਿਰਤ ਨਾਲੋਂ ਤੋੜ ਦਿੱਤਾ ਹੈ। ਸਮਾਜੀ ਵਿਦਿਆ ਦੀ ਥਾਂ ਮੂਰਤੀ ਤੇ ਪੈਸਾ ਪੂਜ ਵਿਦਿਆ ਦੇ ਕੇ ਬੰਦੇ ਨੂੰ ਆਤਮਿਕ ਅਤੇ ਮਾਨਸਿਕ ਤੌਰ 'ਤੇ ਏਨਾ ਕਮਜ਼ੋਰ ਬਣਾ ਦਿਤਾ ਹੈ ਕਿ ਉਹ ਮਾੜੀ ਜਿਹੀ ਮੁਸੀਬਤ ਤੋਂ ਹੀ ਘਾਬਰ ਜਾਂਦਾ ਹੈ। ਅਜਿਹਾ ਡਰਿਆ ਹੋਇਆ ਮਨੁੱਖ ਭਲਾ ਕਰੋਨਾ ਵਾਇਰਸ ਬਾਰੇ ਫੈਲਾਈ ਗਈ ਦਹਿਸ਼ਤ ਦਾ ਸਾਹਮਣਾ ਕਿਵੇਂ ਕਰ ਸਕਦਾ ਹੈ?

ਸੰਸਾਰ ਸਿਹਤ ਸੰਸਥਾ ਦੇ ਹਵਾਲੇ ਨਾਲ ਇਹ ਜਾਣਕਾਰੀ ਦਿਤੀ ਗਈ ਹੈ ਕਿ ਹੱਥੀਂ ਕਿਰਤ ਕਰਨ ਵਾਲੇ ਤੇ ਮਿਹਨਤਕਸ਼ ਲੋਕ ਇਸ ਵਬਾ ਦਾ ਘੱਟ ਸ਼ਿਕਾਰ ਹੋਏ ਹਨ, ਕਿਉਂਕਿ ਮਿਹਨਤੀ ਲੋਕਾਂ ਦੀ ਰੋਗਾਂ ਨਾਲ ਲੜਨ ਦੀ ਸਮਰੱਥਾ ਵੱਧ ਹੁੰਦੀ ਹੈ। ਅਰਬਾਂ ਡਾਲਰਾਂ ਦੀ ਕਮਾਈ ਦੇ ਧੰਦੇ ਨੂੰ ਬਰਕਰਾਰ ਰੱਖਣ ਲਈ ਸਾਮਰਾਜੀ ਕੰਪਨੀਆਂ ਨੇ ਕੂੜ ਪ੍ਰਚਾਰ ਦਾ ਏਨਾ ਹੜ੍ਹ ਲਿਆਂਦਾ ਹੋਇਆ ਹੈ ਕਿ ਕੋਕਾ ਕੋਲਾ ਤੇ ਪੈਪਸੀ ਕੋਲਾ ਜਿਹੀਆਂ ਹਜ਼ਾਰਾਂ ਕੰਪਨੀਆਂ ਨੇ ਬੇਲੋੜੀ ਅਤੇ ਹੱਦੋਂ ਵਧ ਖੰਡ ਪਿਆ-ਪਿਆ ਕੇ ਹੁਣ ਤਕ ਕਰੋੜਾਂ-ਕਰੋੜ ਲੋਕਾਂ ਨੂੰ ਮੋਟਾਪੇ ਦਾ ਰੋਗੀ ਬਣਾਇਆ ਹੈ। ਆਤਮਿਕ ਤੌਰ 'ਤੇ ਕੰਗਾਲ ਬਹੁਗਿਣਤੀ ਮੱਧ ਵਰਗੀ ਲੋਕ ਅੱਜ ਜਿਉਣ ਖਾਤਰ ਨਹੀਂ ਖਾਂਦੇ, ਸਗੋਂ ਖਾਣ ਖਾਤਰ ਜਿਉਂਦੇ ਹਨ। ਭਾਰ ਘਟਾਉਣ ਦੇ ਉਲਟੇ-ਸਿੱਧੇ ਢੰਗ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਇਨ੍ਹਾਂ ਸਾਮਰਾਜੀ ਕੰਪਨੀਆਂ ਦੇ ਕੂੜ ਪ੍ਰਚਾਰ ਨੇ ਸੰਤੁਲਿਤ ਭੋਜਨ ਦੀ ਪਛਾਣ ਹੀ ਖਤਮ ਕਰ ਦਿਤੀ ਹੈ।

ਦੂਜੇ ਪਾਸੇ ਆਲਮੀ ਆਰਥਕ ਸੰਕਟ ਏਨਾ ਗੰਭੀਰ ਹੈ ਕਿ ਇਸ ਨੇ ਮੋਦੀਕਿਆਂ ਸਮੇਤ ਸਾਰੇ ਸਾਮਰਾਜੀ ਢਾਂਚੇ ਦੀਆਂ ਚੂਲਾਂ ਹਿਲਾਈਆਂ ਹੋਈਆਂ ਹਨ। ਜੋ ਮੋਦੀਕੇ ਸਾਲ ਪਹਿਲਾਂ 3 ਲੱਖ ਕਰੋੜ ਦੀ ਬੁਲਿਟ ਟਰੇਨ ਚਲਾਉਣ ਦੀਆਂ ਬੜ੍ਹਕਾਂ ਮਾਰਦੇ ਸਨ, ਅੱਜ ਮੁਸੀਬਤਾਂ ਮਾਰੇ ਲੋਕਾਂ ਕੋਲੋਂ ਕਰੋਨਾ ਨਾਲ ਲੜਨ ਲਈ ਫੰਡ ਮੰਗ ਰਹੇ ਹਨ।

ਤਾਲਸਤਾਏ ਆਪਣੇ ਸਭ ਤੋਂ ਪ੍ਰਸਿਧ ਨਾਵਲ 'ਜੰਗ ਤੇ ਅਮਨ' ਵਿਚ ਲਿਖਦਾ ਹੈ, "ਇਤਿਹਾਸ ਬਾਦਸ਼ਾਹਾਂ ਦਾ ਗੁਲਾਮ ਨਹੀਂ ਹੁੰਦਾ, ਸਗੋਂ ਬਾਦਸ਼ਾਹ ਇਤਿਹਾਸ ਦੇ ਗੁਲਾਮ ਹੁੰਦੇ ਨੇ। ਕਿਸੇ ਇਕ ਘਟਨਾ ਪਿਛੇ ਕਦੇ ਵੀ ਇਕ ਕਾਰਨ ਨਹੀਂ ਹੁੰਦਾ, ਉਹ ਕਈ ਕਾਰਨਾਂ ਕਰ ਕੇ ਹੋਂਦ ਵਿਚ ਆਉਂਦੀ ਹੈ ਅਤੇ ਉਹ ਕਾਰਨ ਕਿਸੇ ਇਕ ਬੰਦੇ ਦੇ ਕਾਬੂ ਤੋਂ ਬਾਹਰ ਹੁੰਦੇ ਨੇ।"

**ਆਲਮੀ ਆਰਥਕ ਸੰਕਟ ਏਨਾ ਗੰਭੀਰ ਹੈ ਕਿ ਇਸ ਨੇ ਮੋਦੀਕਿਆਂ ਸਮੇਤ ਸਾਰੇ ਸਾਮਰਾਜੀ ਢਾਂਚੇ ਦੀਆਂ ਚੂਲਾਂ ਹਿਲਾਈਆਂ ਹੋਈਆਂ ਹਨ। ਜਿਹੜੇ ਮੋਦੀਕੇ ਸਾਲ ਪਹਿਲਾਂ ਤਿੰਨ ਲੱਖ ਕਰੋੜ ਦੀ ਬੁਲਿਟ ਟਰੇਨ ਚਲਾਉਣ ਦੀਆਂ ਬੜ੍ਹਕਾਂ ਮਾਰਦੇ ਸਨ, ਅੱਜ ਮੁਸੀਬਤਾਂ ਮਾਰੇ ਲੋਕਾਂ ਕੋਲੋਂ ਕਰੋਨਾ ਨਾਲ ਲੜਨ ਲਈ ਫੰਡ ਮੰਗ ਰਹੇ ਹਨ ਅਤੇ ਕਰੋਨਾ ਵਾਇਰਸ ਤੇ ਸੰਸਾਰ ਆਰਥਕ ਮੰਦਵਾੜੇ ਕਾਰਨ ਬੌਂਦਲੇ ਪਏ ਨੇ।**

ਤਾਲਸਤਾਏ ਦਾ ਇਹ ਕਥਨ ਅੱਜ ਮੋਦੀਕਿਆਂ 'ਤੇ ਪੂਰਾ ਢੁਕਦਾ ਹੈ। ਕੁਝ ਮਹੀਨੇ ਪਹਿਲਾਂ ਤਕ ਇਸ ਉਪ ਮਹਾਂਦੀਪ ਦੇ ਬਾਦਸ਼ਾਹ ਬਣਨ ਦੇ ਸੁਪਨੇ ਲੈ ਰਹੇ ਮੋਦੀਕੇ ਅੱਜ ਕਰੋਨਾ ਵਾਇਰਸ ਤੇ ਸੰਸਾਰ ਆਰਥਕ ਮੰਦਵਾੜੇ ਕਾਰਨ ਬੌਂਦਲੇ ਪਏ ਨੇ। ਕਰੋਨਾ ਵਾਇਰਸ ਇਨ੍ਹਾਂ ਦੇ ਕਾਬੂ ਵਿਚ ਨਹੀਂ ਆਉਣਾ, ਕਿਉਂਕਿ ਇਹ ਮਨੁੱਖੀ ਦਰਦ ਤੋਂ ਉਕਾ ਕੋਰੇ ਹਨ ਅਤੇ ਸੰਸਾਰ ਆਰਥਕ ਸੰਕਟ ਇਨ੍ਹਾਂ ਦੇ ਵਸੋਂ ਬਾਹਰਾ ਹੈ।

ਇਸ ਹਾਲਤ ਵਿਚ ਦੁਨੀਆਂ ਵੱਡੀਆਂ ਉਥਲਾਂ-ਪੁਥਲਾਂ ਵਿਚੋਂ ਲੰਘਣ ਜਾ ਰਹੀ ਹੈ। ਇਹ ਰਾਜਕੀ ਢਾਂਚੇ ਹੁਣ ਲੰਮਾ ਸਮਾਂ ਨਹੀਂ ਚੱਲਣੇ। ਇਸ ਦੀ ਪੁਸ਼ਟੀ 'ਵਾਲ ਸਟਰੀਟ ਜਨਰਲ' ਵਿਚ ਹੈਨਰੀ ਕਸਿੰਗਰ ਦੀ ਛਪੀ ਲਿਖਤ ਕਰਦੀ ਹੈ। ਪੰਜਾਬ ਵੀ ਸੰਸਾਰ ਭਰ ਵਿਚ ਆਉਣ ਵਾਲੀ ਇਸ ਤਬਦੀਲੀ ਤੋਂ ਅਛੂਤਾ ਨਹੀਂ ਰਹਿ ਸਕਦਾ। ਇਸ ਸੂਰਤ ਵਿਚ ਸਾਰੇ ਸੁਹਿਰਦ ਬੁਧੀਜੀਵੀਆਂ ਤੋਂ ਸਮਾਂ ਮੰਗ ਕਰਦਾ ਹੈ ਕਿ ਉਹ ਪੰਜਾਬ ਅੰਦਰ ਹੋਣ ਵਾਲੀਆਂ ਰਾਜਕੀ ਤਬਦੀਲੀਆਂ ਲਈ ਲੋਕਾਂ ਨੂੰ ਸੁਚੇਤ ਕਰਨ। ਉਹ ਅਜਿਹੇ ਰਾਜ ਦੀ ਸਿਰਜਣਾ ਲਈ ਸਿਰ ਜੋੜਨ, ਜਿਸ ਰਾਜ ਵਿਚ ਮੂਰਤੀ ਤੇ ਪੈਸੇ ਦੀ ਪੂਜਾ ਹੋਣ ਦੀ ਥਾਂ ਬੰਦੇ ਦੀ ਪੂਜਾ ਹੋਵੇ। ਅਜਿਹੇ ਰਾਜ ਦੇ ਚਿੰਨ੍ਹ ਉਲੀਕਣ ਲਈ ਹੇਠ ਲਿਖੀ ਇਬਾਰਤ ਕੰਮ ਆ ਸਕਦੀ ਹੈ।

ਡਾ. ਕੁਲਦੀਪ ਸਿੰਘ ਦੀਪ ਦੇ ਫੇਸ ਬੁਕ ਸਫੇ 'ਤੇ ਲਿਖੀ ਇਹ ਇਬਾਰਤ ਪੂੰਜੀਵਾਦ ਦੇ ਫੈਲਣ-ਪਸਰਨ ਨਾਲ ਪੰਜਾਬੀ ਸਮਾਜ ਵਿਚ ਆਈਆਂ ਸਭਿਆਚਾਰਕ ਤੇ ਆਰਥਕ ਤਬਦੀਲੀਆਂ ਨੂੰ ਬੜੇ ਸਹਿਜ ਢੰਗ ਨਾਲ ਬਿਆਨਦੀ ਹੈ। ਜ਼ਮਾਨਾ ਬਦਲ ਗਿਆ ਹੈ। ਹੁਣ ਨਿਆਣੇ ਗੀਤ ਗਾਉਂਦੇ ਨੇ,

ਰੇਨ ਰੇਨ ਗੋ ਅਵੇ,
ਕਮ ਅਗੇਨ ਅਨਦਰ ਡੇ।
ਡੈਡੀ ਵਾਂਟਸ ਟੂ ਪਲੇ, ਰੇਨ ਰੇਨ ਗੋ ਅਵੇ।

ਹੁਣ ਭਾਈ ਸਾਡੇ ਨਿਆਣੇ ਉਨ੍ਹਾਂ ਦੀ ਰੀਸ ਕਰਦੇ ਨੇ, ਜੋ ਪੱਛਮ ਵਾਲੇ ਖੇਡਣ ਲਈ ਮੀਂਹ ਨੂੰ ਭਜਾਉਂਦੇ ਨੇ। ਚੰਗੀ ਗੱਲ ਹੈ, ਜਿਸ ਦਾ ਖਾਈਏ, ਉਸ ਦਾ ਗਾਈਏ; ਪਰ ਤੁਸੀਂ ਯਾਦ ਕਰ ਲਉ ਸਾਰੇ, ਆਪਾਂ ਤਾਂ ਨਿੱਕੇ ਹੁੰਦੇ ਝੋਲੀਆਂ ਅੱਡ, ਅਸਮਾਨ ਵੱਲ ਮੂੰਹ ਕਰਕੇ ਇਹ ਗੀਤ ਗਾਉਂਦੇ ਹੁੰਦੇ ਸਾਂ, 'ਰੱਬਾ ਰੱਬਾ ਮੀਂਹ ਵਸਾ, ਸਾਡੀ ਕੋਠੀ ਦਾਣੇ ਪਾ...।' ਉਦੋਂ ਇੰਜ ਲਗਦਾ ਸੀ ਕਿ ਇਹ ਦਾਣੇ ਇੰਜ ਹੀ ਕਿਤੇ ਝੋਲੀਆਂ ਵਿਚ ਆ ਡਿਗਣਗੇ। ਮੀਂਹ ਪੈਂਦਾ ਸੀ ਤਾਂ ਚਾਅ ਚੜ੍ਹਦਾ ਸੀ ਤੇ ਗੀਤ ਦੀ ਦੂਜੀ ਤੁਕ ਦੁਹਰਾਉਂਦੇ ਸਾਂ, 'ਕਾਲੀਆਂ ਇੱਟਾਂ ਕਾਲੇ ਰੋੜ, ਮੀਂਹ ਵਸਾ ਦੇ ਜ਼ੋਰੋ ਜ਼ੋਰ।' ਫੇਰ ਗੁਲਗਲਿਆਂ ਵਾਲਾ ਮੀਂਹ ਪੈਂਦਾ ਸੀ। ਧਰਤੀ ਗਰਭਵਤੀ ਹੋ ਜਾਂਦੀ ਸੀ। ਵਕਤ ਆਉਣ 'ਤੇ ਦਾਣੇ ਪੁੰਗਰਦੇ ਸਨ। ਫਸਲਾਂ ਲਹਿਲਹਾਉਂਦੀਆਂ, ਬੱਲੀਆਂ ਨਿਕਲਦੀਆਂ, ਫਿਰ ਇਹ ਬੱਲੀਆਂ ਜਦ ਸੁਕ ਜਾਂਦੀਆਂ, ਸਾਡੀਆਂ ਭੁੱਖਾਂ ਮਿਟ ਜਾਂਦੀਆਂ।

ਪਤਾ ਨਹੀਂ ਕਿੰਨਿਆਂ ਕੁ ਦੇ ਉਹ ਪਲ ਯਾਦ ਨੇ, ਜਦ ਬਾਪੂ ਪਿੜ ਵਿਚ ਛਜਲੀ ਵਿਚ ਦਾਣੇ ਪਾ, ਦੋਹਾਂ ਹੱਥਾਂ ਉਤੇ ਛਜਲੀ ਚੁਕ ਲੈਂਦਾ ਸੀ। ਜਦ ਉਹ ਛਜਲੀ ਨੂੰ ਹਿਲਾ ਹਿਲਾ ਕੇ ਦਾਣੇ ਥੱਲੇ ਕੇਰਦਾ ਸੀ ਤੇ ਮੇਰੇ ਜਿਹਾ ਮੂਹਰੇ ਬੈਠਾ ਕੁੰਢੀਆਂ ਦੀ ਦੰਦੀ ਬਣਾ ਡਿਗਦੇ ਦਾਣਿਆਂ ਤੋਂ ਤੂੜੀ, ਘੁੰਡੀਆਂ ਤੇ ਮੱਖੀਆਂ ਨੂੰ ਵੱਖ ਕਰਦਾ ਸੀ ਅਤੇ ਸ਼ਾਮਾਂ ਤੱਕ ਸੋਨੇ ਰੰਗੀ ਕਣਕ ਦਾ ਬੋਹਲ ਬਣ ਜਾਂਦਾ ਸੀ ਤੇ ਬਾਪੂ ਬੋਹਲ ਵਿਚੋਂ ਦਾਣੇ ਚੁੱਕ ਜਦ ਝੋਲੀਆਂ ਭਰ ਦਿੰਦਾ ਸੀ ਤਾਂ ਦਾਣੇ, ਦਾਣੇ ਨਹੀਂ ਰਹਿੰਦੇ ਸੀ, ਇੰਜ ਲਗਦਾ ਸੀ ਕਿ ਰੱਬ ਨੇ ਸੱਚੀਮੁਚੀ ਸੋਨੇ ਨਾਲ ਝੋਲੀਆਂ ਭਰ ਦਿੱਤੀਆਂ ਹੋਣ। ਫਿਰ ਭਰੀਆਂ ਗੱਡੀਆਂ ਖੜ੍ਹੀਆਂ ਹੀ ਟਾਪ ਗਿਅਰ 'ਚ ਪੈ ਜਾਂਦੀਆਂ ਸੀ ਤੇ ਸਿੱਧੀਆਂ ਪਿੰਡ ਦੀ ਹੱਟੀ ਵਾਲੀ ਬੰਦਰਗਾਹ ਉਤੇ ਖਾਲੀ ਹੁੰਦੀਆਂ ਸਨ ਅਤੇ ਉਹੀ ਝੋਲੀਆਂ ਖਿੱਲਾਂ ਤੇ ਭੂਪਨਿਆਂ ਨਾਲ ਭਰੀਆਂ ਹੁੰਦੀਆਂ ਸਨ ਤੇ ਨਿਆਣਾ ਆਪਣੀ ਸਲਤਨਤ ਦਾ ਆਪੇ ਬਣਿਆ ਬਾਦਸ਼ਾਹ ਹੁੰਦਾ ਸੀ। ਇਹ ਤਾਂ ਪਿਛੋਂ ਪਤਾ ਲੱਗਾ ਕਿ ਸਾਰੇ ਦਾਣੇ ਘਰ ਵਿਚ ਨਹੀਂ ਆਉਂਦੇ, ਰਸਤੇ ਵਿਚ ਹੀ ਅਗਵਾ ਹੋ ਜਾਂਦੇ ਨੇ, ਜਦ ਇਹ ਪਤਾ ਲਗਾ, ਫਿਰ ਮੈਂ ਆਪਣੇ ਨਾਟਕ 'ਗਿਰਝਾਂ' ਵਿਚ ਇਹ ਗੀਤ ਲਿਖਿਆ ਸੀ,

ਇਹ ਦਾਣੇ ਜਦ ਧਰਤ 'ਚ ਪਾਈਏ
ਸੁਪਨੇ ਬਣ ਬਣ ਉਗਦੇ ਨੇ।
ਇਹ ਦਾਣੇ ਜਦ ਵੇਚਣ ਜਾਈਏ
ਝੋਲੀ ਵਿਚੋਂ ਉਡਦੇ ਨੇ।
ਕਿਉਂ ਦਾਣਿਆਂ ਨੂੰ ਮੰਡੀ ਵਾਲੇ
ਕਰਕੇ ਲੈ ਜਾਂਦੇ ਅਗਵਾ।
ਰੱਬਾ ਰੱਬਾ ਮੀਂਹ ਵਸਾ
ਸਾਡੀ ਕੋਠੀ ਦਾਣੇ ਪਾ...।

ਸਮੇਂ ਸਮੇਂ ਦੀਆਂ ਗੱਲਾਂ ਨੇ, ਕਿਸਾਨ ਉਦੋਂ ਵੀ ਕਿਰਤ ਕਰਕੇ ਦੋ ਡੰਗ ਦੀ ਰੋਟੀ ਖਾ ਲੈਂਦਾ ਸੀ, ਜਦ ਸਿਰਫ ਮੀਂਹ ਪੈਂਦਾ ਸੀ, ਦਾਣਿਆਂ ਦਾ ਛੱਟਾ ਦਿਤਾ ਜਾਂਦਾ ਸੀ ਤੇ ਜਿੰਨੀ ਹੋ ਜਾਂਦੀ ਸੀ, ਸਬਰ ਸੰਤੋਖ ਨਾਲ ਵੰਢ-ਕੱਢ ਲਈ ਜਾਂਦੀ ਸੀ। ਕਿਸਾਨ, ਮਜ਼ਦੂਰ, ਤਰਖਾਣ, ਲੁਹਾਰ, ਦਰਜ਼ੀ, ਘੁਮਿਆਰ ਆਪੋ ਆਪਣੇ ਹਿੱਸੇ ਦਾ ਖਾ ਲੈਂਦੇ ਸਨ। ਮੱਕੀ, ਬਾਜਰਾ ਹੋਇਆ ਤਾਂ ਸਾਗ ਨਾਲ ਖਾ ਲਈ, ਛੋਲੇ ਹੋ ਗਏ ਤਾਂ ਹੱਥ ਦੀ ਲਾਹ ਲਈ, ਸਰ੍ਹੋਂ ਹੋ ਗਈ ਤਾਂ ਘਾਣੀ ਕਢਾ ਲਈ; ਕਣਕ ਘੱਟ ਹੀ ਹੁੰਦੀ ਸੀ। ਸਾਡੇ ਘਰ ਜਦ ਕਦੇ 'ਆਏ-ਗਏ' ਤੋਂ ਕਣਕ ਦੀ ਚਿਟੀ-ਚਿਟੀ ਰੋਟੀ ਪਕਦੀ ਸੀ ਤਾਂ ਲਾਲਾਂ ਡਿਗ ਪੈਂਦੀਆਂ ਸੀ। ਜਦ ਕਦੇ ਅੱਧੀ-ਪਚੱਧੀ ਮਿਲ ਜਾਂਦੀ ਤਾਂ ਬਸ ਨਿਆਮਤ ਹੀ ਹੁੰਦੀ ਸੀ, ਜਿਵੇਂ ਅੱਜ ਬਾਜਰਾ, ਮੱਕੀ ਤੇ ਵੇਸਣ ਨਿਆਮਤ ਹੈ। ਫੇਰ ਹਰੀ ਕ੍ਰਾਂਤੀ ਦਾ ਡਮਰੂ ਵਜ ਗਿਆ। ਟਰੈਕਟਰ ਆਏ ਟਰਾਲੀਆਂ ਆਈਆਂ, ਖਾਦਾਂ ਅਤੇ ਦਵਾਈਆਂ ਆਈਆਂ; ਛਜਲੀਆਂ, ਥਰੈਸ਼ਰ ਤੇ ਹੜੰਬੇ ਤੁਰ ਗਏ ਤੇ ਕੰਬਾਈਨਾਂ ਆ ਗਈਆਂ। ਜੋ ਬੋਹਲ ਸਵੇਰੇ ਤੋਂ ਸ਼ਾਮ ਤਕ ਮਸਾਂ ਦਿਸਣ ਲਗਦਾ ਸੀ, ਕੰਬਾਈਨ ਦਾ ਤੋਪ ਜਿਡਾ ਮੂੰਹ ਪੰਜ ਮਿੰਟ ਵਿਚ ਭਰ ਦਿੰਦਾ ਹੈ, ਪਰ ਬਰਕਤਾਂ ਪਤਾ ਨਹੀਂ ਕਿਧਰ ਗਈਆਂ?

ਸਿਆਸਤਦਾਨਾਂ ਨੇ ਰੋਟੀਆਂ ਲਾਹ ਲਈਆਂ, ਵਪਾਰੀਆਂ ਨੇ ਰੋਟੀਆਂ ਕਮਾ ਲਈਆਂ, ਪਰ ਅੰਨਦਾਤਿਆਂ ਨੇ ਰੋਟੀਆਂ ਗੁਆ ਲਈਆਂ, ਕੈਂਸਰ ਤੇ ਖੁਦਕੁਸ਼ੀਆਂ ਪੱਲੇ ਪਾ ਲਈਆਂ। ਬਠਿੰਡੇ ਤੋਂ ਬੀਕਾਨੇਰ ਜਾਂਦੀ ਕੈਂਸਰ ਟਰੇਨ ਸੀਟੀਆਂ ਨਹੀਂ ਮਾਰਦੀ, ਮਾਲਵਾ ਪੱਟੀ ਤੋਂ ਨਰਮਾ ਪੱਟੀ ਤੇ ਹੁਣ ਕੈਂਸਰ ਪੱਟੀ ਬਣੀ, ਮਾਲਵੇ ਦੇ ਕੈਂਸਰ ਦੇ ਮਰੀਜ਼ਾਂ ਦੀ ਭਰੀ ਹੋਈ ਇਹ ਟਰੇਨ ਉਨ੍ਹਾਂ ਦੇ ਦਰਦ ਵਿਚ ਕੂਕਾਂ ਮਾਰਦੀ ਹੈ। ਰੋਣ ਆ ਜਾਂਦਾ ਹੈ, ਜਦ ਬੈਂਕ ਆਲੇ ਪਹਿਲਾਂ ਘਰਾਂ ਮੂਹਰੇ ਨੋਟਿਸ ਚਿਪਕਾ ਜਾਂਦੇ ਨੇ, ਫੇਰ ਥਾਣਾ ਚੜ੍ਹਾ ਕੇ ਧਗੜੇ ਬਣ ਕੇ ਆ ਜਾਂਦੇ ਨੇ, ਤੇ ਬੇਚਾਰਾ ਪੰਜਾਹ-ਪਚਵੰਜਾ ਸਾਲ ਦਾ ਹਰਨਾਮਾ, ਛੱਡ ਕੇ ਪਜ਼ਾਮਾ ਸਣੇ ਆਪਣੇ ਮੁੰਡੇ ਸਮੇਤ ਆਪਣੇ ਹੀ ਘਰ 'ਚੋਂ ਚੋਰਾਂ ਵਾਂਗੂ ਭੱਜ ਜਾਂਦਾ ਹੈ। ਘਰ ਦਾ ਬੇੜਾ ਮੂਧਾ ਵਜ ਜਾਂਦਾ ਹੈ, ਘਰ ਵਿਚ ਰਹਿ ਗਈਆਂ ਤੀਵੀਆਂ, ਕੁੜੀਆਂ, ਜਿਨ੍ਹਾਂ ਦੀ ਰੀਝਾਂ ਦੀ ਦਸੂਤੀ ਦੀਆਂ ਕੰਨੀਆਂ ਹੱਥੋਂ ਛੁਟ ਜਾਂਦੀਆਂ ਨੇ, ਉਨ੍ਹਾਂ ਧਗੜਿਆਂ ਦੀਆਂ ਚੋਂਦੀਆਂ ਚੋਂਦੀਆਂ ਨੂੰ ਪਾਣੀ ਵਾਂਗੂ ਪੀ ਲੈਂਦੀਆਂ ਨੇ, ਬਸ

(ਬਾਕੀ ਅਗਲੇ ਸਫੇ 'ਤੇ)



ਦੂਰੋਂ ਦਿਸਦਾ ਧੌਲਦਾਰ ਦੀਆਂ ਪਹਾੜੀਆਂ ਦਾ ਨਜ਼ਾਰਾ

# ਬਹੁਤ ਬੁਰਾ ਹੈ ਜ਼ਿੰਦਾ ਰਹਿਣ ਦੀ ਇੱਛਾ ਦਾ ਮਰ ਜਾਣਾ!

ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਟੈਲੀਵਿਜ਼ਨ ਸਕਰੀਨਾਂ 'ਤੇ ਖਬਰਾਂ ਦੇ ਸਿਰਲੇਖ ਦੌੜਦੇ ਜਾ ਰਹੇ ਹਨ। ਕਰੋਨਾ ਪੀੜਤਾਂ ਦੀ ਗਿਣਤੀ ਲਗਾਤਾਰ ਵਧੀ ਜਾਂਦੀ ਹੈ। ਹੈਰਾਨੀ ਵਾਲੀ ਗੱਲ ਹੈ ਕਿ ਖਬਰਾਂ ਮੁੱਕ ਨਹੀਂ ਰਹੀਆਂ, ਪਰ ਲੋਕਾਂ ਦਾ ਇਨ੍ਹਾਂ ਵੱਲ ਧਿਆਨ ਨਹੀਂ। ਖਬਰਾਂ ਦਾ ਸਾਰ ਇਹ ਹੈ ਕਿ ਫਲਾਣੇ ਥਾਂ ਐਨੇ ਲੋਕ ਕਰੋਨਾ ਪਾਜ਼ੇਟਿਵ ਨਿਕਲੇ, ਦੇਸ਼ ਵਿਚ ਕਰੋਨਾ ਦੇ ਕੇਸਾਂ ਦਾ ਅੰਕੜਾ ਐਨੇ ਸੌ ਹੋਰ ਵਧ ਗਿਆ ਅਤੇ ਬੀਤੇ ਚੌਵੀ ਘੰਟਿਆਂ ਵਿਚ ਐਨੇ ਲੋਕ ਹੋਰ ਇਸ ਬਿਮਾਰੀ ਕਾਰਨ ਮਾਰੇ ਗਏ।

ਫਿਰ ਇਹ ਖਬਰ ਚੱਲ ਪੈਂਦੀ ਹੈ ਕਿ ਫਲਾਣੇ ਥਾਂ ਲੋਕਾਂ ਨੂੰ ਲੌਕਡਾਊਨ ਦਾ ਅਰਥ ਸਮਝਾਉਣ ਗਈ ਪੁਲਿਸ ਨੂੰ ਪੱਥਰ ਵੱਜੇ ਅਤੇ ਫਲਾਣੇ ਰਾਜ ਦੇ ਫਲਾਣੇ ਸ਼ਹਿਰ ਵਿਚ ਪੁਲਿਸ ਨੇ ਲੌਕਡਾਊਨ ਦੌਰਾਨ ਘਰਾਂ ਤੋਂ ਨਿਕਲੇ ਲੋਕਾਂ ਦੀਆਂ ਕੰਨ ਫੜਾ ਕੇ ਉਨ੍ਹਾਂ ਤੋਂ ਬੈਠਕਾਂ ਕਢਵਾਈਆਂ ਤੇ ਡੰਗਰਾਂ ਵਾਂਗ ਕੁੱਟਿਆ ਹੈ। ਇਹ ਖਬਰ ਵੀ ਸੁਣਦੀ ਹੈ ਕਿ ਕਿਸੇ ਥਾਂ ਫਲਾਣੀ ਪਾਰਟੀ ਦਾ ਫਲਾਣਾ ਆਗੂ ਰਿਲੀਫ ਵੰਡਣ ਗਿਆ ਸੀ, ਉਸ ਨੇ ਲੋਕਾਂ ਨੂੰ ਮੂੰਹਾਂ 'ਤੇ ਬੰਨ੍ਹਣ ਲਈ ਮਾਸਕ ਵੰਡੇ ਸਨ, ਪਰ ਆਪ ਮਾਸਕ ਪਾਉਣ ਦੀ ਲੋੜ ਨਹੀਂ ਸੀ ਸਮਝੀ। ਇਸ ਪਿੱਛੋਂ ਅੱਕੇ ਹੋਏ ਲੋਕਾਂ ਅੱਗੇ ਸੰਸਾਰ ਭਰ ਦੇ ਦੇਸ਼ਾਂ ਵਿਚ ਹੁੰਦੀਆਂ ਮੌਤਾਂ ਦੇ ਅੰਕੜੇ ਪੇਸ਼ ਕਰਨੇ ਸ਼ੁਰੂ ਕਰ ਦਿੱਤੇ ਜਾਂਦੇ ਹਨ, ਜਿਨ੍ਹਾਂ ਨੂੰ ਲੋਕ ਅਕੇਵੇਂ ਨਾਲ ਵੇਖਦੇ ਅਤੇ ਚੈਨਲ ਬਦਲ ਲੈਂਦੇ ਹਨ।

ਇਨ੍ਹਾਂ ਤੋਂ ਬਿਨਾ ਕੋਈ ਹੋਰ ਏਦਾਂ ਦੀ ਖਬਰ ਨਹੀਂ ਮਿਲਦੀ, ਜੋ ਕੁਝ ਵੱਖਰੀ ਕਹੀ ਜਾ ਸਕੇ। ਕੇਂਦਰ ਜਾਂ ਰਾਜ ਸਰਕਾਰ ਦੇ ਕਿਸੇ ਮੰਤਰੀ ਦਾ ਕੋਈ ਐਲਾਨ ਜਾਂ ਕੋਈ ਨਵਾਂ ਹੁਕਮ ਸੁਣਾਇਆ ਜਾਂਦਾ ਹੈ ਤਾਂ ਉਹ ਵੀ ਕਰੋਨਾ ਦੀ ਬਿਮਾਰੀ ਕਾਰਨ ਪੈਦਾ ਹੋਏ ਹਾਲਾਤ ਨਾਲ ਸਬੰਧਤ ਹੁੰਦਾ ਹੈ। ਇਸ ਦੌਰਾਨ ਕਰਫਿਊ ਜਾਰੀ ਰੱਖਣ ਦਾ ਫੈਸਲਾ ਆ ਗਿਆ। ਲੋਕਾਂ ਨੂੰ ਇਸ ਵਿਚ ਵੀ ਕੁਝ ਖਾਸ ਨਜ਼ਰ ਨਹੀਂ ਆਇਆ। ਕਰਫਿਊ ਹਟਾਉਣ ਦਾ ਫੈਸਲਾ ਹੁੰਦਾ ਤਾਂ ਵੱਖਰੀ ਖਬਰ ਹੋ ਸਕਦੀ ਸੀ, ਪਰ ਕਰਫਿਊ ਜਾਰੀ ਹੈ ਤੇ ਜਾਰੀ ਰਹਿਣਾ ਹੈ, ਇਸ ਵਿਚ ਖਾਸ ਗੱਲ ਹੀ ਕੁਝ ਨਹੀਂ। ਸੰਸਾਰ ਵਿਚ ਮੌਤਾਂ ਦੀ ਗਿਣਤੀ ਲੱਖ ਤੋਂ ਟੱਪ ਗਈ, ਆਮ ਲੋਕਾਂ ਨੇ ਇਸ 'ਤੇ ਵੀ ਹੈਰਾਨੀ ਨਹੀਂ ਵਿਖਾਈ। ਏਦਾਂ ਸੀ, ਜਿਵੇਂ ਪਹਿਲਾਂ ਹੀ ਪਤਾ ਸੀ।

ਆਖਰ ਲੋਕਾਂ ਨੂੰ ਇਸ ਵਿਚ ਕੁਝ ਖਾਸ ਕਿਉਂ ਨਹੀਂ ਜਾਪਦਾ? ਇਸ ਲਈ ਕਿ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਇੱਕ ਹਫਤਾ ਪਹਿਲਾਂ ਕਹਿ ਦਿੱਤਾ ਸੀ ਕਿ ਦੋ ਕੁ ਲੱਖ ਮੌਤਾਂ ਤੱਕ ਗੱਲ ਜਾ ਸਕਦੀ ਹੈ ਅਤੇ ਜੇ ਇਥੋਂ ਤੱਕ ਸੀਮਤ ਹੋ ਗਈ ਤਾਂ ਇਸ ਵਿਚ ਟਰੰਪ ਨੂੰ ਆਪਣੀ ਸਰਕਾਰ ਦੀ ਕਾਮਯਾਬੀ ਜਾਪਦੀ ਸੀ। ਜਦੋਂ ਟਰੰਪ ਨੇ ਇਹ ਗੱਲ ਇੱਕ ਪ੍ਰੈਸ ਕਾਨਫਰੰਸ ਵਿਚ ਕਹੀ, ਉਦੋਂ ਅਸੀਂ ਹੈਰਾਨ ਹੋਏ ਸਾਂ ਕਿ ਏਡੀ ਗੱਲ ਇਸ ਬੰਦੇ ਨੇ ਏਨੇ ਆਮ ਰਉਂ ਵਿਚ ਕਿਵੇਂ ਕਹਿ ਦਿੱਤੀ ਹੈ, ਪਰ ਇੱਕ ਹਫਤਾ ਪਿਛੋਂ ਇਸ ਦੇ ਅਰਥ ਸਮਝ ਆਏ ਹਨ। ਜਦੋਂ ਮੌਤਾਂ ਦੀ ਗਿਣਤੀ ਉਸ ਦੇ ਦੇਸ਼ ਵਿਚ ਅਜੇ ਹੋਣੀ ਨਹੀਂ ਸੀ ਸ਼ੁਰੂ ਹੋਈ, ਚੀਨ ਵਿਚ ਤੇ ਫਿਰ ਇਰਾਨ ਜਾਂ ਇਟਲੀ ਬਾਰੇ ਕਰਨੀ ਪੈਂਦੀ ਸੀ, ਉਦੋਂ ਸਭ ਦੁਨੀਆਂ ਦੇ ਨਾਲ ਅਮਰੀਕੀ ਲੋਕਾਂ ਨੂੰ ਵੀ ਸੈਂਕੜਾ ਪਾਰ ਕਰਨ ਤੇ ਫਿਰ ਹਜ਼ਾਰ ਦੀ ਹੱਦ ਟੱਪਣ ਨਾਲ ਹੈਰਾਨੀ ਹੋ ਸਕਦੀ ਸੀ।

ਇਟਲੀ ਵਿਚ ਮੌਤਾਂ ਦੀ ਗਿਣਤੀ ਦਸ ਹਜ਼ਾਰ ਹੋਣ ਦੀ ਚਰਚਾ ਵੀ ਹੈਰਾਨੀ ਨਾਲ ਹੋਈ ਸੀ। ਜਿਸ ਤਰ੍ਹਾਂ ਦੀ ਹੈਰਾਨੀ ਇਟਲੀ ਵਿਚ ਮੌਤਾਂ ਦੀ ਗਿਣਤੀ ਇੱਕ ਹਜ਼ਾਰ ਤੇ ਫਿਰ ਦਸ ਹਜ਼ਾਰ ਟੱਪ ਜਾਣ ਨਾਲ ਹੋਈ ਸੀ, ਉਸ ਕਿਸਮ ਦੀ ਹੈਰਾਨੀ ਉਦੋਂ ਬਿਲਕੁਲ ਨਹੀਂ ਹੋਈ, ਜਦੋਂ ਮੌਤਾਂ ਦੀ ਗਿਣਤੀ ਅਮਰੀਕਾ ਵਿਚ ਦਸ ਹਜ਼ਾਰ ਨੂੰ ਟੱਪੀ ਅਤੇ ਫਿਰ ਉਦੋਂ ਵੀ ਨਹੀਂ ਹੋਈ, ਜਦੋਂ ਇੱਕ ਲੱਖ ਮੌਤਾਂ ਸੰਸਾਰ ਵਿਚ ਹੋਣ ਦੀ ਖਬਰ ਆਈ ਸੀ। ਉਦੋਂ ਸਾਨੂੰ ਸਮਝ ਪਈ ਕਿ ਟਰੰਪ ਨੇ ਆਪਣੇ ਲੋਕਾਂ ਨੂੰ ਅਗੇਤਾ ਇੱਕ ਵੱਡੇ ਮਾਨਸਿਕ ਹਲੂਣੇ ਲਈ ਤਿਆਰ ਕਰ ਲਿਆ ਸੀ ਕਿ ਮ੍ਰਿਤਕਾਂ ਦੀ ਗਿਣਤੀ ਸੰਸਾਰ ਭਰ ਵਿਚ ਕੀ, ਇਕੱਲੇ ਅਮਰੀਕਾ ਵਿਚ ਹੀ ਲੱਖ-ਦੋ ਲੱਖ ਤੱਕ ਜਾ ਸਕਦੀ ਹੈ। ਕਮਾਲ ਦੀ ਸਿਆਸੀ ਕਲਾਕਾਰੀ ਹੈ ਕਿ ਕੁਝ ਕੀਤਾ ਹੀ ਨਹੀਂ ਤੇ ਆਪਣੇ ਲੋਕਾਂ ਦੇ ਮਨਾਂ ਵਿਚੋਂ ਮਰਨ ਦਾ ਫਿਕਰ ਖਤਮ ਕਰ ਕੇ ਉਸ ਦੀ ਥਾਂ ਸੰਵੇਦਨਹੀਣਤਾ ਭਰ ਦਿੱਤੀ ਹੈ।

ਡੋਨਲਡ ਟਰੰਪ ਦੀ ਇਸ ਸਿਆਸੀ ਕਲਾਕਾਰੀ ਦਾ ਅਸਰ ਸਿਰਫ ਅਮਰੀਕੀ ਲੋਕਾਂ ਦੀ ਮਾਨਸਿਕਤਾ 'ਤੇ ਨਹੀਂ ਹੋਇਆ, ਸਾਰੀ ਦੁਨੀਆਂ ਦੇ ਉਨ੍ਹਾਂ ਲੋਕਾਂ ਦੀ ਮਾਨਸਿਕਤਾ 'ਤੇ ਹੋਇਆ ਹੈ, ਜੋ ਇਲੈਕਟ੍ਰਾਨਿਕ ਮੀਡੀਆ ਰਾਹੀਂ ਆਪਣੇ ਆਪ ਨੂੰ 'ਗਲੋਬਲ ਪਿੰਡ' ਦਾ ਨਾਗਰਿਕ ਸਮਝਣ ਦਾ ਭਰਮ ਪਾਲਣ ਲੱਗੇ ਹਨ। ਉਹ ਲੋਕ ਦੋ ਦਿਨ ਪਹਿਲਾਂ ਇਸ ਬਾਰੇ ਚਰਚਾ ਕਰਨ ਲੱਗੇ ਸਨ ਕਿ ਕੱਲ੍ਹ-ਪਰਸੋਂ ਤੱਕ ਇਹ ਗਿਣਤੀ ਲੱਖ ਟੱਪ ਜਾਵੇਗੀ।

ਚਰਚਾ ਕਰਨ ਦਾ ਢੰਗ ਏਦਾਂ ਸੀ, ਜਿਵੇਂ ਕਿਸੇ ਕ੍ਰਿਕਟ ਪਲੇਅਰ ਬਾਰੇ ਚਰਚਾ ਕਰਦੇ ਹੋਣ ਕਿ ਹੋਰ ਦੋ ਮੈਚਾਂ ਤੱਕ ਉਸ ਵੱਲੋਂ ਬਣਾਏ ਅੰਕਾਂ ਦਾ ਸਕੋਰ ਐਨੇ ਹਜ਼ਾਰ ਨੂੰ ਪਾਰ ਕਰ ਜਾਵੇਗਾ। ਇਹੀ ਨਹੀਂ, ਉਹ ਲੋਕ ਸਗੋਂ ਇਹ ਚਰਚਾ ਕਰਦੇ ਵੀ ਵੇਖੇ ਜਾਣ ਲੱਗੇ ਸਨ ਕਿ ਦੁਨੀਆਂ ਦੇ ਐਨੇ ਦੇਸ਼ਾਂ ਵਿਚ ਇਹ ਮੁਸੀਬਤ ਪਹੁੰਚ ਗਈ ਹੈ ਅਤੇ ਐਨੇ ਕੁ ਬਾਕੀ ਰਹਿ ਗਏ ਹਨ ਤੇ ਇਸ ਬਾਰੇ ਉਹ ਸੋਚਣ ਨੂੰ ਵੀ ਤਿਆਰ ਨਹੀਂ ਸਨ ਕਿ ਇਸ ਨਾਲ ਇਨਸਾਨੀਅਤ ਦੀ ਹੋਂਦ ਨੂੰ ਖਤਰਾ ਬਣ ਗਿਆ ਹੋ ਸਕਦਾ ਹੈ।

ਜੀ ਹਾਂ, ਇਹ ਮੁੱਦਾ ਕੋਈ ਥੋੜ੍ਹੇ ਸਮੇਂ ਦੇ ਅਸਰ ਵਾਲਾ ਨਹੀਂ। ਜਿਹੋ ਜਿਹੀ ਬਿਮਾਰੀ ਉਠੀ ਹੈ, ਅਸੀਂ ਇਸ ਚਰਚਾ ਵਿਚ ਨਹੀਂ ਪੈ ਰਹੇ ਕਿ ਕਿਸੇ ਦੇਸ਼ ਨੇ ਕੋਈ ਜੈਵਿਕ ਹਥਿਆਰ, ਬਾਇਲੋਜੀਕਲ ਪਟਾਕਾ ਬਣਾ ਲਿਆ ਜਾਂ ਬਣਾਉਣ ਲਈ ਕੋਸ਼ਿਸ਼ ਕੀਤੀ ਹੈ, ਪਰ ਇਸ ਮੁਸੀਬਤ ਵਿਚੋਂ ਸਹਿਜ ਸੁਭਾਅ ਇਸ ਦਾ ਖਿਆਲ ਕਿਸੇ ਨੂੰ ਆ ਸਕਦਾ ਹੈ। ਅਜੇ ਤੱਕ ਕਿਸੇ ਦੇਸ਼ ਨੇ ਇਹੋ ਜਿਹੀ ਚੀਜ਼ ਨਹੀਂ ਵੀ ਬਣਾਈ ਤਾਂ ਐਟਮ ਬੰਬਾਂ ਤੋਂ ਵੱਧ ਮਾਰੂ ਇਹੋ ਜਿਹੀ ਖੁਰਾਫਾਤ ਕਿਸੇ ਸ਼ਰਾਰਤੀ ਮਨ ਵਿਚ ਭਲਕ ਨੂੰ ਆ ਸਕਦੀ ਹੈ। ਆਮ ਪ੍ਰਭਾਵ ਹੈ ਕਿ ਇਸ ਬਿਮਾਰੀ ਦਾ ਅਜੇ ਤੱਕ ਇਲਾਜ ਹੀ ਕੋਈ ਨਹੀਂ ਨਿਕਲਿਆ ਤੇ ਇਹ ਵੀ ਗੱਲ ਚੱਲਦੀ ਹੈ ਕਿ ਕੁਝ ਦੇਸ਼ਾਂ ਨੇ ਇਸ ਦਾ ਤੋੜ ਤਾਂ ਲੱਭ ਲਿਆ ਹੈ, ਪਰ ਕਿਸੇ ਨੂੰ ਦੱਸਿਆ ਨਹੀਂ। ਅਸੀਂ ਅਜੇ ਇਹ ਮੰਨ ਲੈਂਦੇ ਹਾਂ ਕਿ ਨਹੀਂ ਨਿਕਲਿਆ ਤੇ ਇਹ ਸੋਚਦੇ ਹਾਂ ਕਿ ਜੇ ਬਿਮਾਰੀ ਇਸੇ ਤਰ੍ਹਾਂ ਵਧਦੀ ਗਈ ਤੇ ਕੋਈ ਇਲਾਜ ਨਾ ਮਿਲਿਆ ਤਾਂ ਫਿਰ ਇਸ ਦੇ ਅੱਗੇ ਡੱਕਾ ਨਹੀਂ ਲੱਗ ਸਕਣਾ। ਉਸ ਹਾਲਤ ਵਿਚ ਇਨਸਾਨੀਅਤ ਦਾ ਬਣੇਗਾ ਕੀ?

ਸਾਡੇ ਲੋਕ ਤੇ ਸੰਸਾਰ ਦੇ ਲੋਕ, ਅਤੇ ਖਾਸ ਕਰ ਅਮਰੀਕਾ ਦੇ ਲੋਕ ਅਜਿਹੀ ਗੱਲ ਸੋਚਣ ਨੂੰ ਤਿਆਰ ਨਹੀਂ। ਜਦੋਂ ਉਹ ਏਨੀ ਗੱਲ ਵੀ ਸੋਚਣ ਨੂੰ ਤਿਆਰ ਨਹੀਂ ਤਾਂ ਉਹ ਆਪਣੇ ਦਿਮਾਗ ਦਾ ਪਾਣੀ ਇਹ ਗੱਲਾਂ ਸੋਚ ਕੇ ਵੀ ਕੱਢਣ ਨੂੰ ਤਿਆਰ ਨਹੀਂ ਹੋਣਗੇ ਕਿ ਜਿਸ ਬਿਮਾਰੀ ਨੂੰ ਚੀਨ ਦੀ ਦੱਸਿਆ ਜਾਂਦਾ ਸੀ, ਚੀਨੀ ਡਾਕਟਰਾਂ ਨੇ ਸੁਪਰ ਕੰਪਿਊਟਰ ਦੀ ਮਦਦ ਨਾਲ ਇਹ ਜੜ੍ਹ ਲੱਭ ਲਈ ਹੈ ਕਿ ਉਸ ਦਾ ਵਾਇਰਸ ਪਿਛਲੇ ਸਾਲ ਇੱਕ ਮਰੀਜ਼ ਦੀ ਕੈਟ ਸਕੈਨ ਵਿਚ ਅਮਰੀਕੀ ਸਟੇਟ ਨਾਰਥ ਕੈਰੋਲਾਈਨਾ ਦੇ ਇੱਕ ਹਸਪਤਾਲ ਵਿਚ ਵੀ ਦਿੱਸ ਪਿਆ ਸੀ। ਚੀਨੀ ਡਾਕਟਰਾਂ ਦੇ ਦਾਅਵੇ ਦਾ ਅਮਰੀਕਾ ਦੇ ਡਾਕਟਰਾਂ ਨੇ ਨਰਮ ਜਿਹੀ ਸੁਰ ਵਿਚ ਭਾਵੇਂ ਖੰਡਨ ਕੀਤਾ ਹੈ, ਪਰ ਇਸ ਨਾਲ ਸ਼ੱਕ ਪੈਦਾ ਹੋ ਗਿਆ ਹੈ ਕਿ ਪਿਛਲੇ ਸਾਲ ਜੇ ਸੱਚਮੁੱਚ ਏਦਾਂ ਦੇ ਵਾਇਰਸ ਦੀ ਕੋਈ ਸੂਹ ਮਿਲ ਗਈ ਸੀ ਤਾਂ ਦੁਨੀਆਂ ਸਾਹਮਣੇ ਇਸ ਲਈ ਨਹੀਂ ਆਈ ਕਿ ਗੱਲ ਦੱਬ ਦਿੱਤੀ ਗਈ ਸੀ। ਇਸ ਨੂੰ ਦੱਬਣ ਦਾ ਜ਼ਿੰਮੇਵਾਰ ਕੌਣ ਸੀ, ਇਹ ਚਰਚਾ ਕਿਸੇ ਪਾਸੇ ਨਹੀਂ ਚੱਲੀ।

ਸੰਸਾਰ ਦੀ ਮਹਾ ਸ਼ਕਤੀ ਦਾ ਦਰਜਾ ਅਮਰੀਕਾ ਨੂੰ ਐਵੇਂ ਨਹੀਂ ਮਿਲਿਆ। ਇਸ ਮਹਾ ਸ਼ਕਤੀ ਨੂੰ ਰਾਸ਼ਟਰਪਤੀ ਨਹੀਂ ਚਲਾਉਂਦਾ। ਉਸ ਨੂੰ ਚਲਾਉਣ ਵਾਲੇ ਥਿੰਕ ਟੈਂਕ ਇਹ ਗੱਲ ਅਗੇਤੀ ਸੋਚ ਸਕਦੇ ਹਨ ਕਿ ਜਿਨ੍ਹਾਂ ਹਾਲਾਤ ਦਾ ਕੱਲ੍ਹ ਨੂੰ ਸਾਹਮਣਾ ਕਰਨਾ ਹੈ ਅਤੇ ਲੋਕਾਂ ਨੂੰ ਉਦੋਂ ਝਟਕਾ ਲੱਗਣਾ ਹੈ, ਉਸ ਬਾਰੇ ਅਗੇਤਾ ਹੀ ਉਨ੍ਹਾਂ ਨੂੰ ਤਿਆਰ ਕਰ ਲੈਣਾ ਚਾਹੀਦਾ ਹੈ। ਇੱਕ ਲੱਖ ਤੋਂ ਵੱਧ ਮੌਤਾਂ ਹੋਣ ਵਾਲੀ ਖਬਰ ਨੇ ਸੰਸਾਰ ਦੇ ਲੋਕਾਂ ਨੂੰ ਝੰਜੋੜਿਆ ਕਿਉਂ ਨਾ, ਇਸ ਦਾ ਕਾਰਨ ਟਰੰਪ ਦੀ ਟਿੱਪਣੀ ਵੀ ਹੋ ਸਕਦਾ ਹੈ।

ਪਾਸ਼ ਨੇ ਕਿਹਾ ਸੀ, "ਬਹੁਤ ਹੀ ਖਤਰਨਾਕ ਹੁੰਦਾ ਹੈ, ਸੁਫਨਿਆਂ ਦਾ ਮਰ ਜਾਣਾ।" ਤੇ ਠੀਕ ਕਿਹਾ ਸੀ, ਪਰ ਇਸ ਤੋਂ ਵੀ ਬੁਰਾ ਹੋਵੇਗਾ ਲੋਕਾਂ ਅੰਦਰੋਂ ਜ਼ਿੰਦਾ ਹੋਣ ਦੀ ਸੰਵੇਦਨਾ ਜਾਂ ਜ਼ਿੰਦਾ ਰਹਿਣ ਦੀ ਲੋੜ ਦਾ ਮਰ ਜਾਣਾ। ਸ਼ਾਇਦ!

###

# ਕਰੋਨਾ ਵਾਇਰਸ ਤੇ ਆਰਥਕ ਸੰਕਟ ਦਾ ਇਲਾਜ

*(ਪਿਛਲੇ ਸਫੇ ਦੀ ਬਾਕੀ)*

ਆਪਣੇ ਗੁਬਾਰ ਨੂੰ ਗੰਢਾਂ ਦੇਅ ਬੁਲ੍ਹ ਸੀਅ ਲੈਂਦੀਆਂ ਨੇ। ਸ਼ਾਇਦ ਇਸੇ ਲਈ ਜੀਅ ਲੈਂਦੀਆਂ ਨੇ, ਪਰ ਅੰਦਰੋਂ ਹੂਕ ਨਿਕਲਦੀ ਹੈ,

ਵਾਹ ਉਏ ਡਾਢੇ, ਵਾਹ ਉਏ ਹਾਕਿਮ,
ਤੂੰ ਇਹ ਕੀ ਰੋਲ ਨਿਭਾਇਆ।
ਨਾ ਜੂਆ ਖੇਡੇ, ਨਾ ਲੰਕਾ ਢਾਹੀ,
ਫਿਰ ਕਿਉਂ ਬਣਵਾਸ ਸੁਣਾਇਆ।
ਚੋਗਾ ਚੁਗਦੇ ਬੋਟ ਵੀ ਸ਼ਾਮੀਂ,
ਵੱਲ ਆਲ੍ਹਣੇ ਆਉਂਦੇ,
ਪਰ ਇਹ ਪੰਛੀ ਕੀਹਨੇ, ਕਾਹਤੋਂ,
ਆਲ੍ਹਣਿਓਂ ਆਣ ਭਜਾਇਆ।

ਇਕ ਗੱਲ ਦੀ ਸਮਝ ਨਹੀਂ ਆਈ, ਇਹ ਅਣਖਾਂ ਵਾਲਾ ਕਿਸਾਨ, ਲਲਕਾਰੇ ਮਾਰਨ ਵਾਲਾ ਕਿਸਾਨ, ਮੇਲੇ ਜਾ ਕੇ ਖਰੂਦ ਪਾਉਣ ਵਾਲਾ ਕਿਸਾਨ, ਧਮਚੀਆਂ ਮਚਾਉਣ ਵਾਲਾ ਕਿਸਾਨ, ਜੋ ਕਦੇ ਚਾਰ ਮੈਦਾਨਾਂ ਦਾ ਸ਼ਾਹ ਅਸਵਾਰ ਹੁੰਦਾ ਸੀ- ਖੇਤ ਦਾ ਮੈਦਾਨ, ਜੰਗ ਦਾ ਮੈਦਾਨ, ਘੋਲ ਕਬੱਡੀਆਂ ਦਾ ਮੈਦਾਨ ਤੇ ਭੰਗੜਿਆਂ, ਲੁੱਡੀਆਂ ਤੇ ਧਮਾਲਾਂ ਦਾ ਮੈਦਾਨ, ਆਪਣੀ ਅਣਖ ਨੂੰ ਸਾਣ 'ਤੇ ਲਾਉਣ ਦੀ ਥਾਂ ਇਸ ਨੂੰ ਮਾਰ ਕੇ ਕਾਇਰਾਂ ਵਾਲੀ ਜੂਨੇ ਕਿਉਂ ਪੈ ਗਿਆ? ਖੈਰ! ਇਹ ਕਾਰਨ ਵੀ ਆਪਾਂ ਨੂੰ ਲੱਭਣੇ ਪੈਣਗੇ, ਪਰ ਅੱਜ ਪਹਿਲਾਂ ਤੋਂ ਹੀ ਕਰਜ਼ੇ ਦੀ ਮਾਰ ਥੱਲੇ ਆਏ ਇਸ ਕਿਸਾਨ ਨੂੰ ਕਰੋਨਾ ਦੀ ਜੰਗ ਵੀ ਲੜਨੀ ਪੈਣੀ ਹੈ। ਅਖੇ! ਭੰਡਾ-ਭੰਡਾਰੀਆ ਕਿੰਨਾ ਕੁ ਭਾਰ, ਇੱਕ ਮੁੱਠੀ ਚੁੱਕ ਲੈ ਦੂਜੀ ਤਿਆਰ; ਪਰ ਇਹ ਦੂਜੀ ਮੁਠੀ ਖਾਸੀ ਭਾਰੀ ਹੈ ਤੇ ਬਾਬੇ ਦੀ ਕੰਗਰੋੜ ਪਹਿਲਾਂ ਈ ਦੂਹਰੀ ਹੋਈ ਪਈ ਹੈ।

ਅੰਕੜੇ ਦੱਸਦੇ ਨੇ ਕਿ ਪੰਜਾਬ ਦੇ ਹਰ ਕਿਸਾਨ ਦੇ ਸਿਰ ਔਸਤਨ 1 ਲੱਖ 19 ਹਜ਼ਾਰ ਦਾ ਕਰਜ਼ਾ ਹੈ, ਜਦੋਂ ਕਿ ਇਸ ਦੀ ਰਾਸ਼ਟਰੀ ਔਸਤ ਸਿਰਫ 47 ਹਜ਼ਾਰ ਬਣਦੀ ਹੈ। ਇਸੇ ਤਰ੍ਹਾਂ ਹੀ ਹਰ ਖੇਤ ਮਜ਼ਦੂਰ ਦੇ ਸਿਰ ਪੰਜਾਹ ਤੋਂ ਅਸੀ ਹਜ਼ਾਰ ਤਕ ਦਾ ਕਰਜ਼ਾ ਹੈ ਤੇ ਆਹ ਕਰੋਨਾ ਵੀ ਕਿਹੜੇ ਵੇਲੇ ਆਇਆ ਚੰਦਰਾ! ਜਦ ਪੂਰੀ ਤਰ੍ਹਾਂ ਉਖਲੀ ਵਿਚ ਸਿਰ ਦਿਤਾ ਹੋਇਆ ਹੈ! ਪਤਾ ਨਹੀ ਇਹਨੇ ਕਿੰਨੀਆਂ ਕੁ ਸੱਟਾਂ ਮਾਰਨੀਆਂ ਹਨ! ਹੁਣ ਇਕੱਲੀਆਂ ਦਾਤੀਆਂ ਨਾਲ ਗੱਲ ਨਹੀਂ ਬਣਨੀ ਸਿੰਘੋ! ਜਨਤਕ ਫਾਸਲਾ, ਸੈਨੇਟਾਈਜ਼ਰ, ਸਾਬਣਾਂ ਤੇ ਹੋਰ ਲੱਲੇ-ਭੱਬੇ ਬਹੁਤ ਕੁਝ ਕਰਨਾ ਪੈਣਾ।

ਪਰਵਾਸੀ ਮਜ਼ਦੂਰ ਇਕ ਵਾਰ ਫਿਰ ਘਰੋਂ ਬੇਘਰ ਹੋ ਕੇ ਆਪੋ ਆਪਣੇ 'ਆਲ੍ਹਣਿਆਂ' ਵਿਚ ਚਲੇ ਗਏ। ਮੰਡੀ ਵਿਚ ਮਜਦੂਰਾਂ ਦੀ ਬਹੁਤ ਵੱਡੀ ਘਾਟ ਹੈ। ਅਜੇ ਤਾਂ ਹਾੜ੍ਹੀ ਚੁਕਣ ਦਾ ਫਿਕਰ ਐ, ਕਲ੍ਹ ਨੂੰ ਝੋਨਾ ਲਾਉਣ ਦਾ ਫਿਕਰ ਹੋਣੈ। ਕਿਸੇ ਪਿੰਡ ਦਾ ਇਕ ਕਿਸਾਨ ਕਹਿ ਰਿਹਾ ਸੀ, "ਕਿਹੜਾ ਘੋਨਾ-ਮੋਨਾ ਐ ਇਹ? ਸਾਡੀ ਜਾਨ ਦਾ ਖਓ ਐ, ਮਜ਼ਦੂਰ ਭਜ ਗਿਆ, ਕਣਕ ਚੁੱਕੀ ਨ੍ਹੀਂ ਜਾਣੀ, ਜੀਰੀ ਲੱਗਣੀ ਨ੍ਹੀਂ। ਪਤਾ ਨਹੀਂ ਕਿਥੋਂ ਲਿਆਂਦਾ ਸਰਕਾਰ ਨੇ? ਮੈਨੂੰ ਤਾਂ ਲਗਦੈ ਜਾਣ ਕੇ ਲਿਆਂਦੈ, ਝੋਨਾ ਬੀਜਣੋਂ ਹਟਾਉਣੈ ਇਨ੍ਹਾਂ ਨੇ। ਪਹਿਲਾਂ ਸੱਪਾਂ ਦੀਆਂ ਸਿਰੀਆਂ ਮਿੱਧ ਕੇ ਦਾਣੇ ਹੁੰਦੇ ਸੀ, ਹੁਣ ਕਰੋਨੇ ਦਾ ਸਿਰ ਮਿੱਧਣਾ ਪੈਣਾ। ਮਸਲਾ ਇਕੱਲੇ ਕਿਸਾਨ ਦਾ ਨਹੀਂ, ਸਾਰੀ ਦੁਨੀਆਂ ਦੇ ਢਿਡ ਦਾ ਵੀ ਐ। ਜੋ ਗੁਦਾਮ ਭਰੇ ਹੋਏ ਸਨ, ਉਹ ਖਾਲੀ ਹੋ ਚੱਲੇ ਨੇ, ਹੁਣ ਨਵੇਂ ਦਾਣੇ ਆਉਣਗੇ ਤਾਂ ਗੁਦਾਮਾਂ ਦਾ ਢਿੱਡ ਭਰੂ। ਆਹ 'ਦੀਵਾ ਲਾਊ ਜਮਾਤ' ਦਾ ਨਹੀਂ ਭਰਨਾ। ਦੇਖ ਲਉ, ਭੁਖਿਆਂ ਤੋਂ ਨਾ ਦੀਵੇ ਜਗਣੇ, ਨਾ ਥਾਲੀਆਂ ਖੜਕਣੀਆਂ। ਭੁਖਿਆਂ ਦੇ ਤਾਂ ਢਿਡ ਈ ਖਾਲੀ ਢੋਲ ਵਾਂਗੂ ਖੜਕਦੇ ਐ।

> ***ਇਸ ਹਾਲਤ ਵਿਚ ਦੁਨੀਆਂ ਵੱਡੀਆਂ ਉਥਲਾਂ-ਪੁਥਲਾਂ ਵਿਚੋਂ ਲੰਘਣ ਜਾ ਰਹੀ ਹੈ। ਇਹ ਰਾਜਕੀ ਢਾਂਚੇ ਹੁਣ ਲੰਮਾ ਸਮਾਂ ਨਹੀਂ ਚੱਲਣੇ। ਇਸ ਦੀ ਪੁਸ਼ਟੀ 'ਵਾਲ ਸਟਰੀਟ ਜਨਰਲ' ਵਿਚ ਹੈਨਰੀ ਕਸਿੰਗਰ ਦੀ ਛਪੀ ਲਿਖਤ ਕਰਦੀ ਹੈ। ਪੰਜਾਬ ਵੀ ਸੰਸਾਰ ਭਰ ਵਿਚ ਆਉਣ ਵਾਲੀ ਇਸ ਤਬਦੀਲੀ ਤੋਂ ਅਛੂਤਾ ਨਹੀਂ ਰਹਿ ਸਕਦਾ। ਇਸ ਸੂਰਤ ਵਿਚ ਸਾਰੇ ਸੁਹਿਰਦ ਬੁਧੀਜੀਵੀਆਂ ਤੋਂ ਸਮਾਂ ਮੰਗ ਕਰਦਾ ਹੈ ਕਿ ਉਹ ਪੰਜਾਬ ਅੰਦਰ ਹੋਣ ਵਾਲੀਆਂ ਰਾਜਕੀ ਤਬਦੀਲੀਆਂ ਲਈ ਲੋਕਾਂ ਨੂੰ ਸੁਚੇਤ ਕਰਨ।***

ਹੁਣ ਸਾਰੀ ਖੇਡ ਸਰਕਾਰ ਦੇ ਹੱਥ ਵਿਚ ਐ। ਕਰੋਨਾ ਦੀਆਂ ਸਾਰੀਆਂ ਇਹਤਿਆਤਾਂ ਨੂੰ ਧਿਆਨ ਵਿਚ ਰਖ ਕੇ ਜੇ ਸਰਕਾਰ ਆਪਣਾ ਸਾਰਾ ਜ਼ੋਰ ਲਾ ਕੇ, ਢੁਕਵਾਂ ਵਿਧੀ ਵਿਧਾਨ ਬਣਾ ਕੇ ਕਿਸਾਨ ਤੇ ਮਜ਼ਦੂਰ ਦੀ ਹਮਾਇਤ ਕਰੇ ਤਾਂ ਹੀ ਇਹ ਦਾਣੇ ਇਕਠੇ ਹੋਣੇ ਨੇ... ਜੇ ਕਿਸਾਨ ਦੇ ਦਾਣੇ ਰੁਲ ਗਏ ਤਾਂ ਖੇਤਾਂ 'ਚ ਉਗੀਆਂ ਖੁਦਕੁਸ਼ੀਆਂ ਸਾਂਭੀਆਂ ਨਹੀਂ ਜਾਣੀਆਂ। ਲੋਕ ਧਾਰਾ ਕਹਿੰਦੀ ਹੈ, ਅੰਨ੍ਹੇ ਭਗਤ ਦੀ ਦੁਰਸੀਸ ਬਹੁਤ ਭੈੜੀ ਹੁੰਦੀ ਹੈ, ਜੇ ਅੰਨ ਖੇਤਾਂ ਵਿਚ ਰੁਲ ਗਿਆ ਤਾਂ ਸਾਡੇ ਢਿੱਡ ਰੁਲ ਜਾਣਗੇ। ਕਰੋਨੇ ਤੋਂ ਤਾਂ ਸ਼ਾਇਦ ਬਚ ਜਾਈਏ, ਢਿੱਡ ਰੋਲ ਦਿੰਦੇ ਨੇ ਬੰਦੇ ਨੂੰ...।"

---

ਬੀਬੀ ਚਰਨਜੀਤ ਕੌਰ ਦੀ ਟਿੱਪਣੀ ਹੈ, "ਇਸ ਸੰਕਟ ਸਮੇਂ ਜੇ ਮਜ਼ਦੂਰ ਦੌੜ ਵੀ ਜਾਂਦੇ ਨੇ ਤਾਂ ਲੋਕਾਂ ਨੂੰ ਇਕ ਦੂਜੇ ਦੀ ਮਦਦ ਕਰਨੀ ਚਾਹੀਦੀ ਹੈ। ਸ਼ਹਿਰੀ ਲੋਕਾਂ ਨੂੰ ਕਿਸਾਨ ਪਰਿਵਾਰਾਂ ਨੂੰ ਸਹਿਯੋਗ ਦੇ ਕੇ ਉਨ੍ਹਾਂ ਨੂੰ ਆਪਣੇ ਲਈ ਕੁਦਰਤ ਨਾਲ ਇਕਸੁਰ ਖੇਤੀ ਬੀਜਣ ਲਈ ਕਹਿਣਾ ਚਾਹੀਦਾ ਹੈ। ਕਣਕ ਸਿਹਤ ਲਈ ਹਾਨੀਕਾਰਕ ਹੈ। ਪੁਰਾਣੇ ਸਮੇਂ ਖਾਧੇ ਜਾਣ ਵਾਲੇ ਬਾਜਰਾ, ਕੋਧਰਾ, ਜਵਾਰ, ਮੱਕੀ ਬੀਜੇ ਜਾਣੇ ਚਾਹੀਦੇ ਹਨ। ਇਹ ਪੌਸ਼ਟਿਕ ਆਹਾਰ ਹਨ। ਸੰਸਾਰ ਵਿਚ ਆਰਥਕ ਮੰਦੀ ਫੈਲਣੀ ਹੈ। ਖਾਣ ਪੀਣ ਵਾਲਾ ਸਮਾਨ ਮਹਿੰਗਾ ਹੋ ਜਾਵੇਗਾ। ਹੁਣ ਸਿੱਧ ਹੋਵੇਗਾ ਕਿ ਕਿਸਾਨ ਸੱਚੀ ਮੁਚੀ ਮਨੁੱਖੀ ਸਮਾਜ ਦੀ ਰੀੜ੍ਹ ਦੀ ਹੱਡੀ ਹੈ।"

ਇਹ ਟਿੱਪਣੀ ਇਸ ਗੱਲ ਦਾ ਸਬੂਤ ਹੈ ਕਿ ਸਾਡੇ ਆਮ ਲੋਕ ਪੰਜਾਬੀ ਸਮਾਜ ਵਿਚ ਆਉਣ ਵਾਲੀਆਂ ਵੱਡੀਆਂ ਤਬਦੀਲੀਆਂ ਨੂੰ ਕਿਵੇਂ ਵੇਖ-ਪਰਖ ਰਹੇ ਨੇ। ਦਰਅਸਲ ਪੰਜਾਬ ਦੀ ਕੀਮਤ ਹੁਣ ਪੈਣੀ ਹੈ। ਹੁਣ ਜਦੋਂ ਇਸ ਮਹਾਮਾਰੀ ਨੇ ਫੈਲਣਾ ਹੈ ਤਾਂ ਅੰਨ ਦੀ ਲੋੜ ਸਭ ਨੂੰ ਪੈਣੀ ਹੈ। ਆਉਣ ਵਾਲੇ ਸਮੇਂ ਵਿਚ ਆਪਣੇ ਅੰਨ ਭੰਡਾਰ ਕਰਕੇ ਪੰਜਾਬ ਨੇ ਖਾਸ ਦਰਜਾ ਹਾਸਲ ਕਰਨਾ ਹੈ। ਪੰਜਾਬ ਨੂੰ ਸਿੱਖੀ ਨੇ ਬਚਾਉਣਾ ਹੈ। ਸਿੱਖੀ, ਜੋ ਗਰੀਬਾਂ ਦੀ ਪਾਲਕ, ਨੀਚਾਂ ਦੀ ਸੰਗੀ, ਨਿਮਾਣਿਆਂ ਦਾ ਮਾਣ, ਨਿਤਾਣਿਆਂ ਦਾ ਤਾਣ, ਨਿਆਸਰਿਆਂ ਦਾ ਆਸਰਾ, ਨਿਓਟਿਆਂ ਦੀ ਓਟ, ਨਿਗਤਿਆਂ ਦੀ ਗਤਿ ਤੇ ਨਿਪੱਤਿਆਂ ਦੀ ਪਤਿ ਹੈ। ਭਾਵੇਂ ਬਾਦਲਕੇ ਵੀ ਆਪਣੇ-ਆਪ ਨੂੰ ਸਿੱਖ ਅਖਵਾਉਂਦੇ ਨੇ, ਪਰ ਉਨ੍ਹਾਂ ਨੇ ਸਿੱਖੀ ਨੂੰ ਬੇਦਾਵਾ ਦੇ ਦਿੱਤਾ ਹੈ। ਇਸ ਦੀ ਪੁਸ਼ਟੀ ਬੀਬੀ ਹਰਸਿਮਰਤ ਕੌਰ ਨੇ ਨਰਿੰਦਰ ਮੋਦੀ ਦੇ ਕਹਿਣ 'ਤੇ ਦੀਵੇ ਜਗਾਉਣ ਦਾ ਬ੍ਰਾਹਮਣੀ ਕਰਮ ਕਾਂਡ ਕਰ ਕੇ ਕੀਤੀ ਹੈ। ਇਹ ਧਰਮੀ ਲੋਕਾਂ ਦਾ ਸੰਕਟ ਨਹੀਂ, ਸਗੋਂ ਨਾਸਤਿਕ ਤੇ ਸਾਇੰਸ ਉਤੇ ਬਲੌੜਾ ਯਕੀਨ ਕਰਨ ਵਾਲੇ ਲੋਕਾਂ ਦਾ ਸੰਕਟ ਹੈ। ਇਸੇ ਕਰਕੇ ਮਾਰਕਸ ਨੇ ਕਿਹਾ ਸੀ ਕਿ ਧਰਮ ਅਜਿਹੇ ਔਖੇ ਸਮਿਆਂ ਵਿਚ ਕਮਜ਼ੋਰ ਮਨਾਂ ਨੂੰ ਧਰਵਾਸ ਦਿੰਦਾ ਹੈ, ਜਿਵੇਂ 19ਵੀਂ ਸਦੀ ਵਿਚ ਅਫੀਮ ਸਰੀਰਕ ਦਰਦ ਤੋਂ ਨਿਜਾਤ ਦਿਵਾਉਂਦੀ ਸੀ।

ਇਥੇ ਸਵਾਲ ਪੈਦਾ ਹੋ ਸਕਦਾ ਹੈ ਕਿ ਹਿੰਦੂ ਧਰਮ ਦੀ ਗੱਲ ਤਾਂ ਮੋਦੀਕੇ ਵੀ ਕਰਦੇ ਨੇ, ਪਰ ਮੋਦੀਕੇ ਹਿੰਦੂ ਧਰਮ ਦੇ ਪੈਰੋਕਾਰ ਨਹੀਂ, ਸਗੋਂ ਮਨੋ ਕਲਪਿਤ ਬ੍ਰਾਹਮਣੀ ਧਰਮ ਦੇ ਪੈਰੋਕਾਰ ਹਨ, ਜਿਨ੍ਹਾਂ ਨੂੰ ਸਾਮਰਾਜੀ ਮਾਇਆਧਾਰੀਆਂ ਨੇ ਆਪਣੀ ਲੁੱਟ ਜਾਰੀ ਰਖਣ ਲਈ ਠੁੰਮਣਾ ਦਿਤਾ ਹੋਇਆ ਹੈ। ਵੈਦਿਕ ਧਰਮ ਤਾਂ ਸਮੁੱਚੇ ਸੰਸਾਰ ਨੂੰ ਇਕ ਪਰਿਵਾਰ ਮੰਨਦਾ ਹੈ। ਦਇਆ ਨੂੰ ਧਰਮ ਦਾ ਮੂਲ ਮੰਨਦਾ ਹੈ। ਮੋਦੀਕੇ ਤਾਂ ਦਇਆ ਦਾ ਭਾਵ ਅਰਥ ਵੀ ਨਹੀਂ ਜਾਣਦੇ। ਜੇ ਜਾਣਦੇ ਹੁੰਦੇ ਤਾਂ ਕਰੋੜਾਂ ਗਰੀਬ ਲੋਕਾਂ ਨੂੰ ਭੁਖੇ-ਭਾਣੇ ਸੜਕਾਂ ਉਤੇ ਰੁਲਣ ਲਈ ਮਜਬੂਰ ਨਾ ਕਰਦੇ।

ਆਉਣ ਵਾਲਾ ਸਮਾਂ ਇਸ ਗੱਲ ਦਾ ਫੈਸਲਾ ਕਰੇਗਾ ਕਿ ਮਹਾਮਾਰੀ ਦੇ ਰੂਪ ਵਿਚ ਇਹ ਕੁਦਰਤੀ ਸਰਾਪ ਸ਼ਾਇਦ ਮਨੁੱਖਤਾ ਲਈ ਵਰਦਾਨ ਸਾਬਤ ਹੋਵੇ। ਇਸ ਦੀ ਇਕ ਛੋਟੀ ਜਿਹੀ ਮਿਸਾਲ ਇਹ ਹੈ ਕਿ ਲੌਕਡਾਊਨ ਤੋਂ ਪਹਿਲਾਂ ਤਕ ਸਰਕਾਰੀ ਅੰਕੜਿਆਂ ਮੁਤਾਬਿਕ ਹਰ ਰੋਜ਼ ਪੰਜਾਬ 'ਚ ਔਸਤਨ 14 ਬੰਦੇ ਸੜਕੀ ਹਾਦਸਿਆਂ ਵਿਚ ਮਰਦੇ ਸਨ, ਜਿਨ੍ਹਾਂ ਹਾਦਸਿਆਂ ਦੀ ਗਿਣਤੀ ਇਸ ਲੌਕਡਾਊਨ ਵਿਚ ਜ਼ੀਰੋ ਹੈ। ਸ਼ਾਇਦ ਕੁਦਰਤ ਨੇ ਇਸ ਮਹਾਮਾਰੀ ਰਾਹੀਂ ਬੰਦੇ ਨੂੰ ਤੇਜ ਦੌੜ ਤੇ ਸਹਿਜ ਜ਼ਿੰਦਗੀ ਵਿਚਲੇ ਅੰਤਰ ਨੂੰ ਸਮਝਾਉਣ ਦਾ ਯਤਨ ਕੀਤਾ ਹੋਵੇ!

# ਪੰਜਾਬ ਦੀ ਹਵਾ ਵਿਚ ਰਿਕਾਰਡ ਸੁਧਾਰ ਹੋਇਆ

**ਪਟਿਆਲਾ:** ਕਰੋਨਾ ਦੇ ਬਚਾਅ ਵਜੋਂ ਕੀਤੀ ਤਾਲਾਬੰਦੀ ਦੌਰਾਨ ਸੂਬੇ ਦੀ ਹਵਾ ਵਿਚ ਰਿਕਾਰਡ ਪੱਧਰ ਉਤੇ ਸੁਧਾਰ ਸਾਹਮਣੇ ਆਈ ਹੈ। ਬੀਤੇ ਹਫਤੇ ਹਵਾ ਦੀ ਗੁਣਵੱਤਾ ਦਾ ਸੂਚਕ ਅੰਕ ਸਭ ਤੋਂ ਹੇਠਲੇ ਪੱਧਰ 21 ਅੰਕ ਉਤੇ ਵੀ ਮਾਪਿਆ ਗਿਆ ਹੈ, ਜਦੋਂ ਕਿ 7 ਅਪਰੈਲ ਨੂੰ ਹਫਤੇ ਦੇ ਆਖਰੀ ਦਿਨ ਪੰਜਾਬ ਅੰਦਰ ਹਵਾ ਦੀ ਗੁਣਵੱਤਾ ਦਾ ਸੂਚਕ ਅੰਕ 'ਏਕਿਊਆਈ' ਔਸਤਨ 45 ਰਿਹਾ ਹੈ, ਜਿਹੜਾ ਕਿ ਇਸ ਦਿਨ ਪਿਛਲੇ ਸਾਲ 2019 ਦੌਰਾਨ ਔਸਤਨ 103 ਮਾਪਿਆ ਗਿਆ ਸੀ।

ਉਧਰ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਸੂਬੇ ਦੇ ਨਿਖਰੇ ਮਾਹੌਲ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਈ ਰੱਖਣ ਲਈ ਤਿਆਰੀਆਂ ਵਿੱਢ ਦਿੱਤੀਆਂ ਹਨ। ਵਿਭਾਗ ਨੇ ਪ੍ਰਦੂਸ਼ਿਤ ਰਹਿਤ ਬਣ ਰਹੇ ਮਾਹੌਲ ਉਤੇ ਪਲ-ਪਲ ਦੀ ਨਜ਼ਰ ਟਿਕਾਈ ਹੋਈ ਹੈ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਦਫਤਰ ਤੋਂ ਪ੍ਰਾਪਤ ਅੰਕੜਿਆਂ ਮੁਤਾਬਕ ਆਏ ਦਿਨ ਹਵਾ ਦੀ ਗੁਣਵੱਤਾ ਦੇ ਸੂਚਕ ਅੰਕ ਵਿਚ ਰਿਕਾਰਡ ਸੁਧਾਰ ਵੇਖਣ ਨੂੰ ਮਿਲ ਰਿਹਾ ਹੈ। ਬੀਤੇ ਹਫਤੇ ਔਸਤਨ ਇਹ ਅੰਕੜਾ ਕਰਮਵਾਰ 7 ਅਪਰੈਲ ਨੂੰ 45, ਜਦੋਂ ਕਿ 6 ਅਪਰੈਲ ਨੂੰ 42, 5 ਅਪਰੈਲ ਨੂੰ 55, 4 ਅਪਰੈਲ ਨੂੰ 40, 3 ਅਪਰੈਲ ਨੂੰ 37 ਜਦੋਂ ਕਿ 2 ਅਪਰੈਲ ਨੂੰ 42 ਅੰਕ ਮਾਪਿਆ ਗਿਆ ਹੈ। ਜਿਹੜਾ ਕਿ ਪਿਛਲੇ 2019 ਨੂੰ ਇਸ ਹਫਤੇ ਦੌਰਾਨ ਹੀ ਕਰਮਵਾਰ 7 ਅਪਰੈਲ ਨੂੰ 103, 157, 159, 136, 132 ਤੇ 131 ਅੰਕ ਮਾਪਿਆ ਗਿਆ ਸੀ।

ਪੰਜਾਬ ਦੀ ਹਵਾ ਦਿੱਲੀ ਤੋਂ ਕਿਤੇ ਬਿਹਤਰ ਹੈ ਕਿਉਂਕਿ ਦਿੱਲੀ ਵਿਚ ਔਸਤਨ ਇਹ ਅੰਕੜਾ 90 ਮਾਪਿਆ ਗਿਆ ਹੈ, ਜਦੋਂ ਕਿ ਪਿਛਲੇ ਸਾਲ 2019 ਨੂੰ ਇਸੇ ਦਿਨ 7 ਅਪਰੈਲ ਨੂੰ ਇਹ ਅੰਕੜਾ ਵੱਡੇ ਖਤਰੇ ਦੇ ਨਿਸ਼ਾਨ 302 ਉਤੇ ਸੀ। ਪੰਜਾਬ ਅੰਦਰ ਬੀਤੇ ਹਫਤੇ ਕਈ ਸ਼ਹਿਰਾਂ ਵਿਚ ਤਾਂ ਇਹ ਅੰਕੜਾ ਘਟ ਕੇ 21 ਤੋਂ 37 ਦਰਮਿਆਨ ਵੀ ਰਿਹਾ ਹੈ, ਪਟਿਆਲਾ ਵਿਚ ਇਕ ਦਿਨ ਇਹ ਅੰਕੜਾ ਸਭ ਤੋਂ ਹੇਠਲੀ ਦਰ 21 ਉਤੇ ਵੀ ਮਾਪਿਆ ਗਿਆ ਹੈ। ਪ੍ਰਦੂਸ਼ਿਤ ਮੰਨੇ ਜਾਂਦੇ ਸਨਅਤੀ ਸ਼ਹਿਰ ਲੁਧਿਆਣਾ ਵਿਚ ਵੀ ਇਹ ਅੰਕੜਾ ਰਿਕਾਰਡ ਹੇਠਾਂ ਡਿੱਗਿਆ ਹੈ, ਇਸ ਸ਼ਹਿਰ ਵਿਚ ਇਹ ਅੰਕੜਾ ਸਭ ਤੋਂ ਘੱਟ 38 ਸੀ ਜਦੋਂ ਕਿ ਦੂਜੇ ਨੰਬਰ ਉਤੇ 42 ਅੰਕ ਨਾਲ ਸ਼ਾਹੀ ਸ਼ਹਿਰ ਪਟਿਆਲਾ ਰਿਹਾ ਸੀ। ਵਾਤਾਵਰਨ ਪ੍ਰੇਮੀਆਂ ਦਾ ਕਹਿਣਾ ਹੈ ਕਿ ਤਾਲਾਬੰਦੀ ਤੋਂ ਸਿੱਧ ਹੋ ਗਿਆ ਹੈ ਕਿ ਆਖਰ ਆਪਣੀ ਹਵਾ ਨੂੰ ਵਧੇਰੇ ਕਰਕੇ ਮਨੁੱਖ ਨੇ ਖੁਦ ਹੀ ਵਿਗਾੜਿਆ ਹੋਇਆ ਹੈ।

ਪੰਜਾਬ ਟਾਈਮਜ਼

*ਸਨਿਚਰਵਾਰ, 18 ਅਪਰੈਲ 2020*

## ਸ਼ਾਸਕਾਂ ਦਾ ਵਿਹਾਰ

ਇਸ ਵਕਤ ਜਦੋਂ ਸਾਰਾ ਸੰਸਾਰ ਕਰੋਨਾ ਵਾਇਰਸ ਨਾਲ ਨਾਲ ਜੂਝ ਰਿਹਾ ਹੈ ਤਾਂ ਬਹੁਤੇ ਮੁਲਕਾਂ ਦੇ ਸ਼ਾਸਕ ਆਪੋ-ਆਪਣੀ ਸਿਆਸਤ ਵਿਚ ਰੁਝੇ ਹੋਏ ਹਨ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਪਹਿਲਾਂ ਤਾਂ ਇਸ ਸੰਕਟ ਵਲ ਧਿਆਨ ਹੀ ਨਹੀਂ ਦਿੱਤਾ, ਸਗੋਂ ਇਸ ਮਾਮਲੇ ‘ਤੇ ਆਪਣੇ ਟਵਿੱਟਰ ਅਕਾਊਂਟ ‘ਤੇ ਮਖੌਲ ਵੀ ਉਡਾਇਆ; ਫਿਰ ਜਦੋਂ ਸੰਕਟ ਗਹਿਰਾ ਹੁੰਦਾ ਗਿਆ ਤਾਂ ਦੂਜਿਆਂ ਉਤੇ ਦੋਸ਼ ਮੜ੍ਹਨੇ ਅਰੰਭ ਕਰ ਦਿੱਤੇ। ਪਹਿਲਾਂ ਚੀਨ ਅਤੇ ਹੁਣ ਸੰਸਾਰ ਸਿਹਤ ਸੰਸਥਾ ਨੂੰ ਖਲਨਾਇਕ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਅਸਲ ਵਿਚ ਜਦੋਂ ਕਰੋਨਾ ਸੰਕਟ ਦੀ ਮਾਰ ਦਿਨ ਪ੍ਰਤੀ ਦਿਨ ਵਧਦੀ ਗਈ ਤਾਂ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਆਪਣੀ ਚੋਣ ਮੁਹਿੰਮ ਵਿਚ ਮੋਰੀਆਂ ਹੁੰਦੀਆਂ ਜਾਪੀਆਂ। ਯਾਦ ਰਹੇ, ਅਮਰੀਕੀ ਰਾਸ਼ਟਰਪਤੀ ਦੀ ਚੋਣ ਇਸੇ ਸਾਲ ਨਵੰਬਰ ਵਿਚ ਹੋਣੀ ਹੈ ਅਤੇ ਹੁਣ ਜਾਪ ਇਸ ਤਰ੍ਹਾਂ ਰਿਹਾ ਹੈ ਕਿ ਕਰੋਨਾ ਸੰਕਟ ਇਨ੍ਹਾਂ ਚੋਣਾਂ ਦੌਰਾਨ ਖਾਸ ਮੁੱਦਾ ਬਣ ਸਕਦੀ ਹੈ। ਕਰੋਨਾ ਸੰਕਟ ਟਰੰਪ ਦੀ ਮੁਹਿੰਮ ਉਤੇ ਚੰਗਾ ਅਸਰ ਛੱਡੇਗਾ ਜਾਂ ਮਾੜਾ ਅਸਰ ਪਾਵੇਗਾ, ਇਹ ਤਾਂ ਫਿਲਹਾਲ ਸਪਸ਼ਟ ਨਹੀਂ, ਪਰ ਇਕ ਗੱਲ ਸਪਸ਼ਟ ਹੈ ਕਿ ਇਸ ਵਾਰ ਝੂਠ ਬੋਲ ਹੀ ਟਰੰਪ ਬਚ ਕੇ ਨਹੀਂ ਨਿਕਲ ਸਕੇਗਾ। ਇਸ ਵਾਰ ਉਸ ਨੂੰ ਕੋਰਨਾ ਸੰਕਟ ਬਾਰੇ ਉਠ ਰਹੇ ਸਵਾਲਾਂ ਦੇ ਜਵਾਬ ਦੇਣੇ ਪੈ ਸਕਦੇ ਹਨ। ਦੂਜੇ ਬੰਨੇ ਜੇ ਡੈਮੋਕਰੈਟਿਕ ਪਾਰਟੀ ਦੇ ਉਮੀਦਵਾਰ ਜੋਅ ਬਿਡੇਨ ਅਤੇ ਉਸ ਦੀ ਚੋਣ ਮੁਹਿੰਮ ਦੇ ਸਾਥੀ ਕਰੋਨਾ ਸੰਕਟ ਦੌਰਾਨ ਡੋਨਲਡ ਟਰੰਪ ਦੀ ਨਾ-ਅਹਿਲੀਅਤ ਸਾਬਤ ਕਰਨ ਵਿਚ ਸਫਲ ਹੋ ਗਏ ਤਾਂ ਕੋਈ ਵੱਡੀ ਗੱਲ ਨਹੀਂ ਕਿ ਟਰੰਪ ਦੀਆਂ ਸੱਜੇਪੱਖੀ ਨੀਤੀਆਂ ਨੂੰ ਪਛਾੜ ਕੇ ਉਹ ਮੁਲਕ ਦੇ ਅਗਲੇ ਰਾਸ਼ਟਰਪਤੀ ਬਣ ਜਾਣ। ਉਂਜ, ਇਹ ਬੜਾ ਔਖੇਰਾ ਕਾਰਜ ਹੈ, ਕਿਉਂਕਿ ਟਰੰਪ ਆਪਣੀ ਸੱਜੇਪੱਖੀ ਪਹੁੰਚ ਕਾਰਨ ਆਮ ਅਮਰੀਕੀਆਂ ਉਤੇ ਵਾਹਵਾ ਪ੍ਰਭਾਵ ਛੱਡਣ ਵਿਚ ਕਾਮਯਾਬ ਰਿਹਾ ਹੈ।

ਹੁਣ ਭਾਰਤੀ ਸ਼ਾਸਕਾਂ ਦੀ ਗੱਲ। ਜਦੋਂ ਦਾ ਕਰੋਨਾ ਸੰਕਟ ਆਇਆ ਹੈ, ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਚਾਰ ਵਾਰ ਲੋਕਾਂ ਨੂੰ ਸੰਬੋਧਨ ਕਰ ਚੁਕੇ ਹਨ। ਪਹਿਲੀ ਵਾਰ ਉਨ੍ਹਾਂ ਇਕ ਦਿਨ ਦੇ ਜਨਤਾ ਕਰਫਿਊ ਦਾ ਐਲਾਨ ਕੀਤਾ। ਇਹ ਅਸਲ ਵਿਚ ਕੀਤੇ ਜਾਣ ਵਾਲੇ ਲੰਮੇ ਲੌਕਡਾਊਨ ਦੀ ਰਿਹਰਸਲ ਹੀ ਸੀ। ਦੂਜੇ ਸੰਬੋਧਨ ਦੌਰਾਨ ਉਨ੍ਹਾਂ ਲੋਕਾਂ ਨੂੰ ਆਪੋ-ਆਪਣੇ ਘਰਾਂ ’ਚ ਤਾੜੀਆਂ ਵਜਾਉਣ ਤੇ ਭਾਂਡੇ ਖੜਕਾਉਣ ਦਾ ਸੱਦਾ ਦੇ ਦਿੱਤਾ। ਤੀਜੇ ਸੰਬੋਧਨ ਵਿਚ ਮੋਮਬੱਤੀਆਂ/ਦੀਵੇ ਜਗਾਉਣ ਲਈ ਕਿਹਾ ਅਤੇ ਹੁਣ ਚੌਥੇ ਸੰਬੋਧਨ ਵਿਚ ਖੁਦ ਸਾਵਧਾਨ ਰਹਿਣ ਦਾ ਸੱਦਾ ਦਿੱਤਾ ਹੈ। ਲੋਕ ਸਵਾਲ ਉਠਾ ਰਹੇ ਹਨ ਕਿ ਸੰਕਟ ਕਾਰਨ ਪੈਦਾ ਹੋਏ ਹਾਲਾਤ ਨਾਲ ਨਜਿੱਠਣ ਲਈ ਉਨ੍ਹਾਂ ਕੀ ਕੀਤਾ ਹੈ? ਸੰਕਟ ਨਾਲ ਲੜਾਈ ਲਈ ਜਿਸ ਪੈਕੇਜ ਦਾ ਐਲਾਨ ਕੀਤਾ ਗਿਆ ਸੀ, ਉਹ ਰਾਸ਼ੀ ਅਜੇ ਤੱਕ ਲੋੜਵੰਦਾਂ ਤਕ ਅੱਪੜੀ ਨਹੀਂ ਹੈ। ਡਾਕਟਰ ਖੁਦ ਦੀ ਸੁਰੱਖਿਆ ਵਾਲੇ ਸਾਜ਼ੋ-ਸਮਾਨ ਤੋਂ ਬਿਨਾ ਮਰੀਜ਼ਾਂ ਦਾ ਇਲਾਜ ਕਰਨ ਲਈ ਮਜਬੂਰ ਹਨ। ਸਿਹਤ ਸਹੂਲਤਾਂ ਡਾਵਾਂਡੋਲ ਹਨ। ਇਸ ਪਾਸੇ ਉਕਾ ਹੀ ਧਿਆਨ ਨਹੀਂ ਕੀਤਾ ਗਿਆ। ਲੌਕਡਾਊਨ ਕਾਰਨ ਆਮ ਬੰਦੇ ਦਾ ਜੋ ਹਸ਼ਰ ਹੋਇਆ ਹੈ, ਉਸ ਦੀਆਂ ਰਿਪੋਰਟਾਂ ਨਿਤ ਦਿਨ ਮੀਡੀਆ ਦਾ ਸ਼ਿੰਗਾਰ ਬਣ ਰਹੀਆਂ ਹਨ। ਪਰਵਾਸੀ ਮਜ਼ਦੂਰ ਕੰਮ ਛੁੱਟਣ ਕਾਰਨ ਭੁੱਖਮਰੀ ਦਾ ਸ਼ਿਕਾਰ ਹਨ। ਇਨ੍ਹਾਂ ਲਈ ਰਾਸ਼ਨ ਦਾ ਪ੍ਰਬੰਧ ਤਕ ਨਹੀਂ ਕੀਤਾ ਗਿਆ। ਕਈ ਉਘੇ ਅਰਥ ਸ਼ਾਸਤਰੀ ਵਾਰ-ਵਾਰ ਕਹਿ ਚੁਕੇ ਹਨ ਕਿ ਮੁਲਕ ਕੋਲ ਬੇਅੰਤ ਅਨਾਜ ਜਮ੍ਹਾਂ ਪਿਆ ਹੈ, ਇਹ ਹੁਣ ਲੋੜਵੰਦਾਂ ਨੂੰ ਵੰਡ ਦੇਣਾ ਚਾਹੀਦਾ ਹੈ ਤਾਂ ਕਿ ਸੰਕਟ ਨੂੰ ਤੁਰੰਤ ਹੱਲ ਕਰਨ ਵਿਚ ਮਦਦ ਮਿਲ ਸਕੇ, ਪਰ ਸਰਕਾਰ ਨੇ ਅਜੇ ਤਕ ਇਸ ਮਸਲੇ ਉਤੇ ਵਿਚਾਰ ਵੀ ਨਹੀਂ ਕੀਤੀ ਹੈ।

ਪੰਜਾਬ ਦੀ ਹਾਲਤ ਇਸ ਤੋਂ ਵੀ ਬਦਤਰ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਿਤ ਦਿਨ ਐਲਾਨ ਤਾਂ ਕਰੀ ਜਾਂਦੇ ਹਨ, ਪਰ ਉਨ੍ਹਾਂ ਉਤੇ ਅਮਲ ਨਹੀਂ ਹੋ ਰਿਹਾ ਅਤੇ ਲੋਕ ਆਖਰਾਂ ਦੇ ਤੰਗ ਹੋ ਰਹੇ ਹਨ। ਪਹਿਲਾਂ ਤਾਂ ਲੌਕਡਾਊਨ ਅਰੰਭ ਹੁੰਦੇ ਸਾਰ ਹੀ ਪੁਲਿਸ ਨੇ ਲੋਕਾਂ ‘ਤੇ ਤਸ਼ੱਦਦ ਕੀਤਾ, ਫਿਰ ਜਦੋਂ ਨੁਕਤਾਚੀਨੀ ਹੋਈ ਤਾਂ ਪੁਲਿਸ ਨੂੰ ਲੋਕਾਂ ਨਾਲ ਨਰਮ ਵਿਹਾਰ ਕਰਨ ਦੀਆਂ ਹਦਾਇਤਾਂ ਜਾਰੀ ਕੀਤੀਆਂ ਗਈ, ਪਰ ਪੁਲਿਸ ਦੇ ਵਿਹਾਰ ਵਿਚ ਤਬਦੀਲੀ ਫਿਰ ਵੀ ਨਹੀਂ ਆਈ ਹੈ। ਪੁਲਿਸ ਲੋਕਾਂ ਨਾਲ ਅਜਿਹਾ ਵਿਹਾਰ ਕਰ ਰਹੀ ਹੈ ਜਿਵੇਂ ਡਾਵਾਂਡੋਲ ਹੋਈ ਕਾਨੂੰਨ-ਵਿਵਸਥਾ ਸੰਭਾਲ ਰਹੀ ਹੋਵੇ, ਜਦਕਿ ਹੁਣ ਮੁੱਖ ਮਸਲਾ ਇਹ ਹੈ ਕਿ ਲੋਕਾਂ ਨੂੰ ਸਰੀਰਕ ਦੂਰੀ ਬਣਾਉਣ ਲਈ ਪ੍ਰੇਰਿਆ ਜਾਵੇ। ਸਿਹਤ ਸਹੂਲਤਾਂ ਦਾ ਮਸਲਾ ਤਾਂ ਹੁਣ ਹੱਦਾਂ ਹੀ ਪਾਰ ਕਰ ਗਿਆ ਹੈ। ਲੋਕਾਂ ਦਾ ਇਲਾਜ ਸਿਰਫ ਸਰਕਾਰੀ ਹਸਪਤਾਲਾਂ ਵਿਚ ਹੀ ਹੋ ਰਿਹਾ ਹੈ। ਪ੍ਰਾਈਵੇਟ ਹਸਪਤਾਲਾਂ ਵਾਲਿਆਂ ਨੇ ਸਰਕਾਰੀ ਹੁਕਮਾਂ ਦੇ ਬਾਵਜੂਦ ਮਰੀਜ਼ਾਂ ਲਈ ਹਸਪਤਾਲਾਂ ਦੇ ਦਰਵਾਜੇ ਅਜੇ ਤਕ ਵੀ ਨਹੀਂ ਖੋਲ੍ਹੇ ਹਨ। ਕਰੋਨਾ ਤੋਂ ਇਲਾਵਾ ਦੂਜੀਆਂ ਬਿਮਾਰੀਆਂ ਵਾਲੇ ਮਰੀਜ਼ਾਂ ਦੀ ਕਿਤੇ ਕੋਈ ਪੁੱਛ-ਪ੍ਰਤੀਤ ਨਹੀਂ। ਲੋਕਾਂ ਅੰਦਰ ਖੌਫ ਇੰਨਾ ਜ਼ਿਆਦਾ ਹੈ ਕਿ ਲੋਕ ਦੇਹਾਂ ਦੇ ਸਸਕਾਰ ਦਾ ਵਿਰੋਧ ਕਰਨ ਲੱਗੇ ਹਨ। ਇਸ ਮਸਲੇ ਨੂੰ ਜਿੰਨੀ ਤੇਜ਼ੀ ਨਾਲ ਨਜਿੱਠਿਆ ਜਾਣਾ ਚਾਹੀਦਾ ਸੀ, ਨਜਿੱਠਿਆ ਨਹੀਂ ਗਿਆ। ਸਭ ਤੋਂ ਵੱਡੀ ਗੱਲ, ਸੰਕਟ ਦੀ ਇਸ ਘੜੀ ਵਿਚ ਸਭ ਸਿਆਸੀ ਆਗੂ ਅੰਦਰ ਦੜੇ ਬੈਠੇ ਹਨ। ਜਿਹੜੇ ਬਾਹਰ ਨਿਕਲ ਰਹੇ ਹਨ, ਉਹ ਸਿਰਫ ਆਪਣੀਆਂ ਫੋਟੋਆਂ ਵਾਲੇ ਪੈਕਟ ਵੰਡਣ ਲਈ ਹੀ ਬਾਹਰ ਨਿਕਲ ਰਹੇ ਹਨ। ਕੱਟੜਪੰਥੀਆਂ ਦੇ ਪ੍ਰਚਾਰ ਕਾਰਨ ਆਮ ਲੋਕ, ਗੁੱਜਰ ਭਾਈਚਾਰੇ ਦੇ ਖਿਲਾਫ ਹੋ ਗਏ ਹਨ, ਜਿਨ੍ਹਾਂ ਦਾ ਸਬੰਧ ਮੁਸਲਮਾਨ ਭਾਈਚਾਰੇ ਨਾਲ ਹੈ। ਇਨ੍ਹਾਂ ਤੋਂ ਦੁੱਧ ਨਾ ਖਰੀਦਣ ਦੀਆਂ ਅਨਾਊਂਸਮੈਂਟਾਂ ਧਾਰਮਿਕ ਸਥਾਨਾਂ ਤੋਂ ਹੋ ਰਹੀਆਂ ਹਨ ਅਤੇ ਸਰਕਾਰ ਇਸ ਮਸਲੇ ‘ਤੇ ਕੋਈ ਸਾਰਥਕ ਕਦਮ ਚੁੱਕਣ ਵਿਚ ਨਾਕਾਮ ਰਹੀ ਹੈ। ਜਾਹਰ ਹੈ ਕਿ ਸੰਕਟ ਦੇ ਇਸ ਸਮੇਂ ਅੰਦਰ ਸ਼ਾਸਕਾਂ ਨੇ ਲੋਕਾਂ ਨੂੰ ਆਪਣੇ ਹਾਲ ‘ਤੇ ਛੱਡ ਦਿੱਤਾ ਹੈ। ਇਸ ਦਾ ਅਸਰ ਆਉਣ ਵਾਲੀ ਸਿਆਸਤ ਉਤੇ ਕਿੰਨਾ ਕੁ ਪਵੇਗਾ, ਇਹ ਆਉਣ ਵਾਲਾ ਸਮਾਂ ਹੀ ਦੱਸੇਗਾ!

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਬੰਦਿਆ ਤੂੰ ਹੋ ਤਕੜਾ*

ਕਹਿਰ ਕਰੋਨਾ ਨੇ ਕੀਤਾ ਹੈ ਬਹੁਤ ਭਾਰਾ, ਮਾਈ-ਭਾਈ ਸਭ ਪਰਖ ਦੇ ਹੇਠ ਆਇਆ।
ਜੋ ਸੁੱਤੀਆਂ ਸਰਕਾਰਾਂ ਸਨ ਜਾਗ ਪਈਆਂ, ਪਿਆ ਸਭ ‘ਤੇ ਸੰਕਟ ਦਾ ਨ੍ਹੇਰ ਛਾਇਆ।
ਕਰੇ ਕਿੱਦਾਂ ਕੋਈ ਮਦਦ ਵੀ ਆਪਣੇ ਦੀ, ਖੌਫ ਲਾਗ ਦਾ ਝੱਲਦਾ ਫਿਰੇ ਹਮਸਾਇਆ।
ਪਾਸੇ ਵੱਟ ਕੇ ਲੰਘਣਾ ਪੈ ਰਿਹਾ ਏ, ਜਿਹਨੂੰ ਪਹਿਲਾਂ ਸੀ ਗਲੇ ਦੇ ਨਾਲ ਲਾਇਆ।
ਕੋਈ ਗੱਲ ਨਹੀਂ ਬੰਦਿਆ ਤੂੰ ਹੋ ਤਕੜਾ, ਇਹ ਵੀ ਸੰਕਟ ਹੈ ਇਹਨੇ ਵੀ ਢਹਿ ਜਾਣਾ।
ਰੱਖੀਂ ਨਾਲ ਮਨੁੱਖਤਾ ਦੇ ਨਾਲ ਯਾਰੀ, ਹੈ ਦਲੇਰੀ ਮੁਸੀਬਤਾਂ ਨਾਲ ਖਹਿ ਜਾਣਾ।

# ਮਹਾਮਾਰੀ ਦੇ ਸਮਾਜਕ ਪ੍ਰਸੰਗ ਅਤੇ ਸਿਆਸੀ ਸ਼ਨਾਖਤ

*ਕੋਵਿਡ-19 ਨੇ ਸਾਰੇ ਸੰਸਾਰ ਨੂੰ ਆਪਣੀ ਲਪੇਟ ਵਿਚ ਲੈ ਲਿਆ ਹੈ। ਚਾਰੇ ਪਾਸੇ ਹਾਹਾਕਾਰ ਮੱਚੀ ਪਈ ਹੈ। ਕੋਰਨਾ ਕੋਈ ਪਹਿਲੀ ਮਹਾਮਾਰੀ ਨਹੀਂ, ਇਸ ਤੋਂ ਪਹਿਲਾਂ ਵੀ ਕਈ ਵਾਰ ਲੋਕਾਂ ਨੂੰ ਅਜਿਹੀਆਂ ਮਹਾਮਾਰੀਆਂ ਦਾ ਸਾਹਮਣਾ ਕਰਨਾ ਪਿਆ ਹੈ। ਉਂਜ, ਅੱਜ ਦੇ ਪ੍ਰਸੰਗ ਵਿਚ ਵਿਚਾਰਨ ਵਾਲਾ ਨੁਕਤਾ ਇਹ ਹੈ ਕਿ ਸਾਡੇ ਸਿਆਸਤਦਾਨਾਂ ਅਤੇ ਸੱਤਾਧਾਰੀਆਂ ਨੇ ਅਜਿਹੇ ਸੰਕਟਾਂ ਤੋਂ ਕਦੀ ਸਬਕ ਸਿੱਖਣ ਦਾ ਯਤਨ ਨਹੀਂ ਕੀਤਾ ਹੈ। ਅਜਿਹੀਆਂ ਮਹਾਮਾਰੀਆਂ ਦੀ ਮਾਰ ਉਥੇ ਹੀ ਸਭ ਤੋਂ ਵੱਧ ਪੈਂਦੀ ਹੈ, ਜਿਥੇ ਸਰਕਾਰਾਂ ਜਾਂ ਤਾਂ ਅਵੇਸਲੀਆਂ ਹੁੰਦੀਆਂ ਹਨ ਜਾਂ ਫਿਰ ਜਿਨ੍ਹਾਂ ਨੇ ਅਜਿਹੇ ਸੰਕਟਾਂ ਨਾਲ ਨਜਿੱਠਣ ਲਈ ਪਹਿਲਾਂ ਕੋਈ ਢਾਂਚਾ ਨਹੀਂ ਉਸਾਰਿਆ ਹੁੰਦਾ। ਡਾ. ਕੁਲਦੀਪ ਕੌਰ ਨੇ ਮਹਾਮਾਰੀਆਂ ਦੇ ਅਜਿਹੇ ਸਮਾਜਕ ਪ੍ਰਸੰਗਾਂ ਅਤੇ ਸਿਆਸੀ ਸ਼ਨਾਖਤ ਦੀ ਨਿਸ਼ਾਨਦੇਹੀ ਆਪਣੇ ਇਸ ਲੇਖ ਵਿਚ ਕੀਤੀ ਹੈ। -ਸੰਪਾਦਕ*

ਕਰੋਨਾ ਮਹਾਮਾਰੀ ਬਾਰੇ ਕੋਈ ਟਿੱਪਣੀ ਕਰਨ ਤੋਂ ਪਹਿਲਾਂ ਇਸ ਤੱਥ ਨੂੰ ਅਣਗੌਲਿਆਂ ਨਹੀਂ ਕੀਤਾ ਜਾ ਸਕਦਾ ਕਿ ਦੁਨੀਆਂ ਭਰ ਵਿਚ ਲੱਖਾਂ ਲੋਕਾਂ ਦੀ ਮੌਤ ਦਾ ਕਾਰਨ ਪੀਣ ਵਾਲੇ ਸਾਫ ਪਾਣੀ ਦੀ ਕਿੱਲਤ ਅਤੇ ਸੀਵਰੇਜ ਦੇ ਕੁਪ੍ਰਬੰਧਾਂ ਕਾਰਨ ਹੁੰਦੀਆਂ ਬਿਮਾਰੀਆਂ ਹਨ। ਸਾਡੀ ਸਦੀ ਨੇ ਵੱਡੀਆਂ ਫਾਰਮਾਸਿਊਟੀਕਲ ਕੰਪਨੀਆਂ ਦੇ ਦਿਉਕੱਦ ਦਫਤਰਾਂ, ਨਿੱਜੀਕਰਨ ਤਹਿਤ ਖੁੰਬਾਂ ਵਾਂਗ ਉਗੇ ਪ੍ਰਾਈਵੇਟ ਹਸਪਤਾਲਾਂ-ਕਮ-ਹੋਟਲਾਂ ਦੀਆਂ ਲੜੀਆਂ, ਸੁਰੱਖਿਆ ਤੇ ਜਾਸੂਸੀ ਦੇ ਨਾਮ 'ਤੇ ਸੂਖਮ ਯੰਤਰਾਂ ਦੀ ਰਿਕਾਰਡ ਤੋੜ ਵਿਕਰ ਅਤੇ ਸਿਆਸੀ-ਆਰਥਿਕ ਉਜਾੜਿਆਂ ਦੇ ਧੱਕੇ ਹਿਜਰਤਕਾਰੀਆਂ ਦੀਆਂ ਅਨੰਤ ਭੀੜਾਂ ਤੱਕੀਆਂ ਹਨ। ਇਸ ਸਦੀ ਨੇ ਆਵਾਜਾਈ, ਸੰਚਾਰ ਸਾਧਨਾਂ ਅਤੇ ਸੂਚਨਾ ਮਾਧਿਅਮਾਂ ਦੁਆਰਾ ਅਜਿਹੀ ਬੇਚੈਨ, ਉਧਾਰਾਂ ਤੇ



ਡਾ. ਕੁਲਦੀਪ ਕੌਰ
ਫੋਨ: +91-98554-04330

ਕਰਜ਼ਿਆਂ ਉਤੇ ਜਿਊਂਦੀ, ਜ਼ਮੀਨੋਂ ਧੱਕੀ ਤੇ ਨੈਤਿਕ ਤੌਰ 'ਤੇ ਜ਼ਰਜ਼ਰ ਸਭਿਅਤਾ ਨੂੰ ਜਨਮ ਦਿੱਤਾ ਹੈ ਜਿਸ ਅੱਗੇ ਰਵਾਇਤੀ ਜੀਵਨ-ਪ੍ਰਬੰਧ, ਪੁਰਾਤਨ ਫਲਸਫੇ, ਗੰਭੀਰ ਵਿਚਾਰਧਾਰਾਵਾਂ ਅਤੇ ਕੁਦਰਤੀ ਜੀਵਨ ਪੱਧਤੀ ਦੇ ਨੇਮ ਲਗਾਤਾਰ ਆਪਣੀ ਪ੍ਰਸੰਗਿਕਤਾ ਗੁਆ ਰਹੇ ਹਨ।

... ਤੇ ਕਰੋਨਾ ਵਾਇਰਸ ਨੇ ਇਕੋ ਝਟਕੇ ਵਿਚ ਸਾਡੇ ਸਿਆਸੀ ਪ੍ਰਬੰਧਾਂ, ਆਰਥਿਕ ਤਾਣੇ-ਬਾਣੇ, ਧਾਰਮਿਕ ਅਕੀਦਿਆਂ ਤੇ ਵਿਸ਼ਵਾਸਾਂ, ਸਭਿਆਚਾਰਕ ਤਹਿਜ਼ੀਬਾਂ ਅਤੇ ਸਮਾਜੀਕਰਨ ਦੀ ਪ੍ਰਕਿਰਿਆ ਦੇ ਮੂਲ ਸਿਧਾਤਾਂ ਉਤੇ ਵੱਡੇ ਸਵਾਲ ਖੜ੍ਹੇ ਕੀਤੇ ਹਨ। ਇਸ ਤੋਂ ਇਲਾਵਾ ਇਸ ਨੇ ਹੈਰਾਨੀਜਨਕ ਢੰਗ ਨਾਲ ਉਤਪਾਦਨ ਅਤੇ ਪੂੰਜੀ ਦੀ ਗਤੀਸ਼ੀਲਤਾ ਨੂੰ ਰਾਤੋ-ਰਾਤ ਜਾਮ ਕਰ ਦਿੱਤਾ ਹੈ। ਜੇਕਰ ਅਸੀਂ ਆਪਣੇ ਆਸੇ-ਪਾਸੇ ਨਿਗਾਹ ਮਾਰੀਏ ਤਾਂ ਇਹ ਸੋਚ ਕੇ ਅਚੰਭਾ ਹੁੰਦਾ ਹੈ ਕਿ ਪਿਛਲੇ ਦਿਨਾਂ ਤੋਂ ਲੋਕਾਈ ਵੱਡੇ ਘਰਾਂ, ਆਲੀਸ਼ਾਨ ਦਫਤਰਾਂ, ਬੀਮਾ ਮਿਊਚਲ ਫੰਡਾਂ, ਵੱਡੀਆਂ ਗੱਡੀਆਂ ਦੀ ਨਹੀਂ ਸਗੋਂ ਰਾਸ਼ਨ-ਪਾਣੀ, ਸਾਬਣ, ਮਾਸਕਾਂ ਤੇ ਸਿਹਤ ਸਹੂਲਤਾਂ ਦੀ ਤਾਂਘ ਵਿਚ ਹਰ ਸੰਭਵ ਕੋਸ਼ਿਸ਼ ਵਿਚ ਰੁੱਝੀ ਹੋਈ ਹੈ। ਪੂਰੀ ਦੁਨੀਆਂ ਇਕ ਵੱਡੇ ਡਿਟੈਂਨਸ਼ਨ ਕੈਂਪ ਵਿਚ ਬਦਲ ਚੁੱਕੀ ਹੈ ਅਤੇ ਹਰ ਬੰਦਾ ਬਿਮਾਰੀ ਦੇ ਸ਼ੱਕ ਦੇ ਘੇਰੇ ਵਿਚ ਹੈ।

ਕਰੋਨਾ ਮਾਹਾਮਾਰੀ ਦੁਨੀਆਂ 'ਤੇ ਆਈ ਪਹਿਲੀ ਜਾਂ ਆਖਰੀ ਸਾੜ੍ਹਸਤੀ ਨਹੀਂ। ਮਹਾਮਾਰੀਆਂ ਦੇ ਇਤਿਹਾਸ 'ਤੇ ਝਾਤੀ ਮਾਰੀਏ ਤਾਂ ਕੁਝ ਨੁਕਤੇ ਸਪਸ਼ਟ ਹੋ ਜਾਂਦੇ ਹਨ। ਪਹਿਲਾਂ ਹਰ ਸਮਾਜਿਕ ਸਮੂਹ ਅਤੇ ਗਰੁੱਪ ਬਿਮਾਰੀ ਨੂੰ ਆਪਣੀ ਸਮਾਜਿਕ ਅਤੇ ਸਭਿਆਚਾਰਕ ਸਮਝ ਮੁਤਾਬਿਕ ਨਜਿੱਠਦਾ ਹੈ। ਵਿਗਿਆਨਕ ਪੱਧਤੀਆਂ ਅਤੇ ਆਧੁਨਿਕ ਚਿਕਤਿਸਾ ਪ੍ਰਣਾਲੀ ਜਿਸ ਦਾ ਪੂਰਾ ਜ਼ੋਰ ਬਿਮਾਰੀ ਤੋਂ ਬਚਾਉਣ ਦੀ ਥਾਂ ਕਲੀਨਿਕਲ ਇਲਾਜ 'ਤੇ ਫੋਕਸ ਹੁੰਦਾ ਹੈ, ਉਸ ਪ੍ਰਤੀ ਆਮ ਲੋਕਾਈ ਦਾ ਵਤੀਰਾ ਹਮੇਸ਼ਾ ਸ਼ੱਕ ਅਤੇ ਡਰ ਭਰਿਆ ਰਹਿੰਦਾ ਹੈ। ਦੂਜਾ, ਸਮਾਜਕ ਤੌਰ 'ਤੇ ਬਿਮਾਰੀ ਦੇ ਸ਼ਿਕਾਰ ਵਿਅਕਤੀ ਜਾਂ ਮਰੀਜ਼ ਨੂੰ ਹੀ ਇਸ ਦਾ ਦੋਸ਼ੀ ਮੰਨਣ ਦਾ ਰੁਝਾਨ ਭਾਰੂ ਰਹਿੰਦਾ ਹੈ।

ਵੱਖ-ਵੱਖ ਮਨੋਵਿਗਿਆਨਕ ਵਿਸ਼ਲੇਸ਼ਣਾਂ ਵਿਚ ਇਹ ਸਾਫ ਹੋ ਚੁੱਕਿਆ ਹੈ ਕਿ ਸਮਾਜ ਦੇ ਕਾਇਦੇ ਕਾਨੂੰਨਾਂ, ਉਚ-ਨੀਚ, ਠੰਢਾ-ਗਰਮ, ਸਹੀ-ਗਲਤ, ਨੈਤਿਕ-ਅਨੈਤਿਕ, ਪੁੰਨ-ਪਾਪ, ਸੁੱਚ-ਭਿੱਟਣਾ ਵਰਗੀਆਂ ਧਾਰਨਾਵਾਂ ਅਤੇ ਮਿਥਕ ਗੁੰਝਲਾਂ ਦੌਰਾਨ ਇਨ੍ਹਾਂ ਦੇ 'ਸੁੱਚੇ' ਦਾਇਰੇ ਵਿਚ ਨਾ ਆਉਂਦੇ ਲੋਕਾਂ ਲਈ ਅਣਲਿਖਿਆ ਹਿੰਸਕ ਵਿਧਾਨ ਲਗਾਤਾਰ ਆਪਣਾ ਕੰਮ ਕਰਦਾ ਹੈ। ਇਹ ਵਰਤਾਰਾ ਪੀੜ੍ਹੀ-ਦਰ-ਪੀੜ੍ਹੀ ਚਲਦਾ ਹੈ। ਉਦਾਹਰਨ ਦੇ ਤੌਰ 'ਤੇ ਕੈਂਸਰ ਬਾਰੇ ਸੋਚ ਕੇ ਦੇਖੋ! ਕੈਂਸਰ ਦੇ ਤੁਲਨਾਤਮਕ ਸਮਾਜਿਕ ਮੈਟਾਫਰ ਲੱਭਣ ਦੀ ਕੋਸ਼ਿਸ਼ ਕਰੋ। ਸਮਾਜ ਅਜਿਹੀਆਂ ਬੇਨਿਯਮੀਆਂ ਅਤੇ ਬੇਕਾਨੂੰਨੀਆਂ ਨੂੰ ਵੀ ਕੈਂਸਰ ਕਰਾਰ ਦਿੰਦਾ ਹੈ ਜਿਸ 'ਤੇ ਉਸ ਦਾ ਬੱਸ ਨਹੀਂ ਚਲਦਾ।

ਇਸ ਦੀ ਦੂਜੀ ਉਦਾਹਰਨ ਕੋਹੜ ਦੇ ਮਰੀਜ਼ਾਂ ਦੀ ਲਈ ਜਾ ਸਕਦੀ ਹੈ। ਉਨ੍ਹਾਂ ਮਰੀਜ਼ਾਂ ਨਾਲ ਸਮਾਜਿਕ ਵਿਤਕਰਿਆਂ ਦੀਆਂ ਅਜਿਹੀਆਂ ਉਦਾਹਰਨਾਂ ਨਾਲ ਇਤਿਹਾਸ ਭਰਿਆ ਪਿਆ ਹੈ ਜਿਹੜੀਆਂ ਸਭਿਆਚਾਰਕ ਤੌਰ 'ਤੇ ਮਨੁੱਖਤਾ ਲਈ ਸ਼ਰਮਨਾਕ ਹਨ। ਕੋਹੜ ਬਾਰੇ ਮੰਨਿਆ ਜਾਂਦਾ ਹੈ ਕਿ ਇਹ ਮਨੁੱਖ ਦੇ ਪਿਛਲੇ ਕਰਮਾਂ ਦਾ ਫਲ ਹੈ, ਉਸ ਦੀ ਹੋਣੀ ਹੈ ਜਿਹੜੀ ਉਸ ਨੂੰ ਭੁਗਤਣੀ ਪੈਣੀ ਹੈ। ਇਥੇ ਬੀਮਾਰੀ ਸਿਰਫ ਸਰੀਰਕ ਨਾ ਰਹਿ ਕੇ ਸਮਾਜ ਦੀ ਮਿਥਕ ਕਲਪਨਾ ਅਤੇ ਅਣਹੋਣੀ ਦੇ ਡਰ ਦਾ ਰੂਪ ਧਾਰ ਲੈਂਦੀ ਹੈ। ਬਿਮਾਰੀ ਦਾ ਡਰ ਬਿਮਾਰੀ ਨਾਲੋਂ ਵੱਡਾ ਸਰੂਪ ਧਾਰਨ ਕਰ ਲੈਂਦਾ ਹੈ। ਬਿਮਾਰ ਦੇ ਰੂਪ ਵਿਚ ਅਜਿਹੇ ਦੂਸਰੇ ਸਮੂਹ ਦੀ ਕਲਪਨਾ ਕੀਤੀ ਜਾਂਦੀ ਹੈ ਜਿਸ ਨੂੰ ਦੇਖਣਾ, ਛੂਹਣਾ, ਵਰਤੋਂ ਵਿਹਾਰ ਆਦਿ ਸਭ ਦਾ ਅਰਥ ਹੋਣੀ ਦੇ ਮੂੰਹ ਪੈਣਾ ਹੋ ਜਾਂਦਾ ਹੈ। ਕੈਂਸਰ ਅਤੇ ਕੋਹੜ ਸਿਰਫ ਬਿਮਾਰੀਆਂ ਨਾ ਰਹਿ ਕੇ ਸਾਡੀਆਂ ਸਿਆਸੀ, ਆਰਥਿਕ ਤੇ ਸਭਿਆਚਾਰਕ ਹਾਰਾਂ ਲਈ ਇਕ ਨੁਕਤੇ ਵਿਚ ਤਬਦੀਲ ਹੋ ਜਾਂਦੀਆਂ ਹਨ।

ਰਾਤ ਕੁ ਇਨ੍ਹਾਂ ਖਬਰਾਂ 'ਤੇ ਨਿਗ੍ਹਾ ਮਾਰੋ: ਭਾਰਤ ਵਿਚ ਭ੍ਰਿਸ਼ਟਾਚਾਰ ਦਾ ਕੈਂਸਰ ਖਤਮ ਕਰ ਰਿਹਾ ਹੈ ਸਰਕਾਰੀ ਸਕੀਮਾਂ ਦੀ ਸਾਰਥਿਕਤਾ; ਨਿੱਜੀਕਰਨ ਦੇ ਕੋਹੜ ਕਾਰਨ ਹਜ਼ਾਰਾਂ ਵਿਦਿਆਰਥੀਆਂ ਦੇ ਸੁਪਨੇ ਚਕਨਾਚੂਰ; ਅਸ਼ਲੀਲਤਾ ਦੇ ਕੈਂਸਰ ਨੇ ਧੁੰਦਲਾ ਕੀਤਾ ਪੰਜਾਬੀ ਸਭਿਆਚਾਰ ਦਾ ਰੰਗਲਾ ਪਹਿਰਾਵਾ; ਨਸ਼ਿਆਂ ਦੇ ਕੋਹੜ ਨੇ ਬੁਝਾਏ ਹਜ਼ਾਰਾਂ ਘਰਾਂ ਦੇ ਚਿਰਾਗ ਆਦਿ। ਸਪਸ਼ਟ ਹੈ ਕਿ ਇਨ੍ਹਾਂ ਸੁਰਖੀਆਂ ਨਾਲ ਬਿਮਾਰੀ ਦਾ ਚਰਿਤਰ ਅਤੇ ਖਾਸਾ ਸਿਆਸੀ ਰੰਗਤ ਲੈ ਲੈਂਦਾ ਹੈ।

ਹੁਣ ਤੀਜਾ ਮਹੱਤਵਪੂਰਨ ਨੁਕਤਾ ਉਭਰਦਾ ਹੈ ਕਿ ਬਹੁਤੀਆਂ ਮਹਾਮਾਰੀਆਂ ਵਿਚ ਇਲਾਜ ਬਿਮਾਰੀ ਨਾਲੋਂ ਵੀ ਵੱਧ ਦਰਦਨਾਕ ਹੋ ਨਿਬੜਦਾ ਹੈ। ਜੇਕਰ ਇਤਿਹਾਸ 'ਤੇ ਨਿਗ੍ਹਾ ਮਾਰੀ ਜਾਵੇ ਤਾਂ ਪਤਾ ਲਗਦਾ ਹੈ ਕਿ ਮੱਧਕਾਲੀ ਯੁੱਗ ਵਿਚ ਜਦੋਂ ਪਲੇਗ ਫੈਲਿਆ ਤਾਂ ਇਸ ਦਾ ਇਲਾਜ ਸ਼ੁਧੀਕਰਨ ਵਿਚ ਲੱਭਿਆ ਗਿਆ। ਸ਼ੁਧੀਕਰਨ ਦਾ ਫਲਸਫਾ ਆਪਣੇ ਆਪ ਵਿਚ ਕੋਹੜ ਵਾਂਗ ਹੀ ਸਭਿਅਤਾ ਨੂੰ ਦਾਗਦਾਰ ਕਰਦਾ ਰਿਹਾ ਹੈ। 1347-48 ਵਿਚ ਯੂਰਪੀ ਮੁਲਕਾਂ ਨੇ ਸ਼ੁਧੀਕਰਨ ਦੇ ਨਾਮ ਉਪਰ ਯਹੂਦੀਆਂ ਨੂੰ ਚੁਣ-ਚੁਣ ਕੇ ਕਤਲ ਕੀਤਾ। ਇੱਦਾਂ ਹੀ ਜਦੋਂ ਟੀ.ਬੀ. (ਤਪਦਿਕ) ਦੀ ਬਿਮਾਰੀ ਨੇ ਦਸਤਕ ਦਿੱਤੀ ਤਾਂ ਇਸ ਨੂੰ ਗਰੀਬਾਂ ਦੀ ਨੈਤਿਕ ਕਮਜ਼ੋਰੀ ਨਾਲ ਜੋੜਿਆ ਗਿਆ।

ਦੂਜੇ ਪਾਸੇ ਇਸ ਨੂੰ ਭਾਵਨਾਤਮਿਕ ਤੌਰ 'ਤੇ ਅਜਿਹੇ ਕਮਜ਼ੋਰ ਕਵੀਆਂ, ਲੇਖਕਾਂ, ਚਿਤਰਕਾਰਾਂ ਤੇ ਕਲਾਕਾਰਾਂ ਨਾਲ ਜੋੜਿਆ ਗਿਆ ਜਿਹੜੇ ਸਫਲ ਸ਼ਹਿਰੀ ਬਣਨ ਦੇ ਨਾਕਾਬਿਲ ਹਨ। ਇਸ ਨੂੰ ਪਹਿਲਾਂ ਦੀ ਕਲਪਿਤ ਅਜਿਹੀ ਬਿਮਾਰੀ ਦਾ ਦਰਜਾ ਦੇ ਦਿੱਤਾ ਗਿਆ ਜਿਹੜੀ ਆਧੁਨਿਕ ਵਿਗਿਆਨ, ਉਦਯੋਗੀਕਰਨ ਅਤੇ ਵਿਕਾਸ ਦੇ ਮਾਡਲਾਂ ਦੀ ਮੂਲ ਇਕਾਈ, ਸ਼ਹਿਰ ਨੂੰ ਹੀ ਰੱਦ ਕਰਨ ਦੀ ਕੋਸ਼ਿਸ਼ ਕਰਦੀ ਹੈ।

ਹੁਣ ਜ਼ਰਾ ਟੀ.ਬੀ. ਦੇ ਮਰੀਜ਼ ਦੇ ਇਲਾਜ 'ਤੇ ਨਿਗ੍ਹਾ ਮਾਰੋ। ਪਹਿਲੀ ਜ਼ਰੂਰਤ ਸਾਫ ਹਵਾ; ਸਾਫ ਹਵਾ ਖਾਤਰ ਮਰੀਜ਼ਾਂ ਨੂੰ ਆਪਣਾ ਘਰ ਛੱਡ ਕੇ ਪਹਾੜਾਂ ਜਾਂ ਕੁਦਰਤੀ ਸੈਰਗਾਹਾਂ ਵਿਚ ਆਰਾਮ ਕਰਨ ਦਾ ਨੁਸਖਾ ਦਿੱਤਾ ਗਿਆ। ਕਿਤਾਬਾਂ ਵਿਚ ਇਸ ਦੇ ਬਥੇਰੇ ਹਵਾਲੇ ਮਿਲਦੇ ਹਨ। ਇਸ ਦਾ ਦੂਜਾ ਪਾਸਾ ਇਹ ਦੱਸਦਾ ਹੈ ਕਿ ਸ਼ਹਿਰ ਦੀ ਹਵਾ ਪਲੀਤ ਹੈ। ਉਂਜ, ਇਥੇ ਹੀ ਮਸਲੇ ਦੀ ਘੁੰਡੀ ਫਸੀ ਹੋਈ ਹੈ। ਮਰੀਜ਼ ਦੀ ਦੂਜੀ ਜ਼ਰੂਰਤ ਹੈ ਚੰਗਾ ਖਾਣਾ, ਅਰਥਾਤ ਉਸ ਦੇ ਖਾਣੇ ਦਾ ਮਿਆਰ ਅਤੇ ਗੁਣਵੱਤਾ ਸਹੀ ਨਹੀਂ। ਤੀਜੀ ਜ਼ਰੂਰਤ ਆਰਾਮ ਹੈ, ਸਿਰਫ ਸਰੀਰਕ ਨਹੀਂ, ਮਾਨਸਿਕ ਵੀ। ਹੁਣ ਇਨ੍ਹਾਂ ਤਿੰਨਾਂ ਨੁਕਤਿਆਂ ਨੂੰ ਆਪਸ ਵਿਚ ਜੋੜ ਕੇ ਸਮਝਿਆ ਜਾਵੇ ਤਾਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਟੀ.ਬੀ. ਦੀ ਬਿਮਾਰੀ, ਤੰਦਰੁਸਤੀ ਲਈ ਸਾਫ ਹਵਾ ਪਾਣੀ, ਪੌਸ਼ਟਿਕ ਭੋਜਨ ਅਤੇ ਆਹਾਰ ਨਾਲ ਸਬੰਧਤ ਸਾਡੇ ਆਧੁਨਿਕ ਜੀਵਨ ਢੰਗਾਂ ਤੇ ਤਰੀਕਿਆਂ ਨੂੰ ਸਿੱਧਾ ਚੈਲਿੰਜ ਕਰ ਰਹੀ ਹੈ।

ਇਸ ਗੁੰਝਲ ਨੂੰ ਸਮਝਣ ਲਈ ਪਿਛਲੇ ਦਿਨੀਂ ਆਈਆਂ ਕੁਝ ਨਵੀਆਂ ਮਨੋਵਿਗਿਆਨਕ ਖੋਜਾਂ ਨੂੰ ਸਮਝਣਾ ਜ਼ਰੂਰੀ ਹੈ। ਇਨ੍ਹਾਂ ਖੋਜਾਂ ਨੇ ਸਪਸ਼ਟ ਕੀਤਾ ਹੈ ਕਿ ਆਧੁਨਿਕ ਸਮਾਜਾਂ ਵਿਚ ਪੂੰਜੀ ਜਿਸ ਤਰ੍ਹਾਂ ਵਿਅਕਤੀਆਂ ਦੇ ਸਮੇਂ, ਸਮਰੱਥਾ ਅਤੇ ਸੰਭਾਵਨਾਵਾਂ ਦਾ ਨਾਸ ਕਰ ਰਹੀ ਹੈ, ਉਸ ਕਾਰਨ ਉਸ ਦੀ ਮਾਨਸਿਕ ਹਾਲਤ ਵਿਚ ਵਿਗਾੜ ਪੈਣਾ ਅਸੁਭਾਵਿਕ ਨਹੀਂ। ਟੀ.ਬੀ. ਦੇ ਮਰੀਜ਼ ਤੋਂ ਲੈ ਕੇ ਡਿਪਰੈਸ਼ਨ ਦੇ ਸ਼ਿਕਾਰ ਮਰੀਜ਼ ਨਾਲ ਸਿਹਤ-ਤੰਤਰ ਅਤੇ ਸਟੇਟ-ਮਸ਼ੀਨਰੀ ਕਿਵੇਂ ਵਰਤਦੀ ਹੈ? ਬਹੁਤੀਆਂ ਹਾਲਤਾਂ ਵਿਚ ਬਿਮਾਰੀ ਦਾ ਮਾਨਸਿਕ, ਆਰਥਿਕ, ਭਾਵਨਾਤਮਿਕ ਤੇ ਸਮਾਜਿਕ ਬੋਝ ਮਰੀਜ਼ ਦੇ ਮੋਢਿਆਂ 'ਤੇ ਸੁੱਟ ਦਿੱਤਾ ਜਾਂਦਾ ਹੈ। ਉਸ ਨੂੰ ਰਸਾਇਣਾਂ,ਵਰਤੋਂ-ਵਿਹਾਰ ਦਾ ਸਲੀਕਾ ਅਤੇ ਬੰਦਿਸ਼ਾਂ ਦੁਆਰਾ ਨਾਰਮਲ ਹੋਣ ਦੀ ਪ੍ਰੀਭਾਸ਼ਾ ਵਿਚ ਵਾਪਿਸ ਲਿਆਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਵਿਅਕਤੀ ਨੂੰ ਨਿਜੀ ਸੁੱਖਾਂ ਅਤੇ ਖਪਤਕਾਰੀ ਦਾ ਪਾਠ ਪੜ੍ਹਾਉਂਦਾ ਸਭਿਆਚਾਰ ਅਤੇ ਸਮਾਜਿਕ-ਤੰਤਰ ਬਿਮਾਰੀ ਆਉਣ 'ਤੇ ਵਿਅਕਤੀ ਦੀਆਂ ਬੁਨਿਆਦੀ ਆਜ਼ਾਦੀਆਂ ਨੂੰ ਆਪਣੇ ਵੱਸ ਵਿਚ ਕਰ ਲੈਂਦਾ ਹੈ।

ਦੂਜੇ ਪਾਸੇ ਬਿਮਾਰੀ ਨੂੰ ਪੈਦਾ ਕਰਨ ਵਾਲੇ ਢਾਂਚਿਆਂ, ਪ੍ਰਬੰਧਾਂ ਅਤੇ ਤੰਤਰ ਨੂੰ ਜਿਉਂ ਦਾ ਤਿਉਂ ਬਰਕਰਾਰ ਰੱਖਿਆ ਜਾਂਦਾ ਹੈ। ਪੂੰਜੀ ਦੇ ਨਿਵੇਸ਼ ਅਤੇ ਮੁਨਾਫੇ ਦੇ ਜੋੜਫਲ ਉਤੇ ਕਦੇ ਸਵਾਲ ਖੜ੍ਹੇ ਨਹੀਂ ਕੀਤੇ ਜਾਂਦੇ। ਮਹਾਮਾਰੀਆਂ ਦੇ ਆਉਂਦਿਆਂ ਹੀ ਇਹ ਸਾਰੇ ਜਗਾੜੂ ਪ੍ਰਬੰਧ ਤਾਸ਼ ਦੇ ਪੱਤਿਆਂ ਵਾਂਗ ਬਿਖਰ ਜਾਂਦੇ ਹਨ। ਕਰੋਨਾ ਮਹਾਮਾਰੀ ਦੇ ਆਉਂਦਿਆਂ ਹੀ ਸਭ ਤੋਂ ਪਹਿਲਾਂ ਸ਼ਹਿਰ ਆਪਣੇ ਪੈਰਾਂ (ਮਜ਼ਦੂਰਾਂ, ਦਿਹਾੜੀਦਾਰਾਂ ਤੇ ਝੌਂਪੜ ਪੱਟੀ ਵਾਲੇ) ਨੂੰ ਵੱਢ ਸੁੱਟਦਾ ਹੈ। ਜਿਉਂ-ਜਿਉਂ ਕੈਂਸਰ ਵਾਂਗ ਬਿਮਾਰੀ ਦਾ ਘੇਰਾ ਵਧਦਾ ਹੈ, ਇਸ ਦਾ ਖਾਜਾ ਬਣਨ ਵਾਲੇ ਗਰੁੱਪਾਂ/ਸਮੂਹਾਂ ਦੀ ਪਛਾਣ ਗਾੜ੍ਹੀ ਹੋਣ ਲੱਗਦੀ ਹੈ। ਉਨ੍ਹਾਂ ਨੂੰ ਮਹਾਮਾਰੀ ਦੀ ਅੱਗ ਵਿਚ ਪ੍ਰਸ਼ਾਦ ਵਾਂਗ ਭੇਟ ਕਰ ਦਿੱਤਾ ਜਾਂਦਾ ਹੈ। ਯਾਦ ਰਹੇ ਕਿ ਮਹਾਮਾਰੀ ਤੋਂ ਮਨੁੱਖਤਾ ਨੂੰ ਖਤਰਾ ਹੈ ਪਰ ਹਰ ਤਰ੍ਹਾਂ ਦੇ 'ਮਨੁੱਖ' ਨੂੰ ਨਹੀਂ। ਇਸ ਤੋਂ ਹਾਸ਼ੀਏ 'ਤੇ ਪਏ, ਘੱਟਗਿਣਤੀ ਵਿਚ ਵਿਚਰ ਰਹੇ, ਔੜਾਂ-ਥੁੜ੍ਹਾਂ ਮਾਰਿਆਂ ਦੀ ਜਮਾਤ ਅਤੇ ਆਧੁਨਿਕ ਵਿਕਾਸ ਦੁਆਰਾ ਪਹਿਲਾਂ ਹੀ ਅਧਮੋਏ ਕੀਤਿਆਂ ਦੀਆਂ ਕਤਾਰਾਂ ਨੂੰ ਸਭ ਤੋਂ ਪਹਿਲਾਂ ਖਤਰਾ ਹੈ।

# ਸੱਤਾਵਾਦੀ ਵਾਇਰਸ ਦੀ ਦਸਤਕ

ਕਰੋਨਾ ਰੋਕਣ ਲਈ ਪੇਸ਼ਬੰਦੀਆਂ ਸੱਤਾਧਾਰੀਆਂ ਲਈ ਵਰਦਾਨ ਬਣ ਕੇ ਬਹੁੜੀਆਂ ਹਨ। ਵਾਈਸ ਨਿਊਜ਼ ਪੋਰਟਲ ਦੀ ਰਿਪੋਰਟ ਅਨੁਸਾਰ ਭਾਰਤ ਸਮੇਤ ਦੁਨੀਆਂ ਦੇ 30 ਸਟੇਟ ਨਾਗਰਿਕਾਂ ਉਪਰ ਸ਼ਿਕੰਜਾ ਕੱਸਣ ਲਈ ਕਰੋਨਾ ਵਾਇਰਸ ਨੂੰ ਬਹਾਨੇ ਵਜੋਂ ਵਰਤ ਰਹੇ ਹਨ। ਸੰਕਟ ਦੀ ਘੜੀ ਵਿਚ ਤਾਂ ਸਟੇਟ ਦੀ ਜ਼ਿੰਮੇਵਾਰੀ ਨਾਗਰਿਕਾਂ ਅਤੇ ਅਰਥਚਾਰਿਆਂ ਨੂੰ ਬਚਾਉਣ ਦੀ ਬਣਦੀ ਹੈ ਲੇਕਿਨ ਹੁਕਮਰਾਨ ਇਸ ਮੌਕੇ ਨੂੰ ਆਪਣੀ ਸੱਤਾ ਨੂੰ ਪੱਕੇ ਪੈਰੀਂ ਕਰਨ, ਆਲੋਚਕ ਦੀਆਂ ਆਵਾਜ਼ਾਂ ਦਾ ਗਲਾ ਘੁੱਟਣ ਅਤੇ ਸੱਤਾ ਨੂੰ ਨਾਪਸੰਦ ਹਿੱਸਿਆਂ ਨੂੰ ਦਬਾਉਣ ਲਈ ਵਰਤਿਆ ਜਾ ਰਿਹਾ ਹੈ। ਸੁਰੱਖਿਆ ਤਾਕਤਾਂ ਅਤੇ ਖੁਫੀਆ ਏਜੰਸੀਆਂ ਨੂੰ ਨਾਗਰਿਕਾਂ ਉਪਰ ਝਪਟਣ ਲਈ ਹੋਰ ਅਧਿਕਾਰ

**ਬੂਟਾ ਸਿੰਘ**
ਫੋਨ: +91-94634-74342

ਦਿੱਤੇ ਜਾ ਰਹੇ ਹਨ, ਡਿਜੀਟਲ ਜਾਸੂਸੀ ਵਿਚ ਇਜ਼ਾਫਾ ਹੋ ਰਿਹਾ ਹੈ ਅਤੇ ਸੁਤੰਤਰ ਵਿਚਾਰ ਪ੍ਰਗਟਾਵੇ ਨੂੰ ਸੈਂਸਰ ਕਰਨ ਲਈ ਨਵੇਂ ਤਰੀਕੇ ਲਾਗੂ ਕੀਤੇ ਜਾ ਰਹੇ ਹਨ। ਇਨ੍ਹਾਂ ਹਾਲਾਤ ਵਿਚ ਨਾਗਰਿਕ ਦੀ ਨਿੱਜਤਾ ਅਦਿੱਖ ਸੂਖਮ ਹਮਲੇ ਦੀ ਮਾਰ ਹੇਠ ਆ ਰਹੀ ਹੈ।

ਇਜ਼ਰਾਈਲ ਨੇ ਅੰਦਰੂਨੀ ਸੁਰੱਖਿਆ ਏਜੰਸੀ ਨੂੰ ਸੈੱਲਫੋਨ ਡੇਟਾ ਦੀ ਵਰਤੋਂ 'ਤੇ ਆਧਾਰਤ ਉਸ ਟਰੈਕਿੰਗ ਸਾਫਟਵੇਅਰ ਨੂੰ ਆਮ ਵਰਤੇ ਜਾਣ ਦੀ ਮਨਜ਼ੂਰੀ ਦੇ ਦਿੱਤੀ ਹੈ ਜਿਸ ਬਾਰੇ ਕਿਹਾ ਗਿਆ ਸੀ ਕਿ ਇਹ ਦਹਿਸ਼ਤਵਾਦ ਨਾਲ ਨਜਿੱਠਣ ਲਈ ਹੈ। ਰੂਸ ਦੀ ਪੂਤਿਨ ਸਰਕਾਰ ਨੇ ਡਿਜੀਟਲ ਜਾਸੂਸੀ ਲਈ ਜੁੜਵਾਂ ਮਾਨਿਟਰਿੰਗ ਸਿਸਟਮ ਵਿਕਸਤ ਕਰਵਾਇਆ ਹੈ ਜਿਸ ਵਿਚ ਲੋਕੇਸ਼ਨ ਟਰੈਕਿੰਗ ਐਪਸ, ਚਿਹਰਾ ਪਛਾਣਨ ਵਾਲੇ ਸੀ.ਸੀ.ਟੀ.ਵੀ. ਕੈਮਰੇ, ਕਿਊਆਰ ਕੋਡ, ਮੋਬਾਈਲ ਫੋਨ ਡੇਟਾ ਅਤੇ ਕਰੈਡਿਟ ਕਾਰਡ ਰਿਕਾਰਡ ਦੀ ਵਰਤੋਂ ਕੀਤੀ ਜਾਵੇਗੀ। ਖਦਸ਼ਾ ਇਹ ਹੈ ਕਿ ਕਰੋਨਾ ਮਹਾਂਮਾਰੀ ਉਪਰ ਕਾਬੂ ਪਾ ਲਏ ਜਾਣ ਤੋਂ ਬਾਅਦ ਵੀ ਇਹ 'ਸਾਈਬਰ ਗੁਲਾਗ' ਬੰਦ ਨਹੀਂ ਹੋਵੇਗਾ। ਚੀਨ ਨੂੰ ਹੁਣ ਚਾਹੇ ਮਹਾਂਮਾਰੀ ਨੂੰ ਰੋਕਣ ਲਈ ਨਾਗਰਿਕਾਂ ਦੀ ਆਨਲਾਈਨ ਅਤੇ ਆਫਲਾਈਨ ਨਿਗਰਾਨੀ ਦੀ ਕੋਈ ਜ਼ਰੂਰਤ ਨਹੀਂ ਹੈ, ਫਿਰ ਵੀ ਇਸ ਨੇ ਕਲਰ-ਕੋਡਿਡ ਸਰਵੇਲੈਂਸ ਐਪ ਤਿਆਰ ਕਰਵਾ ਲਈ ਹੈ ਜੋ ਨਾਗਰਿਕਾਂ ਦੀ ਸਫਰ ਕਰਨ ਦੀ ਖੁੱਲ੍ਹ ਦਾ ਫੈਸਲਾ ਕਰੇਗੀ।

ਹਿਊਮਨ ਰਾਈਟਸ ਵਾਚ ਅਨੁਸਾਰ ਕੰਬੋਡੀਆ ਸਰਕਾਰ ਵਲੋਂ ਲਿਆਂਦਾ ਐਮਰਜੈਂਸੀ ਬਿੱਲ 'ਤਾਨਾਸ਼ਾਹੀ ਦਾ ਗੁਰ' ਹੈ। ਵੈਂਜ਼ੂਏਲਾ, ਥਾਈਲੈਂਡ, ਚਿੱਲੀ, ਬੋਲੀਵੀਆ, ਥਾਈਲੈਂਡ, ਪੋਲੈਂਡ ਅਤੇ ਹੋਰ ਬਹੁਤ ਸਾਰੇ ਮੁਲਕਾਂ ਦੇ ਹੁਕਮਰਾਨਾਂ ਨੇ ਨਾਗਰਿਕਾਂ ਦੀ ਨਿੱਜਤਾ ਵਿਚ ਸੰਨ੍ਹ ਲਾਉਣ ਅਤੇ ਲੋਕਤੰਤਰੀ ਸਪੇਸ ਨੂੰ ਸੀਮਤ ਕਰਨ ਲਈ ਕਦਮ ਚੁੱਕੇ ਹਨ। ਭਾਰਤ ਦੀ 'ਅਰੋਗਿਆ ਸੇਤੂ' ਐਪ ਨਾਗਰਿਕ ਦੀ ਅਸਲ ਲੋਕੇਸ਼ਨ ਉਪਰ ਨਜ਼ਰ ਰੱਖਣ ਦੇ ਸਮਰੱਥ ਹੈ ਜੋ ਸਲੀਪ ਮੋਡ ਵਿਚ ਵੀ ਚੱਲਦੀ ਰਹਿੰਦੀ ਹੈ। ਲਗਾਤਾਰ ਨਿਗਰਾਨੀ ਨਾਗਰਿਕ ਦੀ ਨਿੱਜਤਾ ਲਈ ਗੰਭੀਰ ਖਤਰਾ ਹੈ। ਕਰਨਾਟਕ ਵਿਚ ਵੀ ਐਪ ਸ਼ੁਰੂ ਕੀਤੀ ਜਾ ਰਹੀ ਹੈ ਜਿਸ ਵਿਚ ਘਰਾਂ ਵਿਚ ਇਕਾਂਤਵਾਸ ਲੋਕਾਂ ਨੂੰ ਹਰ ਅੱਧੇ ਘੰਟੇ ਬਾਅਦ ਆਪਣੀ ਸੈਲਫੀ ਅੱਪਲੋਡ ਕਰਨੀ ਪਵੇਗੀ ਤਾਂ ਜੁ ਇਹ ਸਾਬਤ ਹੋ ਸਕੇ ਕਿ ਉਹ ਸਵੈ-ਇਕਾਂਤਵਾਸ ਨੇਮਾਂ ਦਾ ਪਾਲਣ ਕਰ ਰਹੇ ਹਨ। ਲੱਗਦਾ ਹੈ, ਇਹ ਪੇਸ਼ਬੰਦੀਆਂ ਕਰੋਨਾ ਦੀ ਰੋਕਥਾਮ ਲਈ ਘੱਟ, ਨਾਗਰਿਕ ਦੀ ਨਿੱਜਤਾ ਦੀ ਨਿਗਰਾਨੀ ਲਈ ਵਧੇਰੇ ਹਨ।

ਭਾਰਤੀ ਹੁਕਮਰਾਨਾਂ ਕਰੋਨਾ ਨਾਲ ਲੜਨ ਦੀ ਮੁੱਖ ਟੇਕ ਪਬਲਿਕ ਸਿਹਤ ਸੇਵਾਵਾਂ ਨੂੰ ਬਿਹਤਰ ਬਣਾਉਣ ਅਤੇ ਪੌਸ਼ਟਿਕ ਖੁਰਾਕ ਰਾਹੀਂ ਵਸੋਂ ਦੀ ਰੋਗਾਂ ਨਾਲ ਲੜਨ ਦੀ ਤਾਕਤ ਵਧਾਉਣ ਦੀ ਬਜਾਏ ਪੁਲਿਸ ਲਾਠੀ ਦੀ ਵਰਤੋਂ ਅਤੇ ਕਾਲੇ ਕਾਨੂੰਨਾਂ ਰਾਹੀਂ ਆਲੋਚਕ ਆਵਾਜ਼ਾਂ ਦੇ ਦਮਨ ਉਪਰ ਹੋਣ ਕਾਰਨ ਜਾਬਰ ਇਜ਼ਹਾਰ ਉਭਰ ਕੇ ਸਾਹਮਣੇ ਆ ਰਹੇ ਹਨ। 'ਸਮਾਜਿਕ ਵਿੱਥ' ਦੀ ਇਹਤਿਆਤ ਲਈ ਨਾਗਰਿਕਾਂ ਨੂੰ ਸਰੀਰਕ ਵਿੱਥ ਰੱਖਣ ਬਾਰੇ ਜਾਗਰੂਕ ਕਰਨ ਦੀ ਬਜਾਏ ਲੌਕਡਾਊਨ ਦੀ ਸਖਤੀ ਰਾਹੀਂ ਗਰੀਬ, ਸਾਧਨਹੀਣ ਲੋਕਾਂ ਨੂੰ ਭੀੜ-ਭੜੱਕੇ ਵਾਲੀਆਂ ਬਸਤੀਆਂ ਅੰਦਰ ਡੱਕਿਆ ਜਾ ਰਿਹਾ ਹੈ।

ਜੇਲ੍ਹਾਂ ਅੰਦਰ ਨਜ਼ਰਬੰਦਾਂ ਤੇ ਕੈਦੀਆਂ ਬਾਰੇ ਸੱਤਾਧਿਰ ਨੇ ਘਿਨਾਉਣਾ ਵਤੀਰਾ ਅਖਤਿਆਰ ਕੀਤਾ ਹੈ। ਜੇਲ੍ਹਾਂ 'ਚ ਸਿਹਤ ਸਹੂਲਤਾਂ ਤੇ ਇਲਾਜ ਨਾਮਨਿਹਾਦ ਹੋਣ ਅਤੇ ਪੌਸ਼ਟਿਕ ਖਾਣੇ ਦੀ ਅਣਹੋਂਦ ਕਾਰਨ ਕੈਦੀਆਂ ਦੇ ਮਹਾਂਮਾਰੀ ਦੀ ਲਪੇਟ ਵਿਚ ਆਉਣ ਦਾ ਖਤਰਾ ਜ਼ਿਆਦਾ ਹੈ। ਮੁਲਕ ਦੀਆਂ ਜੇਲ੍ਹਾਂ ਸਮਰੱਥਾ ਤੋਂ ਕਿਤੇ ਵਧੇਰੇ ਕੈਦੀਆਂ ਨਾਲ ਭਰੀਆਂ ਹੋਣ ਕਾਰਨ ਕੈਦੀਆਂ ਨੂੰ ਪੈਰੋਲ 'ਤੇ ਘਰਾਂ ਵਿਚ ਭੇਜਣ ਅਤੇ ਅੰਡਰਟਰਾਇਲ ਨੂੰ ਅੰਤ੍ਰਿਮ ਜ਼ਮਾਨਤ ਦੇਣ ਦਾ ਫੈਸਲਾ ਕੀਤਾ ਗਿਆ। ਇਸ ਤਹਿਤ ਆਮ ਇਖਲਾਕੀ ਕੈਦੀਆਂ ਅਤੇ ਹਵਾਲਾਤੀਆਂ ਨੂੰ ਤਾਂ ਘਰਾਂ ਵਿਚ ਭੇਜਿਆ ਜਾ ਰਿਹਾ ਹੈ ਲੇਕਿਨ ਸਿਆਸੀ ਵਿਚਾਰਾਂ ਵਾਲੇ ਕਾਰਕੁਨਾਂ, ਬੁੱਧੀਜੀਵੀਆਂ ਅਤੇ ਚਿੰਤਕਾਂ ਨੂੰ ਇਸ ਪੈਰੋਲ ਦੇ ਘੇਰੇ 'ਚੋਂ ਬਾਹਰ ਕਰ ਦਿੱਤਾ ਗਿਆ। ਗੰਭੀਰ ਬਿਮਾਰੀਆਂ, ਬਿਰਧ ਉਮਰ ਅਤੇ ਬਿਨਾਂ ਮੁਕੱਦਮਾ ਲੰਮੇ ਸਮੇਂ ਦੀ ਜੇਲ੍ਹਬੰਦੀ ਨੂੰ ਪੂਰੀ ਤਰ੍ਹਾਂ



ਅਣਗੌਲਿਆ ਕਰ ਦਿੱਤਾ ਗਿਆ। ਮਹਾਂਮਾਰੀ ਨਾਲ ਨਜਿੱਠਣ ਲਈ ਸਮਰਪਿਤ ਡਾਕਟਰਾਂ ਦੀ ਭਾਰੀ ਥੁੜ੍ਹ ਦੇ ਬਾਵਜੂਦ ਇਨਸਾਨੀਅਤ ਪ੍ਰੇਮੀ ਡਾ. ਕਫੀਲ ਅਹਿਮਦ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ। ਹਾਲਾਂਕਿ ਸਿਰਫ ਵਿਚਾਰਾਂ ਦੇ ਆਧਾਰ 'ਤੇ ਫਰਜ਼ੀ ਕੇਸਾਂ ਵਿਚ ਫਸਾਈਆਂ ਸ਼ਖਸੀਅਤਾਂ ਨੂੰ ਬਿਨਾਂ ਸ਼ਰਤ ਰਿਹਾਅ ਕੀਤੇ ਜਾਣ ਦੀ ਮੰਗ ਕੌਮੀ ਅਤੇ ਕੌਮਾਂਤਰੀ ਪੱਧਰ 'ਤੇ ਲਗਾਤਾਰ ਉਠਦੀ ਆ ਰਹੀ ਹੈ। ਪ੍ਰੋਫੈਸਰ ਸਾਈਬਾਬਾ ਅਤੇ ਭੀਮਾ-ਕੋਰੇਗਾਓਂ ਸਾਜ਼ਿਸ਼ ਕੇਸ ਤਹਿਤ ਜੇਲ੍ਹਾਂ 'ਚ ਡੱਕੇ ਬੁੱਧੀਜੀਵੀਆਂ ਦੀਆਂ ਇਲਾਜ ਤੇ ਜ਼ਮਾਨਤ ਦੀਆਂ ਅਰਜ਼ੀਆਂ ਅਦਾਲਤਾਂ ਵੱਲੋਂ ਬਿਨਾਂ ਕਿਸੇ ਠੋਸ ਕਾਨੂੰਨੀ ਆਧਾਰ ਦੇ ਮਹਿਜ਼ ਸਰਕਾਰੀ ਪੱਖ ਦੇ ਕੁਤਰਕਾਂ ਨੂੰ ਸਵੀਕਾਰ ਕਰਕੇ ਰੱਦ ਕੀਤੀਆਂ ਗਈਆਂ ਹਨ। 19 ਗੰਭੀਰ ਬਿਮਾਰੀਆਂ ਤੋਂ ਪੀੜਤ 90 ਫੀਸਦੀ ਅਪਾਹਜ ਪ੍ਰੋਫੈਸਰ ਸਾਈਬਾਬਾ, ਬਜ਼ੁਰਗ ਇਨਕਲਾਬੀ ਕਵੀ ਪ੍ਰੋਫੈਸਰ ਵਰਵਰਾ ਰਾਓ, ਐਡਵੋਕੇਟ ਸੁਧਾ ਭਾਰਦਵਾਜ ਅਤੇ ਪ੍ਰੋਫੈਸਰ ਸ਼ੋਮਾ ਸੇਨ, ਇਨ੍ਹਾਂ ਸੱਤਾ ਨੂੰ ਘਰਾਂ ਜਾਂ ਹਸਪਤਾਲਾਂ ਵਿਚ ਭੇਜਣ ਨਾਲ ਕੌਮੀ ਸੁਰੱਖਿਆ ਨੂੰ ਖਤਰਾ ਹੈ, ਸੱਤਾਧਾਰੀ ਧਿਰ ਦੀ ਇਸ ਮਨਮਾਨੀ ਵਿਆਖਿਆ ਅੱਗੇ ਨਿਆਂ ਸ਼ਾਸਤਰ ਵੀ ਲਾਜਵਾਬ ਹੈ!

ਜਿਹੜੇ ਦੋ ਉਘੇ ਬੁੱਧੀਜੀਵੀ- ਗੌਤਮ ਨਵਲੱਖਾ ਤੇ ਡਾ. ਆਨੰਦ ਤੇਲਤੁੰਬੜੇ, ਅਦਾਲਤੀ ਮੋਹਲਤ ਤਹਿਤ ਜੇਲ੍ਹ ਤੋਂ ਬਾਹਰ ਸਨ, ਉਨ੍ਹਾਂ ਨੂੰ ਵੀ ਸੁਪਰੀਮ ਕੋਰਟ ਦੇ ਹੁਕਮ ਤਹਿਤ 14 ਅਪਰੈਲ ਤਕ ਅਦਾਲਤ ਅੱਗੇ ਆਤਮ-ਸਮਰਪਣ ਕਰਨਾ ਪੈ ਗਿਆ ਹੈ। ਸਰਵਉਚ ਅਦਾਲਤ ਦੇ ਜੱਜ ਸਾਹਿਬਾਨ ਨੇ ਇਸ ਤੱਥ ਵੱਲ ਗੌਰ ਕਰਨਾ ਵੀ ਜ਼ਰੂਰੀ ਨਹੀਂ ਸਮਝਿਆ ਕਿ ਜਦ ਸਮੁੱਚਾ ਮੁਲਕ ਲੌਕਡਾਊਨ ਹੇਠ ਹੈ ਤਾਂ ਸੱਤਾਧਾਰੀ ਪੱਖ ਨੂੰ ਦੋ ਬੁੱਧੀਜੀਵੀਆਂ ਨੂੰ ਜੇਲ੍ਹ 'ਚ ਡੱਕਣ ਦੀ ਐਨੀ ਕਾਹਲ ਕਿਉਂ ਹੈ। ਹਰ ਕੋਈ ਜਾਣਦਾ ਹੈ ਕਿ ਕੌਮੀ ਸੁਰੱਖਿਆ ਤਾਂ ਬਹਾਨਾ ਹੈ; ਸੱਤਾਧਾਰੀ ਧਿਰ ਦਾ ਅਸਲ ਤੌਖਲਾ ਇਹ ਹੈ ਕਿ ਜੇ ਵਿਰੋਧੀ ਖਿਆਲਾਂ ਵਾਲੇ ਇਹ ਬੇਬਾਕ ਚਿੰਤਕ ਬਾਹਰ ਹੋਣਗੇ ਤਾਂ ਇਨ੍ਹਾਂ ਸਵਾਲਾਂ ਉਪਰ ਆਵਾਜ਼ ਲਾਜ਼ਮੀ ਉਠਾਉਣਗੇ ਕਿ ਬਿਨਾਂ ਲੋੜੀਂਦੇ ਇੰਤਜ਼ਾਮਾਂ ਤੋਂ ਅਚਾਨਕ ਲੌਕਡਾਊਨ ਰਾਹੀਂ ਲੱਖਾਂ ਪਰਵਾਸੀ ਮਜ਼ਦੂਰਾਂ ਨੂੰ ਭੁੱਖਮਰੀ ਅਤੇ ਘੋਰ ਮੁਸੀਬਤਾਂ ਦੇ ਮੂੰਹ ਧੱਕਣਾ ਉਚਿਤ ਕਿਵੇਂ ਹੈ? ਹਜ਼ਾਰਾਂ ਕਰੋੜ ਰੁਪਏ ਦੀ ਰਾਹਤ ਦੇਣ ਐਲਾਨਾਂ ਦੇ ਬਾਵਜੂਦ ਇਕ ਮਾਂ ਆਪਣੇ ਭੁੱਖੇ ਮਰ ਰਹੇ ਪੰਜ ਬੱਚਿਆਂ ਨੂੰ ਨਦੀ ਵਿਚ ਸੁੱਟਣ ਲਈ ਮਜਬੂਰ ਕਿਉਂ ਹੈ? ਥਾਲੀਆਂ, ਘੰਟੀਆਂ ਵਜਾਉਣ ਅਤੇ ਮੋਮਬੱਤੀਆਂ/ਦੀਵੇ ਜਗਾਉਣ ਦੇ ਸੱਦੇ ਹਸਪਤਾਲਾਂ ਵਿਚ ਬੁਨਿਆਦੀ ਢਾਂਚੇ, ਸੁਰੱਖਿਆ ਕਿੱਟਾਂ ਅਤੇ ਹੋਰ ਜ਼ਰੂਰੀ ਮੈਡੀਕਲ ਸਾਜ਼ੋ-ਸਮਾਨ ਦੀ ਘਾਟ ਦਾ ਬਦਲ ਕਿਵੇਂ ਹੋ ਸਕਦੇ ਹਨ? ਮੋਦੀ ਦੀ ਖੋਖਲੀ ਹੌਸਲਾ-ਅਫਜ਼ਾਈ ਮਹੀਨਿਆਂ ਤੋਂ ਬਿਨਾਂ ਤਨਖਾਹ ਜਾਂ ਮਾਮੂਲੀ ਤਨਖਾਹਾਂ ਉਪਰ ਕੰਮ ਕਰਨ ਵਾਲੇ ਮੈਡੀਕਲ ਸਟਾਫ ਅਤੇ ਸਫਾਈ ਕਾਮਿਆਂ ਨੂੰ ਧਰਵਾਸ ਕਿਵੇਂ ਦੇ ਸਕਦੀ ਹੈ?

ਇਹੀ ਨਹੀਂ, ਕੇਂਦਰ ਸਰਕਾਰ ਅਤੇ ਏਅਰਪੋਰਟ ਅਥਾਰਟੀਜ਼ ਦੀ ਨਾਲਾਇਕੀ ਅਤੇ ਬਦਇੰਤਜ਼ਾਮੀ ਦਾ ਭਾਂਡਾ ਤਬਲੀਗੀ ਜਮਾਤ ਸਿਰ ਭੰਨਣਾ ਅਤੇ ਸਿਰਫ ਇਕ ਖਾਸ ਘੱਟਗਿਣਤੀ ਦੇ ਧਰਮ ਦੀ 'ਕਰੋਨਾ ਕੈਰੀਅਰ' ਵਜੋਂ ਸ਼ਨਾਖਤ ਕਰਕੇ ਉਨ੍ਹਾਂ ਪ੍ਰਤੀ ਨਫਰਤ ਭੜਕਾਉਣਾ ਕਿਵੇਂ ਜਾਇਜ਼ ਹੈ? ਕੀ ਇਹ ਹਿੰਦੂ ਰਾਸ਼ਟਰ ਲਈ ਫਿਰਕੂ ਪਾਲਾਬੰਦੀ ਦੇ ਏਜੰਡੇ ਦੀ ਲਗਾਤਾਰਤਾ ਨਹੀਂ ਹੈ? ਉਹ ਇਹ ਸਵਾਲ ਵੀ ਉਠਾਉਣਗੇ ਕਿ ਨੌਕਰੀਆਂ ਅਤੇ ਰੋਜ਼ਗਾਰ ਦੀ ਸੁਰੱਖਿਆ ਯਕੀਨੀ ਬਣਾਉਣ ਦੀ ਬਜਾਏ ਕੇਂਦਰ ਸਰਕਾਰ ਵਲੋਂ ਫੈਕਟਰੀਆਂ 'ਚ ਕੰਮ ਕਰਨ ਦਾ ਸਮਾਂ 8 ਘੰਟੇ ਤੋਂ ਵਧਾ ਕੇ 12 ਘੰਟੇ ਕਰਨ ਲਈ 1948 ਦੇ ਕਾਨੂੰਨ ਨੂੰ ਬਦਲਣ ਲਈ ਤਾਹੂ ਕਿਉਂ ਹੈ। 1948 ਦਾ ਕਾਨੂੰਨ ਕਹਿੰਦਾ ਹੈ ਕਿ ਹਫਤੇ ਵਿਚ 48 ਘੰਟੇ ਤੋਂ ਵੱਧ ਕੰਮ ਨਹੀਂ ਕਰਵਾਇਆ ਜਾ ਸਕਦਾ। ਇਹ ਬਦਲਾਅ ਕਾਮਿਆਂ ਦੇ ਹੱਕਾਂ ਉਪਰ ਵੱਡਾ ਹਮਲਾ ਹੋਵੇਗਾ।

ਸੱਤਾ ਦਾ ਇਹ ਹਮਲਾ ਮੁੱਖ ਬੁੱਧੀਜੀਵੀਆਂ ਤਕ ਮਹਿਦੂਦ ਨਹੀਂ, ਲੌਕਡਾਊਨ ਹੇਠ ਸਮੂਹਿਕਤਾ ਦੀ ਸਾਂਝ ਟੁੱਟ ਜਾਣ ਅਤੇ ਘਰਾਂ ਵਿਚ ਡੱਕੇ ਜਾਣ ਨਾਲ ਉਨ੍ਹਾਂ ਆਵਾਜ਼ਾਂ ਨੂੰ ਚੁਣ ਚੁਣ ਕੇ ਨਿਸ਼ਾਨਾ ਬਣਾਉਣਾ ਸੌਖਾ ਹੋ ਗਿਆ ਹੈ ਜਿਨ੍ਹਾਂ ਦੇ ਵਿਰੋਧ ਪ੍ਰਦਰਸ਼ਨ ਸੱਤਾਧਾਰੀ ਦੀ ਅੱਖ ਦਾ ਰੋੜ ਬਣੇ ਰਹੇ। ਇੱਕੋ ਹੱਲੇ ਸ਼ਾਹੀਨ ਬਾਗ ਧਰਨਿਆਂ ਦੇ ਨਾਲ-ਨਾਲ ਕੰਧਾਂ ਉਪਰ ਚਿਤਰੀਆਂ ਪ੍ਰਤੀਰੋਧ ਦੀਆਂ ਕਲਾ-ਕ੍ਰਿਤਾਂ ਉਪਰ ਵੀ ਕੂਚੀ ਫੇਰ ਦਿੱਤੀ ਗਈ। ਹੁਣ ਇਕ-ਇਕ ਕਰਕੇ ਗ੍ਰਿਫਤਾਰੀਆਂ ਦੀ ਮੁਹਿੰਮ ਚਲਾਈ ਜਾ ਰਹੀ ਹੈ। ਪਹਿਲੀ ਅਪਰੈਲ ਨੂੰ ਦਿੱਲੀ ਪੁਲਿਸ ਨੇ ਜਾਮੀਆ ਮਿਲੀਆ ਯੂਨੀਵਰਸਿਟੀ ਤੋਂ ਪੀ.ਐਚ.ਡੀ. ਕਰ ਰਹੇ ਵਿਦਿਆਰਥੀ ਮਿਰਾਨ ਹੈਦਰ ਨੂੰ ਪੁੱਛਗਿੱਛ ਦੇ ਬਹਾਨੇ ਸੱਦ ਕੇ ਤਿੰਨ ਦਿਨ ਲਈ ਹਿਰਾਸਤ ਵਿਚ ਲੈ ਲਿਆ ਅਤੇ ਫਿਰ ਹਿਰਾਸਤ 15 ਅਪਰੈਲ ਤਕ ਵਧਾ ਦਿੱਤੀ।

ਹੁਣ ਜਾਮੀਆ ਦੀ ਹੀ ਇਕ ਹੋਰ ਵਿਦਿਆਰਥਣ ਸਫੂਰਾ ਜ਼ਰਗਰ ਨੂੰ ਦਿੱਲੀ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਹੈ। ਇਹ ਦੋਨੋਂ ਵਿਦਿਆਰਥੀ ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਵਿਰੋਧ ਪ੍ਰਦਰਸ਼ਨਾਂ ਦੇ ਜਾਣੇ-ਪਛਾਣੇ ਚਿਹਰੇ ਹਨ। ਇਹ ਸਿਲਸਿਲਾ ਇਥੇ ਰੁਕਣ ਵਾਲਾ ਨਹੀਂ ਹੈ। ਆਮ ਆਲੋਚਕ ਟਿੱਪਣੀਕਾਰ ਵੀ ਸੱਤਾ ਦੇ ਨਿਸ਼ਾਨੇ 'ਤੇ ਹਨ। 'ਦਿ ਵਾਇਰ' ਦੇ ਮੁੱਖ ਸੰਪਾਦਕ ਸਿਧਾਰਥ ਵਰਧਰਾਜਨ ਨੂੰ ਲੌਕਡਾਊਨ ਵਿਚ ਹੀ ਅਯੁੱਧਿਆ ਪੁਲਿਸ ਨੇ ਤਲਬ ਕਰ ਲਿਆ ਜਿਸ ਨੇ ਯੋਗੀ ਅਦਿਤਿਆਨਾਥ ਵਲੋਂ ਲੌਕਡਾਊਨ ਦੌਰਾਨ ਧਾਰਮਿਕ ਸਮਾਗਮ ਕਰਨ ਬਾਰੇ ਟਿੱਪਣੀ ਕੀਤੀ ਸੀ। ਮਨੀਪੁਰ ਵਿਚ ਪਿਛਲੇ ਦੋ ਹਫਤਿਆਂ 'ਚ ਪੰਜ ਜਣਿਆਂ ਨੂੰ ਸਰਕਾਰ ਦੀ ਆਲੋਚਨਾ ਕਰਨ ਬਦਲੇ ਗ੍ਰਿਫਤਾਰ ਕੀਤਾ ਗਿਆ ਹੈ।

ਜੇ.ਐਨ.ਯੂ. ਦਿੱਲੀ ਵਿਚ ਇਤਿਹਾਸ ਵਿਚ ਪੀ.ਐਚ.ਡੀ. ਕਰ ਰਹੇ ਖੋਜਾਰਥੀ ਚਿੰਗੇਜ਼ ਖਾਨ ਨੂੰ ਅਖਬਾਰ ਵਿਚ ਲੇਖ ਲਿਖਣਾ ਮਹਿੰਗਾ ਪਿਆ ਜਿਸ ਵਿਚ ਘੱਟਗਿਣਤੀ ਨਾਲ ਵਿਤਕਰੇ ਉਪਰ ਸਵਾਲ ਉਠਾਇਆ ਗਿਆ ਸੀ। ਇਹ ਵਰਤਾਰਾ ਕਰੋਨਾ ਮਹਾਂਮਾਰੀ ਤੋਂ ਵੀ ਖਤਰਨਾਕ ਇਕ ਹੋਰ ਖਤਰੇ ਦੀ ਦਸਤਕ ਹੈ। ਇਸ ਤੋਂ ਖਬਰਦਾਰ ਰਹਿਣਾ ਪਵੇਗਾ, ਇਸ ਨੂੰ ਅਣਡਿੱਠ ਕਰਨ ਦੇ ਨਤੀਜੇ ਸਾਡੇ ਸਮਾਜ ਨੂੰ ਲੰਮੇ ਸਮੇਂ ਤਕ ਭੁਗਤਣੇ ਪੈ ਸਕਦੇ ਹਨ।

# ਕਰੋਨਾ ਵਾਇਰਸ ਦੇ ਸਮਿਆਂ ਵਿਚ

ਕਕਰੀਲੀਆਂ ਸਰਦੀਆਂ ਤੋਂ ਬਾਅਦ ਕੈਨੇਡਾ ਵਿਚ ਈਸਟਰ ਵੀਕਐਂਡ ਪਹਿਲਾ ਲੌਂਗ ਵੀਕਐਂਡ ਹੁੰਦਾ ਹੈ। ਮੌਸਮ ਪੱਧਰਾ ਹੋ ਜਾਂਦਾ ਹੈ, ਖਾਸ ਕਰ ਕੇ ਵੈਨਕੂਵਰ ਇਲਾਕੇ ਵਿਚ। ਲੋਕ ਫੁੱਲ-ਬੂਟੇ ਲਿਆਉਣ ਲਈ ਨਰਸਰੀਆਂ ਵਲ ਭੱਜਦੇ ਹਨ। ਇਸ ਵਾਰ ਮੌਸਮ ਬਹੁਤ ਸੁਹਾਵਣਾ ਹੈ। ਕਰੋਨਾ ਵਾਇਰਸ ਕਾਰਨ ਅੰਦਰੀਂ ਤੜੇ ਲੋਕਾਂ ਵਿਚੋਂ ਬਹੁਤਿਆਂ ਨੇ ਸਰਕਾਰ ਦੀ ਤਾੜਨਾ ਦੇ ਬਾਵਜੂਦ ਸ਼ਹਿਰੋਂ ਬਾਹਰ ਜਾਣ ਦੇ ਪ੍ਰੋਗਰਾਮ ਬਣਾ ਲਏ। ਲਗਦਾ ਹੈ, ਜਿਵੇਂ ਇਸ ਹਫਤੇ ਹੀ ਸਾਰਿਆਂ ਨੇ ਗਰਮੀਆਂ ਵਾਸਤੇ ਬਣਾਈਆਂ ਆਪਣੀਆਂ ਕੈਬਿਨਾਂ ਦੀ ਦੇਖ-ਭਾਲ ਕਰਨ ਜਾਣਾ ਹੋਵੇ!

ਹਾਈਵੇ ਉਪਰ ਕਾਰਾਂ ਅਤੇ ਫੈਰੀ ਵਿਚ ਲੋਕਾਂ

**ਹਰਪ੍ਰੀਤ ਸੇਖਾ**
ਫੋਨ: 001-778-231-1189

ਦੀ ਭੀੜ ਦੇਖ ਕੇ ਸਰਕਾਰ ਨੇ ਚਿਤਾਵਨੀ ਦਿੱਤੀ ਹੈ ਕਿ ਲੋਕਾਂ ਨੂੰ ਘਰੀਂ ਰੱਖਣ ਲਈ ਹੋਰ ਸਖਤ ਕਦਮ ਚੁੱਕਣੇ ਪੈਣਗੇ। ਉਧਰ ਗਲਿਆਨੋ ਵਰਗੇ ਛੋਟੇ ਟਾਪੂਆਂ 'ਤੇ ਰਹਿੰਦੇ ਲੋਕਾਂ ਨੂੰ ਮੇਨਲੈਂਡ ਤੋਂ ਆਏ ਸੈਲਾਨੀਆਂ ਦੀ ਭਰਮਾਰ ਦੇਖ ਕੇ ਫਿਕਰ ਲੱਗ ਗਿਆ ਹੈ ਕਿ ਉਨ੍ਹਾਂ ਦੇ ਹੁਣ ਤਾਈਂ ਮੁਕਾਬਲਤਨ ਸੁਰੱਖਿਅਤ ਟਾਪੂਆਂ 'ਤੇ ਵਾਇਰਸ ਦੀ ਮਾਰ ਨਾ ਪੈ ਜਾਵੇ। ਹਜ਼ਾਰ ਦੇ ਕਰੀਬ ਵਸਨੀਕਾਂ ਵਾਲੇ ਗਲਿਆਨੋ ਟਾਪੂ ਵਿਚ ਸਿਰਫ ਇੱਕ ਨਰਸ ਪ੍ਰੈਟੀਸ਼ਨਰ ਤੇ ਇੱਕ ਡਾਕਟਰ ਹੈ, ਜਿਹੜਾ ਪਾਰਟ ਟਾਈਮ ਕੰਮ ਕਰਦਾ ਹੈ; ਕੋਈ ਵੈਂਟੀਲੇਟਰ ਨਹੀਂ, ਸੰਕਟ ਦੇ ਸਮੇਂ ਏਅਰ ਐਂਬੂਲੈਂਸ ਰਾਹੀਂ ਦੂਰ ਕਿਸੇ ਹਸਪਤਾਲ ਲਿਜਾਇਆ ਜਾਂਦਾ ਹੈ। ਉਥੋਂ ਦੇ ਵਸਨੀਕ ਕਹਿੰਦੇ ਹਨ ਕਿ ਉਨ੍ਹਾਂ ਦਾ ਟਾਪੂ ਹੋਰਾਂ ਲਈ ਵਿਰਾਮਘਰ ਜਾਂ ਪਨਾਹਗਾਹ ਨਹੀਂ ਹੈ। ਜਦੋਂ ਸਮਾਂ ਆਇਆ ਸੈਲਾਨੀਆਂ ਦਾ ਮੁੜ ਤੋਂ ਸਵਾਗਤ ਹੋਣ ਲੱਗੇਗਾ ਪਰ ਹੁਣ ਉਨ੍ਹਾਂ 'ਤੇ ਰਹਿਮ ਕੀਤਾ ਜਾਵੇ।

ਇਸ ਵੀਕਐਂਡ 'ਤੇ ਵੈਨਕੂਵਰ ਵਿਚ ਵਿਸਾਖੀ ਮਨਾਈ ਜਾਣੀ ਸੀ, ਜਿਸ ਵਿਚ ਲੱਖਾਂ ਹੀ ਲੋਕਾਂ ਨੇ ਹਰ ਸਾਲ ਦੀ ਤਰ੍ਹਾਂ ਸ਼ਾਮਿਲ ਹੋਣਾ ਸੀ ਪਰ ਨਗਰ ਕੀਰਤਨ ਦਾ ਪ੍ਰੋਗਰਾਮ ਮਹੀਨਾਂ ਪਹਿਲਾਂ ਹੀ ਰੱਦ ਹੋ ਗਿਆ ਸੀ। ਇਸੇ ਤਰ੍ਹਾਂ ਹੀ ਰਮਜ਼ਾਨ ਤੇ ਈਸਟਰ ਦੇ ਜਨਤਕ ਸਮਾਗਮ ਰੱਦ ਹੋ ਗਏ ਸਨ। ਈਸਟਰ ਮੌਕੇ ਕੋਵਿਡ-19 ਨੂੰ ਧਿਆਨ ਵਿਚ ਰੱਖ ਕੇ ਦੁਨੀਆਂ ਦੇ ਹੋਰ ਹਿੱਸਿਆ ਵਾਂਗ ਵੈਨਕੂਵਰ ਦੇ ਕੈਥੋਲਿਕ ਗਿਰਜਿਆਂ ਦੇ ਪਾਦਰੀਆਂ ਨੇ ਵੀ ਗੁਨਾਹਾਂ ਦੇ ਇਕਬਾਲ ਸੁਣਨ ਲਈ 'ਡਰਾਈਵ ਥਰੂ' ਸੇਵਾਵਾਂ ਪੇਸ਼ ਕੀਤੀਆਂ। ਵੈਨਕੂਵਰ ਦੀ ਮੇਨ ਸਟਰੀਟ 'ਤੇ ਸੇਂਟ ਪੈਟਰਿਕਜ਼ ਰੋਮਨ ਕੈਥੋਲਿਕ ਚਰਚ ਦੇ ਮੁੱਖ ਪਾਦਰੀ ਨੇ ਗੁਨਾਹ ਸੁਣਨ ਲਈ ਦੋ ਹੋਰ ਪਾਦਰੀਆਂ ਨਾਲ ਰਲ ਕੇ ਚਰਚ ਦੀ ਪਾਰਕਿੰਗ ਲਾਟ ਦੇ ਵਿਚਕਾਰ ਦੋ ਸਟੇਸ਼ਨ ਸੈੱਟ ਕਰ ਲਏ। ਸੀ.ਬੀ.ਸੀ. ਦੇ ਪੱਤਰਕਾਰ ਨੂੰ ਪਾਦਰੀ ਜੇਮਜ ਹਿਊ ਨੇ ਦੱਸਿਆ ਕਿ ਗੁਨਾਹਾਂ ਦਾ ਇਕਬਾਲ ਕਰਨ ਵਾਲਿਆਂ ਦੀ ਲਾਈਨ ਮੈਕਡੋਨਲਡ ਰੈਸਟੋਰੈਂਟ ਦੇ ਡਰਾਈਵ ਥਰੂ ਨਾਲੋਂ ਵੀ ਲੰਮੀ ਸੀ।

ਬ੍ਰਿਟਿਸ਼ ਕੋਲੰਬੀਆ ਦੇ ਸਿਹਤ ਮੰਤਰੀ ਏਡਰੀਅਨ ਡਿਕਸ ਨੇ ਸਿੱਖ ਬਲੱਡ ਡਰਾਈਵ ਦੇ ਵਲੰਟੀਅਰਾਂ ਦੀ ਪ੍ਰਸੰਸਾ ਕੀਤੀ ਜਿਨ੍ਹਾਂ ਨੇ ਸਿਹਤ ਅਫਸਰ ਡਾ. ਬੋਨੀ ਹੈਨਰੀ ਅਤੇ ਸੂਬੇ ਦੇ ਪ੍ਰੀਮੀਅਰ ਜੌਨ ਹੌਰਗਨ ਦੇ ਸੱਦੇ 'ਤੇ ਖੂਨ ਦਾਨ ਕੀਤਾ।

ਮੰਤਰੀਆਂ ਅਤੇ ਸਿਹਤ ਅਫਸਰਾਂ ਦੇ ਨਾਲ ਪੱਤਰਕਾਰਾਂ ਦੇ ਰੋਜ਼ਾਨਾਂ ਸਨਮੁੱਖ ਹੁੰਦੇ ਸਾਈਨ ਲੈਂਗੂਏਜ਼ ਇੰਟਰਪਰੈਟਰ ਲੋਕਾਂ ਲਈ ਜਾਣੇ-ਪਛਾਣੇ ਚਿਹਰੇ ਬਣ ਗਏ ਹਨ। ਬੀ.ਸੀ. ਦੀ ਸਿਹਤ ਅਫਸਰ ਡਾ. ਬੋਨੀ ਹੈਨਰੀ ਨਾਲ ਆਉਣ ਵਾਲਾ ਸਾਈਨ ਲੈਂਗੂਏਜ਼ ਇੰਟਰਪਰੇਟਰ ਨਿਜ਼ਲ ਹੋਵਰਡ ਆਪਣੇ ਭਾਵਪੂਰਤ ਸਟਾਈਲ ਕਾਰਨ ਬਹੁਤ ਹਰਮਨ ਪਿਆਰਾ ਹੋ ਗਿਆ ਹੈ। ਫੇਸਬੁੱਕ 'ਤੇ ਬਣੇ ਉਸ ਦੇ ਫੈਨ ਕਲੱਬ ਨੇ ਉਸ ਨੂੰ 'ਸਾਈਨ ਲੈਂਗੂਏਜ਼ ਹੀਰੋ' ਦੀ ਉਪਾਧੀ ਦਿੱਤੀ ਹੈ। ਤੇ ਉਧਰ ਅਲਬਰਟਾ ਸੂਬੇ ਦੀ ਸਿਹਤ ਅਫਸਰ ਡਾ. ਡੀਨਾ ਹਿਨਸ਼ਾਅ ਭਿਆਨਕ ਖਬਰ ਨੂੰ ਵੀ ਸ਼ਾਂਤੀ ਅਤੇ ਭਰੋਸੇ ਨਾਲ ਕਹਿਣ ਦੀ ਸਮਰੱਥਾ ਰੱਖਣ ਕਾਰਨ ਵਸਨੀਕਾਂ ਵਿਚ ਹਰਮਨ ਪਿਆਰੀ ਹੋ ਗਈ। ਪਿਛਲੇ ਬੁੱਧਵਾਰ ਸੂਬੇ ਵਿਚ ਮਹਾਂਮਾਰੀ ਦੀ ਹਾਲਤ ਬਾਰੇ ਦੱਸਣ ਲਈ ਉਸ ਦੀ ਥਾਂ ਸੂਬੇ ਦੇ ਪ੍ਰੀਮੀਅਰ ਜੇਸਨ ਕੇਨੀ ਨੇ ਸੰਬੋਧਨ ਕੀਤਾ। ਝੱਟ ਹੀ ਲੋਕ ਸੋਸ਼ਲ ਮੀਡੀਏ ਉਪਰ ਡਾਕਟਰ ਡੀਨਾ ਹਿਨਸ਼ਾਅ ਨੂੰ ਵਾਪਸ ਲਿਆਉਣ ਦੀ ਮੰਗ ਰੱਖਣ ਲੱਗੇ। ਉਨ੍ਹਾਂ ਦਾ ਵਿਚਾਰ ਸੀ ਕਿ ਉਹ ਸੂਬੇ ਵਿਚ ਮਹਾਂਮਾਰੀ ਦੀ ਹਾਲਤ ਨੂੰ ਕਿਸੇ ਰਾਜਨੀਤੀਵਾਨ ਨਾਲੋਂ ਡਾਕਟਰ ਤੋਂ ਜਾਣਨ ਨੂੰ ਜ਼ਿਆਦਾ ਭਰੋਸੇਯੋਗ ਮੰਨਦੇ ਹਨ।

ਇਨ੍ਹਾਂ ਦਿਨਾਂ ਵਿਚ ਘਰੇਲੂ ਹਿੰਸਾ ਵਿਚ ਵਾਧਾ ਹੋਣ ਦੀਆਂ ਖਬਰਾਂ ਹਨ। ਵੈਨਕੂਵਰ ਵਿਚ ਹਿੰਸਾ ਦਾ ਸ਼ਿਕਾਰ ਔਰਤਾਂ ਦੀ ਸਹਾਇਤਾ ਲਈ ਸਥਾਪਿਤ ਕੀਤੀ ਫੋਨ ਲਾਈਨ ਉਪਰ ਪਿਛਲੇ ਤਿੰਨ ਹਫਤਿਆਂ ਦੌਰਾਨ ਤਿੰਨ ਸੌ ਪ੍ਰਤੀਸ਼ਤ ਵਾਧਾ ਹੋਇਆ ਹੈ। ਗਲੋਬਲ ਨਿਊਜ਼ ਲਈ ਇਕ ਕੰਪਨੀ ਵਲੋਂ ਕੀਤੇ ਸਰਵੇਖਣ ਅਨੁਸਾਰ ਇਸ ਮਹਾਂਮਾਰੀ ਦੌਰਾਨ ਚਰਵੰਜਾ ਪ੍ਰਤੀਸ਼ਤ ਕੈਨੇਡੀਅਨ ਇਕੱਲੇ-ਇਕੱਲੇ ਅਤੇ ਵੱਖ ਹੋਏ ਮਹਿਸੂਸ ਕਰ ਰਹੇ ਹਨ। ਇਸ ਸਰਵੇਖਣ ਵਿਚ ਅਠਾਰਾਂ ਸਾਲਾਂ ਤੋਂ ਵੱਧ ਉਮਰ ਦੇ 1006 ਲੋਕਾਂ ਨੇ ਹਿੱਸਾ ਲਿਆ।

ਕਰੋਨਾ ਵਾਇਰਸ ਦੀ ਮਾਰ ਜੇਲ੍ਹਾਂ ਤੱਕ ਪਹੁੰਚ ਗਈ ਹੈ। ਕਿਊਬਿਕ ਸੂਬੇ ਦੀਆਂ ਜੇਲ੍ਹਾਂ ਵਿਚ ਇਸ ਨੇ 32 ਜਣਿਆਂ ਨੂੰ ਪ੍ਰਭਾਵਤ ਕੀਤਾ ਹੈ ਅਤੇ ਬ੍ਰਿਟਿਸ਼ ਕੋਲੰਬੀਆ ਦੀਆਂ ਜੇਲ੍ਹਾਂ ਵਿਚ ਇਹ ਗਿਣਤੀ 36 ਹੋ ਗਈ ਹੈ। ਬੀ.ਸੀ. ਸੂਬੇ ਦੇ ਮਿਸ਼ਨ ਸ਼ਹਿਰ ਵਿਚ ਸਥਿਤ ਜੇਲ੍ਹ ਵਿਚ ਇਸ ਵਾਇਰਸ ਨੇ ਸਭ ਤੋਂ ਜ਼ਿਆਦਾ ਅਸਰ ਪਾਇਆ ਹੈ। ਵੈਨਕੂਵਰ ਦੇ ਕ੍ਰਿਮੀਨਲ ਵਕੀਲ ਏਡਰੀਅਨ ਸਮਿਥ ਨੇ ਕਿਹਾ ਕਿ ਜੇਲ੍ਹਾਂ ਵੀ ਕੇਅਰ-ਹੋਮਾਂ ਵਾਂਗ ਹੀ ਹੁੰਦੀਆਂ ਹਨ, ਜਿਥੇ ਕੈਦੀ ਇੱਕ-ਦੂਜੇ ਦੇ ਨੇੜੇ-ਨੇੜੇ ਰੱਖੇ ਹੁੰਦੇ ਹਨ ਤੇ ਕਾਮੇ ਅੰਦਰ ਆਉਂਦੇ-ਜਾਂਦੇ ਰਹਿੰਦੇ ਹਨ। ਉਹ ਵਾਇਰਸ ਨੂੰ ਅੰਦਰ ਲਿਆ ਤੇ ਬਾਹਰ ਲਿਜਾ ਸਕਦੇ ਹਨ। ਕੁਰੈਕਸ਼ਨਲ ਸਰਵਿਸ ਆਫ ਕੈਨੇਡਾ ਨੇ ਕਿਹਾ ਹੈ ਕਿ ਜੇਲ੍ਹਾਂ ਵਿਚ ਇਸ ਵਾਇਰਸ ਦੇ ਫੈਲਣ ਦੀ ਹਾਲਤ ਨਾਲ ਨਜਿੱਠਣ ਦੇ ਉਹ ਯੋਗ ਹਨ ਅਤੇ ਉਹ ਪਰੋਲ ਬੋਰਡ ਆਫ ਕੈਨੇਡਾ ਨਾਲ ਮਿਲਕੇ ਕੁਝ ਘੱਟ ਖਤਰਨਾਕ ਕੈਦੀਆਂ ਨੂੰ ਪਹਿਲਾਂ ਰਿਹਾਈ ਦੇਣ ਲਈ ਵੀ ਵਿਚਾਰ ਕਰ ਰਹੇ ਹਨ।

ਓਂਟੇਰੀਓ ਸੂਬੇ ਵਿਚ ਕੇਅਰ-ਹੋਮ ਵਿਚ ਕਰੋਨਾ ਫੈਲਣ ਨਾਲ ਉਥੇ ਕੰਮ ਕਰਦੇ ਕਰਮਚਾਰੀ ਵਾਕ ਆਊਟ ਕਰ ਗਏ। ਉਨ੍ਹਾਂ ਦੀ ਸ਼ਿਕਾਇਤ ਸੀ ਕਿ ਉਨ੍ਹਾਂ ਦੀ ਆਪਣੀ ਸੁਰੱਖਿਆ ਲਈ ਢੁਕਵੇਂ ਪ੍ਰਬੰਧ ਨਹੀਂ ਕੀਤੇ ਗਏ। ਇਸ ਤੋਂ ਪਹਿਲਾਂ ਕਿਊਬਿਕ ਸੂਬੇ ਵਿਚ ਇਕ ਪ੍ਰਾਈਵੇਟ ਕੇਅਰਹੋਮ ਜਿਸ ਵਿਚ 31 ਮੌਤਾਂ ਹੋਈਆਂ ਅਤੇ ਉਥੋਂ ਦੀ ਮੰਦੀ ਹਾਲਤ ਹੈ, ਦੀ ਅਦਾਲਤੀ ਜਾਂਚ ਹੋਵੇਗੀ।

ਕੋਵਿਡ-19 ਦੌਰਾਨ ਖਬਰਾਂ ਵਿਚ 'ਫਲੈਟਨ ਦਾ ਕਰਵ' ਮੁਹਾਵਰੇ ਦਾ ਬਹੁਤ ਉਪਯੋਗ ਹੋਣ ਲੱਗਾ ਹੈ। ਬੀ.ਸੀ. ਸੂਬੇ ਵਿਚ ਇੱਕ ਵਾਰ ਤਾਂ ਗਰਾਫ ਦੀ ਉਚਾਈ ਵਲ ਜਾਂਦੀ ਲਾਈਨ ਨੂੰ ਮੋੜਾ ਪੈ ਗਿਆ ਹੈ। ਪਿਛਲਾ ਸਾਰਾ ਹਫਤਾ ਹੀ ਕਰੋਨਾ ਤੋਂ ਪ੍ਰਭਾਵਿਤ ਹੋਣ ਵਾਲਿਆਂ ਦੀ ਗਿਣਤੀ ਘਟ ਹੁੰਦੀ ਗਈ। ਠੀਕ ਹੋਣ ਵਾਲਿਆਂ ਦੀ ਗਿਣਤੀ ਵੀ ਵਧਣ ਲੱਗੀ ਹੈ।

ਕੋਵਿਡ-19 ਨੂੰ ਧਿਆਨ ਵਿਚ ਰੱਖ ਕੇ ਕੈਨੇਡਾ ਦੀ ਸਰਕਾਰ ਵਲੋਂ ਐਲਾਨ ਕੀਤੀ ਗਈ ਕੈਨੇਡਾ ਐਮਰਜੈਂਸੀ ਰਿਸਪੌਂਸ ਬੈਨੀਫਿਟ ਦੀ ਦੋ ਹਜ਼ਾਰ ਡਾਲਰ ਦੀ ਰਾਸ਼ੀ ਬੀਤੇ ਹਫਤੇ ਲੋਕਾਂ ਦੇ ਬੈਂਕ ਖਾਤਿਆਂ ਵਿਚ ਜਮ੍ਹਾਂ ਹੋਈ ਹੈ। ਕਈ ਲੋਕਾਂ ਨੂੰ ਫਿਕਰ ਲੱਗ ਗਿਆ ਕਿ ਉਨ੍ਹਾਂ ਦੇ ਖਾਤੇ ਵਿਚ ਗਲਤੀ ਨਾਲ ਦੋ ਵਾਰ ਦੋ ਹਜ਼ਾਰ ਜਮ੍ਹਾਂ ਹੋ ਗਿਆ ਸੀ। ਉਨ੍ਹਾਂ ਨੇ ਮੀਡੀਏ ਅਤੇ ਸੋਸ਼ਲ ਮੀਡੀਏ ਰਾਹੀਂ ਫਿਕਰ ਜ਼ਾਹਿਰ ਕੀਤਾ। ਮੰਤਰੀ ਨੇ ਭਰੋਸਾ ਦਿਵਾਇਆ ਕਿ ਕਾਹਲੀ ਕਰਨ ਦੀ ਲੋੜ ਨਹੀਂ ਇਹ ਗਲਤੀ ਨਾਲ ਨਹੀਂ ਹੋਇਆ, ਇਹ ਅਗਲੇ ਮਹੀਨੇ ਦੀ ਅਗੇਤੀ ਅਦਾਇਗੀ ਹੈ।

ਦੁਨੀਆਂ ਦੇ ਹੋਰ ਹਿੱਸਿਆ ਵਾਂਗ ਕੈਨੇਡਾ ਵਿਚ ਵੀ ਮੈਡੀਕਲ ਸਪਲਾਈ, ਮਾਸਕ, ਦਸਤਾਨੇ ਤੇ ਵੈਂਟੀਲੇਟਰਾਂ ਦੀ ਕਮੀ ਦੀਆਂ ਖਬਰਾਂ ਆਉਂਦੀਆਂ ਰਹੀਆਂ। ਕੈਨੇਡਾ ਦੇ ਵੱਡੇ ਭਾਈ ਦੇਸ਼ ਦੇ ਰਾਸ਼ਟਰਪਤੀ ਨੇ ਅਮਰੀਕਾ ਦੀ ਮਾਸਕ ਬਣਾਉਣ ਵਾਲੀ ਕੰਪਨੀ 3 ਐਮ ਨੂੰ ਚਿਤਾਵਨੀ ਦਿੱਤੀ ਕਿ ਉਹ ਕੈਨੇਡਾ ਨੂੰ ਮਾਸਕ ਨ ਭੇਜੇ। ਜਵਾਬ ਵਿਚ ਕੈਨੇਡਾ ਦੇ ਪ੍ਰਧਾਨ ਮੰਤਰੀ ਨੇ ਕਿਹਾ ਕਿ ਉਹ ਕੋਈ ਜਵਾਬੀ ਕਾਰਵਾਈ ਨਹੀਂ ਕਰਨਗੇ।

ਵੈਨਕੂਵਰ ਵਿਚ ਪਿਛਲੇ ਹਫਤੇ ਨਸ਼ੇ ਦੀ ਅਧਿਕ ਮਾਤਰਾ ਦੇ ਸੇਵਨ ਨਾਲ ਅੱਠ ਮੌਤਾਂ ਹੋਈਆਂ ਹਨ। ਇਸ ਨਾਲ ਬੀ.ਸੀ. ਵਿਚ ਇੱਕੋ ਵੇਲੇ ਦੋ ਸਿਹਤ ਸੰਕਟਾਂ ਦੀ ਹਾਲਤ ਬਣ ਗਈ ਹੈ। ਸੂਬਾ ਸਰਕਾਰ ਕੋਸ਼ਿਸ਼ ਕਰ ਰਹੀ ਹੈ ਕਿ ਇਸ ਮਹਾਂਮਾਰੀ ਦੌਰਾਨ ਨਸ਼ੇ ਕਰਨ ਵਾਲਿਆਂ ਨੂੰ ਸਹੀ ਮਾਤਰਾ ਵਿਚ ਨਸ਼ੇ ਮਿਲਣ ਤਾਂ ਕਿ ਅਧਿਕ ਮਾਤਰਾ ਵਿਚ ਵਰਤਣ ਨਾਲ ਹੋਰ ਮੌਤਾਂ ਨਾ ਹੋਣ। ਵੈਨਕੂਵਰ ਦੀ ਮੇਨ ਸਟਰੀਟ ਅਤੇ ਹੇਸਟਿੰਗਜ਼ ਸਟਰੀਟ ਦੇ ਇਲਾਕੇ ਵਿਚ, ਜਿਥੇ ਜ਼ਿਆਦਾ ਗਿਣਤੀ ਵਿਚ ਬੇਘਰੇ ਲੋਕ ਰਹਿੰਦੇ ਹਨ, ਦੇਖਣ ਵਿਚ ਜਨ ਜੀਵਨ ਪਹਿਲਾਂ ਵਾਂਗ ਹੀ ਲਗਦਾ ਹੈ, ਜਦੋਂ ਕਿ ਇਸਦੇ ਪੱਛਮ ਵਿਚ ਡਾਊਨ ਟਾਊਨ ਵਿਚ ਸੁੰਨ ਵਰਤੀ ਹੋਈ ਹੈ।

ਇਥੋਂ ਦੇ ਇੱਕ ਅਖਬਾਰ ਵਿਚ ਕੋਵਿਡ-19 ਦੌਰਾਨ ਨਵੀਂ ਦਿੱਲੀ ਦੇ ਕਨਾਟ ਪਲੇਸ ਦੀ ਪ੍ਰਦੂਸ਼ਣ ਰਹਿਤ ਆਕਾਸ਼ ਦੀ ਬਹੁਤ ਖੂਬਸੂਰਤ ਫੋਟੋ ਛਪੀ ਹੈ। ਸਾਫ ਆਕਾਸ਼ ਹਮੇਸ਼ਾਂ ਹੀ ਖੂਬਸੂਰਤ ਹੁੰਦੇ ਹਨ। ਅੱਜ ਕੱਲ੍ਹ ਕੈਨੇਡਾ ਦੇ ਸੰਘਣੀ ਪੰਜਾਬੀ ਵਸੋਂ ਵਾਲੇ ਸ਼ਹਿਰਾਂ ਦੇ ਪੰਜਾਬੀ ਸਾਹਿਤ ਦੇ ਆਕਾਸ਼ ਵੀ ਬਹੁਤ ਖੂਬਸੂਰਤ ਦਿਖਾਈ ਦਿੰਦੇ ਹਨ। ਆਏ ਦਿਨ ਇੱਕ-ਦੂਜੇ ਦੀ ਪਿੱਠ ਖੁਰਕਣ ਲਈ ਕੀਤੇ ਜਾਂਦੇ ਰੂਬਰੂ/ਸਨਮਾਨ ਸਮਾਰੋਹਾਂ ਦੀਆਂ ਤਸਵੀਰਾਂ ਤੋਂ ਦੇਸੀ ਅਖਬਾਰ ਮੁਕਤ ਹੋਏ ਹਨ।

# ਕਰੋਨਾ ਮਹਾਮਾਰੀ ਨਵੀਂ ਦੁਨੀਆਂ ਦਾ ਪ੍ਰਵੇਸ਼ ਦੁਆਰ

***ਕਰੋਨਾ ਵਾਇਰਸ ਨੇ ਸਮੁੱਚੇ ਸੰਸਾਰ ਨੂੰ ਸਾਹੋ-ਸਾਹ ਕੀਤਾ ਹੋਇਆ ਹੈ। ਇਸ ਵਾਇਰਸ ਅਤੇ ਇਸ ਤੋਂ ਪੈਦਾ ਹੋਈ ਬਿਮਾਰੀ 'ਕੋਵਿਡ-19' ਬਾਰੇ ਵੱਧ ਤੋਂ ਵੱਧ ਜਾਣਕਾਰੀ ਮੁਹੱਈਆ ਕਰਨ ਲਈ ਅਸੀਂ ਵੱਖ-ਵੱਖ ਵਿਦਵਾਨਾਂ ਦੇ ਲੇਖ ਆਪਣੇ ਪਾਠਕਾਂ ਦੀ ਨਜ਼ਰ ਕੀਤੇ ਹਨ। ਐਤਕੀਂ ਅਸੀਂ ਆਲਮੀ ਪੱਧਰ 'ਤੇ ਮਕਬੂਲ ਅਤੇ ਬੁੱਕਰ ਇਨਾਮ ਜੇਤੂ ਲੇਖਕਾ ਅਰੁੰਧਤੀ ਰਾਏ ਦਾ ਲੇਖ ਛਾਪ ਰਹੇ ਹਾਂ, ਜਿਸ ਵਿਚ ਉਨ੍ਹਾਂ ਵੱਖ-ਵੱਖ ਪੱਖ ਬਹੁਤ ਸੰਜੀਦਗੀ ਨਾਲ ਵਿਚਾਰੇ ਹਨ। 'ਫਾਇਨਾਂਸ਼ੀਅਲ ਟਾਈਮਜ਼' ਵਿਚ ਛਪੇ ਇਸ ਲੇਖ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। -ਸੰਪਾਦਕ***

ਅੰਗਰੇਜ਼ੀ ਦਾ ਸ਼ਬਦ ਹੈ, 'ਵਾਇਰਲ ਹੋਣਾ' (ਕਿਸੇ ਵੀਡੀਓ, ਸੰਦੇਸ਼ ਆਦਿ ਦਾ ਫੈਲਣਾ)। ਹੁਣ ਇਸ ਨੂੰ ਸੁਣਦਿਆਂ ਸਾਰ ਕੌਣ ਨਹੀਂ ਤ੍ਰਭਕੇਗਾ? ਦਰਵਾਜ਼ੇ ਦਾ ਹੈਂਡਲ, ਗੱਤੇ ਦਾ ਡੱਬਾ ਜਾਂ ਸਬਜ਼ੀ ਦਾ ਥੈਲਾ ਦੇਖਦਿਆਂ ਹੀ ਕਿਸ ਦੀ ਕਲਪਨਾ ਵਿਚ ਉਹ ਅਦਿਖ, ਜੀਵਤ ਜਾਂ ਮੁਰਦਾ ਤਿਣਕੇ ਨਹੀਂ ਆਉਣਗੇ, ਜੋ ਸਾਡੇ ਫੇਫੜਿਆਂ ਵਿਚ ਧਸ ਕੇ ਇਨ੍ਹਾਂ 'ਤੇ ਕਬਜ਼ਾ ਜਮਾਉਣ ਦੀ ਉਡੀਕ ਕਰ ਰਹੇ ਹਨ। ਕਿਸੇ ਅਜਨਬੀ ਨੂੰ ਚੁੰਮਣ, ਬੱਸ ਵਿਚ ਸਫਰ ਕਰਨ ਜਾਂ ਆਪਣੇ ਬੱਚੇ ਨੂੰ ਸਕੂਲ ਭੇਜਣ ਤੋਂ ਪਹਿਲਾਂ ਕੌਣ ਭੈਭੀਤ ਨਹੀਂ ਹੋਵੇਗਾ?

ਆਪਣੀਆਂ ਰੋਜ਼ਮੱਰਾ ਖੁਸ਼ੀਆਂ ਤੋਂ ਪਹਿਲਾਂ ਉਨ੍ਹਾਂ ਦੇ ਜੋਖਮ ਦਾ ਜਾਇਜ਼ਾ ਲੈਣ ਵਿਚ ਕੌਣ ਨਹੀਂ ਪਵੇਗਾ? ਹੁਣ ਸਾਡੇ ਵਿਚੋਂ ਕੌਣ ਹੈ, ਜੋ ਕਿਸੇ ਝੋਲਾ-ਛਾਪ ਮਹਾਮਾਰੀ ਮਾਹਰ, ਵਿਸ਼ਾਣੂ ਵਿਗਿਆਨੀ, ਗਣਿਤ ਸ਼ਾਸਤਰੀ ਅਤੇ ਨਜੂਮੀ ਨਹੀਂ ਬਣਿਆ? ਕੌਣ ਵਿਗਿਆਨੀ ਜਾਂ ਡਾਕਟਰ ਮਨ ਹੀ ਮਨ ਵਿਚ ਕਿਸੇ ਚਮਤਕਾਰ ਲਈ ਅਰਦਾਸ ਨਹੀਂ ਕਰ ਰਿਹਾ? ਕਿਹੜਾ ਪੁਜਾਰੀ ਹੈ, ਜੋ ਮਨ ਹੀ ਮਨ ਵਿਚ ਵਿਗਿਆਨ ਦੇ ਅੱਗੇ ਗੋਡੇ ਨਹੀਂ ਟੇਕ ਚੁਕਾ? ਤੇ ਵਿਸ਼ਾਣੂਆਂ (ਵਾਇਰਸ) ਦੇ ਇਸ ਪਸਾਰੇ ਦੌਰਾਨ ਵੀ ਕੌਣ ਹੈ, ਜਿਸ ਨੂੰ ਸ਼ਹਿਰਾਂ ਵਿਚ ਪੰਛੀਆਂ ਦੇ ਗਾਉਣ ਦੀਆਂ ਅਵਾਜ਼ਾਂ, ਚੌਰਾਹਿਆਂ 'ਚ ਪੈਲਾਂ ਪਾਉਂਦੇ ਮੋਰਾਂ ਅਤੇ ਗਗਨ ਦੀ ਖਾਮੋਸ਼ੀ ਨੇ ਮੋਹਿਆ ਨਹੀਂ ਹੈ?



**ਅਰੁੰਧਤੀ ਰਾਏ**
**ਅਨੁਵਾਦ : ਬੂਟਾ ਸਿੰਘ**

ਦੁਨੀਆਂ ਭਰ ਵਿਚ ਛੂਤ ਦੀ ਲਪੇਟ ਵਿਚ ਆਏ ਲੋਕਾਂ ਦੀ ਤਾਦਾਦ ਲੱਖਾਂ ਵਿਚ ਹੈ। ਇਸੇ ਤਰ੍ਹਾਂ ਮ੍ਰਿਤਕਾਂ ਦੀ ਗਿਣਤੀ ਹੈ। ਖਦਸ਼ਾ ਹੈ ਕਿ ਇਹ ਗਿਣਤੀ ਹੋਰ ਵੱਧ ਹੋ ਜਾਵੇਗੀ। ਇਹ ਵਿਸ਼ਾਣੂ ਵਪਾਰ ਅਤੇ ਕੌਮਾਂਤਰੀ ਸਰਮਾਏ ਦੇ ਨਾਲੋ-ਨਾਲ ਸੰਸਾਰ ਭਰ ਵਿਚ ਪੁੱਜ ਗਿਆ ਹੈ ਅਤੇ ਇਸ ਨੇ ਇਨਸਾਨਾਂ ਨੂੰ ਉਨ੍ਹਾਂ ਦੇ ਮੁਲਕਾਂ, ਸ਼ਹਿਰਾਂ ਅਤੇ ਘਰਾਂ ਅੰਦਰ ਡੱਕ ਦਿੱਤਾ ਹੈ; ਪਰ ਸਰਮਾਏ ਦੇ ਵਹਿਣ ਦੇ ਉਲਟ ਇਸ ਵਿਸ਼ਾਣੂ ਨੂੰ ਫੈਲਾਅ ਚਾਹੀਦਾ ਹੈ, ਮੁਨਾਫਾ ਨਹੀਂ ਚਾਹੀਦਾ। ਇਉਂ ਇਸ ਨੇ ਅਣਜਾਣੇ ਹੀ ਕੁਝ ਹੱਦ ਤਕ ਇਸ ਵਹਿਣ ਦੀ ਦਿਸ਼ਾ ਨੂੰ ਉਲਟੇ ਰੁਖ ਮੋੜ ਦਿੱਤਾ ਹੈ।

ਇਸ ਨੇ ਆਵਾਸ ਕੰਟਰੋਲ ਪ੍ਰਣਾਲੀਆਂ, ਬਾਇਓਮੈਟ੍ਰਿਕਸ (ਮਨੁੱਖ ਦੀ ਸ਼ਨਾਖਤ ਕਰਨ ਵਾਲੀਆਂ ਪ੍ਰਣਾਲੀਆਂ), ਡਿਜੀਟਲ ਨਿਗਰਾਨੀ ਅਤੇ ਹੋਰ ਹਰ ਤਰ੍ਹਾਂ ਦੇ ਡੈਟਾ ਵਿਸ਼ਲੇਸ਼ਣ ਕਰਨ ਵਾਲੀਆਂ ਪ੍ਰਣਾਲੀਆਂ ਦਾ ਮਜ਼ਾਕ ਬਣਾ ਦਿੱਤਾ ਹੈ। ਇਸ ਤਰ੍ਹਾਂ ਦੁਨੀਆਂ ਦੇ ਸਭ ਤੋਂ ਅਮੀਰ ਮੁਲਕਾਂ, ਜਿੱਥੇ ਸਰਮਾਏਦਾਰੀ ਦਾ ਇੰਜਣ ਹਿਚਕੋਲੇ ਖਾਂਦਾ ਹੋਇਆ ਖੜ੍ਹ ਗਿਆ ਹੈ, ਨੂੰ ਇਸ ਨੇ ਜ਼ਬਰਦਸਤ ਸੱਟ ਮਾਰੀ ਹੈ। ਸ਼ਾਇਦ ਆਰਜ਼ੀ ਤੌਰ 'ਤੇ ਹੀ ਸਹੀ, ਫਿਰ ਵੀ ਇਸ ਨੇ ਸਾਨੂੰ ਇਹ ਮੌਕਾ ਤਾਂ ਦਿੱਤਾ ਹੀ ਹੈ ਕਿ ਅਸੀਂ ਇਸ ਦੇ ਪੁਰਜ਼ਿਆਂ ਦਾ ਜਾਇਜ਼ਾ ਲੈ ਸਕੀਏ ਅਤੇ ਫੈਸਲਾ ਕਰ ਸਕੀਏ ਕਿ ਇਸ ਨੂੰ ਮੁਰੰਮਤ ਕਰ ਕੇ ਮੁੜ ਚਲਾਉਣਾ ਹੈ ਜਾਂ ਸਾਨੂੰ ਇਸ ਤੋਂ ਬਿਹਤਰ ਇੰਜਣ ਈਜਾਦ ਕਰਨ ਦੀ ਲੋੜ ਹੈ।

ਇਸ ਮਹਾਮਾਰੀ ਨੂੰ ਰੋਕਣ ਦੇ ਇੰਤਜ਼ਾਮਾਂ 'ਚ ਲੱਗੇ ਤਾਕਤਵਰ ਕਰਤਾ-ਧਰਤਾ 'ਯੁੱਧ-ਯੁੱਧ' ਚੀਕ ਰਹੇ ਹਨ। ਉਹ ਯੁੱਧ ਸ਼ਬਦ ਦਾ ਇਸਤੇਮਾਲ ਜੁਮਲੇ ਦੇ ਤੌਰ 'ਤੇ ਨਹੀਂ ਸਗੋਂ ਸੱਚਮੁੱਚ ਦੇ ਯੁੱਧ ਲਈ ਹੀ ਕਰ ਰਹੇ ਹਨ; ਪਰ ਜੇ ਹਕੀਕਤ ਵਿਚ ਇਹ ਯੁੱਧ ਹੁੰਦਾ ਹੈ ਤਾਂ ਇਸ ਲਈ ਅਮਰੀਕਾ ਤੋਂ ਵੱਧ ਬਿਹਤਰ ਤਿਆਰੀ ਕਿਸ ਦੀ ਹੋਵੇਗੀ? ਜੇ ਮੋਹਰੀ ਮੁਹਾਜ਼ 'ਤੇ ਲੜ ਰਹੇ ਸਿਪਾਹੀਆਂ ਲਈ ਮਾਸਕਾਂ ਅਤੇ ਦਸਤਾਨਿਆਂ ਦੀ ਥਾਂ ਬੰਦੂਕਾਂ, ਸਮਾਰਟ ਬੰਬਾਂ, ਬੰਕਰ-ਤੋੜੂ ਹਥਿਆਰਾਂ, ਪਣਡੁੱਬੀਆਂ, ਲੜਾਕੂ ਜਹਾਜ਼ਾਂ ਅਤੇ ਪਰਮਾਣੂ ਬੰਬਾਂ ਦੀ ਲੋੜ ਹੁੰਦੀ ਤਾਂ ਕੀ ਉਨ੍ਹਾਂ ਦੀ ਵੀ ਤੋਟ ਹੁੰਦੀ?

ਦੁਨੀਆਂ ਭਰ ਵਿਚ ਸਾਡੇ ਵਿਚੋਂ ਕੁਝ ਲੋਕ ਰਾਤੋ-ਰਾਤ ਨਿਊ ਯਾਰਕ ਦੇ ਗਵਰਨਰ ਦੇ ਪ੍ਰੈਸ ਬਿਆਨਾਂ ਨੂੰ ਐਸੀ ਉਤਸੁਕਤਾ ਨਾਲ ਦੇਖਦੇ ਹਨ, ਜਿਸ ਦੀ ਵਿਆਖਿਆ ਕਰਨੀ ਮੁਸ਼ਕਿਲ ਹੈ। ਅਸੀਂ ਅੰਕੜੇ ਦੇਖਦੇ ਹਾਂ ਅਤੇ ਉਨ੍ਹਾਂ ਅਮਰੀਕੀ ਹਸਪਤਾਲਾਂ ਦੀਆਂ ਕਹਾਣੀਆਂ ਸੁਣ ਰਹੇ ਹਾਂ, ਜੋ ਮਰੀਜ਼ਾਂ ਨਾਲ ਤੂੜੇ ਹੋਏ ਹਨ, ਜਿੱਥੇ ਘੱਟ ਤਨਖਾਹ ਅਤੇ ਲੱਕ ਤੋੜਵੇਂ ਕੰਮ ਦੇ ਬੋਝ ਹੇਠ ਦੱਬੀਆਂ ਨਰਸਾਂ ਕੂੜੇਦਾਨਾਂ ਵਿਚ ਵਰਤੇ ਜਾਣ ਵਾਲੇ ਕੱਪੜੇ ਅਤੇ ਪੁਰਾਣੇ ਰੇਨ-ਕੋਟਾਂ ਨਾਲ ਮਾਸਕ ਬਣਾਉਣ ਲਈ ਮਜਬੂਰ ਹਨ ਤਾਂ ਜੋ ਹਰ ਤਰ੍ਹਾਂ ਦਾ ਜੋਖਮ ਉਠਾ ਕੇ ਵੀ ਮਰੀਜ਼ਾਂ ਨੂੰ ਭੋਰਾ ਰਾਹਤ ਦੇ ਸਕਣ, ਜਿੱਥੇ ਵੈਂਟੀਲੇਟਰਾਂ ਦੀ ਖਰੀਦ ਲਈ ਸਟੇਟ ਇਕ ਦੂਜੇ ਦੇ ਖਿਲਾਫ ਬੋਲੀ ਲਾ ਰਹੇ ਹਨ, ਜਿੱਥੇ ਡਾਕਟਰ ਇਸ ਦੋਚਿਤੀ ਵਿਚ ਹਨ ਕਿ ਕਿਸ ਮਰੀਜ਼ ਦੀ ਜਾਨ ਬਚਾਈ ਜਾਵੇ ਅਤੇ ਕਿਸ ਨੂੰ ਮਰਨ ਲਈ ਛੱਡ ਦਿੱਤਾ ਜਾਵੇ! ਤੇ ਫਿਰ ਅਸੀਂ ਸੋਚਣ ਲੱਗਦੇ ਹਾਂ, "ਹੇ ਰੱਬਾ! ਇਹੀ ਅਮਰੀਕਾ ਹੈ!"

ਤ੍ਰਾਸਦੀ ਤੁਰੰਤ-ਪੈਰੀ, ਹਕੀਕੀ ਅਤੇ ਵਿਰਾਟ ਹੈ, ਜੋ ਸਾਡੀਆਂ ਅੱਖਾਂ ਸਾਹਮਣੇ ਵਾਪਰ ਰਹੀ ਹੈ, ਪਰ ਇਹ ਨਵੀਂ ਨਹੀਂ ਹੈ। ਇਹ ਉਸੇ ਰੇਲ ਗੱਡੀ ਦਾ ਮਲਬਾ ਹੈ, ਜੋ ਵਰ੍ਹਿਆਂ ਤੋਂ ਪਟੜੀ ਤੋਂ ਲਹਿ ਚੁਕੀ ਹੈ ਤੇ ਡਿੱਕਡੋਲੇ ਖਾ ਰਹੀ ਹੈ। "ਮਰੀਜ਼ਾਂ ਨੂੰ ਬਾਹਰ ਸੁੱਟ ਦੇਣ" ਵਾਲੇ ਉਹ ਵੀਡੀਓ ਕਲਿਪ ਕਿਸ ਨੂੰ ਚੇਤੇ ਨਹੀਂ, ਜਿਨ੍ਹਾਂ ਵਿਚ ਹਸਪਤਾਲ ਦੇ ਗਾਊਨਾਂ ਵਿਚ ਹੀ ਅਧ-ਨੰਗੇ ਜਿਹੇ ਮਰੀਜ਼ਾਂ ਨੂੰ ਹਸਪਤਾਲਾਂ ਨੇ ਕੂੜੇ ਵਾਂਗ ਸੜਕਾਂ 'ਤੇ ਛੱਡ ਦਿੱਤਾ। ਘੱਟ ਸੁਭਾਗੇ ਅਮਰੀਕੀ ਨਾਗਰਿਕਾਂ ਲਈ ਹਸਪਤਾਲਾਂ ਦੇ ਬੂਹੇ ਜ਼ਿਆਦਾਤਰ ਬੰਦ ਹੀ ਰਹੇ ਹਨ। ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਉਹ ਕਿੰਨੇ ਬਿਮਾਰ ਹਨ, ਜਾਂ ਉਨ੍ਹਾਂ ਨੇ ਕਿੰਨਾ ਕਸ਼ਟ ਝੱਲਿਆ ਹੈ।

ਘੱਟੋ-ਘੱਟ ਹੁਣ ਤਕ ਤਾਂ ਫਰਕ ਨਹੀਂ ਪੈਂਦਾ ਰਿਹਾ, ਕਿਉਂਕਿ ਹੁਣ, ਇਸ ਵਿਸ਼ਾਣੂ ਦੇ ਦੌਰ ਵਿਚ ਕਿਸੇ ਗਰੀਬ ਇਨਸਾਨ ਦੀ ਬਿਮਾਰੀ ਇਕ ਅਮੀਰ ਸਮਾਜ ਦੀ ਤੰਦਰੁਸਤੀ ਨੂੰ ਵੀ ਪ੍ਰਭਾਵਿਤ ਕਰ ਸਕਦੀ ਹੈ। ਤੇ ਹੁਣ ਵੀ, ਸੈਨੇਟਰ ਬਰਨੀ ਸੈਂਡਰਸ, ਜੋ ਸਭ ਲਈ ਸਿਹਤ ਸਹੂਲਤਾਂ ਦੇ ਹੱਕ ਵਿਚ ਮੁਹਿੰਮ ਚਲਾ ਰਿਹਾ ਹੈ, ਉਸ ਨੂੰ ਵ੍ਹਾਈਟ ਹਾਊਸ ਲਈ ਉਮੀਦਵਾਰ ਬਣਾਉਣ ਦੇ ਮਾਮਲੇ ਵਿਚ ਉਸ ਦੀ ਆਪਣੀ ਹੀ ਪਾਰਟੀ ਪਰਾਇਆ ਮੰਨ ਰਹੀ ਹੈ।



*ਆਪਣੇ ਬਿਮਾਰ ਬੱਚੇ ਨੂੰ ਦਵਾਈ ਦਿਵਾਉਣ ਲਈ ਭੱਜਾ ਜਾ ਰਿਹਾ ਇਕ ਜੋੜਾ।*

ਇੱਧਰ ਮੇਰੇ ਮੁਲਕ (ਭਾਰਤ) ਦੀ ਹਾਲਤ ਕੀ ਹੈ? ਮੇਰਾ ਗਰੀਬ-ਅਮੀਰ ਮੁਲਕ ਭਾਰਤ, ਜੋ ਜਗੀਰਦਾਰੀ ਅਤੇ ਧਾਰਮਿਕ ਕੱਟੜਵਾਦ, ਜਾਤੀਵਾਦ ਤੇ ਸਰਮਾਏਦਾਰੀ ਵਿਚਾਲੇ ਕਿਤੇ ਲਟਕ ਰਿਹਾ ਹੈ ਅਤੇ ਜਿਸ 'ਤੇ ਘੋਰ ਸੱਜੇਪੱਖੀ ਹਿੰਦੂ ਰਾਸ਼ਟਰਵਾਦੀਆਂ ਦਾ ਰਾਜ ਹੈ, ਉਸ ਦੀ ਹਾਲਤ ਕੀ ਹੈ? ਦਸੰਬਰ ਵਿਚ ਚੀਨ ਜਦ ਵੂਹਾਨ ਵਿਚ ਇਸ ਵਿਸ਼ਾਣੂ ਦੇ ਵਿਸਫੋਟ ਨਾਲ ਜੂਝ ਰਿਹਾ ਸੀ, ਉਸ ਵਕਤ ਭਾਰਤ ਸਰਕਾਰ ਆਪਣੇ ਉਨ੍ਹਾਂ ਲੱਖਾਂ ਨਾਗਰਿਕਾਂ ਦੇ ਵਿਆਪਕ ਵਿਦਰੋਹ ਨਾਲ ਨਜਿੱਠਣ ਵਿਚ ਜੁੱਟੀ ਹੋਈ ਸੀ, ਜੋ ਉਸ ਵਲੋਂ ਹਾਲ ਹੀ ਵਿਚ ਸੰਸਦ ਵਿਚ ਪਾਸੇ ਕੀਤੇ ਪੱਖਪਾਤੀ ਮੁਸਲਿਮ ਵਿਰੋਧੀ ਨਾਗਰਿਕਤਾ ਕਾਨੂੰਨ ਖਿਲਾਫ ਰੋਸ ਪ੍ਰਦਰਸ਼ਨ ਕਰ ਰਹੇ ਸਨ।

ਭਾਰਤ ਵਿਚ ਕੋਵਿਡ-19 ਦਾ ਪਹਿਲਾ ਮਾਮਲਾ 30 ਜਨਵਰੀ ਨੂੰ ਆਇਆ ਸੀ; ਭਾਰਤੀ ਗਣਤੰਤਰ ਦਿਵਸ ਦੀ ਪਰੇਡ ਦੇ ਮਾਣਯੋਗ ਮਹਿਮਾਨ (ਬ੍ਰਾਜ਼ੀਲ ਦੇ ਰਾਸ਼ਟਰਪਤੀ) ਜਾਇਰ ਬੋਲਸੋਨਾਰੋ (ਅਮਾਜ਼ੋਨ ਦੇ ਜੰਗਲਾਂ ਨੂੰ ਹੜੱਪਣ ਵਾਲਾ ਅਤੇ ਕੋਵਿਡ ਦੀ ਹੋਂਦ ਤੋਂ ਇਨਕਾਰੀ ਹੋਣ ਵਾਲਾ) ਦੇ ਦਿੱਲੀ ਛੱਡਣ ਤੋਂ ਥੋੜ੍ਹੇ ਦਿਨ ਬਾਅਦ ਹੀ। ਪਰ ਸੱਤਾਧਾਰੀ ਪਾਰਟੀ ਦੀ ਫਰਵਰੀ ਦੀ ਸਮਾਂ-ਸੂਚੀ ਵਿਚ ਐਸਾ ਬਹੁਤ ਕੁਝ ਸੀ, ਜੋ ਇਸ ਵਿਸ਼ਾਣੂ ਨਾਲ ਨਜਿੱਠਣ ਤੋਂ ਵੱਧ ਜ਼ਰੂਰੀ ਸੀ। ਇਸੇ ਮਹੀਨੇ ਦੇ ਆਖਰੀ ਹਫਤੇ 'ਚ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਸਰਕਾਰੀ ਦੌਰਾ ਸੀ। ਉਸ ਨੂੰ ਗੁਜਰਾਤ ਦੇ ਇਕ ਸਟੇਡੀਅਮ ਵਿਚ ਇਕ ਲੱਖ ਦਰਸ਼ਕਾਂ ਦਾ ਹਜੂਮ ਇਕੱਠਾ ਕਰ ਕੇ ਦੇਣ ਦਾ ਲਾਲਚ ਦਿੱਤਾ ਗਿਆ ਸੀ। ਇਸ ਸਭ ਕਾਸੇ ਵਿਚ ਬਹੁਤ ਧਨ ਅਤੇ ਵਕਤ ਜ਼ਾਇਆ ਹੋਇਆ।

ਫਿਰ ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਵੀ ਤਾਂ ਸਨ, ਜਿਨ੍ਹਾਂ ਵਿਚ ਭਾਰਤੀ ਜਨਤਾ ਪਾਰਟੀ ਜੇ ਆਪਣੀ ਚਾਲ ਨਾ ਖੇਡਦੀ ਤਾਂ ਇਸ ਦੀ ਹਾਰ ਨਿਸ਼ਚਿਤ ਸੀ, ਆਖਿਰ ਇਸ ਨੇ ਗੇਮ ਖੇਡੀ ਵੀ। ਉਸ ਨੇ ਬੇਰੋਕ-ਟੋਕ ਜ਼ਹਿਰੀਲੀ ਹਿੰਦੂ ਰਾਸ਼ਟਰਵਾਦੀ ਮੁਹਿੰਮ ਵਿੱਢ ਦਿੱਤੀ, ਜੋ ਸਰੀਰਕ ਹਿੰਸਾ ਅਤੇ 'ਗੱਦਾਰਾਂ' ਨੂੰ ਗੋਲੀ ਮਾਰਨ ਦੀਆਂ ਧਮਕੀਆਂ ਨਾਲ ਲਬਰੇਜ਼ ਸੀ।

ਖੈਰ, ਪਾਰਟੀ ਚੋਣ ਹਾਰ ਗਈ, ਤੇ ਫਿਰ ਇਸ ਨਮੋਸ਼ੀ ਲਈ ਜ਼ਿੰਮੇਵਾਰ ਠਹਿਰਾਏ ਦਿੱਲੀ ਦੇ ਮੁਸਲਮਾਨਾਂ ਲਈ ਸਜ਼ਾ ਤੈਅ ਕੀਤੀ ਗਈ। ਉਤਰ-ਪੂਰਬੀ ਦਿੱਲੀ ਵਿਚ ਹਿੰਦੂ ਦੰਗਈਆਂ ਦੇ ਹਥਿਆਰਬੰਦ ਗਰੋਹਾਂ ਨੇ ਪੁਲਿਸ ਦੀ ਸੁਰੱਖਿਆ ਛੱਤਰੀ ਹੇਠ ਆਪਣੇ ਆਲੇ-ਦੁਆਲੇ ਦੇ ਮੁਸਲਿਮ ਬਹੁਗਿਣਤੀ ਵਾਲੇ ਕਿਰਤੀ ਜਮਾਤ ਦੇ ਘਰਾਂ 'ਤੇ ਹੱਲਾ ਬੋਲ ਦਿੱਤਾ। ਮਕਾਨ, ਦੁਕਾਨਾਂ, ਮਸਜਿਦਾਂ ਅਤੇ ਸਕੂਲ ਸਾੜ ਕੇ ਸੁਆਹ ਕਰ ਦਿੱਤੇ ਗਏ। ਜਿਨ੍ਹਾਂ ਮੁਸਲਮਾਨਾਂ ਨੂੰ ਇਸ ਹਮਲੇ ਦਾ ਅੰਦੇਸ਼ਾ ਸੀ, ਉਨ੍ਹਾਂ ਨੇ ਮੁਕਾਬਲਾ ਕੀਤਾ। 50 ਤੋਂ ਵੱਧ ਮੁਸਲਮਾਨ ਮਾਰੇ ਗਏ ਅਤੇ ਕੁਝ ਹਿੰਦੂ ਵੀ।

ਹਜ਼ਾਰਾਂ ਲੋਕ ਮੁਕਾਮੀ ਕਬਰਿਸਤਾਨਾਂ ਵਿਚ ਬਣਾਏ ਸ਼ਰਨਾਰਥੀ ਕੈਂਪਾਂ ਵਿਚ ਚਲੇ ਗਏ। ਜਿਸ ਵਕਤ ਸਰਕਾਰੀ ਅਧਿਕਾਰੀਆਂ ਨੇ ਕੋਵਿਡ-19 ਨੂੰ ਲੈ ਕੇ ਆਪਣੀ ਪਹਿਲੀ ਮੀਟਿੰਗ ਕੀਤੀ ਅਤੇ ਜ਼ਿਆਦਾਤਰ ਭਾਰਤੀਆਂ ਨੇ ਜਦ ਪਹਿਲੀ ਵਾਰ ਹੈਂਡ ਸੈਨੇਟਾਈਜ਼ ਕਰਨ ਜਿਹੀ ਕਿਸੇ ਸ਼ੈਅ ਦੀ ਹੋਂਦ ਬਾਰੇ ਸੁਣਿਆ, ਉਦੋਂ ਵੀ ਅਜੇ ਗੰਦੇ, ਸੜਿਆਂਦ ਮਾਰਦੇ ਨਾਲਿਆਂ ਵਿਚੋਂ ਗਲੀਆਂ-ਸੜੀਆਂ ਲਾਸ਼ਾਂ ਕੱਢੀਆਂ ਜਾ ਰਹੀਆਂ ਸਨ।

ਮਾਰਚ ਦਾ ਮਹੀਨਾ ਰੁਝੇਵਿਆਂ ਭਰਿਆ ਸੀ। ਪਹਿਲੇ ਦੋ ਹਫਤੇ ਤਾਂ ਮੱਧ ਪ੍ਰਦੇਸ਼ ਵਿਚ ਕਾਂਗਰਸ ਦੀ ਸਰਕਾਰ ਨੂੰ ਡੇਗਣ ਅਤੇ ਉਸ ਦੀ ਥਾਂ ਭਾਜਪਾ ਦੀ ਸਰਕਾਰ ਬਣਾਉਣ ਨੂੰ ਹੀ ਸਮਰਪਿਤ ਕਰ ਦਿੱਤੇ ਗਏ। 11 ਮਾਰਚ ਨੂੰ ਆਲਮੀ ਸਿਹਤ ਸੰਸਥਾ ਨੇ ਐਲਾਨ ਕੀਤਾ ਕਿ ਕੋਵਿਡ-19 ਆਲਮੀ ਮਹਾਮਾਰੀ ਹੈ। ਇਸ ਤੋਂ ਦੋ ਦਿਨ ਬਾਅਦ ਵੀ, 13 ਮਾਰਚ ਨੂੰ ਸਿਹਤ ਮੰਤਰਾਲੇ ਨੇ ਕਿਹਾ, "ਕੋਰੋਨਾ ਕੋਈ ਹੰਗਾਮੀ ਹਾਲਤ ਵਾਲਾ ਸਿਹਤ ਸੰਕਟ ਨਹੀਂ ਹੈ।"

ਆਖਿਰਕਾਰ 19 ਮਾਰਚ ਨੂੰ ਭਾਰਤੀ ਪ੍ਰਧਾਨ ਮੰਤਰੀ ਨੇ ਰਾਸ਼ਟਰ ਨੂੰ ਸੰਬੋਧਨ ਕੀਤਾ। ਉਸ ਨੇ ਜ਼ਿਆਦਾ ਹੋਮਵਰਕ ਨਹੀਂ ਕੀਤਾ ਹੋਇਆ ਸੀ। ਉਸ ਨੇ ਕਾਰਜ-ਵਿਉਂਤ ਫਰਾਂਸ ਅਤੇ ਇਟਲੀ ਤੋਂ ਉਧਾਰ ਲਈ ਸੀ। ਉਸ ਨੇ ਸਾਨੂੰ 'ਸੋਸ਼ਲ ਡਿਸਟੈਂਸਿੰਗ' ਦੀ ਲੋੜ ਬਾਰੇ ਦੱਸਿਆ (ਜਾਤੀ ਵਿਵਸਥਾ ਵਿਚ ਐਨੀ ਗਹਿਰਾਈ ਤੱਕ ਧੱਸੇ ਹੋਏ ਸਮਾਜ ਲਈ ਇਹ ਸਮਝਣਾ ਕਾਫੀ ਸੌਖਾ ਸੀ), ਤੇ 22 ਮਾਰਚ ਨੂੰ ਇਕ ਦਿਨ ਦੇ 'ਜਨਤਾ ਕਰਫਿਊ' ਦਾ ਸੱਦਾ ਦਿੱਤਾ ਗਿਆ। ਸੰਕਟ ਦੀ ਇਸ ਘੜੀ 'ਚ ਸਰਕਾਰ ਕੀ ਕਰਨ ਜਾ ਰਹੀ ਹੈ, ਇਸ ਬਾਰੇ ਉਸ ਨੇ ਕੁਝ ਨਹੀਂ ਦੱਸਿਆ, ਪਰ ਉਸ ਨੇ ਸਿਹਤ ਕਾਮਿਆਂ ਨੂੰ ਸਲਾਮੀ ਦੇਣ ਲਈ ਲੋਕਾਂ ਨੂੰ ਆਪੋ-ਆਪਣੀਆਂ ਬਾਲਕੋਨੀਆਂ ਵਿਚ ਆ ਕੇ ਤਾਲੀਆਂ, ਥਾਲੀਆਂ, ਘੰਟੀਆਂ ਆਦਿ ਵਜਾਉਣ ਦਾ ਸੱਦਾ ਜ਼ਰੂਰ ਦਿੱਤਾ।



*ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸੱਦੇ 'ਤੇ ਥਾਲੀਆਂ ਖੜਕਾ ਰਹੇ ਲੋਕ।*

ਉਸ ਨੇ ਇਹ ਜ਼ਿਕਰ ਨਹੀਂ ਕੀਤਾ ਕਿ ਭਾਰਤੀ ਸਿਹਤ ਕਾਮਿਆਂ ਅਤੇ ਹਸਪਤਾਲਾਂ ਲਈ ਜ਼ਰੂਰੀ ਸੁਰੱਖਿਆ ਸਮਾਨ (ਪ੍ਰੋਟੈਕਟਿਵ ਗੀਅਰ) ਅਤੇ ਬਨਾਉਟੀ ਸਾਹ ਦੇਣ ਵਾਲਾ ਸਾਜ਼ੋ-ਸਮਾਨ ਬਚਾ ਕੇ ਰੱਖਣ ਦੀ ਥਾਂ ਭਾਰਤ ਉਦੋਂ ਵੀ ਇਸ ਸਮਾਨ ਦੀ ਬਰਾਮਦ ਕਰ ਰਿਹਾ ਸੀ।

ਇਹ ਹੈਰਾਨੀ ਦੀ ਗੱਲ ਨਹੀਂ ਕਿ ਨਰਿੰਦਰ ਮੋਦੀ ਦੀ ਅਪੀਲ ਨੂੰ ਪੁਰਜੋਸ਼ ਹੁੰਗਾਰਾ ਭਰਿਆ ਗਿਆ। ਥਾਲੀਆਂ ਖੜਕਾਉਂਦਿਆਂ ਜਲੂਸ ਕੱਢੇ ਗਏ, ਹਜੂਮਾਂ ਨੇ ਭੰਗੜੇ ਪਾਉਂਦਿਆਂ ਝਾਕੀਆਂ ਕੱਢੀਆਂ। ਕੋਈ ਸਮਾਜਕ ਵਿੱਥ ਨਹੀਂ। ਬਾਅਦ ਦੇ ਦਿਨਾਂ ਵਿਚ ਲੋਕਾਂ ਨੇ ਗਊ ਦੇ ਗੋਹੇ ਦੀਆਂ ਭਰੀਆਂ ਟੈਂਕੀਆਂ ਵਿਚ ਟੁੱਭੀਆਂ ਮਾਰੀਆਂ ਅਤੇ ਭਾਜਪਾ ਦੇ ਹਮਾਇਤੀਆਂ ਨੇ ਗਊ-ਮੂਤਰ ਪਾਰਟੀਆਂ ਕੀਤੀਆਂ। ਕਈ ਮੁਸਲਿਮ ਜਥੇਬੰਦੀਆਂ ਵੀ ਪਿੱਛੇ ਨਹੀਂ ਰਹੀਆਂ। ਉਨ੍ਹਾਂ ਐਲਾਨ ਕੀਤਾ ਕਿ ਇਸ ਵਿਸ਼ਾਣੂ ਦਾ ਜਵਾਬ ਸਰਵ-ਸ਼ਕਤੀਮਾਨ ਅੱਲ੍ਹਾ ਹੈ ਅਤੇ ਉਨ੍ਹਾਂ ਨੇ ਸ਼ਰਧਾਵਾਨ ਲੋਕਾਂ ਨੂੰ ਵੱਡੀ ਤਾਦਾਦ 'ਚ ਮਸਜਿਦਾਂ ਵਿਚ ਇਕੱਠੇ ਹੋਣ ਦਾ ਸੱਦਾ ਦਿੱਤਾ।

---

24 ਮਾਰਚ ਨੂੰ ਰਾਤ 8 ਵਜੇ ਮੋਦੀ ਟੀ. ਵੀ. 'ਤੇ ਮੁੜ ਇਹ ਐਲਾਨ ਕਰਨ ਲਈ ਨਜ਼ਰ ਆਇਆ ਕਿ ਅੱਧੀ ਰਾਤ ਤੋਂ ਪੂਰੇ ਭਾਰਤ ਵਿਚ ਲੌਕਡਾਊਨ ਲਾਗੂ ਹੋਵੇਗਾ। ਬਾਜ਼ਾਰ ਬੰਦ ਹੋਣਗੇ। ਸਰਕਾਰੀ ਅਤੇ ਨਿੱਜੀ, ਤਮਾਮ ਆਵਾਜਾਈ ਸੇਵਾਵਾਂ ਬੰਦ ਕਰ ਦਿੱਤੀਆਂ ਜਾਣਗੀਆਂ।

ਉਸ ਨੇ ਕਿਹਾ ਕਿ ਉਹ ਇਹ ਫੈਸਲਾ ਸਿਰਫ ਪ੍ਰਧਾਨ ਮੰਤਰੀ ਦੀ ਹੈਸੀਅਤ ਵਿਚ ਨਹੀਂ ਸਗੋਂ ਪਰਿਵਾਰ ਦੇ ਬਜ਼ੁਰਗ ਦੇ ਤੌਰ 'ਤੇ ਕਰ ਰਿਹਾ ਹੈ। ਰਾਜ ਸਰਕਾਰਾਂ, ਜਿਨ੍ਹਾਂ ਨੇ ਇਸ ਫੈਸਲੇ ਦੇ ਨਤੀਜਿਆਂ ਨਾਲ ਨਜਿੱਠਣਾ ਸੀ, ਨਾਲ ਮਸ਼ਵਰਾ ਕੀਤੇ ਬਿਨਾ ਹੀ ਹੋਰ ਕੌਣ ਇਹ ਫੈਸਲਾ ਕਰ ਸਕਦਾ ਹੈ ਕਿ 138 ਕਰੋੜ ਲੋਕਾਂ ਨੂੰ, ਬਿਨਾ ਕਿਸੇ ਤਿਆਰੀ ਦੇ, ਮਹਿਜ਼ ਚਾਰ ਘੰਟੇ ਦੇ ਨੋਟਿਸ ਤਹਿਤ ਲੌਕਡਾਊਨ ਕਰ ਦਿੱਤਾ ਜਾਵੇ? ਉਨ੍ਹਾਂ ਦੇ ਤਰੀਕੇ ਨਿਸ਼ਚਿਤ ਤੌਰ 'ਤੇ ਇਹ ਪ੍ਰਭਾਵ ਦਿੰਦੇ ਹਨ ਕਿ ਭਾਰਤ ਦਾ ਪ੍ਰਧਾਨ ਮੰਤਰੀ ਨਾਗਰਿਕਾਂ ਨੂੰ ਦੁਸ਼ਮਣ ਤਾਕਤ ਦੇ ਰੂਪ ਵਿਚ ਦੇਖਦਾ ਹੈ, ਜਿਨ੍ਹਾਂ 'ਤੇ ਘਾਤ ਲਾ ਕੇ ਹਮਲਾ ਕਰਨਾ, ਉਨ੍ਹਾਂ ਨੂੰ ਅਚੰਭੇ ਨਾਲ ਸਦਮਾ ਦੇਣਾ ਜ਼ਰੂਰੀ ਹੈ ਅਤੇ ਉਨ੍ਹਾਂ ਨੂੰ ਭਰੋਸੇ ਵਿਚ ਲੈਣ ਦੀ ਲੋੜ ਨਹੀਂ ਹੈ।

ਅਸੀਂ ਲੌਕਡਾਊਨ ਵਿਚ ਕੈਦ ਸੀ। ਬਹੁਤ ਸਾਰੇ ਸਿਹਤ ਪੇਸ਼ੇਵਰਾਂ ਅਤੇ ਮਹਾਮਾਰੀ ਵਿਗਿਆਨੀਆਂ ਨੇ ਇਸ ਕਦਮ ਦੀ ਸ਼ਲਾਘਾ ਕੀਤੀ ਹੈ। ਸ਼ਾਇਦ ਉਹ ਸਿਧਾਂਤਕ ਤੌਰ 'ਤੇ ਸਹੀ ਹਨ, ਪਰ ਨਿਸ਼ਚਿਤ ਤੌਰ 'ਤੇ ਉਨ੍ਹਾਂ ਵਿਚੋਂ ਕੋਈ ਵੀ ਸਹਿਮਤ ਨਹੀਂ ਹੋਵੇਗਾ ਕਿ ਦੁਨੀਆਂ ਦਾ ਸਭ ਤੋਂ ਵੱਡਾ ਲੌਕਡਾਊਨ ਬਿਨਾ ਕਿਸੇ ਤਿਆਰੀ ਤੋਂ ਕਰ ਦਿੱਤਾ ਗਿਆ। ਹੇਠਲੇ ਪੱਧਰ 'ਤੇ ਇਸ ਦਾ ਮਕਸਦ ਉਲਟ ਹੀ ਭੁਗਤਿਆ। ਇਹ ਸਮਝੋ ਸਜ਼ਾ ਬਣ ਗਿਆ।

ਅਚੰਭਿਤ ਕਰਨ ਵਾਲੀਆਂ ਘਟਨਾਵਾਂ ਨੂੰ ਪਿਆਰ ਕਰਨ ਵਾਲੇ ਆਦਮੀ ਨੇ ਅਚੰਭਿਆਂ ਦੀ ਮਾਂ ਪੈਦਾ ਕਰ ਦਿੱਤੀ।

ਜਦ ਦੁਨੀਆਂ ਮੂੰਹ 'ਚ ਉਂਗਲਾਂ ਪਾਈ ਇਹ ਸਭ ਦੇਖ ਰਹੀ ਸੀ ਤਾਂ ਭਾਰਤ ਨੇ ਆਪਣੀ ਕੁਲ ਸ਼ਰਮ-ਹਯਾ ਲਾਹ ਕੇ ਆਪਣੀ ਕਰੂਰ, ਢਾਂਚਾਗਤ, ਸਮਾਜਕ ਅਤੇ ਆਰਥਕ ਨਾਬਰਾਬਰੀ ਤੇ ਦੁੱਖ-ਦਰਦ ਪ੍ਰਤੀ ਆਪਣੀ ਬੇਫਿਕਰ ਬੇਰੁਖੀ ਦਿਖਾਈ।

ਲੌਕਡਾਊਨ ਨੇ ਇਕ ਰਸਾਇਣਕ ਪ੍ਰਯੋਗ ਵਾਂਗ ਕੰਮ ਕੀਤਾ, ਜਿਸ ਨੇ ਅਚਾਨਕ ਲੁਕੀਆਂ ਹੋਈਆਂ ਚੀਜ਼ਾਂ ਨੂੰ ਉਜਾਗਰ ਕਰ ਦਿੱਤਾ। ਜਿਉਂ ਹੀ ਦੁਕਾਨਾਂ, ਰੇਸਤਰਾਂ, ਕਾਰਖਾਨੇ ਅਤੇ ਉਸਾਰੀ ਕਾਰੋਬਾਰ ਬੰਦ ਹੋਏ, ਜਿਉਂ ਹੀ ਧਨਾਢ ਤੇ ਮੱਧ ਵਰਗਾਂ ਨੇ ਖੁਦ ਨੂੰ ਮਹਿਫੂਜ਼ ਕਾਲੋਨੀਆਂ ਵਿਚ ਬੰਦ ਕਰ ਲਿਆ, ਸਾਡੇ ਸ਼ਹਿਰਾਂ ਤੇ ਮਹਾਂਨਗਰਾਂ ਨੇ ਆਪਣੇ ਕੰਮਕਾਜੀ ਵਰਗ ਦੇ ਨਾਗਰਿਕਾਂ, ਆਪਣੇ ਪਰਵਾਸੀ ਕਿਰਤੀਆਂ ਨੂੰ ਬਿਲਕੁਲ ਹੀ ਅਣਚਾਹੇ ਸਮਾਨ ਵਾਂਗ ਬਾਹਰ ਕੱਢਣਾ ਸ਼ੁਰੂ ਕਰ ਦਿੱਤਾ।

ਆਪਣੇ ਰੁਜ਼ਗਾਰ-ਦਾਤਿਆਂ ਅਤੇ ਮਕਾਨ ਮਾਲਕਾਂ ਵਲੋਂ ਬਾਹਰ ਕੱਢ ਦਿੱਤੇ ਗਏ ਬਹੁਤ ਸਾਰੇ ਲਾਚਾਰ, ਲੱਖਾਂ ਗਰੀਬ, ਭੁੱਖੇ-ਤਿਹਾਏ ਲੋਕ, ਨੌਜਵਾਨ ਤੇ ਬਜ਼ੁਰਗ, ਮਰਦ, ਔਰਤਾਂ, ਬੱਚੇ, ਬਿਮਾਰ, ਅੰਨ੍ਹੇ ਤੇ ਅਪਾਹਜ ਲੋਕ, ਜਿਨ੍ਹਾਂ ਕੋਲ ਕੋਈ ਟਿਕਾਣਾ ਨਹੀਂ ਸੀ, ਜਿਨ੍ਹਾਂ ਲਈ ਕੋਈ ਜਨਤਕ ਆਵਾਜਾਈ ਸਾਧਨ ਨਹੀਂ ਸਨ, ਉਨ੍ਹਾਂ ਨੇ ਆਪਣੇ ਦੂਰ-ਦਰਾਜ਼ ਪਿੰਡਾਂ ਲਈ ਪੈਦਲ ਹੀ ਚਾਲੇ ਪਾ ਦਿੱਤੇ। ਉਹ ਸੈਂਕੜੇ ਕਿਲੋਮੀਟਰ ਦੂਰ ਬਦਾਯੂੰ, ਆਗਰਾ, ਆਜ਼ਮਗੜ੍ਹ, ਅਲੀਗੜ੍ਹ, ਲਖਨਊ, ਗੋਰਖਪੁਰ ਦੇ ਲਈ ਕਈ-ਕਈ ਦਿਨ ਪੈਦਲ ਚੱਲਦੇ ਰਹੇ। ਕੁਛ ਨੇ ਤਾਂ ਰਾਹ ਵਿਚ ਹੀ ਦਮ ਤੋੜ ਦਿੱਤਾ।

ਉਨ੍ਹਾਂ ਨੂੰ ਪਤਾ ਸੀ ਕਿ ਉਹ ਆਪਣੀ ਭੁੱਖਮਰੀ ਦੀ ਰਫਤਾਰ ਨੂੰ ਧੀਮੀ ਕਰਨ ਦੀ ਸੰਭਾਵਨਾ ਨਾਲ ਆਪਣੇ ਘਰ ਵੱਲ ਜਾ ਰਹੇ ਹਨ। ਉਹ ਇਹ ਵੀ ਜਾਣਦੇ ਸਨ ਕਿ ਸ਼ਾਇਦ ਉਹ ਆਪਣੇ ਨਾਲ ਇਹ ਵਿਸ਼ਾਣੂ ਵੀ ਲਿਜਾ ਰਹੇ ਹੋਣ, ਤੇ ਘਰ ਵਿਚ ਆਪਣੇ ਪਰਿਵਾਰਾਂ, ਆਪਣੇ ਮਾਤਾ-ਪਿਤਾ ਅਤੇ ਦਾਦਾ-ਦਾਦੀ ਨੂੰ ਇਸ ਦੀ ਲਾਗ ਵੀ ਲਾ ਦੇਣ, ਫਿਰ ਵੀ ਉਨ੍ਹਾਂ ਨੂੰ ਚਲੋ ਪਿਆਰ ਨਾ ਸਹੀ, ਚਾਹੇ ਰਤਾ ਕੁ ਹੀ ਹੋਵੇ, ਇਕ ਜਾਣਿਆ-

***(ਬਾਕੀ ਅਗਲੇ ਸਫੇ 'ਤੇ)***

# ਕਰੋਨਾ ਮਹਾਮਾਰੀ ਨਵੀਂ ਦੁਨੀਆਂ ਦਾ ਪ੍ਰਵੇਸ਼ ਦੁਆਰ

(ਪਿਛਲੇ ਸਫੇ ਦੀ ਬਾਕੀ)

ਪਛਾਣਿਆ ਮਾਹੌਲ, ਆਸਰਾ ਅਤੇ ਸਵੈਮਾਣ ਨਾਲ ਖਾਣੇ ਦੀ ਸਖਤ ਲੋੜ ਸੀ।

ਜਦ ਉਨ੍ਹਾਂ ਚੱਲਣਾ ਸ਼ੁਰੂ ਕੀਤਾ ਤਾਂ ਕਾਫੀ ਲੋਕਾਂ ਨੂੰ ਪੁਲਿਸ ਨੇ ਬੇਰਹਿਮੀ ਨਾਲ ਕੁੱਟਿਆ-ਮਾਰਿਆ ਅਤੇ ਜ਼ਲੀਲ ਕੀਤਾ, ਕਿਉਂਕਿ ਕਰਫਿਊ ਨੂੰ ਸਖਤੀ ਨਾਲ ਲਾਗੂ ਕਰਨ ਦਾ ਜ਼ਿੰਮਾ ਪੁਲਿਸ ਦਾ ਸੀ। ਨੌਜਵਾਨਾਂ ਨੂੰ ਰਾਜ-ਮਾਰਗਾਂ 'ਤੇ ਰੀਂਗਣ, ਜ਼ਲੀਲ ਕਰੂ ਅੰਦਾਜ਼ ਵਿਚ ਤੇ ਡੱਡੂ ਵਾਂਗ ਛੜੱਪੇ ਮਾਰ ਕੇ ਚੱਲਣ ਲਈ ਮਜਬੂਰ ਕੀਤਾ ਗਿਆ। ਬਰੇਲੀ ਸ਼ਹਿਰ ਦੇ ਬਾਹਰ ਇਕ ਸਮੂਹ ਨੂੰ ਇਕੱਠੇ ਬਿਠਾ ਕੇ ਉਨ੍ਹਾਂ 'ਤੇ ਕੀਟਨਾਸ਼ਕ ਦਾ ਛਿੜਕਾਅ ਕੀਤਾ ਗਿਆ।

ਕੁਝ ਦਿਨਾਂ ਪਿਛੋਂ ਇਸ ਚਿੰਤਾ ਵਿਚ ਕਿ ਪਲਾਇਨ ਕਰ ਰਹੇ ਲੋਕ ਪਿੰਡਾਂ ਵਿਚ ਵੀ ਵਿਸ਼ਾਣੂ ਫੈਲਾ ਦੇਣਗੇ, ਸਰਕਾਰ ਨੇ ਪੈਦਲ ਚੱਲਣ ਵਾਲਿਆਂ ਲਈ ਰਾਜਾਂ ਦੀਆਂ ਸਰਹੱਦਾਂ ਸੀਲ ਕਰਵਾ ਦਿੱਤੀਆਂ। ਕਈ ਦਿਨਾਂ ਤੋਂ ਪੈਦਲ ਚੱਲ ਰਹੇ ਲੋਕਾਂ ਨੂੰ ਮੋੜ ਕੇ ਉਨ੍ਹਾਂ ਹੀ ਸ਼ਹਿਰਾਂ ਕੇ ਕੈਂਪਾਂ ਵਿਚ ਵਾਪਸ ਜਾਣ ਲਈ ਮਜਬੂਰ ਕਰ ਦਿੱਤਾ ਗਿਆ, ਜਿਥੋਂ ਉਨ੍ਹਾਂ ਨੂੰ ਇਕਦਮ ਨਿਕਲ ਜਾਣ ਲਈ ਮਜਬੂਰ ਕਰ ਦਿੱਤਾ ਗਿਆ ਸੀ।

ਬਜੁਰਗਾਂ ਲਈ 1947 ਦੇ ਉਜਾੜੇ ਦੀਆਂ ਯਾਦਾਂ ਤਾਜ਼ਾ ਹੋ ਗਈਆਂ, ਜਦ ਭਾਰਤ ਦੀ ਵੰਡ ਹੋਈ ਸੀ ਅਤੇ ਪਾਕਿਸਤਾਨ ਦਾ ਜਨਮ ਹੋਇਆ ਸੀ। ਇੰਨੀ ਕੁ ਤੁਲਨਾ ਤੋਂ ਬਿਨਾ ਇਸ ਹਿਜਰਤ ਦਾ ਸੰਚਾਲਨ ਜਮਾਤੀ ਵੰਡ ਕਰ ਰਹੀ ਸੀ, ਧਰਮ ਨਹੀਂ। ਇਸ ਸਭ ਕਾਸੇ ਦੇ ਬਾਵਜੂਦ ਇਹ ਭਾਰਤ ਦੇ ਸਭ ਤੋਂ ਗਰੀਬ ਲੋਕ ਨਹੀਂ ਸਨ। ਇਹ ਉਹ ਲੋਕ ਸਨ, ਜਿਨ੍ਹਾਂ ਕੋਲ (ਘੱਟੋ-ਘੱਟ ਹੁਣ ਤਕ) ਸ਼ਹਿਰਾਂ ਵਿਚ ਕੰਮਕਾਰ ਸੀ ਅਤੇ ਵਾਪਸ ਮੁੜਨ ਲਈ ਘਰ ਸੀ। ਬੇਰੁਜ਼ਗਾਰ ਲੋਕ ਅਤੇ ਨਿਰਾਸ਼ ਲੋਕ ਸ਼ਹਿਰਾਂ ਅਤੇ ਦਿਹਾਤ ਵਿਚ ਜਿੱਥੇ ਸਨ, ਉਥੇ ਹੀ ਰਹਿਣ ਲਈ ਮਜਬੂਰ ਸਨ, ਜਿੱਥੇ ਇਸ ਤ੍ਰਾਸਦੀ ਤੋਂ ਕਾਫੀ ਪਹਿਲਾਂ ਤੋਂ ਹੀ ਡੂੰਘਾ ਸੰਕਟ ਵਧ ਰਿਹਾ ਸੀ। ਇਨ੍ਹਾਂ ਭਿਆਨਕ ਦਿਨਾਂ ਦੌਰਾਨ ਵੀ ਗ੍ਰਹਿ ਮੰਤਰੀ ਅਮਿਤ ਸ਼ਾਹ ਜਨਤਕ ਤੌਰ 'ਤੇ ਦ੍ਰਿਸ਼ ਤੋਂ ਪਾਸੇ ਰਿਹਾ।

ਜਦ ਦਿੱਲੀ ਤੋਂ ਪਲਾਇਨ ਸ਼ੁਰੂ ਹੋਇਆ ਤਾਂ ਮੈਂ ਇਕ ਰਸਾਲੇ, ਜਿਸ ਲਈ ਮੈਂ ਅਕਸਰ ਲਿਖਦੀ ਹਾਂ, ਉਸ ਦੇ ਪ੍ਰੈੱਸ ਪਾਸ ਦਾ ਇਸਤੇਮਾਲ ਕਰਦਿਆਂ ਮੈਂ ਗਾਜ਼ੀਪੁਰ ਗਈ, ਜੋ ਦਿੱਲੀ ਅਤੇ ਉਤਰ ਪ੍ਰਦੇਸ਼ ਸਰਹੱਦ 'ਤੇ ਹੈ।

ਉਥੇ ਜਨਤਾ ਦਾ ਹੜ੍ਹ ਆਇਆ ਹੋਇਆ ਸੀ, ਜਿਵੇਂ ਬਾਈਬਲ ਵਿਚ ਵਰਣਨ ਕੀਤਾ ਗਿਆ ਹੈ; ਜਾਂ ਸ਼ਾਇਦ ਨਹੀਂ, ਕਿਉਂਕਿ ਬਾਈਬਲ ਐਸੀਆਂ ਸੰਖਿਆਵਾਂ ਨੂੰ ਨਹੀਂ ਜਾਣ ਸਕਦੀ ਸੀ। ਸਰੀਰਕ ਵਿੱਥ ਬਣਾਉਣ ਦੇ ਮਕਸਦ ਨਾਲ ਲਾਗੂ ਕੀਤਾ ਲੌਕਡਾਊਨ ਉਲਟ ਚੁਕਾ ਸੀ। ਸਰੀਰਕ ਨੇੜਤਾ ਐਨੀ ਸੀ, ਜੋ ਕਲਪਨਾ ਤੋਂ ਹੀ ਪਰੇ ਹੈ। ਭਾਰਤ ਦੇ ਸ਼ਹਿਰਾਂ ਅਤੇ ਕਸਬਿਆਂ ਦਾ ਸੱਚ ਵੀ ਇਹੀ ਹੈ। ਹੋ ਸਕਦਾ ਹੈ, ਮੁੱਖ ਸੜਕਾਂ ਖਾਲੀ ਹੋਣ, ਪਰ ਗਰੀਬ ਲੋਕ ਮੰਦੇਹਾਲ ਬਸਤੀਆਂ ਅਤੇ ਝੌਂਪੜਪੱਟੀਆਂ ਦੇ ਭੀੜੇ ਘੁਰਨਿਆਂ ਵਿਚ ਤੂੜੇ ਪਏ ਹਨ।

ਉਥੇ ਜਿਸ ਕਿਸੇ ਨਾਲ ਵੀ ਮੈਂ ਗੱਲ ਕੀਤੀ, ਸਾਰੇ ਵਿਸ਼ਾਣੂ ਤੋਂ ਚਿੰਤਤ ਸਨ। ਫਿਰ ਵੀ ਉਨ੍ਹਾਂ ਦੀ ਜ਼ਿੰਦਗੀ 'ਤੇ ਮੰਡਰਾ ਰਹੀ ਬੇਰੁਜ਼ਗਾਰੀ, ਭੁੱਖਮਰੀ ਅਤੇ ਪੁਲਿਸ ਦੀ ਹਿੰਸਾ ਦੀ ਤੁਲਨਾ ਵਿਚ ਇਹ ਚਿੰਤਾ ਘੱਟ ਹਕੀਕੀ ਸੀ, ਤੇ ਇਸ ਦੀ ਮੌਜੂਦਗੀ ਥੋੜ੍ਹੀ ਸੀ। ਉਸ ਦਿਨ ਮੈਂ ਜਿੰਨੇ ਲੋਕਾਂ ਨਾਲ ਗੱਲ ਕੀਤੀ, ਉਨ੍ਹਾਂ ਵਿਚ ਮੁਸਲਿਮ ਦਰਜੀਆਂ ਦਾ ਸਮੂਹ ਵੀ ਸ਼ਾਮਲ ਸੀ, ਜੋ ਕੁਝ ਹਫਤੇ ਪਹਿਲਾਂ ਹੀ ਮੁਸਲਿਮ ਵਿਰੋਧੀ ਹਮਲਿਆਂ ਦਾ ਸ਼ਿਕਾਰ ਹੋਣ ਤੋਂ ਬਚ ਗਿਆ ਸੀ। ਉਨ੍ਹਾਂ ਵਿਚੋਂ ਇਕ ਵਿਅਕਤੀ ਦੇ ਸ਼ਬਦਾਂ ਨੇ ਮੈਨੂੰ ਪ੍ਰੇਸ਼ਾਨ ਕਰ ਦਿੱਤਾ। ਉਹ ਰਾਮਜੀਤ ਨਾਂ ਦਾ ਲੱਕੜ ਦਾ ਮਿਸਤਰੀ ਸੀ, ਜਿਸ ਨੇ ਨੇਪਾਲ ਦੀ ਸਰਹੱਦ ਲਾਗੇ ਗੋਰਖਪੁਰ ਤਕ ਪੈਦਲ ਜਾਣ ਦੀ ਯੋਜਨਾ ਬਣਾਈ ਸੀ।

ਉਸ ਨੇ ਕਿਹਾ, "ਸ਼ਾਇਦ ਜਦ ਮੋਦੀ ਜੀ ਨੇ ਐਸਾ ਕਰਨ ਦਾ ਫੈਸਲਾ ਕੀਤਾ ਤਾਂ ਕਿਸੇ ਨੇ ਉਸ ਨੂੰ ਸਾਡੇ ਬਾਰੇ ਨਹੀਂ ਦੱਸਿਆ ਹੋਵੇਗਾ। ਸ਼ਾਇਦ ਉਹ ਸਾਡੇ ਬਾਰੇ ਜਾਣਦਾ ਹੀ ਨਾ ਹੋਵੇ।" 'ਸਾਡੇ' ਦਾ ਭਾਵ ਹੈ ਲਗਭਗ 46 ਕਰੋੜ ਲੋਕ।



*ਕਰੋਨਾ ਸੰਕਟ ਦੌਰਾਨ ਆਪੋ-ਆਪਣੇ ਘਰਾਂ ਵਲ ਕੂਚ ਕਰ ਰਹੇ ਕਾਮੇ।*

---

ਇਸ ਸੰਕਟ ਵਿਚ ਭਾਰਤ ਦੀਆਂ ਰਾਜ ਸਰਕਾਰਾਂ ਨੇ (ਅਮਰੀਕਾ ਵਾਂਗ) ਬੜਾ ਦਿਲ-ਗੁਰਦਾ ਅਤੇ ਸਮਝਦਾਰੀ ਦਿਖਾਈ ਹੈ। ਟਰੇਡ ਯੂਨੀਅਨਾਂ, ਨਿੱਜੀ ਤੌਰ 'ਤੇ ਨਾਗਰਿਕ ਅਤੇ ਹੋਰ ਸਮੂਹ ਖਾਣਾ ਅਤੇ ਸੰਕਟਕਾਲੀ ਰਾਸ਼ਨ ਇਕੱਠਾ ਕਰਕੇ ਵੰਡ ਰਹੇ ਹਨ। ਕੇਂਦਰ ਸਰਕਾਰ ਰਾਹਤ ਲਈ ਉਨ੍ਹਾਂ ਦੀਆਂ ਮਾਯੂਸੀ ਵਿਚ ਘਿਰ ਕੇ ਕੀਤੀਆਂ ਅਪੀਲਾਂ ਦਾ ਜਵਾਬ ਦੇਣ ਵਿਚ ਵੀ ਸੁਸਤ ਰਹੀ ਹੈ। ਇਹ ਪਤਾ ਲੱਗਾ ਹੈ ਕਿ ਪ੍ਰਧਾਨ ਮੰਤਰੀ ਦੇ ਰਾਸ਼ਟਰੀ ਰਾਹਤ ਕੋਸ਼ ਵਿਚ ਕੋਈ ਨਕਦੀ ਉਪਲਬਧ ਨਹੀਂ ਹੈ। ਇਸ ਦੀ ਥਾਂ ਸ਼ੁਭਚਿੰਤਕਾਂ ਦਾ ਪੈਸਾ ਕੁਝ ਹੱਦ ਤਕ ਨਵੇਂ ਰਹੱਸਮਈ 'ਪੀ. ਐਮ. ਕੇਅਰ ਫੰਡ' ਵਿਚ ਪਾਇਆ ਜਾ ਰਿਹਾ ਹੈ। ਮੋਦੀ ਦੀ ਮੂਰਤ ਵਾਲੇ ਪੈਕਟ ਨਜ਼ਰ ਆਉਣੇ ਸ਼ੁਰੂ ਹੋ ਗਏ ਹਨ।

ਇਸ ਤੋਂ ਇਲਾਵਾ ਪ੍ਰਧਾਨ ਮੰਤਰੀ ਨੇ ਆਪਣੀ ਯੋਗ-ਨਿਦਰਾ ਦੇ ਵੀਡੀਓ ਕਲਿੱਪ ਸ਼ੇਅਰ ਕੀਤੇ ਹਨ, ਜਿਨ੍ਹਾਂ ਵਿਚ ਬਦਲੇ ਹੋਏ ਰੂਪ ਵਿਚ ਐਨੀਮੇਟਿਡ ਮੋਦੀ ਇਕ ਸੁਪਨ-ਸਰੀਰ ਨਾਲ ਯੋਗ ਆਸਨ ਕਰਦੇ ਨਜ਼ਰ ਆ ਰਹੇ ਹਨ ਤਾਂ ਜੋ ਲੋਕ ਸਵੈ-ਇਕਾਂਤਵਾਸ ਦੌਰਾਨ ਆਪਣਾ ਤਣਾਓ ਘੱਟ ਕਰ ਸਕਣ। ਇਹ ਮੋਹ ਬਹੁਤ ਪ੍ਰੇਸ਼ਾਨ ਕਰਨ ਵਾਲਾ ਹੈ। ਸੰਭਵ ਤੌਰ 'ਤੇ ਉਨ੍ਹਾਂ ਵਿਚ ਇਕ ਆਸਨ, ਗੁਜ਼ਾਰਿਸ਼ ਆਸਨ, ਵੀ ਹੋ ਸਕਦਾ ਸੀ, ਜਿਸ ਵਿਚ ਮੋਦੀ ਫਰਾਂਸ ਦੇ ਪ੍ਰਧਾਨ ਮੰਤਰੀ ਨੂੰ ਗੁਜ਼ਾਰਿਸ਼ ਕਰਦੇ ਕਿ ਸਾਨੂੰ ਉਸ ਕਸ਼ਟਦਾਇਕ ਰਾਫੇਲ ਲੜਾਕੂ ਜਹਾਜ ਸੌਦੇ ਤੋਂ ਬਾਹਰ ਆਉਣ ਦੀ ਇਜਾਜ਼ਤ ਦਿਓ ਤਾਂ ਜੋ 78 ਲੱਖ ਯੂਰੋ ਦੀ ਉਸ ਰਕਮ ਨੂੰ ਅਸੀਂ ਅਤਿ-ਜ਼ਰੂਰੀ ਸੰਕਟਕਾਲੀ ਉਪਾਵਾਂ ਵਿਚ ਵਰਤ ਸਕੀਏ, ਜਿਸ ਨਾਲ ਕਈ ਲੱਖ ਭੁੱਖੇ ਲੋਕਾਂ ਦੀ ਮਦਦ ਕੀਤੀ ਜਾ ਸਕੇ। ਯਕੀਨਨ ਹੀ ਫਰਾਂਸ ਇਸ ਨੂੰ ਸਮਝੇਗਾ।

ਲੌਕਡਾਊਨ ਦੇ ਦੂਜੇ ਹਫਤੇ ਵਿਚ ਪਰਵੇਸ਼ ਕਰਨ ਤਕ ਸਪਲਾਈ-ਚੇਨਾਂ ਟੁੱਟ ਚੁਕੀਆਂ ਹਨ, ਦਵਾਈਆਂ ਅਤੇ ਜ਼ਰੂਰੀ ਚੀਜ਼ਾਂ ਦੀ ਸਪਲਾਈ ਨੂੰ ਕਿੱਲਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਹਜ਼ਾਰਾਂ ਟਰੱਕ ਡਰਾਈਵਰ ਰਾਜ-ਮਾਰਗਾਂ 'ਤੇ ਹੁਣ ਵੀ ਬੇਸਹਾਰਾ ਫਸੇ ਹੋਏ ਹਨ, ਜਿਨ੍ਹਾਂ ਕੋਲ ਨਾ ਖਾਣਾ ਹੈ, ਨਾ ਪਾਣੀ ਹੈ। ਵਾਢੀ ਲਈ ਤਿਆਰ ਖੜ੍ਹੀਆਂ ਫਸਲਾਂ ਹੌਲੀ-ਹੌਲੀ ਖਰਾਬ ਹੋਣੀਆਂ ਸ਼ੁਰੂ ਹੋ ਗਈਆਂ ਹਨ।

ਆਰਥਕ ਸੰਕਟ ਤਾਂ ਹੈ ਹੀ, ਰਾਜਨੀਤਕ ਸੰਕਟ ਵੀ ਜਾਰੀ ਹੈ। ਮੁੱਖਧਾਰਾ ਦੇ ਮੀਡੀਆ ਨੇ ਆਪਣੀ 24/7 ਚੱਲਣ ਵਾਲੀ ਜ਼ਹਿਰੀਲੀ ਮੁਸਲਿਮ ਵਿਰੋਧੀ ਮੁਹਿੰਮ ਵਿਚ 'ਕੋਵਿਡ ਦੀ ਕਥਾ' ਵੀ ਸ਼ਾਮਲ ਕਰ ਲਈ ਹੈ। ਤਬਲੀਗੀ ਜਮਾਤ ਨਾਂ ਦੀ ਸੰਸਥਾ ਜਿਸ ਨੇ ਲੌਕਡਾਊਨ ਦੇ ਐਲਾਨ ਤੋਂ ਪਹਿਲਾਂ ਦਿੱਲੀ ਵਿਚ ਇਕੱਠ ਕੀਤਾ ਸੀ, 'ਸੁਪਰ ਸਪਰੈੱਡਰ' ਨਿਕਲੀ ਹੈ। ਇਸ ਦਾ ਇਸਤੇਮਾਲ ਮੁਸਲਮਾਨਾਂ ਨੂੰ ਬਦਨਾਮ ਕਰਨ ਲਈ ਕੀਤਾ ਜਾ ਰਿਹਾ ਹੈ। ਸਮੁੱਚਾ ਸੁਰ ਐਸਾ ਹੈ, ਜਿਵੇਂ ਮੁਸਲਮਾਨਾਂ ਨੇ ਹੀ ਇਸ ਵਿਸ਼ਾਣੂ ਦੀ ਕਾਢ ਕੱਢੀ ਹੈ ਅਤੇ ਉਨ੍ਹਾਂ ਨੇ ਇਸ ਨੂੰ ਜਾਣ-ਬੁੱਝ ਕੇ ਜਹਾਦ ਦੇ ਰੂਪ ਵਿਚ ਫੈਲਾਇਆ ਹੈ।

ਅਜੇ ਕੋਵਿਡ ਦਾ ਸੰਕਟ ਆਉਣਾ ਬਾਕੀ ਹੈ, ਜਾਂ ਨਹੀਂ, ਅਸੀਂ ਨਹੀਂ ਜਾਣਦੇ। ਜੇ ਅਤੇ ਜਦ ਐਸਾ ਹੁੰਦਾ ਹੈ ਤਾਂ ਅਸੀਂ ਯਕੀਨਨ ਹੀ ਕਹਿ ਸਕਦੇ ਹਾਂ ਕਿ ਇਸ ਨਾਲ ਧਰਮ, ਜਾਤੀ ਅਤੇ ਜਮਾਤ ਦੇ ਸਾਰੇ ਪ੍ਰਚਲਿਤ ਤੁਅੱਸਬਾਂ ਦੇ ਤਹਿਤ ਹੀ ਨਜਿੱਠਿਆ ਜਾਵੇਗਾ।

ਭਾਰਤ ਦੇ ਸਰਕਾਰੀ ਹਸਪਤਾਲਾਂ ਅਤੇ ਕਲਿਨਿਕਾਂ ਵਿਚ ਤਾਂ ਹਰ ਸਾਲ 10 ਲੱਖ ਬੱਚਿਆਂ ਨੂੰ ਟੱਟੀਆਂ-ਉਲਟੀਆਂ, ਕੁਪੋਸ਼ਣ ਅਤੇ ਹੋਰ ਸਿਹਤ ਸਮੱਸਿਆਵਾਂ ਤੋਂ ਬਚਾਉਣ ਦੀ ਸਮਰੱਥਾ ਵੀ ਨਹੀਂ ਹੈ, ਜਿਸ ਕਾਰਨ ਉਹ ਦਮ ਤੋੜ ਜਾਂਦੇ ਹਨ। ਇੱਥੇ ਲੱਖਾਂ ਤਪਦਿਕ ਦੇ ਮਰੀਜ਼ (ਦੁਨੀਆਂ ਦਾ ਚੌਥਾ ਹਿੱਸਾ) ਹਨ। ਇੱਥੇ ਭਾਰੀ ਤਾਦਾਦ 'ਚ ਲੋਕ ਖੂਨ ਦੀ ਕਮੀ ਅਤੇ ਕੁਪੋਸ਼ਣ ਨਾਲ ਗ੍ਰਸਤ ਹਨ, ਜਿਸ ਕਾਰਨ ਕੋਈ ਵੀ ਮਾਮੂਲੀ ਬਿਮਾਰੀ ਉਨ੍ਹਾਂ ਲਈ ਜਾਨਲੇਵਾ ਸਾਬਤ ਹੋ ਸਕਦੀ ਹੈ। ਜਿਸ ਤਰ੍ਹਾਂ ਦੇ ਵਿਸ਼ਾਣੂ ਸੰਕਟ ਨਾਲ ਹੁਣ ਅਮਰੀਕਾ ਅਤੇ ਯੂਰਪ ਜੂਝ ਰਹੇ ਹਨ, ਉਸ ਪੈਮਾਨੇ ਦੇ ਸੰਕਟ ਨਾਲ ਨਜਿੱਠ ਸਕਣ ਦੀ ਸਮਰੱਥਾ ਸਾਡੇ ਸਰਕਾਰੀ ਹਸਪਤਾਲਾਂ ਅਤੇ ਕਲਿਨਿਕਾਂ ਵਿਚ ਨਹੀਂ ਹੈ।

ਹਸਪਤਾਲ ਹੁਣ ਕਿਉਂਕਿ ਕਰੋਨਾ ਨਾਲ ਨਜਿੱਠਣ ਵਿਚ ਲਾ ਦਿੱਤੇ ਗਏ ਹਨ, ਇਸ ਵਕਤ ਘੱਟੋ-ਘੱਟ ਤਮਾਮ ਸਿਹਤ ਸੇਵਾਵਾਂ ਮੁਅੱਤਲ ਕਰ ਦਿੱਤੀਆਂ ਗਈਆਂ ਹਨ। ਦਿੱਲੀ ਦੇ ਮਸ਼ਹੂਰ ਏਮਸ (ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ਼) ਦਾ ਟਰੌਮਾ ਸੈਂਟਰ ਬੰਦ ਕਰ ਦਿੱਤਾ ਗਿਆ ਹੈ। ਸੈਂਕੜੇ ਕੈਂਸਰ ਦੇ ਰੋਗੀ, ਜਿਨ੍ਹਾਂ ਨੂੰ ਕੈਂਸਰ ਸ਼ਰਨਾਰਥੀ ਕਿਹਾ ਜਾਂਦਾ ਹੈ, ਤੇ ਜੋ ਉਸ ਵਿਸ਼ਾਲ ਹਸਪਤਾਲ ਦੇ ਬਾਹਰ ਦੀਆਂ ਸੜਕਾਂ 'ਤੇ ਹੀ ਪਏ ਰਹਿੰਦੇ ਹਨ, ਉਨ੍ਹਾਂ ਨੂੰ ਜਾਨਵਰਾਂ ਵਾਂਗ ਉਥੋਂ ਖਦੇੜ ਦਿੱਤਾ ਗਿਆ ਹੈ।

ਲੋਕ ਬਿਮਾਰ ਹੋ ਜਾਣਗੇ ਅਤੇ ਘਰ ਵਿਚ ਹੀ ਮਰ ਜਾਣਗੇ। ਅਸੀਂ ਉਨ੍ਹਾਂ ਦੀਆਂ ਕਹਾਣੀਆਂ ਕਦੇ ਵੀ ਜਾਣ ਨਹੀਂ ਸਕਾਂਗੇ। ਹੋ ਸਕਦਾ ਹੈ ਕਿ ਉਹ ਕਦੇ ਵੀ ਅੰਕੜਿਆਂ ਵਿਚ ਨਾ ਆਉਣ। ਅਸੀਂ ਸਿਰਫ ਇਹ ਉਮੀਦ ਕਰ ਸਕਦੇ ਹਾਂ ਕਿ ਐਸੇ ਅਧਿਐਨ ਸਹੀ ਹੋਣ, ਜੋ ਕਹਿ ਰਹੇ ਹਨ ਕਿ ਇਸ ਵਿਸ਼ਾਣੂ ਨੂੰ ਠੰਢਾ ਮੌਸਮ ਪਸੰਦ ਹੈ (ਹਾਲਾਂਕਿ ਹੋਰ ਖੋਜਕਰਤਾਵਾਂ ਨੇ ਇਸ 'ਤੇ ਸ਼ੱਕ ਜਾਹਰ ਕੀਤਾ ਹੈ)। ਸਾਡੇ ਲੋਕਾਂ ਨੇ ਇਸ ਤੋਂ ਪਹਿਲਾਂ ਕਦੇ ਐਨੇ ਤਰਕਹੀਣ ਤਰੀਕੇ ਨਾਲ ਅਤੇ ਐਨੀ ਤੀਬਰ ਲਾਲਸਾ ਨਾਲ ਭਾਰਤ ਦੀ ਲੂਹ ਦੇਣ ਵਾਲੀ ਅਤੇ ਪ੍ਰੇਸ਼ਾਨ ਕਰ ਦੇਣ ਵਾਲੀ ਹੁਨਾਲ ਦੀ ਰੁੱਤ ਦੀ ਉਡੀਕ ਨਹੀਂ ਕੀਤੀ ਹੈ।

ਸਾਡੇ ਨਾਲ ਇਹ ਕੀ ਵਾਪਰਿਆ ਹੈ? ਇਹ ਇਕ ਵਿਸ਼ਾਣੂ ਹੈ। ਹਾਂ ਹੈ। ਇਸ ਇੰਨੀ ਕੁ ਗੱਲ ਵਿਚ ਕੋਈ ਨੈਤਿਕ ਗਿਆਨ ਤਾਂ ਸ਼ਾਮਲ ਨਹੀਂ ਹੈ; ਪਰ ਨਿਸ਼ਚੇ ਹੀ ਇਹ ਵਿਸ਼ਾਣੂ ਤੋਂ ਕੁਝ ਵਧੇਰੇ ਹੈ। ਕੁਝ ਲੋਕਾਂ ਦਾ ਮੰਨਣਾ ਹੈ ਕਿ ਇਹ ਸਾਨੂੰ ਹੋਸ਼ ਵਿਚ ਲਿਆਉਣ ਦਾ ਕੁਦਰਤ ਦਾ ਤਰੀਕਾ ਹੈ। ਹੋਰਨਾਂ ਦਾ ਕਹਿਣਾ ਹੈ ਕਿ ਇਹ ਦੁਨੀਆਂ 'ਤੇ ਕਬਜ਼ਾ ਕਰਨ ਦੀ ਚੀਨ ਦੀ ਸਾਜ਼ਿਸ਼ ਹੈ। ਚਾਹੇ ਕੁਝ ਵੀ ਹੋਵੇ, ਕਰੋਨਾ ਵਾਇਰਸ ਨੇ ਜ਼ੋਰਾਵਰਾਂ ਨੂੰ ਗੋਡੇ ਟੇਕਣ ਲਈ ਮਜਬੂਰ ਕਰ ਦਿੱਤਾ ਹੈ ਅਤੇ ਦੁਨੀਆਂ ਨੂੰ ਇਕ ਐਸੀ ਖੜੋਤ 'ਤੇ ਲਿਆ ਖੜ੍ਹਾ ਕੀਤਾ ਹੈ, ਜਿਸ ਤਰ੍ਹਾਂ ਦਾ ਇਸ ਤੋਂ ਪਹਿਲਾਂ ਕੋਈ ਚੀਜ਼ ਨਹੀਂ ਕਰ ਸਕੀ ਸੀ।

ਸਾਡੇ ਦਿਮਾਗ ਅਜੇ ਵੀ ਤੇਜ਼ੀ ਨਾਲ ਅੱਗੇ-ਪਿੱਛੇ ਵੱਲ ਦੌੜ ਰਹੇ ਹਨ ਅਤੇ 'ਸਹਿਜ ਹਾਲਤ' ਵਿਚ ਆਉਣ ਲਈ ਤਾਂਘ ਰਹੇ ਹਨ, ਤੇ ਭਵਿਖ ਨੂੰ ਅਤੀਤ ਦੇ ਨਾਲ ਸਿਉਣ ਦੀ ਕੋਸ਼ਿਸ਼ ਵਿਚ ਲੱਗੇ ਹੋਏ ਹਨ। ਇਹ ਵਿਚਕਾਰਲੀ ਦਰਾੜ ਦਾ ਨੋਟਿਸ ਲੈਣ ਤੋਂ ਇਨਕਾਰੀ ਹਨ, ਪਰ ਇਹ ਦਰਾੜ ਤਾਂ ਹਕੀਕੀ ਤੌਰ 'ਤੇ ਮੌਜੂਦ ਹੈ ਅਤੇ ਇਸ ਘੋਰ ਮਾਯੂਸੀ ਦੌਰਾਨ ਹੀ ਇਹ ਸਾਨੂੰ ਇਕ ਮੌਕਾ ਦੇ ਰਹੀ ਹੈ ਕਿ ਅਸੀਂ ਆਪਣੇ ਲਈ, ਜੋ ਇਹ ਵਿਨਾਸ਼ਕਾਰੀ ਮਸ਼ੀਨ ਬਣਾਈ ਹੈ, ਉਸ 'ਤੇ ਮੁੜ ਵਿਚਾਰ ਕਰ ਸਕੀਏ। ਸਹਿਜ ਹਾਲਤ ਵਿਚ ਪਰਤਣ ਤੋਂ ਵੱਧ ਬੁਰਾ ਹੋਰ ਕੁਝ ਨਹੀਂ ਹੋ ਸਕਦਾ।

ਇਤਿਹਾਸਕ ਤੌਰ 'ਤੇ ਆਲਮੀ ਮਹਾਮਾਰੀਆਂ ਨੇ ਇਨਸਾਨਾਂ ਨੂੰ ਸਦਾ ਅਤੀਤ ਨਾਲੋਂ ਨਾਤਾ ਤੋੜਨ ਅਤੇ ਆਪਣੇ ਲਈ ਅਸਲੋਂ ਹੀ ਨਵੀਂ ਦੁਨੀਆਂ ਦੀ ਕਲਪਨਾ ਕਰਨ ਨੂੰ ਮਜਬੂਰ ਕੀਤਾ ਹੈ। ਇਹ ਮਹਾਮਾਰੀ ਵੀ ਉਸੇ ਤਰ੍ਹਾਂ ਦੀ ਹੈ। ਇਹ ਇਸ ਦੁਨੀਆਂ ਅਤੇ ਅਗਲੀ ਦੁਨੀਆਂ ਦਰਮਿਆਨ ਦਾ ਮਾਰਗ, ਪ੍ਰਵੇਸ਼ ਦੁਆਰ ਹੈ। ਅਸੀਂ ਚਾਹੀਏ ਤਾਂ ਆਪਣੇ ਤੁਅੱਸਬਾਂ ਅਤੇ ਨਫਰਤਾਂ, ਆਪਣੇ ਲੋਭ, ਆਪਣੇ ਡੈਟਾ ਬੈਂਕਾਂ ਅਤੇ ਮੁਰਦਾ ਵਿਚਾਰਾਂ, ਆਪਣੀ ਮ੍ਰਿਤਕ ਨਦੀਆਂ ਅਤੇ ਧੂੰਏ ਭਰੇ ਅੰਬਰਾਂ ਦੀਆਂ ਲਾਸ਼ਾਂ ਨੂੰ ਆਪਣੇ ਮਗਰ ਘੜੀਸਦਿਆਂ ਇਸ ਵਿਚ ਪ੍ਰਵੇਸ਼ ਕਰ ਸਕਦੇ ਹਾਂ; ਜਾਂ ਅਸੀਂ ਹਲਕੇ-ਫੁਲਕੇ ਅੰਦਾਜ਼ ਨਾਲ ਅਤੀਤ ਦਾ ਕੋਈ ਬੋਝ ਢੋਏ ਬਿਨਾ ਹੀ ਨਵੀਂ ਦੁਨੀਆਂ ਦੀ ਕਲਪਨਾ ਕਰ ਸਕਦੇ ਹਾਂ ਅਤੇ ਉਸ ਲਈ ਸੰਘਰਸ਼ ਦੀ ਤਿਆਰੀ ਕਰ ਸਕਦੇ ਹਾਂ।

## ਕਾਵਿ-ਜਗਤ

### ਐ ਤਾਜ਼ਵਰ

ਬੰਦ ਪਏ ਨੇ ਸਭ ਕੰਮ-ਕਾਜ ਤੇਰੇ ਸ਼ਹਿਰ ਵਿਚ
ਗਰੀਬ ਹੋਏ ਬੈਠੇ ਨੇ ਨਿਰਾਸ਼ ਤੇਰੇ ਸ਼ਹਿਰ ਵਿਚ।

ਭੁੱਖ ਦਾ ਦੁੱਖ ਕਿੰਨਾ ਚਿਰ ਸਹਾਰਨਗੇ ਇਹ ਲੋਕ
ਤਾਜ਼ੀ ਕਿਰਤ ਜਿਨ੍ਹਾਂ ਦੀ ਆਸ ਤੇਰੇ ਸ਼ਹਿਰ ਵਿਚ।

ਸਭ ਗਲੀਆਂ, ਬਾਜ਼ਾਰ ਬੰਦ ਪਏ ਤੇਰੇ ਹੁਕਮਾਂ 'ਤੇ
ਮਿਲਦਾ ਨਹੀਂ ਮੁੱਠੀ ਅਨਾਜ ਤੇਰੇ ਸ਼ਹਿਰ ਵਿਚ।

ਇਕ ਡੰਗ ਰੋਟੀ, ਦੋ ਡੰਗ ਫਾਕੇ ਕੱਟਦੇ ਇਹ ਲੋਕ
ਬੇਕਸ ਨੇ ਬੇਵੱਸ ਤੇ ਬੇ-ਅਵਾਜ਼ ਤੇਰੇ ਸ਼ਹਿਰ ਵਿਚ।

ਤੂੰ ਤਾਂ ਧਰਮ ਦੀ ਅਫੀਮ ਚੱਟ ਮਦਹੋਸ਼ ਪਿਆ ਏਂ
ਕਦੋਂ ਖੁਲ੍ਹੇਗੀ ਤੇਰੀ ਇਹ ਜਾਗ ਤੇਰੇ ਸ਼ਹਿਰ ਵਿਚ।

ਖੂਨ ਪਸੀਨਾ ਡੋਲ੍ਹ ਕੇ ਰੋਟੀ ਖਾਣ ਵਾਲੇ ਇਹ ਲੋਕ
ਮਜ਼ਬੂਰ ਨੇ ਕਰਨ 'ਤੇ ਪਰਵਾਸ ਤੇਰੇ ਸ਼ਹਿਰ ਵਿਚ।

ਬੋਟਾਂ ਨੂੰ ਉਂਗਲ ਲਾ, ਉਦਾਸ ਮਨਾਂ ਨਾਲ ਟੁਰੇ ਨੇ
ਡਾਢੇ ਬੇ-ਵੱਸ ਤੇਰੇ ਤੋਂ ਬੇਆਸ ਤੇਰੇ ਸ਼ਹਿਰ ਵਿਚ।

ਨੰਗੇ ਪੈਰ, ਭੁੱਖੇ ਭਾਣੇ ਸਿਰਾਂ 'ਤੇ ਗਠੜੀਆਂ ਚੁੱਕੀ
ਕਰਨਗੇ ਕਿਵੇਂ ਲੰਮੀ ਪਰਵਾਜ਼ ਤੇਰੇ ਸ਼ਹਿਰ ਵਿਚ।

ਤੇਰੇ ਕਾਰਦਾਰ, ਮੁਸ਼ੀਰ, ਆਹਿਲਕਾਰ, ਮੁਕਦਮ
ਰੋਕ ਰੋਕ ਕਰ ਰਹੇ ਨੇ ਹਰਾਸ ਤੇਰੇ ਸ਼ਹਿਰ ਵਿਚ।

ਰੋਜ਼ ਨਵੀਆਂ ਮੁਸ਼ਕਿਲਾਂ 'ਚੋਂ ਹੀ ਗੁਜ਼ਰੇ ਨੇ ਲੋਕ
ਜਦੋਂ ਦਾ ਮਿਲਿਆ ਤੈਨੂੰ ਰਾਜ ਤੇਰੇ ਸ਼ਹਿਰ ਵਿਚ।

ਪਛਤਾਏਂਗਾ ਆਪਣੀਆਂ ਕੀਤੀਆਂ 'ਤੇ ਇਕ ਰੋਜ਼
ਏਕਤਾ ਦੀ ਉਠ ਪਈ ਅਵਾਜ਼ ਤੇਰੇ ਸ਼ਹਿਰ ਵਿਚ।

ਨਾ ਕਰ ਸਿਤਮ ਏਨਾ ਕਿ ਸਿਤਮ ਹੀ ਬਣ ਜਾਏ
ਤੇਰੀ ਬਦਨਸੀਬੀ ਦਾ ਆਗਾਜ਼ ਤੇਰੇ ਸ਼ਹਿਰ ਵਿਚ।

ਆਪਣੇ ਹੀ ਘਰ 'ਚ ਬੇਗਾਨੇ ਹੋਣ ਦੀ ਪੀੜ ਵੇਖੀਂ
ਲੈ ਡੁੱਬੇਗੀ ਤੇਰਾ ਤਖਤੋ ਤਾਜ਼ ਤੇਰੇ ਸ਼ਹਿਰ ਵਿਚ।

***-ਚੰਨ, ਫੋਨ: 908-788-8427***

---

### ਗ਼ਜ਼ਲ

ਸਿਆਸਤ 'ਚ ਕਿਰਦਾਰ ਹੈ ਕਿੱਥੇ!
ਲੋਕਾਂ ਦੀ ਹੁਣ ਸਰਕਾਰ ਹੈ ਕਿੱਥੇ!

ਭ੍ਰਿਸ਼ਟਾਚਾਰ ਵਿਚ ਉਲਝੇ ਰਾਹਬਰ,
ਲੋਕਾਂ ਲਈ ਹੁਣ ਰੁਜ਼ਗਾਰ ਹੈ ਕਿੱਥੇ!

ਹਾਕਮ ਅੰਨੇ ਤੇ ਬੋਲੇ ਨੇ ਹੋ ਗਏ,
ਸੁਣਦਾ ਕੋਈ ਹੁਣ ਪੁਕਾਰ ਹੈ ਕਿੱਥੇ!

ਸਿਆਸਤ ਨੇ ਹੀ ਉਲਝਾ ਰੱਖੇ ਹਾਂ,
ਆਰ ਨਾ ਦਿਸੇ, ਹੁਣ ਪਾਰ ਹੈ ਕਿੱਥੇ?

ਮੰਡੀਕਰਣ ਦਾ ਬਸ ਮਾਲ ਬਣੇ ਹਾਂ,
ਬੰਦੇ ਦਾ ਹੁਣ ਸਤਿਕਾਰ ਹੈ ਕਿੱਥੇ!

ਸੰਸਦ ਵਿਚ ਮੈਂ ਜਾ ਘਿਰਿਆ ਸਾਂ,
ਦੱਸੋ ਵੇ, ਮੇਰੀ ਦਸਤਾਰ ਹੈ ਕਿੱਥੇ!

***-ਧਰਮ ਪਾਲ ਉਪਾਸ਼ਕ***
***ਫੋਨ: 513-633-0307***

---

### ਮਹਾਕਾਵਿ

***(ਕਰੋਨਾ ਦਹਿਸ਼ਤ ਦੇ ਦੌਰ ਵਿਚ ਵੀ ਕੁਦਰਤ ਵਿਚ ਜ਼ਿੰਦਗੀ ਦਾ ਗੀਤ ਜਾਰੀ ਰਹਿਣਾ ਚਾਹੀਦਾ ਹੈ)***

ਨਿੱਤ ਦਿਨ ਚੜ੍ਹਦਾ, ਨਿੱਤ ਸ਼ਾਮ ਢਲੇ
ਨਿੱਤ ਨਦੀਆਂ ਝਰਨੇ ਵਗਦੇ ਨੇ,
ਜਦ ਹਨੇਰਾ ਉਤਰੇ ਧਰਤੀ 'ਤੇ
ਖੁਦ ਅੰਬਰੀਂ ਦੀਵੇ ਜਗਦੇ ਨੇ।
ਚੰਨ, ਸੂਰਜ, ਤਾਰੇ ਨੱਚ ਰਹੇ
ਇੱਕ ਨਾਚ ਅਵੱਲਾ ਕੁਦਰਤ ਦਾ,
ਹਰ ਵੱਡੀ, ਛੋਟੀ ਸ਼ੈਅ ਨੱਚੇ
ਹਰ ਐਟਮ ਝੱਲਾ ਕੁਦਰਤ ਦਾ।
ਨਾ ਲਿਖਣੀ ਪਈ, ਨਾ ਜੋੜੀ ਹੈ
ਕੁਦਰਤ ਨੇ ਖੁਦ ਸਹੇੜੀ ਹੈ,
ਹੁਣ ਇਹਤੋਂ ਵੱਡੀ ਦੱਸ ਕਵੀਆ
ਕਵੀਆਂ ਦੀ ਕਵਿਤਾ ਕਿਹੜੀ ਹੈ!

ਨਿੱਤ ਸੂਰਜ ਉਗਦਾ ਉਡਦਾ ਜੋ
ਇਹ ਨਜ਼ਰ ਦੀ ਹੇਰਾ-ਫੇਰੀ ਹੈ,
ਇਹ ਅਸਲੋਂ ਇਕ ਹਜ਼ਾਰ ਮੀਲ
ਤੇਰੀ ਹਰ ਘੰਟੇ ਦੀ ਗੇੜੀ ਹੈ।
ਹਾਂ! ਆਪਣੇ ਘਰ ਵਿਚ ਬੈਠਾ ਵੀ
ਉਸ ਚੱਕ ਸੰਗ ਤੂੰ ਬੱਸ ਘੁੰਮ ਰਿਹਾ,
ਉਹ ਹਰ ਦਮ ਵਾਂਗ ਭੰਬੀਰੀ ਦੇ
ਜੋ ਧਰਤੀ ਦਾ ਚੱਕ ਘੁੰਮ ਰਿਹਾ।

ਇਹਨੇ ਚਾਰ ਕਰੋੜਾਂ ਸਦੀਆਂ ਤੋਂ
ਦਿਨ ਰਾਤ ਦੀ ਚੱਕਰੀ ਗੇੜੀ ਹੈ।
ਹੁਣ ਇਹਤੋਂ ਵੱਡੀ ਦੱਸ ਕਵੀਆ
ਕਵੀਆਂ ਦੀ ਕਵਿਤਾ ਕਿਹੜੀ ਹੈ!

ਕਦ ਹਰ ਥਾਂ ਖਿੜੀ ਬਹਾਰ ਦਿਸੇ
ਕਦ ਪਤਝੜ ਰੁੰਡ-ਮਰੁੰਡ ਕਰੇ,
ਹੁਣ ਅੱਗ ਅਸਮਾਨੋਂ ਵਰ੍ਹਦੀ ਸੀ
ਹੁਣ ਅੰਬਰੋਂ ਕੂਲੀ ਬਰਫ ਝੜੇ।
ਚੜ੍ਹ ਬੱਦਲਾਂ ਦੀ ਕੰਧੇੜੀ 'ਤੇ
ਕਦੀ ਵਿਹੜੇ ਸਾਗਰ ਆਣ ਵਰ੍ਹੇ,
ਤੇਰੀ ਕਾਰ ਤੋਂ ਇਕ ਹਜ਼ਾਰ
ਗੁਣਾ ਦੀ ਤੇਜ਼ੀ ਦੇ ਨਾਲ ਨਾਚ ਕਰੇ।
ਨੱਚ ਜ਼ਮੀਂ ਦੁਆਲੇ ਸੂਰਜ ਦੇ
ਰੁੱਤਾਂ ਦੀ ਚੱਕੀ ਫੇਰੀ ਹੈ।
ਹੁਣ ਇਹਤੋਂ ਵੱਡੀ ਦੱਸ ਕਵੀਆ
ਕਵੀਆਂ ਦੀ ਕਵਿਤਾ ਕਿਹੜੀ ਹੈ!

ਕਿੰਜ ਪੱਤੇ ਸੂਰਜ ਤੋਂ ਆਈਆਂ
ਕਿਰਨਾਂ ਨੂੰ ਬੰਨ੍ਹ ਲਗਾਉਂਦੇ ਨੇ,
ਪਾਣੀ ਵਿਚ ਗੁੰਨ੍ਹ ਕੇ ਸਾਹਾਂ ਨੂੰ
ਕਿਰਨਾਂ 'ਤੇ ਚਾੜ੍ਹ ਪਕਾਉਂਦੇ ਨੇ।
ਇੰਜ ਪੌਦੇ, ਦਾਣਾ, ਫਲ, ਸਬਜ਼ੀ
ਕੁਲ ਦੁਨੀਆਂ ਨੂੰ ਵਰਤਾਉਂਦੇ ਨੇ,
ਫਲ, ਅੰਨ, ਸਬਜ਼ੀਆਂ ਸਭ ਭੋਜਨ
ਸੂਰਜ ਦੇ ਭੇਜੇ ਆਉਂਦੇ ਨੇ।
ਇਕ ਸੂਰਜ ਬੁਝਦਾ ਸਮਝ ਲਵੋ
ਹਰ ਪਾਸੇ ਮੌਤ ਖਲੇਰੀ ਹੈ।
ਹੁਣ ਇਹਤੋਂ ਵੱਡੀ ਦੱਸ ਕਵੀਆ
ਕਵੀਆਂ ਦੀ ਕਵਿਤਾ ਕਿਹੜੀ ਹੈ!

ਇਸ ਬ੍ਰਹਿਮੰਡ ਵਿਚ ਹਰ ਸ਼ੈਅ ਦਾ ਹੀ
ਹਰ ਸ਼ੈਅ ਸੰਗ ਰਿਸ਼ਤਾ ਬਣਿਆ ਹੈ,
ਇਹ ਰਿਸ਼ਤੇਦਾਰੀ ਦਾ ਤਾਣਾ
ਕੁਦਰਤ ਦੇ ਨਿਯਮਾਂ ਤਣਿਆ ਹੈ।
ਤੂੰ, ਮੈਂ ਸਭ ਨਾਚ ਦਾ ਹਿੱਸਾ ਹਾਂ
ਜੋ ਉਹਦੀ ਤਾਲ ਤੋਂ ਵਗਿਆ ਹੈ,
ਉਹ ਮਹਾਕਾਵਿ ਜੋ ਕੁਦਰਤ ਨੇ
ਨਿਯਮਾਂ ਦੇ ਹੱਥੋਂ ਰਚਿਆ ਹੈ।

ਉਸ ਮਹਾਕਾਵਿ 'ਚੋਂ ਹੀ ਨਿਕਲੀ
ਹਰ ਲੈਅ ਸੁਰ ਕਿਧਰੇ ਜਿਹੜੀ ਹੈ
ਹੁਣ ਇਹਤੋਂ ਵੱਡੀ ਦੱਸ ਕਵੀਆ
ਕਵੀਆਂ ਦੀ ਕਵਿਤਾ ਕਿਹੜੀ ਹੈ!

***-ਡਾ. ਸੁਖਪਾਲ ਸੰਘੇੜਾ***
***dr.sukhpal.sanghera@gmail.com***

# ਕੀ ਅਮਰੀਕਾ ਟਰੰਪ ਦੀ ਅੜੀ ਕਾਰਨ ਕਰੋਨਾ ਦੀ ਮਾਰ ਹੇਠ ਆਇਆ?

**ਨਿਊ ਯਾਰਕ:** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਮਹਾਮਾਰੀ ਦੇ ਖਤਰੇ ਬਾਰੇ ਚੌਕਸ ਕੀਤਾ ਗਿਆ ਸੀ ਪਰ ਉਹ ਵਾਇਰਸ ਦੀ ਗੰਭੀਰਤਾ ਨੂੰ ਅਣਗੌਲਿਆ ਕਰਦੇ ਰਹੇ ਤੇ ਉਹ ਸੁਨੇਹਿਆਂ ਵਲ ਧਿਆਨ ਦੇਣ ਦੀ ਥਾਂ ਅਰਥਚਾਰੇ 'ਤੇ ਧਿਆਨ ਕੇਂਦਰਿਤ ਕਰਦੇ ਰਹੇ। ਇਹ ਗੱਲ ਅਮਰੀਕਾ ਦੀ ਇਕ ਮੁੱਖ ਅਖਬਾਰ ਵਿਚ ਕਹੀ ਗਈ ਹੈ।

ਨਿਊ ਯਾਰਕ ਟਾਈਮਜ਼ (ਐਨ.ਵਾਈ.ਟੀ.) 'ਚ ਛਪੀ ਖਬਰ ਵਿਚ ਖੁਲਾਸਾ ਕੀਤਾ ਗਿਆ ਹੈ ਕਿ ਖੁਫੀਆ ਏਜੰਸੀਆਂ, ਕੌਮੀ ਸੁਰੱਖਿਆ ਸਹਾਇਕਾਂ ਤੇ ਸਰਕਾਰ ਦੇ ਸਿਹਤ ਵਿਭਾਗ ਦੇ ਅਧਿਕਾਰੀਆਂ ਨੇ ਆਉਣ ਵਾਲੀ ਮਹਾਮਾਰੀ ਤੇ ਉਸ ਦੇ ਨਤੀਜਿਆਂ ਬਾਰੇ ਚਿਤਾਵਨੀ ਦਿੱਤੀ ਸੀ ਪਰ ਟਰੰਪ ਨੇ ਇਸ ਸੰਕਟ ਨੂੰ ਗੰਭੀਰਤਾ ਨਾਲ ਨਾ ਲਿਆ।

ਨਿਊ ਯਾਰਕ ਟਾਈਮਜ਼ ਨੇ ਕਿਹਾ, 'ਇਹ ਖੁਲਾਸਾ ਹੋਇਆ ਹੈ ਕਿ ਰਾਸ਼ਟਰਪਤੀ ਨੂੰ ਸੰਭਾਵੀ ਮਹਾਮਾਰੀ ਬਾਰੇ ਚਿਤਾਵਨੀ ਦਿੱਤੀ ਗਈ ਸੀ ਪਰ ਅੰਦਰੂਨੀ ਫੁੱਟ, ਯੋਜਨਾ ਦੀ ਘਾਟ ਤੇ ਆਪਣੇ ਸੁਭਾਵਿਕ ਗਿਆਨ ਉਤੇ ਉਨ੍ਹਾਂ ਦਾ ਭਰੋਸਾ ਹੀ ਸੁਸਤ ਪ੍ਰਕਿਰਿਆ ਦੀ ਵਜ੍ਹਾ ਬਣਿਆ।' ਜੌਹਨਜ਼ ਹੌਪਕਿਨਜ਼ ਯੂਨੀਵਰਸਿਟੀ ਦੇ ਅੰਕੜਿਆਂ ਅਨੁਸਾਰ ਅਮਰੀਕਾ ਦੁਨੀਆਂ ਦਾ ਸਭ ਤੋਂ ਵੱਧ ਪ੍ਰਭਾਵਿਤ ਦੇਸ਼ ਹੈ ਜਿਥੇ ਪੰਜ ਲੱਖ 30 ਹਜ਼ਾਰ ਤੋਂ ਵੱਧ ਕਰੋਨਾ ਦੇ ਮਾਮਲੇ ਹਨ ਅਤੇ ਉਥੇ 20, 608 ਵਿਅਕਤੀਆਂ ਦੀ ਜਾਨ ਜਾ ਚੁੱਕੀ ਹੈ।


ਅਖਬਾਰ ਨੇ ਕਿਹਾ, 'ਵ੍ਹਾਈਟ ਹਾਊਸ ਦੇ ਸਿਖਰਲੇ ਸਲਾਹਕਾਰਾਂ ਦੇ ਨਾਲ ਹੀ ਮੰਤਰੀ-ਮੰਡਲ ਦੇ ਮਾਹਿਰਾਂ ਤੇ ਖੁਫੀਆ ਏਜੰਸੀਆਂ ਨੇ ਚਿਤਾਵਨੀ ਦਿੱਤੀ ਸੀ ਅਤੇ ਕਰੋਨਾ ਵਾਇਰਸ ਦੇ ਖਤਰੇ ਨਾਲ ਨਜਿੱਠਣ ਲਈ ਜੰਗੀ ਪੱਧਰ ਦੀ ਕਾਰਵਾਈ ਦੀ ਅਪੀਲ ਕੀਤੀ ਸੀ।' ਟਰੰਪ ਦਾ ਨਜ਼ਰੀਆ ਪ੍ਰਸ਼ਾਸਨ ਦੇ ਅੰਦਰ ਚੀਨ ਨਾਲ ਨਜਿੱਠਣ ਦੇ ਢੰਗ-ਤਰੀਕਿਆਂ ਦੇ ਨਾਲ-ਨਾਲ ਇਸ ਸ਼ੱਕ ਉਤੇ ਵੀ ਆਧਾਰਿਤ ਸੀ ਕਿ ਅਧਿਕਾਰੀਆਂ ਨੂੰ ਇਸ ਲਈ ਕੀ ਪ੍ਰੇਰਿਤ ਕਰ ਰਿਹਾ ਹੈ। ਇਸ ਤੋਂ ਇਲਾਵਾ ਸਿਹਤ ਅਧਿਕਾਰੀਆਂ ਵਲੋਂ ਪ੍ਰਗਟਾਏ ਗਏ ਖਦਸ਼ਿਆਂ ਨੂੰ ਅਕਸਰ ਹੀ ਆਰਥਿਕ ਤੇ ਸਿਆਸੀ ਵਿਚਾਰਧਾਰਾਵਾਂ ਤੋਂ ਚੁਣੌਤੀ ਮਿਲਦੀ ਸੀ ਜਿਸ ਕਾਰਨ ਫੈਸਲਾ ਲੈਣ 'ਚ ਦੇਰੀ ਹੋਈ।

# ਟਰੰਪ ਵਲੋਂ ਹੁਣ ਵਿਸ਼ਵ ਸਿਹਤ ਸੰਗਠਨ ਨੂੰ ਧਮਕੀ

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਵਿਸ਼ਵ ਸਿਹਤ ਸੰਗਠਨ (ਡਬਲਿਊਐਚਓ) ਨੂੰ ਉਨ੍ਹਾਂ ਦੇ ਮੁਲਕ ਤੋਂ ਮਿਲਦੀ ਵਿੱਤੀ ਫੰਡਿੰਗ ਉਤੇ 'ਵੱਡੀਆਂ ਰੋਕਾਂ' ਲਾਉਣ ਦੀ ਧਮਕੀ ਦਿੱਤੀ ਹੈ। ਉਨ੍ਹਾਂ ਕਿਹਾ ਕਿ ਸਿਹਤ ਸਰਗਰਮੀਆਂ ਉਤੇ ਬਾਜ਼ ਅੱਖ ਰੱਖਣ ਵਾਲੀ ਸੰਯੁਕਤ ਰਾਸ਼ਟਰ ਦੀ ਇਸ ਏਜੰਸੀ ਦੀਆਂ ਨੀਤੀਆਂ 'ਚੀਨ ਪੱਖੀ' ਹਨ।

ਅਮਰੀਕੀ ਸਦਰ ਨੇ ਆਲਮੀ ਸੰਗਠਨ ਦੀ ਨੁਕਤਾਚੀਨੀ ਕਰਦਿਆਂ ਕਿਹਾ ਕਿ ਉਹ ਕਰੋਨਾਵਾਇਰਸ ਮਹਾਮਾਰੀ ਨਾਲ ਸਿੱਝਣ ਵਿਚ ਪੂਰੀ ਤਰ੍ਹਾਂ ਨਾਕਾਮ ਰਹੀ ਹੈ। ਉਨ੍ਹਾਂ ਕਿਹਾ ਕਿ ਏਜੰਸੀ ਸ਼ੁਰੂਆਤ ਵਿਚ ਕੌਮਾਂਤਰੀ ਪੱਧਰ ਉਤੇ ਕਰੋਨਾਵਾਇਰਸ ਦੇ ਫੈਲਾਅ ਨੂੰ ਰੋਕਣ ਲਈ ਸਹੀ ਸੇਧ ਨਹੀਂ ਦੇ ਸਕੀ।

ਉਧਰ, ਅਮਰੀਕੀ ਸੈਨੇਟਰ ਜਿਮ ਰੀਸ਼ ਨੇ ਡਬਲਿਊਐਚਓ ਦੇ ਕੰਮ ਕਰਨ ਦੇ ਢੰਗ ਤਰੀਕੇ ਦੀ ਨਿਰਪੱਖ ਜਾਂਚ ਕਰਵਾਉਣ ਦੀ ਮੰਗ ਕਰਦਿਆਂ ਕਿਹਾ ਕਿ ਇਸ ਆਲਮੀ ਸੰਸਥਾ ਨੂੰ ਚੀਨ ਦੇ ਹੱਥਾਂ ਦੀ ਕਠਪੁਤਲੀ ਨਹੀਂ ਬਣਨ ਦਿੱਤਾ ਜਾਵੇਗਾ। ਇਥੇ ਵ੍ਹਾਈਟ ਹਾਊਸ ਵਿਚ ਆਪਣੀ ਨਿਯਮਤ ਪ੍ਰੈੱਸ ਕਾਨਫਰੰਸ ਮੌਕੇ ਟਰੰਪ ਨੇ ਕਿਹਾ, 'ਅਸੀਂ ਡਬਲਿਊਐਚਓ ਉਤੇ ਖਰਚੇ ਜਾਂਦੇ ਪੈਸੇ 'ਤੇ ਰੋਕਾਂ ਲਾਵਾਂਗੇ। ਇਹ ਤਗੜੀਆਂ ਪਾਬੰਦੀਆਂ ਹੋਣਗੀਆਂ। ਜੇਕਰ ਇਹ ਪਾਬੰਦੀਆਂ ਕੰਮ ਕਰਦੀਆਂ ਹਨ ਤਾਂ



ਚੰਗੀ ਗੱਲ ਹੈ। ਪਰ ਜਦੋਂ ਉਹ ਸਾਡੀ ਹਰ ਪੇਸ਼ਕਦਮੀ ਨੂੰ ਗਲਤ ਦੱਸਦੇ ਹਨ, ਤਾਂ ਇਹ ਵੀ ਕੋਈ ਬਹੁਤੀ ਚੰਗੀ ਗੱਲ ਨਹੀਂ।''

ਕਾਬਲੇਗੌਰ ਹੈ ਕਿ ਜਨੇਵਾ ਅਧਾਰਿਤ ਵਿਸ਼ਵ ਸਿਹਤ ਸੰਗਠਨ ਨੂੰ ਅਮਰੀਕਾ ਨੂੰ ਫੰਡਿੰਗ ਦੇ ਰੂਪ ਵਿਚ ਮੋਟੀ ਰਕਮ ਮਿਲਦੀ ਹੈ। ਅਮਰੀਕੀ ਸਦਰ ਨੇ ਕਿਹਾ, 'ਉਨ੍ਹਾਂ ਨੂੰ ਮਿਲਦੀ ਰਕਮ ਦਾ ਵੱਡਾ ਹਿੱਸਾ ਅਸੀਂ ਅਦਾ ਕਰਦੇ ਹਾਂ। ਉਹ ਅਸਲ ਵਿਚ ਮੇਰੇ ਵਲੋਂ ਲਾਈਆਂ ਯਾਤਰਾ ਪਾਬੰਦੀਆਂ ਨਾਲ ਅਸਹਿਮਤ ਸਨ। ਉਨ੍ਹਾਂ ਇਸ ਫੈਸਲੇ ਦੀ ਨੁਕਤਾਚੀਨੀ ਵੀ ਕੀਤੀ। ਉਹ ਕਈ ਚੀਜ਼ਾਂ ਬਾਰੇ ਗਲਤ ਹਨ। ਉਨ੍ਹਾਂ ਕੋਲ ਅਗਾਊਂ ਬਹੁਤ ਸਾਰੀ ਜਾਣਕਾਰੀ ਸੀ, ਪਰ ਉਨ੍ਹਾਂ ਅੱਗੇ ਇਸ ਨੂੰ ਸਾਂਝਿਆਂ ਨਹੀਂ ਕੀਤਾ। ਉਹ ਥੋੜ੍ਹੇ ਨਹੀਂ ਬਲਕਿ ਪੂਰੇ ਚੀਨ ਪੱਖੀ ਹਨ।' ਇਸ ਦੌਰਾਨ ਸੈਨੇਟਰ ਤੇ ਸੈਨੇਟ ਦੀ ਵਿਦੇਸ਼ੀ ਮਾਮਲਿਆਂ ਬਾਰੇ ਕਮੇਟੀ ਦੇ ਚੇਅਰਮੈਨ ਜਿਮ ਰਿਸ਼ ਨੇ ਕਿਹਾ ਕਿ ਅਮਰੀਕੀ ਕਰਦਾਤਿਆਂ ਦਾ ਪੈਸਾ ਮਹਾਮਾਰੀ ਨੂੰ ਅੱਗੇ ਫੈਲਣ ਤੋਂ ਰੋਕਣ ਲਈ ਹੋਵੇ ਨਾ ਕਿ ਵਾਇਰਸ ਕਰਕੇ ਹੋਈਆਂ ਮੌਤਾਂ ਉਤੇ ਪਰਦਾ ਪਾਉਣ ਲਈ।

## 'ਇਕ ਦੂਜੇ 'ਤੇ ਦੋਸ਼ ਮੜ੍ਹਨ ਦੀ ਥਾਂ ਮਿਲ ਕੇ ਲੜਨ ਦਾ ਵੇਲਾ'

**ਜਨੇਵਾ:** ਕਰੋਨਾਵਾਇਰਸ ਮਹਾਮਾਰੀ ਨਾਲ ਨਜਿੱਠਣ ਨੂੰ ਲੈ ਕੇ ਅਮਰੀਕੀ ਸਦਰ ਡੋਨਲਡ ਟਰੰਪ ਵਲੋਂ ਕੀਤੀ ਨੁਕਤਾਚੀਨੀ ਮਗਰੋਂ ਆਲਮੀ ਸਿਹਤ ਸੰਸਥਾ (ਡਬਲਿਊਐਚਓ) ਨੇ ਕਿਹਾ ਕਿ ਇਕ ਦੂਜੇ ਉਤੇ ਦੋਸ਼ ਮੜ੍ਹਨ ਦੀ ਥਾਂ ਅਮਰੀਕਾ ਤੇ ਚੀਨ ਨੂੰ ਚਾਹੀਦਾ ਹੈ ਕਿ ਉਹ ਇਕੱਠੇ ਹੋ ਕੇ ਇਸ ਖਤਰਨਾਕ ਦੁਸ਼ਮਣ ਦਾ ਟਾਕਰਾ ਕਰਨ। ਡਬਲਿਊਐਚਓ ਦੇ ਡਾਇਰੈਕਟਰ ਜਨਰਲ ਟੈਡਰੋਸ ਅਧਾਨੋਮ ਗੈਬਰੇਆਸਿਸ ਨੇ ਅਮਰੀਕੀ ਸਦਰ ਵਲੋਂ ਆਲਮੀ ਸੰਸਥਾ ਦੇ ਪੇਈਚਿੰਗ ਨਾਲ ਗੂੜ੍ਹੀ ਸਾਂਝ ਹੋਣ ਦੇ ਲਾਏ ਦੋਸ਼ਾਂ ਨੂੰ ਖਾਰਜ ਕਰ ਦਿੱਤਾ ਹੈ।

# ਭਾਰਤੀ ਵਿਦਿਆਰਥੀਆਂ ਨੂੰ ਟਿਕੇ ਰਹਿਣ ਦੀ ਸਲਾਹ

**ਵਾਸ਼ਿੰਗਟਨ:** ਅਮਰੀਕਾ 'ਚ ਭਾਰਤ ਦੇ ਰਾਜਦੂਤ ਤਰਨਜੀਤ ਸਿੰਘ ਸੰਧੂ ਨੇ ਕੋਵਿਡ-19 ਦੇ ਸੰਕਟ ਕਾਰਨ ਯੂਨੀਵਰਸਿਟੀਆਂ ਅਚਾਨਕ ਬੰਦ ਕੀਤੇ ਜਾਣ ਤੇ ਜਾਰੀ ਲੌਕਡਾਊਨ ਕਾਰਨ ਫਸੇ ਭਾਰਤੀ ਵਿਦਿਆਰਥੀਆਂ ਨੂੰ ਜਿਥੇ ਹਨ, ਉਥੇ ਹੀ ਟਿਕੇ ਰਹਿਣ ਦੀ ਸਲਾਹ ਦਿੱਤੀ ਹੈ ਅਤੇ ਸੰਕਟ ਦੀ ਇਸ ਸਥਿਤੀ 'ਚ ਮਦਦ ਦਾ ਭਰੋਸਾ ਦਿੱਤਾ ਹੈ।

ਸ੍ਰੀ ਸੰਧੂ ਨੇ ਭਾਰਤੀ ਦੂਤਾਵਾਸ ਵਲੋਂ ਕਰਵਾਏ ਗਏ ਇੰਸਟਾਗ੍ਰਾਮ ਦੇ ਲਾਈਵ ਸੈਸ਼ਨ 'ਚ ਸ਼ਾਮਲ ਕਰੀਬ 500 ਵਿਦਿਆਰਥੀਆਂ ਨੂੰ ਸੁਣਿਆ। ਇਹ ਸੈਸ਼ਨ ਇੰਡੀਆ ਸਟੂਡੈਂਟ ਹੱਬ ਟੀਮ ਵਲੋਂ ਕਰਵਾਇਆ ਗਿਆ ਸੀ। ਅਮਰੀਕਾ 'ਚ ਕਰੀਬ 2.50 ਲੱਖ ਭਾਰਤੀ ਵਿਦਿਆਰਥੀ ਹਨ ਜਿਨ੍ਹਾਂ ਵਿਚੋਂ ਵੱਡੀ ਗਿਣਤੀ ਵਿਦਿਆਰਥੀ ਅਚਾਨਕ ਯੂਨੀਵਰਸਿਟੀਆਂ ਬੰਦ ਕੀਤੇ ਜਾਣ ਅਤੇ ਹੋਸਟਲ ਖਾਲੀ ਕਰਨ ਲਈ ਕਹੇ ਜਾਣ ਤੋਂ ਬਾਅਦ ਫਸੇ ਹੋਏ ਹਨ।

ਦੇਸ਼ 'ਚ ਮਹਾਮਾਰੀ ਫੈਲਣ ਤੋਂ ਰੋਕਣ ਲਈ ਅਧਿਕਾਰੀਆਂ ਵਲੋਂ ਘਰਾਂ ਅੰਦਰ ਰਹਿਣ ਸਬੰਧੀ ਹੁਕਮਾਂ ਦਾ ਉਨ੍ਹਾਂ ਨੂੰ ਵੀ ਪਾਲਣ ਕਰਨਾ ਪੈ ਰਿਹਾ



ਹੈ। ਸ੍ਰੀ ਸੰਧੂ ਨੇ ਕਿਹਾ, 'ਇਸ ਸਮੇਂ ਸਭ ਤੋਂ ਸਹੀ ਇਹ ਹੈ ਕਿ ਤੁਸੀਂ ਜਿਥੇ ਹੋ ਉਥੇ ਹੀ ਟਿਕੇ ਰਹੋ। ਅਸੀਂ ਤੁਹਾਡੇ ਸੰਪਰਕ ਵਿਚ ਹਾਂ ਤੇ ਤੁਹਾਡੀ ਮਦਦ ਕਰਾਂਗੇ।' ਉਨ੍ਹਾਂ ਬਾਅਦ ਵਿਚ ਟਵੀਟ ਕੀਤਾ, 'ਇੰਸਟਾਗ੍ਰਾਮ ਲਾਈਵ ਉਤੇ ਅਮਰੀਕਾ 'ਚ ਭਾਰਤੀ ਵਿਦਿਆਰਥੀਆਂ ਨਾਲ ਗੱਲਬਾਤ ਹੋਈ। ਨੌਜਵਾਨ ਵਿਦਿਆਰਥੀ ਸਾਡਾ ਭਵਿੱਖ ਹਨ ਅਤੇ ਅਸੀਂ ਉਨ੍ਹਾਂ ਤੋਂ ਨਵੇਂ ਵਿਚਾਰਾਂ ਦੀ ਉਮੀਦ ਰੱਖਦੇ ਹਾਂ।'

## ਵਿਦੇਸ਼ੀ ਕਾਮਿਆਂ ਲਈ ਟੈਕਸ ਨੇਮ ਨਰਮ ਕੀਤੇ

**ਲੰਡਨ:** ਬਰਤਾਨਵੀ ਸਰਕਾਰ 'ਚ ਵਿੱਤ ਮੰਤਰੀ ਰਿਸ਼ੀ ਸੂਨਕ ਨੇ ਕੋਵਿਡ-19 ਖਿਲਾਫ ਲੜ ਰਹੇ ਹੁਨਰਮੰਦ ਵਿਦੇਸ਼ੀ ਕਾਮਿਆਂ, ਜਿਨ੍ਹਾਂ ਵਿਚ ਭਾਰਤੀ ਨਾਗਰਿਕ ਵੀ ਸ਼ਾਮਲ ਹਨ, ਲਈ ਟੈਕਸ ਨੇਮਾਂ 'ਚ ਆਰਜ਼ੀ ਰਿਆਇਤ ਦੇਣ ਦਾ ਐਲਾਨ ਕੀਤਾ ਹੈ। ਇਹ ਰਾਹਤ ਤਿੰਨ ਮਹੀਨਿਆਂ ਦੇ ਨਿਰਧਾਰਿਤ ਸਮੇਂ ਲਈ ਹੀ ਹੋਵੇਗੀ। ਭਾਰਤੀ ਮੂਲ ਦੇ ਵਿੱਤ ਮੰਤਰੀ ਨੇ ਹਾਊਸ ਆਫ ਕਾਮਨਜ਼ ਦੀ ਟਰੈਜ਼ਰੀ (ਖਜ਼ਾਨਾ) ਕਮੇਟੀ ਨੂੰ ਪੱਤਰ ਲਿਖ ਕੇ ਕਥਿਤ ਸੰਵਿਧਾਨਕ ਰੈਜ਼ੀਡੈਂਸ ਟੈਸਟ (ਐਸ.ਆਰ.ਟੀ.) ਨੂੰ ਪਹਿਲੀ ਮਾਰਚ ਤੋਂ 1 ਜੂਨ ਦੇ ਅਰਸੇ ਦੌਰਾਨ ਖਤਮ ਕਰਨ ਲਈ ਕਿਹਾ ਹੈ, ਜਿਸ ਤੋਂ ਭਾਵ ਹੈ ਕਿ ਕੌਮਾਂਤਰੀ ਕਾਮਿਆਂ ਦੇ ਟੈਕਸ ਰੁਤਬੇ 'ਚ ਕੋਈ ਬਦਲਾਅ ਨਹੀਂ ਆਏਗਾ।

# ਕਰੋਨਾ ਵਾਇਰਸ ਕਾਰਨ 40 ਤੋਂ ਵੱਧ ਭਾਰਤੀ-ਅਮਰੀਕੀਆਂ ਦੀ ਮੌਤ

**ਵਾਸ਼ਿੰਗਟਨ:** ਅਮਰੀਕਾ ਵਿਚ ਕੋਵਿਡ-19 ਮਹਾਮਾਰੀ ਕਾਰਨ ਹੁਣ ਤੱਕ 40 ਤੋਂ ਵੱਧ ਭਾਰਤੀ ਅਮਰੀਕੀ ਨਾਗਰਿਕਾਂ ਦੀ ਮੌਤ ਹੋਈ ਹੈ ਜਦਕਿ ਭਾਰਤੀ ਮੂਲ ਦੇ 1500 ਤੋਂ ਵੱਧ ਲੋਕ ਇਸ ਬਿਮਾਰੀ ਤੋਂ ਪੀੜਤ ਹਨ। ਕੋਵਿਡ-19 ਦੇ ਨਵੇਂ ਆਲਮੀ ਕੇਂਦਰ ਵਜੋਂ ਉੱਭਰੇ ਅਮਰੀਕਾ 'ਚ ਭਾਰਤੀ ਭਾਈਚਾਰੇ ਦੇ ਆਗੂਆਂ ਨੇ ਇਹ ਜਾਣਕਾਰੀ ਦਿੱਤੀ ਹੈ। ਅਮਰੀਕਾ ਦੁਨੀਆਂ ਦਾ ਪਹਿਲਾ ਦੇਸ਼ ਬਣ ਗਿਆ ਹੈ ਜਿਥੇ ਇਕ ਦਿਨ 'ਚ ਕੋਵਿਡ-19 ਕਾਰਨ ਦੋ ਹਜ਼ਾਰ ਤੋਂ ਵੱਧ ਵਿਅਕਤੀਆਂ ਦੀ ਮੌਤ ਹੋਈ ਹੈ।

ਨਿਊ ਯਾਰਕ ਤੇ ਨਿਊ ਜਰਸੀ 'ਚ ਭਾਰਤੀ-ਅਮਰੀਕੀਆਂ ਦੀ ਆਬਾਦੀ ਸਭ ਤੋਂ ਵੱਧ ਹੈ। ਕਰੋਨਾ ਵਾਇਰਸ ਕਾਰਨ ਜਾਨ ਗੁਆਉਣ ਵਾਲਿਆਂ ਵਿਚ ਘੱਟ ਤੋਂ ਘੱਟ 17 ਵਿਅਕਤੀ ਕੇਰਲਾ ਤੋਂ ਸਨ। ਇਸ ਤੋਂ ਇਲਾਵਾ ਗੁਜਰਾਤ ਦੇ 10, ਪੰਜਾਬ ਦੇ 4, ਆਂਧਰਾ ਪ੍ਰਦੇਸ਼ ਦੇ ਦੋ ਅਤੇ ਉੜੀਸਾ ਦਾ ਇਕ ਵਿਅਕਤੀ ਵੀ ਸ਼ਾਮਲ ਸੀ। ਇਨ੍ਹਾਂ ਵਿਚ ਵੱਧ ਉਮਰ ਵਾਲਾ ਵਿਅਕਤੀ 60 ਸਾਲ ਦਾ ਸੀ ਜਦਕਿ ਇਕ ਮਰੀਜ਼ ਦੀ ਉਮਰ 21 ਸਾਲ ਸੀ। ਵੱਖ-ਵੱਖ ਭਾਈਚਾਰਿਆਂ ਦੇ ਆਗੂਆਂ ਤੋਂ ਇਕੱਠੇ ਕੀਤੇ ਅੰਕੜਿਆਂ ਅਨੁਸਾਰ ਨਿਊ ਜਰਸੀ ਵਿਚ




ਇਕ ਦਰਜਨ ਤੋਂ ਵੱਧ ਭਾਰਤੀ ਅਮਰੀਕੀਆਂ ਦੀ ਜਾਨ ਗਈ ਹੈ। ਇਨ੍ਹਾਂ ਵਿਚੋਂ ਵਧੇਰੇ ਜਰਸੀ ਸਿਟੀ ਤੇ ਓਕ ਟ੍ਰੀ ਰੋਡ ਦੇ ਲਿਟਲ ਇੰਡੀਆ ਇਲਾਕੇ ਨਾਲ ਸਬੰਧਤ ਸੀ। ਇਸੇ ਤਰ੍ਹਾਂ ਨਿਊ ਯਾਰਕ 'ਚ ਵੀ ਘੱਟ ਤੋਂ ਘੱਟ 15 ਭਾਰਤੀ-ਅਮਰੀਕੀਆਂ ਦੀ ਇਸ ਬਿਮਾਰੀ ਕਾਰਨ ਮੌਤ ਹੋਈ ਹੈ। ਪੈਨਸਿਲਵੇਨੀਆ ਤੇ ਫਲੋਰਿਡਾ ਵਿਚ ਚਾਰ ਭਾਰਤੀਆਂ ਦੀ ਮੌਤ ਦੀ ਖਬਰ ਆਈ ਹੈ। ਟੈਕਸਾਸ ਤੇ ਕੈਲੀਫੋਰਨੀਆ 'ਚ 1-1 ਭਾਰਤੀਆਂ ਦੀ ਮੌਤ ਦੀ ਪੁਸ਼ਟੀ ਹੋਈ ਹੈ।

# ਸਿਆਸੀ ਜਾਲ ਵਿਚ ਫਸਿਆ ਗਰੀਬਾਂ ਲਈ ਆਇਆ ਰਾਸ਼ਨ

**ਚੰਡੀਗੜ੍ਹ:** ਸਿਆਸੀ ਜਾਲ ਵਿਚ ਫਸੇ ਰਾਸ਼ਨ ਦੀ ਵੰਡ ਕੀੜੀ ਚਾਲ ਹੈ, ਜਿਸ ਕਰਕੇ ਲੋੜਵੰਦ ਲੋਕ ਰਾਸ਼ਨ ਲਈ ਉਡੀਕ ਕਰਦੇ ਥੱਕ ਗਏ ਹਨ। ਮੋਟੇ ਅੰਦਾਜ਼ੇ ਅਨੁਸਾਰ ਪੰਜਾਬ ਵਿਚ ਹਫਤੇ ਮਗਰੋਂ ਵੀ ਕਰੀਬ 30 ਕੁ ਫੀਸਦੀ ਰਾਸ਼ਨ ਦੀ ਵੰਡ ਹੋਈ ਹੈ। ਸਰਕਾਰ ਤਰਫੋਂ ਮੁਢਲੇ ਪੜਾਅ ਉਤੇ ਪੰਜਾਬ ਭਰ 'ਚ 10 ਲੱਖ ਲੋੜਵੰਦ ਪਰਿਵਾਰਾਂ ਨੂੰ ਰਾਸ਼ਨ ਦਿੱਤਾ ਜਾਣਾ ਹੈ। ਵੱਡੀ ਅੜਚਨ ਰਾਸ਼ਨ ਦੀ ਦੂਹਰੀ ਪੈਕਿੰਗ ਦੀ ਹੈ। ਪੰਜਾਬ ਦੇ ਚਾਰ ਜ਼ਿਲ੍ਹਿਆਂ ਵਿਚ ਖੁੱਲ੍ਹੀ ਦਾਲ ਪੁੱਜ ਰਹੀ ਹੈ, ਜਿਥੋਂ ਉਸ ਦੀ ਪੈਕਿੰਗ ਹੁੰਦੀ ਹੈ। ਉਸ ਮਗਰੋਂ ਹਰ ਜ਼ਿਲ੍ਹਾ ਪੱਧਰ 'ਤੇ ਸਾਰੀ ਸਮੱਗਰੀ ਦੀ ਮੁੱਖ ਮੰਤਰੀ ਦੀ ਤਸਵੀਰ ਵਾਲੇ ਥੈਲੇ ਵਿਚ ਪੈਕਿੰਗ ਹੁੰਦੀ ਹੈ।

ਵੇਰਵਿਆਂ ਅਨੁਸਾਰ ਪੰਜਾਬ ਵਿਚ ਸਰਕਾਰੀ ਰਾਸ਼ਨ ਦੀ ਵੰਡ ਦਾ ਕੰਮ ਹਾਕਮ ਧਿਰ ਦੇ ਹਲਕਾ ਵਿਧਾਇਕਾਂ/ਵਜ਼ੀਰਾਂ ਅਤੇ ਹਲਕਾ ਇੰਚਾਰਜਾਂ ਵਲੋਂ ਕੀਤਾ ਜਾ ਰਿਹਾ ਹੈ। ਵਿਰੋਧੀ ਧਿਰ ਦੇ ਵਿਧਾਇਕ ਇਸ ਸਕੀਮ ਦੀ ਵੰਡ ਵਿਚੋਂ ਆਊਟ ਹਨ ਤੇ ਹਾਰੇ ਹੋਏ ਉਮੀਦਵਾਰ ਰਾਸ਼ਨ ਵੰਡ ਰਹੇ ਹਨ। ਫਿਰੋਜ਼ਪੁਰ 'ਚ ਕੋਈ 36 ਹਜ਼ਾਰ ਥੈਲਿਆਂ ਦੀ ਵੰਡ ਹੋਣੀ ਹੈ, ਜਿਸ 'ਚੋਂ ਹਾਲੇ ਤੱਕ 9500 ਥੈਲੇ ਨੋਡਲ ਅਫਸਰਾਂ ਹਵਾਲੇ ਕੀਤੇ ਹਨ, ਜਿਨ੍ਹਾਂ ਵਲੋਂ ਲੋਕਾਂ 'ਚ ਰਾਸ਼ਨ ਵੰਡਿਆ ਜਾਣਾ ਹੈ। ਰੋਜ਼ ਕਰੀਬ ਇਕ ਹਜ਼ਾਰ ਥੈਲਾ ਤਿਆਰ ਹੋ ਰਿਹਾ ਹੈ। ਖੰਡ ਫਾਜ਼ਿਲਕਾ ਤੇ ਦਾਲ ਤਰਨ ਤਾਰਨ ਤੋਂ ਆ ਰਹੀ ਹੈ।

ਜ਼ਿਲ੍ਹਾ ਖੁਰਾਕ ਤੇ ਸਪਲਾਈਜ਼ ਕੰਟਰੋਲਰ ਫਿਰੋਜ਼ਪੁਰ ਪਿੰਦਰ ਸਿੰਘ ਦਾ ਕਹਿਣਾ ਸੀ ਕਿ ਪਿੱਛੋਂ ਆ ਰਹੀ ਸਪਲਾਈ ਦੇ ਲਿਹਾਜ਼ ਨਾਲ ਪੈਕਿੰਗ ਕਰਕੇ ਰਾਸ਼ਨ ਅੱਗੇ ਦਿੱਤਾ ਜਾ ਰਿਹਾ ਹੈ। ਵੇਰਵਿਆਂ ਅਨੁਸਾਰ ਹਰ ਵਿਧਾਨ ਸਭਾ ਹਲਕੇ ਵਿਚ ਪਹਿਲੇ ਪੜਾਅ ਵਿਚ 8500 ਥੈਲੇ ਵੰਡੇ ਜਾਣੇ ਹਨ। ਇਸ ਹਿਸਾਬ ਨਾਲ ਜ਼ਿਲ੍ਹਾ ਹੁਸ਼ਿਆਰਪੁਰ ਵਿਚ 59, 500 ਥੈਲਿਆਂ ਦੀ ਵੰਡ ਹੋਣੀ ਹੈ। ਹੁਣ ਤੱਕ ਇਸ ਜ਼ਿਲ੍ਹੇ ਵਿਚ ਸੱਤ ਹਜ਼ਾਰ ਥੈਲੇ ਵੰਡੇ ਗਏ ਹਨ। ਜ਼ਿਲ੍ਹਾ ਖੁਰਾਕ ਤੇ ਸਪਲਾਈਜ਼ ਕੰਟਰੋਲਰ ਹੁਸ਼ਿਆਰਪੁਰ ਰਜਨੀਸ਼ ਕੌਰ ਦਾ ਕਹਿਣਾ ਸੀ ਕਿ ਆਟਾ ਸਥਾਨਕ ਪੱਧਰ ਉਤੇ ਖਰੀਦ ਰਹੇ ਹਾਂ ਜਦੋਂ ਕਿ ਦਾਲ ਤੇ ਖੰਡ ਬਾਹਰੋਂ ਮਿਲ ਰਹੀ ਹੈ। ਉਹ ਰੋਜ਼ ਮੰਗ ਦੇ ਹਿਸਾਬ ਨਾਲ ਰਾਸ਼ਨ ਭੇਜਦੇ ਹਨ।

ਜ਼ਿਲ੍ਹਾ ਅੰਮ੍ਰਿਤਸਰ ਵਿਚ 11 ਵਿਧਾਨ ਸਭਾ ਹਲਕਿਆਂ ਵਿਚ ਕਰੀਬ 93,500 ਥੈਲੇ ਪਹਿਲੇ ਪੜਾਅ ਵਿੱਚ ਵੰਡੇ ਜਾਣੇ ਹਨ। ਜ਼ਿਲ੍ਹੇ ਵਿਚ ਹੁਣ ਤੱਕ 9 ਹਜ਼ਾਰ ਥੈਲਿਆਂ ਦੀ ਪੈਕਿੰਗ ਹੋਈ ਹੈ, ਜਿਸ ਵਿਚੋਂ 8900 ਥੈਲਿਆਂ ਦੀ ਵੰਡ ਕੀਤੀ ਗਈ ਹੈ। ਇਸੇ ਤਰ੍ਹਾਂ ਹੀ ਰੋਪੜ ਜ਼ਿਲ੍ਹੇ ਵਿਚ 26 ਹਜ਼ਾਰ ਥੈਲਿਆਂ ਦੀ ਵੰਡ ਕੀਤੀ ਜਾਣੀ ਹੈ। ਵੇਰਵਿਆਂ ਅਨੁਸਾਰ ਬਠਿੰਡਾ ਜ਼ਿਲ੍ਹੇ ਵਿਚ ਕਰੀਬ 50 ਹਜ਼ਾਰ ਥੈਲਿਆਂ ਦੀ ਵੰਡ ਕੀਤੀ ਜਾਣੀ ਹੈ। ਦੱਸਦੇ ਹਨ ਕਿ ਇਸ ਜ਼ਿਲ੍ਹੇ ਵਿਚ ਜੋ ਭੱਠਾ ਮਜ਼ਦੂਰ ਹਨ, ਉਨ੍ਹਾਂ ਦੀ ਅਣਦੇਖੀ ਹੋ ਰਹੀ ਹੈ।

ਦੱਸ ਦਈਏ ਕਿ ਸਰਕਾਰ ਤਰਫੋਂ ਉਨ੍ਹਾਂ ਲੋਕਾਂ ਨੂੰ ਇਹ ਮੁਫਤ ਰਾਸ਼ਨ ਦਿੱਤਾ ਜਾ ਰਿਹਾ ਹੈ, ਜੋ ਨੀਲੇ ਕਾਰਡਾਂ ਤੋਂ ਵਾਂਝੇ ਹਨ। ਇਸ ਸਕੀਮ ਉਤੇ ਕਰੀਬ 70 ਕਰੋੜ ਰੁਪਏ ਖਰਚ ਕੀਤੇ ਜਾ ਰਹੇ ਹਨ। ਮਹਾਮਾਰੀ ਵਿਚ ਫਸੇ ਲੋੜਵੰਦਾਂ ਲਈ ਇਹ ਸਕੀਮ ਤਾਂ ਚੰਗੀ ਹੈ ਪਰ ਸਿਆਸੀ ਹੱਥਾਂ ਵਿਚ ਥੈਲੇ ਫਸੇ ਹਨ। ਸਕੀਮ ਤਹਿਤ 10 ਕਿਲੋ ਆਟੇ ਦੀ ਥੈਲੀ ਉਤੇ 240 ਰੁਪਏ ਅਤੇ ਦਾਲ ਪ੍ਰਤੀ ਕਿਲੋ ਦੇ ਹਿਸਾਬ ਨਾਲ 50 ਤੋਂ 57 ਰੁਪਏ ਵਿਚ ਖਰੀਦ ਕੀਤੀ ਗਈ ਹੈ। ਖੰਡ ਦੀ ਸਪਲਾਈ ਸ਼ੂਗਰਫੈੱਡ ਨੇ ਦਿੱਤੀ ਹੈ। ਦਾਲਾਂ ਦੀ ਖਰੀਦ ਦਾ ਕੰਮ ਨੈਫੇਡ ਨੂੰ ਦਿੱਤਾ ਗਿਆ ਹੈ।

ਜ਼ਿਲ੍ਹਾ ਪੱਧਰ ਉਤੇ ਥੈਲਿਆਂ ਦੀ ਪੈਕਿੰਗ ਦਾ ਕੰਮ 31 ਮਾਰਚ ਤੋਂ ਚੱਲ ਰਿਹਾ ਹੈ। ਜ਼ਿਲ੍ਹਾ ਸੰਗਰੂਰ ਵਿਚ 60 ਹਜ਼ਾਰ ਲੋੜਵੰਦਾਂ ਨੂੰ ਇਹ ਰਾਸ਼ਨ ਦਿੱਤਾ ਜਾਣਾ ਹੈ। ਇਸੇ ਤਰ੍ਹਾਂ ਦਾ ਹਾਲ ਬਾਕੀ ਹਰ ਜ਼ਿਲ੍ਹਿਆਂ ਦਾ ਹੈ। ਜੋ ਲੋੜਵੰਦ ਜ਼ਿਆਦਾ ਤੰਗੀ ਵਿਚ ਹਨ, ਉਨ੍ਹਾਂ ਤੱਕ ਸਮਾਜ ਸੇਵੀ ਸੰਸਥਾਵਾਂ ਪੁੱਜ ਰਹੀਆਂ ਹਨ।

# ਬਰਤਾਨਵੀ ਸਿੱਖ ਡਾਕਟਰ ਨੇ ਠੀਕ ਹੋਣ ਮਗਰੋਂ ਮੁੜ ਸੰਭਾਲਿਆ ਮੋਰਚਾ

**ਲੰਡਨ:** ਦਿਲ ਦੇ ਰੋਗਾਂ ਦੇ ਮਾਹਿਰ ਇਕ ਬਰਤਾਨਵੀ ਸਿੱਖ ਡਾਕਟਰ ਨੇ ਕਰੋਨਾ ਵਾਇਰਸ ਮਹਾਮਾਰੀ ਤੋਂ ਉੱਭਰਨ ਬਾਅਦ ਪੱਛਮੀ ਲੰਡਨ ਦੇ ਇਕ ਹਸਪਤਾਲ ਵਿਚ ਡਿਊਟੀ ਜੁਆਇਨ ਕਰ ਕੇ ਮੁੜ ਕਰੋਨਾ ਵਾਇਰਸ ਖਿਲਾਫ ਲੜਾਈ 'ਚ ਮੋਰਚਾ ਸੰਭਾਲ ਲਿਆ ਹੈ।



ਦਿਲ ਦੇ ਰੋਗਾਂ ਦੇ ਮਾਹਿਰ ਡਾ. ਹਰਮਨਦੀਪ ਸਿੰਘ (36) ਨੇ ਦੱਸਿਆ ਕਿ ਪਿਛਲੇ ਮਹੀਨੇ ਕਰੋਨਾ ਵਾਇਰਸ ਦੇ ਲੱਛਣ ਜਿਵੇਂ ਕਿ ਕਾਫੀ ਥਕਾਵਟ ਤੇ ਬੁਖਾਰ ਆਦਿ ਮਹਿਸੂਸ ਕਰਨ ਤੋਂ ਬਾਅਦ ਕਿਵੇਂ ਉਸ ਨੇ ਅਤੇ ਉਸ ਦੀ ਪਤਨੀ ਨੇ ਆਪਣੇ-ਆਪ ਨੂੰ ਸਮਾਜਿਕ ਸੰਪਰਕ ਵਾਲਿਆਂ ਤੋਂ ਦੂਰ ਕਰ ਲਿਆ। ਉਨ੍ਹਾਂ ਦੋਹਾਂ ਨੇ ਬਿਮਾਰੀ ਦੀ ਗੰਭੀਰਤਾ ਦਾ ਪਤਾ ਲਗਾਉਣ ਲਈ ਬੋਲਣ ਦੇ ਤਰੀਕੇ ਨਾਲ ਇਕ-ਦੂਜੇ ਦੇ ਸਾਹਾਂ ਦੀ ਨਿਗਰਾਨੀ ਕੀਤੀ। ਡਾ. ਹਰਮਨਦੀਪ ਸਿੰਘ ਨੇ 'ਮਾਈ ਲੰਡਨ' ਨਾਲ ਗੱਲਬਾਤ ਦੌਰਾਨ ਕਿਹਾ, ''ਜੇਕਰ ਤੁਹਾਡੇ ਕੋਲੋਂ ਪੂਰਾ ਵਾਕ ਨਹੀਂ ਬੋਲਿਆ ਜਾ ਰਿਹਾ ਤਾਂ ਇਸ ਦਾ ਮਤਲਬ ਤੁਹਾਡੇ ਫੇਫੜੇ ਪ੍ਰਭਾਵਿਤ ਹੋ ਚੁੱਕੇ ਹਨ ਅਤੇ ਅਜਿਹੇ ਸਮੇਂ ਵਿੱਚ ਤੁਹਾਨੂੰ ਡਾਕਟਰੀ ਸਹਾਇਤਾ ਦੀ ਲੋੜ ਹੈ।''

ਕੋਵਿਡ-19 ਨਾਲ 12 ਦਿਨਾਂ ਤੱਕ ਲੜਨ ਮਗਰੋਂ ਹੁਣ ਉਹ ਈਲਿੰਗ ਹਸਪਤਾਲ ਵਿਚ ਮੁੜ ਆਪਣੀ ਡਿਊਟੀ ਉਤੇ ਪਰਤ ਆਏ ਹਨ। ਇਨ੍ਹਾਂ 12 ਦਿਨਾਂ ਦੌਰਾਨ ਉਨ੍ਹਾਂ ਨੂੰ ਦਿਲ ਦੀ ਧੜਕਣ ਵਧਣ ਤੋਂ ਇਲਾਵਾ ਸਾਹ ਵਿਚ ਦਿੱਕਤਾਂ ਸਣੇ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਪਰ ਫਿਰ ਅਚਾਨਕ ਸਿਹਤ ਵਿਚ ਸੁਧਾਰ ਹੋ ਗਿਆ।

ਡਾ. ਹਰਮਨਦੀਪ ਸਿੰਘ ਨੇ ਆਪਣੇ 12 ਸਾਲਾਂ ਦੇ ਤਜਰਬੇ ਦੇ ਆਧਾਰ ਉਤੇ ਕਿਹਾ, ''ਮੈਨੂੰ ਪਤਾ ਹੈ ਕਿ ਜ਼ਿਆਦਾਤਰ ਲੋਕਾਂ ਨੂੰ ਬਿਮਾਰੀ ਮਾਮੂਲੀ ਹੋਵੇਗੀ ਤੇ ਉਹ ਠੀਕ ਹੋ ਜਾਣਗੇ ਪਰ ਗੰਭੀਰ ਬਿਮਾਰੀ ਵਾਲੇ ਲੋਕਾਂ ਦੇ ਪਰਿਵਾਰਾਂ ਲਈ ਇਹ ਜ਼ਿੰਦਗੀ ਬਦਲਣ ਵਾਲੀ ਹੋ ਸਕਦੀ ਹੈ ਅਤੇ ਉਨ੍ਹਾਂ ਲੋਕਾਂ ਦਾ ਦਰਦ ਦੇਖਣਾ ਸਾਡੇ ਲਈ ਕਾਫੀ ਮੁਸ਼ਕਲ ਹੈ। ਉਨ੍ਹਾਂ ਕਿਹਾ ਕਿ ਇਹ ਲਾਜ਼ਮੀ ਤੌਰ ਉਤੇ ਲੜਾਈ ਹੈ ਅਤੇ ਲੋਕਾਂ ਨੂੰ ਇਸ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ।''

ੴ ਸਤਿਗੁਰ ਪ੍ਰਸਾਦਿ॥

ਚਿੜੀਓਂ ਸੇ ਮੈਂ ਬਾਜ਼ ਤੁੜਾਊਂ।
ਸਵਾ ਲਾਖ ਸੇ ਏਕ ਲੜਾਊਂ।
ਤਬੈ ਗੋਬਿੰਦ ਸਿੰਘ ਨਾਮ ਕਹਾਊਂ।

# ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀ ਸਮੂਹ ਸੰਗਤ ਨੂੰ ਕੋਟਾਨਿ-ਕੋਟਿ ਵਧਾਈ



ਵਲੋਂ

ਭੁਪਿੰਦਰ ਸਿੰਘ ਅਟਵਾਲ ਤੇ ਸਮੂਹ ਪਰਿਵਾਰ
(ਨਿਊ ਯਾਰਕ)

# ਮਰਜਾਣੀ ਹੈਲਨ: ਜਿੰਦੜੀ ਘੋਲਾਂ ਦੇ ਲੇਖੇ ਲਾਈ



ਕਲਾ ਪਰਿਕਰਮਾ

28 ਵਰ੍ਹਿਆਂ ਦੀ ਮੁਟਿਆਰ ਹੈਲਨ ਬੋਲਕ 288 ਦਿਨਾਂ ਦੀ ਭੁੱਖ ਹੜਤਾਲ ਤੋਂ ਬਾਅਦ 3 ਅਪਰੈਲ 2020 ਨੂੰ ਦਮ ਤੋੜ ਗਈ। ਉਹ ਤੁਰਕੀ ਦੇ ਇਨਕਲਾਬੀ ਬੈਂਡ 'ਯੋਰਮ' ਨਾਲ ਜੁੜੀ ਹੋਈ ਸੀ ਅਤੇ ਜੂਨ 2019 ਤੋਂ ਭੁੱਖ ਹੜਤਾਲ 'ਤੇ ਸੀ। ਉਹ ਅਤੇ ਉਸ ਦੇ ਸਾਥੀ ਪੁਲਿਸ ਤਸ਼ੱਦਦ ਅਤੇ ਸਾਥੀਆਂ ਦੀ ਰਿਹਾਈ ਲਈ ਖਿਲਾਫ ਆਵਾਜ਼ ਬੁਲੰਦ ਕਰ ਰਹੇ ਸਨ। ਪੁਲਿਸ ਨੇ ਇਸ ਸੰਗੀਤ ਗਰੁਪ ਦੇ ਸੱਤ ਮੈਂਬਰਾਂ ਨੂੰ ਗ੍ਰਿਫਤਾਰ ਕਰ ਲਿਆ ਸੀ ਅਤੇ ਇਨ੍ਹਾਂ ਸਾਥੀਆਂ ਦੀ ਰਿਹਾਈ ਲਈ ਗਰੁਪ ਨੇ 17 ਮਈ 2019 ਨੂੰ ਭੁੱਖ ਹੜਤਾਲ ਸ਼ੁਰੂ ਕੀਤੀ ਸੀ। ਚੇਤੇ ਰਹੇ ਕਿ ਸਰਕਾਰ

ਗੁਰਜੋਤ ਜੋਸ਼

ਇਨ੍ਹਾਂ ਕਲਾਕਾਰਾਂ ਨੂੰ ਸੰਗੀਤ ਪ੍ਰੋਗਰਾਮ ਵੀ ਨਹੀਂ ਸੀ ਕਰਨ ਦਿੰਦੀ ਅਤੇ ਇਨ੍ਹਾਂ ਦੇ ਟਿਕਾਣਿਆਂ ਉਤੇ ਅਕਸਰ ਛਾਪੇ ਮਾਰਦੀ ਰਹਿੰਦੀ ਸੀ।

ਸਾਲ 1992 ਨੂੰ ਜਨਮੀ ਹੈਲਨ ਨੇ ਇਸ ਗਰੁਪ ਵਿਚ ਸ਼ਮੂਲੀਅਤ ਸੋਲੋ ਕਲਾਕਾਰ ਵਜੋਂ ਕੀਤੀ ਸੀ। ਪਹਿਲੀ ਵਾਰ ਉਸ ਨੂੰ ਨਵੰਬਰ 2016 ਵਿਚ ਤੁਰਕੀ ਦੀ ਰਾਜਧਾਨੀ ਇਸਤਾਂਬੁਲ ਤੋਂ ਗ੍ਰਿਫਤਾਰ ਕੀਤਾ ਗਿਆ। 'ਯੋਰਮ' ਦਾ ਵੀ ਨਿਵੇਕਲਾ ਇਤਿਹਾਸ ਹੈ। ਇਸ ਦੀ ਸ਼ੁਰੂਆਤ ਇਸਤਾਂਬੁਲ ਦੀ ਮਰਮਾਰਾ ਯੂਨੀਵਰਸਿਟੀ ਦੇ ਚਾਰ ਦੋਸਤਾਂ ਨੇ ਰਲ ਕੇ ਕੀਤੀ ਸੀ। ਇਹ ਸਭ 1985 ਦੀਆਂ ਗੱਲਾਂ-ਬਾਤਾਂ ਹਨ। ਇਹ ਨੌਜਵਾਨ ਅਸਲ ਵਿਚ ਦੱਖਣੀ ਅਮਰੀਕਾ ਦੀ 'ਨੂਵਾ ਕੈਨਸੀਅਨ ਲਹਿਰ' ਤੋਂ ਪ੍ਰਭਾਵਿਤ ਸਨ। ਇਸ ਲਹਿਰ ਨੇ ਸਮਾਜਿਕ ਚੇਤਨਾ ਨਾਲ ਜੁੜੇ ਬਹੁਤ ਸਾਰੇ ਗੀਤ ਲੋਕਾਂ ਦੇ ਰੂ-ਬ-ਰੂ ਕੀਤੇ ਸਨ। ਇਸ ਲਹਿਰ ਨੇ 1970ਵਿਆਂ ਅਤੇ 1980ਵਿਆਂ ਵਿਚ ਪੁਰਤਗਾਲ, ਸਪੇਨ ਅਤੇ ਲਾਤੀਨੀ ਅਮਰੀਕਾ ਦੇ ਮੁਲਕਾਂ ਵਿਚ ਜਮਹੂਰੀਅਤ ਪੱਖੀ ਅੰਦੋਲਨਾਂ ਅੰਦਰ ਨਵੀਂ ਰੂਹ ਫੂਕ ਛੱਡੀ ਸੀ।

ਇਨ੍ਹਾਂ ਨੌਜਵਾਨਾਂ ਨੇ ਇਸ ਲਹਿਰ ਤੋਂ ਪ੍ਰੇਰਨਾ ਤਾਂ ਜ਼ਰੂਰ ਲਈ ਪਰ ਆਪਣਾ ਰਸਤਾ ਆਪ ਬਣਾਇਆ। ਉਨ੍ਹਾਂ ਨੇ ਤੁਰਕੀ ਅਤੇ ਕੁਰਦਾਂ ਦੇ



ਸਾਥੀਆਂ ਲਈ ਅਵਾਜ਼ ਬੁਲੰਦ ਕਰ ਰਹੀ ਹੈਲਨ।

ਲੋਕ ਸੰਗੀਤ ਦਾ ਸੁਮੇਲ ਕਰਦਿਆਂ ਅਜਿਹੀ ਵੰਨਗੀ ਪੇਸ਼ ਕੀਤੀ ਜੋ ਮੁਲਕ ਦੀ ਖੱਬੇਪੱਖੀ ਸਿਆਸਤ ਦਾ ਝੰਡਾ ਬੁਲੰਦ ਕਰਦੀ ਸੀ। ਦੋ ਵਰ੍ਹਿਆਂ ਬਾਅਦ 1987 ਵਿਚ ਇਨ੍ਹਾਂ ਚਾਰਾਂ ਨੇ ਆਪਣੀ ਪਲੇਠੀ ਐਲਬਮ ਰਿਲੀਜ਼ ਕੀਤੀ।

ਤੁਰਕੀ ਸਰਕਾਰ ਇਸ ਸੰਗੀਤ ਗਰੁਪ ਦਾ ਸਬੰਧ ਪਾਬੰਦੀਸ਼ੁਦਾ ਡੀ.ਐਚ.ਕੇ.ਪੀ.-ਸੀ. ਨਾਲ ਜੋੜਦੀ ਹੈ। ਅੰਗਰੇਜ਼ੀ ਵਿਚ ਇਸ ਪਾਰਟੀ ਦਾ ਨਾਂ 'ਰੈਵੋਲਿਊਸ਼ਨਰੀ ਪੀਪਲਜ਼ ਲਿਬਰੇਸ਼ਨ ਪਾਰਟੀ' ਵਜੋਂ ਪ੍ਰਚਲਿਤ ਹੈ ਅਤੇ ਇਹ ਤੁਰਕੀ ਦੀ ਮਾਰਕਸਵਾਦੀ-ਲੈਨਿਨਵਾਦੀ ਪਾਰਟੀ ਹੈ। ਇਹ ਪਾਰਟੀ 1978 ਵਿਚ ਹੋਂਦ ਵਿਚ ਆਈ ਸੀ ਅਤੇ ਇਸ ਨੇ 1980ਵਿਆਂ ਵਿਚ ਖਾੜਕੂ ਅੰਦੋਲਨ ਸ਼ੁਰੂ ਕੀਤਾ ਸੀ। 1990 ਵਿਚ ਇਸ ਨੇ ਵਿਦੇਸ਼ੀ ਹਿਤਾਂ ਖਿਲਾਫ ਸਿਆਸਤ ਨੂੰ ਨਵਾਂ ਰੰਗ ਦਿੱਤਾ। ਇਸ ਪਾਰਟੀ ਨੂੰ ਅੱਜ ਕੱਲ੍ਹ ਤੁਰਕੀ, ਅਮਰੀਕਾ, ਇੰਗਲੈਂਡ, ਯੂਰਪੀ ਯੂਨੀਅਨ ਅਤੇ ਜਪਾਨ ਨੇ ਅਤਿਵਾਦੀ ਜਥੇਬੰਦੀ ਐਲਾਨਿਆ ਹੋਇਆ ਹੈ। 'ਯੋਰਮ' ਬੁਨਿਆਦੀ ਤੌਰ 'ਤੇ ਪੂੰਜੀਵਾਦ, ਸਾਮਰਾਜਵਾਦ ਅਤੇ ਮੁੱਖ ਰੂਪ ਵਿਚ ਤੁਰਕੀ ਦੀ ਸਰਕਾਰ ਦੀਆਂ ਨੀਤੀਆਂ ਖਿਲਾਫ ਆਵਾਜ਼ ਬੁਲੰਦ ਕਰਦਾ ਹੈ। ਇਸ ਦੇ ਗੀਤਾਂ ਵਿਚ ਗਰੀਬਾਂ ਅਤੇ ਥੁੜ੍ਹਾਂ ਮਾਰੇ ਲੋਕਾਂ ਦਾ ਵਾਰ-ਵਾਰ ਜ਼ਿਕਰ ਆਉਂਦਾ ਹੈ।

'ਯੋਰਮ' ਭਾਵੇਂ ਮੁੱਖ ਰੂਪ ਵਿਚ ਗੀਤ-ਸੰਗੀਤ ਨਾਲ ਜੁੜਿਆ ਹੋਇਆ ਹੈ ਪਰ ਇਸ ਨੇ 2012 ਵਿਚ ਇਕ ਫਿਲਮ 'ਐਫ-ਟੀਪੀ' (ਐਫ-ਟਾਈਪ) ਵੀ ਬਣਾਈ ਸੀ। ਇਹ ਫਿਲਮ ਸਿਆਸੀ ਕੈਦੀਆਂ ਦੀ ਕਹਾਣੀ ਹੈ। ਇਹ ਫਿਲਮ ਆਪਣੇ ਆਪ ਵਿਚ ਵੱਖਰਾ ਤਜਰਬਾ ਵੀ ਸੀ ਜੋ ਦਸ ਨਿਰਦੇਸ਼ਕਾਂ ਨੇ ਤਿਆਰ ਕੀਤੀ ਸੀ। ਇਹ 19 ਦਸੰਬਰ 2012 ਨੂੰ ਇਸਤਾਂਬੁਲ ਵਿਚ ਦਿਖਾਈ ਗਈ। ਇਸ ਤੋਂ ਬਾਅਦ ਇਹ ਫਿਲਮ 21 ਦਸੰਬਰ ਨੂੰ ਰਿਲੀਜ਼ ਕਰ ਦਿੱਤੀ ਗਈ। ਇਹ ਵੱਖਰੀ ਗੱਲ ਹੈ ਕਿ ਸਥਾਨਕ ਮਿਉਂਸਪਲ ਕਮੇਟੀ ਨੇ ਇਸ ਉਤੇ ਅਸਿੱਧਾ ਸੈਂਸਰ ਲਾ ਦਿੱਤਾ। ਕਿਤੇ ਪੋਸਟਰ ਵੀ ਨਾ ਲਾਉਣ ਦਿੱਤੇ ਗਏ। ਫਿਰ ਵੀ ਇਕ ਰਿਕਾਰਡ ਅਨੁਸਾਰ ਇਹ ਫਿਲਮ 75 ਹਜ਼ਾਰ ਤੋਂ ਵੱਧ ਦਰਸ਼ਕਾਂ ਨੇ ਦੇਖੀ। ਇਹ ਫਿਲਮ ਇੰਗਲੈਂਡ, ਜਰਮਨੀ, ਫਰਾਂਸ ਆਦਿ ਮੁਲਕਾਂ ਵਿਚ ਵੀ ਕਈ ਥਾਈਂ ਦਿਖਾਈ ਗਈ।

ਜਦੋਂ ਹੈਲਨ ਦੀ ਮੌਤ ਹੋਈ ਤਾਂ ਉਸ ਵਕਤ ਉਹ ਆਪਣੇ ਘਰ ਵਿਚ ਹੀ ਸੀ। ਉਸ ਦਾ ਸਰੀਰ ਨਿਰਾ ਪਿੰਜਰ ਬਣ ਚੁੱਕਿਆ ਸੀ। ਭੁੱਖ ਹੜਤਾਲ ਉਤੇ ਬੈਠਣ ਤੋਂ ਬਾਅਦ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ ਪਰ ਨਵੰਬਰ 2019 ਵਿਚ ਛੱਡ ਦਿੱਤਾ ਗਿਆ। ਹਾਲਤ ਬਹੁਤ ਵਿਗੜ ਜਾਣ ਕਾਰਨ ਹੈਲਨ ਅਤੇ ਇਕ ਹੋਰ ਸਾਥੀ ਨੂੰ ਹਸਪਤਾਲ ਲਿਜਾਇਆ ਗਿਆ ਪਰ ਦੋਹਾਂ ਨੇ ਕੋਈ ਵੀ ਮੈਡੀਕਲ ਸਹਾਇਤਾ ਲੈਣ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਦੀ ਇਕ ਹੀ ਮੰਗ ਸੀ ਕਿ ਉਨ੍ਹਾਂ ਦੇ ਸਾਥੀਆਂ ਨੂੰ ਛੱਡਿਆ ਜਾਵੇ ਪਰ ਤੁਰਕੀ ਦੀ ਸਰਕਾਰ ਟੱਸ ਤੋਂ ਮੱਸ ਨਹੀਂ ਹੋਈ ਅਤੇ ਆਖਰਕਾਰ ਇਹ ਮੁਟਿਆਰ ਜਿਸਮਾਨੀ ਤੌਰ 'ਤੇ ਆਪਣੇ ਸਾਥੀਆਂ ਨਾਲੋਂ ਵਿਛੜ ਗਈ ਅਤੇ ਸੰਘਰਸ਼ ਦੀ ਉਮਦਾ ਮਿਸਾਲ ਪੇਸ਼ ਕਰ ਗਈ।







ਖੱਬਿਓਂ: ਭਾਸ਼ਨ ਕਰ ਰਹੀ ਹੈਲਨ, ਭੁੱਖ ਹੜਤਾਲ ਨਾਲ ਸਿਹਤ ਡਾਵਾਂਡੋਲ ਅਤੇ (ਐਨ ਸੱਜੇ) ਆਖਰੀ ਦਿਨਾਂ ਦੌਰਾਨ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 25 ਅਪਰੈਲ 2020 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-426



*ਸੇਵਾ ਕੀਤੀ ਹੋ ਕੇ ਇੱਕਠੇ, ਹੁਣ ਕਰਨ ਇੱਕਠੀਆਂ ਕੜਾਹੀਆਂ*
*ਟਰਾਲੀ ਭਰਨ ਲਈ ਉਤੇ ਤੱਕ, ਇੱਕ ਦੂਜੇ ਨੂੰ ਜਾਣ ਫੜਾਈਆਂ।*

## ਕੈਪਸ਼ਨ ਮੁਕਾਬਲਾ-424



ਗੁਰੂ ਦੀਆਂ ਲਾਡਲੀਆਂ ਫੌਜਾਂ ਨੇ
ਖਿੱਚ ਲਈ ਤਿਆਰੀ।
ਘੋੜਿਆਂ ਤਾਈਂ ਸ਼ਿੰਗਾਰ ਕੇ
ਕਰ ਲਈ ਅਸਵਾਰੀ।
ਅਨੰਦਪੁਰ ਵੱਲ ਨੂੰ ਚੱਲ ਪਈ
ਇਹ ਫੌਜ ਨਿਆਰੀ।

**-ਜਗਮੀਤ ਸਿੰਘ ਪੰਧੇਰ**
**ਪਿੰਡ ਕਲਾਹੜ (ਲੁਧਿਆਣਾ)**
**ਫੋਨ: 91-98783-37222**

---

ਰਹੇ ਸਦਾ ਤਿਆਰ ਬਰ ਤਿਆਰ ਖਾਲਸਾ,
ਬੈਠਾ ਕਾਠੀ ਘੋੜੇ ਦੀ, ਪੈਰ ਰਕਾਬ ਉਤੇ,
ਭੀੜ ਜਦੋਂ ਵੀ ਬਣੀ ਇਸ ਹਿੰਦੁਸਤਾਨ ਉਤੇ,
ਹਮਲਾ ਰੋਕਿਆ ਹਿੱਕ ਪੰਜਾਬ ਉਤੇ।
ਕਦਮ ਖਿੱਚਿਆ ਪਿੱਛੇ ਨਹੀਂ ਖਾ ਖੌਫ ਮੌਤੋਂ,
ਇਤਿਹਾਸ ਬਾਤਾਂ ਅੱਜ ਤੱਕ ਪਾਂਵਦਾ ਏ,
ਸੁੱਕਾ ਗਿਆ ਨਾ ਸ਼ੇਰ ਦੀ ਮੁੱਛ ਨੂੰ ਹੱਥ ਲਾ
ਦੱਰਾ ਖੈਬਰ ਤੱਕ ਅੱਜ ਘਬਰਾਂਵਦਾ ਏ।

**-ਸੇਵਾ ਸਿੰਘ ਨੂਰਪੁਰੀ**

---

ਚੜ੍ਹਦੀ ਕਲਾ 'ਚ ਰਹੇ ਤੱਤ ਖਾਲਸਾ
ਵਿਕਾਰਾਂ ਤੋਂ ਦੂਰ, ਰਹਿੰਦਾ ਵਿਚ ਮੌਜਾਂ ਦੇ।
ਗੁਰਮੰਤਰ ਸੱਚ ਦਾ ਸਿਰ ਚੜ੍ਹ ਬੋਲੇ
ਗੁਰੂ ਦੀਆਂ ਫੌਜਾਂ ਦੇ।
ਲਾਡਲੀ ਫੌਜ ਜਾਪੇ ਫੱਕਰ
ਮੁਸੀਬਤ 'ਚ ਢਾਹਵੇ ਢੇਰੀ ਨਾ।
ਦੇਸ਼ ਲਈ ਜੀਵਨ ਦਾਅ 'ਤੇ ਲਾ ਕੇ
ਜਾਬਰ ਦਾ ਸਿਰ ਕਰੇ ਕਲਮ,
ਲਾਵੇ ਦੇਰੀ ਨਾ।

**-ਅਮਰਜੀਤ ਸਿੰਘ ਤੂਰ**
**ਪਿੰਡ ਕੁਲਬੁਰਛਾ, ਪਟਿਆਲਾ।**
**ਫੋਨ: 91-98784-69639**

---

ਕਲਗੀ, ਕਾਠੀ, ਹਾਰ-ਸ਼ਿੰਗਾਰ ਘੋੜੇ ਨੂੰ
ਬੈਠਾ ਲਸ਼ਕਰ, ਧਰ ਪੈਰ ਰਕਾਬ ਉਤੇ
ਵਾਗਾਂ ਖਿੱਚਦਾ ਮਾਰ ਤੁਣਕਾ
ਘੋੜਾ ਟੱਪ ਟੱਪ ਮੱਠਾ ਸੰਗੀਤ ਉਜਾਗਰਦਾ
ਜੋਸ਼ ਨਾਲ ਭਰਿਆ ਲਸ਼ਕਰ
ਧਰ ਅੰਦਰ ਤੱਕ ਉਸ ਦੇ ਚਿਣਗਾਂ ਫੁੱਟਦੀਆਂ
ਬਦੀ ਦੇ ਖਿਲਾਫ ਲੜਨ ਲਈ
ਮਾਹੌਲ ਤਿਆਰ ਕਰਦਾ।
ਕਿਸਾਨ ਤਾਂ ਖੂਹ ਦੀ ਗਾਧੀ 'ਤੇ ਹੀ
ਬੈਠਾ ਮਾਣ ਨਹੀਂ ਹੁੰਦਾ!

**-ਦਰਸ਼ਨਪਾਲ ਦੋਸਾਂਝ**

---

ਗੁਰੂ ਦੀ ਲਾਡਲੀ ਫੌਜ ਦਾ ਅੱਜ ਜਲੌ ਕਿਥੇ,
ਸੋਚਾਂ ਵਿਚ ਸਵਾਰੀ ਤੇ ਸਵਾਰ ਦਿਸੇ,
ਕਿਤੇ ਕਰੋਨਾ ਵਾਇਰਸ ਨੇ ਤਾਂ
ਨਹੀਂ ਪਾਏ ਪੈਰਾਂ ਨੂੰ ਸੰਗਲ?
ਅੱਜ 'ਫੌਜ ਕੀ ਮੌਜ' ਦਾ
ਢਲਿਆ ਸੰਸਾਰ ਦਿਸੇ।

**-ਸੁਕੰਨਿਆ ਭਾਰਦਵਾਜ ਨਾਭਾ**
**ਫੋਨ: 815-307-3112**

---

ਗੁਰੂ ਦੀ ਫੌਜ, ਕਰਦੀ ਹੈ ਮੌਜ
ਨਹੀਂ ਹੈ ਕੋਈ ਫਿਕਰ,
ਹਰ ਵੇਲੇ ਹੈ ਚੜ੍ਹਦੀ ਕਲਾ
ਗੁਰੂ ਦੀ ਹੈ ਮਿਹਰ।

**-ਇੰਦਰਜੀਤ ਮੰਗਾ**
**ਪਿਟਸਬਰਗ, ਕੈਲੀਫੋਰਨੀਆ।**

---

ਸ਼ਿੰਗਾਰੇ ਹੋਏ ਘੋੜੇ,
ਹੱਥ ਨੇਜ਼ੇ, ਤਲਵਾਰਾਂ,
ਕਰਨ ਹਵਾ ਨਾਲ ਗੱਲਾਂ,
ਜਦੋਂ ਹੁੰਦੇ ਨੇ ਸਵਾਰ।
ਛੱਡਣ ਜੈਕਾਰੇ ਲਾਡਲੀਆਂ ਫੌਜਾਂ,
ਦਿਖਾਉਂਦੇ ਕੌਤਕੀ ਕਰਤੱਬ,
ਬੰਦਾ ਇੱਕ, ਘੋੜੇ ਚਾਰ।
ਰਹਿਣ ਚੜ੍ਹਦੀ ਕਲਾ 'ਚ,
ਬੋਲੀ ਹੁੰਦੀ ਗੜਗੱਜ,
ਪਿੱਛੇ ਮੁੜ ਕੇ ਨਾ ਦੇਖਣ,
ਦੇਵੇ ਜੇ ਕੋਈ ਲਲਕਾਰ।

**-ਦਵਿੰਦਰ ਕੌਰ**

# ਬਾਤਾਂ ਟੋਕੀਓ ਓਲੰਪਿਕਸ ਦੀਆਂ...

## ਖੇਡ ਜਗਤ



ਦਲਬਾਰਾ ਸਿੰਘ ਮਾਂਗਟ
ਫੋਨ: 269-267-9621

ਇੱਕੀਵੀਂ ਸਦੀ ਦੇ ਇਸ ਦਹਾਕੇ ਦੇ ਇਸ ਆਖਰੀ ਵਰ੍ਹੇ ਤਿੰਨ ਵੱਡੀਆਂ ਗੱਲਾਂ ਹੋਣ ਦਾ ਜਦੋਂ ਜ਼ਿਕਰ ਆਉਂਦਾ ਹੈ ਤਾਂ ਕੁਝ ਪਾਠਕ ਜ਼ਰੂਰ ਸੋਚਦੇ ਹੋਣਗੇ ਕਿ ਲੇਖਕ ਕਿਤੇ ਸਿੱਖ ਰੈਫਰੈਂਡਮ ਜਾਂ ਫਿਰ ਅਮਰੀਕੀ ਰਾਸ਼ਟਰਪਤੀ ਚੋਣਾਂ ਦੀ ਗੱਲ ਤਾਂ ਨਹੀਂ ਕਰ ਰਿਹਾ। ਜੀ ਨਹੀਂ, ਸਗੋਂ ਤੀਜੀ ਵੱਡੀ ਗੱਲ ਤਾਂ ਟੋਕੀਓ, ਜਾਪਾਨ ਵਿਚ ਹੋਣ ਵਾਲੀਆਂ 32ਵੀਆਂ ਓਲੰਪਿਕਸ ਖੇਡਾਂ ਬਾਰੇ ਹੈ, ਜੋ 24 ਜੁਲਾਈ ਤੋਂ 9 ਅਗਸਤ ਤੱਕ ਹੋਣੀਆਂ ਸਨ, ਪਰ ਕਰੋਨਾ ਵਾਇਰਸ ਕਰਕੇ ਬਹੁਤ ਸਾਰੇ ਦੇਸ਼ਾਂ ਅਤੇ ਖਿਡਾਰੀਆਂ ਵਲੋਂ ਇਹ ਖੇਡਾਂ ਰੱਦ ਕਰਨ ਜਾਂ ਅੱਗੇ ਪਾਉਣ ਲਈ ਦਿੱਤੇ ਜ਼ੋਰ ਕਰ ਕੇ ਇਕ ਸਾਲ ਲਈ ਅੱਗੇ ਪਾ ਦਿੱਤੀਆਂ ਗਈਆਂ ਹਨ। ਇਸ ਦਾ ਫੈਸਲਾ ਕੌਮਾਂਤਰੀ ਓਲੰਪਿਕਸ ਕਮੇਟੀ ਅਤੇ ਜਾਪਾਨ ਨੇ ਕੀਤਾ ਹੈ, ਜਿਸ ਦੀ ਸਾਰੇ ਖੇਡ ਸੰਸਾਰ ਨੇ ਪ੍ਰਸ਼ੰਸਾ ਕੀਤੀ ਹੈ।

ਇਹ ਪਹਿਲਾ ਮੌਕਾ ਹੈ ਕਿ ਇਨ੍ਹਾਂ ਖੇਡਾਂ ਨੂੰ ਅੱਗੇ ਕੀਤਾ ਗਿਆ ਹੈ। ਇਸ ਤੋਂ ਪਹਿਲਾ 1916, 1940 ਅਤੇ 1944 ਵਿਚ ਓਲੰਪਿਕਸ ਖੇਡਾਂ ਰੱਦ ਕਰ ਦਿੱਤੀਆਂ ਗਈਆਂ ਸਨ, ਜਿਸ ਦਾ ਵੱਡਾ ਕਾਰਨ ਪਹਿਲਾ ਤੇ ਦੂਜਾ ਵਿਸ਼ਵ ਯੁੱਧ ਬਣਿਆ ਸੀ। ਨਿਯਮਾਂ ਅਨੁਸਾਰ ਓਲੰਪਿਕਸ ਖੇਡਾਂ ਕੈਲੰਡਰ ਸਾਲ ਵਿਚ ਹੀ ਮੁਕੰਮਲ ਹੋਣੀਆਂ ਜ਼ਰੂਰੀ ਹਨ, ਪਰ ਕਈ ਦੇਸ਼ ਜਿਵੇਂ ਕੈਨੇਡਾ, ਅਮਰੀਕਾ ਤੇ ਆਸਟਰੇਲੀਆ ਵਲੋਂ ਖੇਡਾਂ ਵਿਚ ਹਿੱਸਾ ਲੈਣ ਤੋਂ ਨਾਂਹ ਕਰ ਦਿੱਤੀ ਗਈ ਅਤੇ ਹਾਲਾਤ ਨੂੰ ਗੰਭੀਰਤਾ ਨਾਲ ਦੇਖਦਿਆਂ ਤਬਦੀਲੀ ਕੀਤੀ ਗਈ, ਕਿਉਂਕਿ 2020 ਵਿਚ ਹੋਣ ਵਾਲੇ ਈਵੈਂਟਸ ਜਿਵੇਂ ਐਮ. ਬੀ. ਏ., ਐਨ. ਐਚ. ਐਲ., ਯੂਰਪੀਅਨ ਫੁੱਟਬਾਲ, ਟੈਨਿਸ ਗਰੈਂਡ ਸਲੈਮਜ਼ ਆਦਿ ਨੂੰ ਵੀ ਰੱਦ ਜਾਂ ਅੱਗੇ ਕਰ ਦਿੱਤਾ ਗਿਆ ਹੈ। ਜੇ ਟੋਕੀਓ ਓਲੰਪਿਕਸ ਨੂੰ ਰੱਦ ਕਰ ਦਿੱਤਾ ਜਾਂਦਾ ਤਾਂ ਜਾਪਾਨ ਨੂੰ ਭਾਰੀ ਹਰਜਾਨਾ ਭਰਨਾ ਪੈਣਾ ਸੀ।

ਇਥੇ ਹੁਣ ਇਹ ਜਾਣਨਾ ਵੀ ਜ਼ਰੂਰੀ ਹੈ ਕਿ ਜਾਪਾਨ ਨੂੰ ਇਹ ਖੇਡਾਂ ਕਰਵਾਉਣ ਦਾ ਮੌਕਾ ਕਦੋਂ ਤੇ ਕਿਵੇਂ ਮਿਲਿਆ? ਏਸ਼ੀਆ ਉਪ ਮਹਾਂਦੀਪ ਵਿਚ ਚੌਥੀ ਵਾਰ ਓਲੰਪਿਕਸ ਖੇਡਾਂ ਹੋ ਰਹੀਆਂ ਹਨ, ਟੋਕੀਓ ਸ਼ਹਿਰ ਵਿਚ ਦੂਜੀ ਵਾਰ। ਇਸ ਤੋਂ ਪਹਿਲਾਂ ਟੋਕੀਓ ਵਿਚ 1964, ਸਿਓਲ (ਦੱਖਣੀ ਕੋਰੀਆ) ਵਿਚ 1988 ਅਤੇ ਚੀਨ ਦੇ ਬੀਜ਼ਿੰਗ ਸ਼ਹਿਰ ਵਿਚ 2008 ਨੂੰ ਇਹ ਖੇਡਾਂ ਹੋਈਆਂ ਸਨ, ਜਿਸ ਨੂੰ ਸਮਰ ਓਲੰਪਿਕਸ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਵੈਸੇ ਜਾਪਾਨ ਦੋ ਵਾਰੀ ਵਿੰਟਰ ਓਲੰਪਿਕਸ ਵੀ ਕਰਵਾ ਚੁਕਾ ਹੈ, ਜੋ 1972 ਵਿਚ ਸਪਾਰੋ ਅਤੇ 1998 ਵਿਚ ਨਾਗਾਨੋ ਵਿਚ ਹੋਈਆਂ ਸਨ। ਭਾਵ ਦੁਨੀਆਂ ਦਾ ਨਿੱਕਾ ਜਿਹਾ ਦੇਸ਼ ਜਾਪਾਨ ਪਹਿਲਾਂ ਵਿਸ਼ਵ ਯੁਧ ਵਿਚ ਹੋਈ ਤਬਾਹੀ, ਫਿਰ ਨਿਊਕਲਰ ਪਾਵਰ ਰੀਐਕਟਰ, ਭੁਚਾਲ ਤੇ ਸੁਨਾਮੀ ਜਿਹੀਆਂ ਭਿਆਨਕ ਘਟਨਾਵਾਂ ਦੇ ਬਾਵਜੂਦ ਚਾਰ ਓਲੰਪਿਕਸ ਖੇਡਾਂ ਕਰਵਾਉਣ ਲਈ ਵਧਾਈ ਦਾ ਹੱਕਦਾਰ ਹੈ। ਓਲੰਪਿਕਸ ਖੇਡਾਂ ਹਰ ਚਾਰ ਸਾਲ ਪਿਛੋਂ ਕਰਵਾਈਆਂ ਜਾਂਦੀਆਂ ਹਨ ਅਤੇ ਆਈ. ਓ. ਸੀ. ਕਰੀਬ ਅੱਠ-ਦਸ ਸਾਲ ਪਹਿਲਾਂ ਹੀ ਇਨ੍ਹਾਂ ਖੇਡਾਂ ਦਾ ਫੈਸਲਾ ਕਰ ਦਿੰਦੀ ਹੈ ਤਾਂ ਕਿ ਉਸ ਸ਼ਹਿਰ ਨੂੰ ਤਿਆਰੀ ਕਰਨ ਦਾ ਖੁੱਲ੍ਹਾ ਸਮਾਂ ਮਿਲ ਸਕੇ। ਪਿਛਲੀ ਵਾਰ 7 ਸਤੰਬਰ 2013 ਨੂੰ ਅਰਜਨਟੀਨਾ ਦੇ ਮਸ਼ਹੂਰ ਸ਼ਹਿਰ ਬਿਊਨਸ ਏਰਜ ਵਿਚ ਆਈ. ਓ. ਸੀ. ਦੇ ਮੈਂਬਰਾਂ ਦੀ ਮੀਟਿੰਗ ਵਿਚ ਵੋਟਾਂ ਦੇ ਆਧਾਰ 'ਤੇ ਤਿੰਨ ਸ਼ਹਿਰਾਂ ਇਸਤਾਂਬੁਲ (ਤੁਰਕੀ) ਨੂੰ 26 ਵੋਟਾਂ, ਮੈਡਰਿਡ (ਸਪੇਨ) ਨੂੰ ਵੀ 26 ਵੋਟਾਂ ਅਤੇ ਟੋਕੀਓ (ਜਾਪਾਨ) ਨੂੰ 42 ਵੋਟਾਂ ਹਾਸਲ ਹੋਈਆਂ। ਇਉਂ ਜਾਪਾਨ ਨੂੰ 2020 ਵਾਲੀਆਂ ਓਲੰਪਿਕਸ ਖੇਡਾਂ ਕਰਵਾਉਣ ਦਾ ਮੌਕਾ ਮਿਲ ਗਿਆ।

ਟੋਕੀਓ ਓਲੰਪਿਕਸ ਵਿਚ ਕੁੱਲ ਮਿਲਾ ਕੇ 33 ਗੇਮਾਂ ਹੋਣਗੀਆਂ ਜਿਵੇਂ ਤੈਰਾਕੀ, ਤੀਰ-ਅੰਦਾਜ਼ੀ, ਅਥਲੈਟਿਕਸ, ਬੈਡਮਿੰਟਨ, ਬਾਸਕਿਟਬਾਲ, ਬਾਕਸਿੰਗ, ਕੋਨਿਊਂਗ, ਸਾਈਕਲਿੰਗ, ਹਾਕੀ, ਘੋੜ-ਦੌੜ, ਫੈਂਸਿੰਗ, ਫੁੱਟਬਾਲ, ਗੌਲਫ, ਜਿਮਨਾਸਟਿਕ, ਹੈਂਡਬਾਲ, ਰੋਇੰਗ, ਜੂਡੋ, ਰਗਬੀ, ਸੇਲਿੰਗ, ਸ਼ੂਟਿੰਗ, ਟੈਨਿਸ, ਟੇਬਲ ਟੈਨਿਸ, ਟੀਕਵੌਂਡੋ, ਵਾਲੀਬਾਲ ਵੇਟਲਿਫਟਿੰਗ, ਕੁਸ਼ਤੀ ਆਦਿ। ਇਸ ਤੋਂ ਇਲਾਵਾ ਪੰਜ ਨਵੀਆਂ ਖੇਡਾਂ- ਸੌਫਟਬਾਲ, ਕਰੋਟ, ਸਕੇਟ ਬੋਰਡਿੰਗ, ਸਰਫਿੰਗ ਅਤੇ ਸਪੋਰਟਸ ਕਲਾਈਮਿੰਗ ਸ਼ਾਮਲ ਕੀਤੀਆਂ ਗਈਆਂ ਹਨ। ਇਨ੍ਹਾਂ ਖੇਡਾਂ ਵਿਚ ਕਰੀਬ 340 ਵੱਖ-ਵੱਖ ਈਵੈਂਟਸ ਹੋਣਗੇ, ਜਿਨ੍ਹਾਂ ਵਿਚ ਦੁਨੀਆਂ ਦੇ ਕੋਨੇ-ਕੋਨੇ ਤੋਂ 206 ਦੇਸ਼ਾਂ ਦੇ ਕੋਈ 11,000 ਖਿਡਾਰੀ ਹਿੱਸਾ ਲੈਣਗੇ, ਜੋ ਰਿਕਾਰਡ ਹੋਵੇਗਾ। ਇਨ੍ਹਾਂ ਖੇਡਾਂ ਵਿਚ ਖਾਨਾਜੰਗੀ ਵਿਚੋਂ ਗੁਜ਼ਰ ਰਹੇ ਮੁਲਕ ਸੀਰੀਆ ਦੀ ਗਿਆਰਾਂ ਸਾਲਾ ਲੜਕੀ ਹੈਂਡ ਨਾਜ਼ਾ ਸਭ ਤੋਂ ਛੋਟੀ ਉਮਰ ਦੀ ਖਿਡਾਰਨ ਹੋਵੇਗੀ, ਜੋ ਟੇਬਿਲ ਟੈਨਿਸ ਵਿਚ ਹਿੱਸਾ ਲਵੇਗੀ, ਪਰ ਸਭ ਦੀਆਂ ਨਜ਼ਰਾਂ ਰੀਓ ਡੀ ਜਨੇਰੋ ਓਲੰਪਿਕਸ ਖੇਡਾਂ ਵਿਚ ਚਾਰ ਗੋਲਡ ਮੈਡਲ ਜਿੱਤਣ ਵਾਲੀ ਅਮਰੀਕੀ ਜਿਮਨਾਸਟਿਕ ਸਟਾਰ ਸਿਮੋਨੀ ਬਾਈਲਜ਼ 'ਤੇ ਹੋਵੇਗੀ ਕਿ ਉਹ ਟੋਕੀਓ ਵਿਚ ਕੁਝ ਨਵਾਂ ਇਤਿਹਾਸ ਬਣਾ ਸਕੇਗੀ! ਇਸ ਤੋਂ ਇਲਾਵਾ ਬਾਸਕਿਟਬਾਲ ਸੁਪਰ ਸਟਾਰ ਬਰੋਨ ਜੇਮਜ਼, ਸੇਰੀਨਾ ਵਿਲੀਅਮ ਅਤੇ ਦੋ ਗਰੈਂਡ ਸਲੈਮ ਚੈਂਪੀਅਨ ਨੇਓਮੀ ਓਸਾਕਾ, ਜਿਸ ਨੇ ਜਾਪਾਨੀ ਨਾਗਰਿਕਤਾ ਹਾਸਲ ਕੀਤੀ ਹੈ, ਪਹਿਲੀ ਵਾਰ ਉਲੰਪਿਕਸ ਖੇਡਾਂ ਵਿਚ ਹਿੱਸਾ ਲਵੇਗੀ।

ਸਾਰੇ ਈਵੈਂਟਸ ਟੋਕੀਓ ਸ਼ਹਿਰ ਵਿਚ ਹੀ ਵੱਖ-ਵੱਖ ਥਾਂਵਾਂ 'ਤੇ ਕਰਵਾਏ ਜਾਣਗੇ। ਜਾਪਾਨੀ ਆਰਕੀਟੈਕਟ ਕੇਂਗੋ ਕੂਮਾ ਦੀ ਨਿਗਰਾਨੀ ਹੇਠ 300 ਮਿਲੀਅਨ ਜਾਪਾਨੀ ਯੈਨ ਦੀ ਲਾਗਤ ਨਾਲ ਪੁਰਾਣੇ ਨੈਸ਼ਨਲ ਸਟੇਡੀਅਮ ਦੀ ਮੁਰੰਮਤ ਕਰ ਕੇ ਓਲੰਪਿਕਸ ਦੇ ਸਮਾਪਤੀ ਸਮਾਗਮ ਦੇ ਨਾਲ-ਨਾਲ ਅਥਲੈਟਿਕਸ ਅਤੇ ਮਹਿਲਾ ਫੁੱਟਬਾਲ ਦੇ ਫਾਈਨਲ ਮੈਚ ਲਈ ਤਿਆਰ ਕੀਤਾ ਗਿਆ ਹੈ। ਇਸ ਤੋਂ ਇਲਾਵਾ ਬਾਕੀ ਸਪੋਰਟਸ ਕੰਪਲੈਕਸ ਜਿਵੇਂ ਨਿਪੋਨ ਬੁਦੋਕਨ (ਘੋੜਸਵਾਰੀ) ਜਉਜੀ ਜਿਮਨੇਜ਼ੀਅਮ (ਜਿਮਨਾਸਟਿਕ), ਮਸਾਸੀਨੋ ਪਲਾਜ਼ਾ (ਬੈਡਮਿੰਟਨ, ਰਗਬੀ), ਐਕੁਆਟਿਕਸ ਸੈਂਟਰ (ਤੈਰਾਕੀ), ਇੰਪੀਰੀਆ ਗਾਰਡਨ, ਗਾਰਡਨ, ਅਜੀਨੋਮੋਤੋ ਸਟੇਡੀਅਮ, ਅਰੀਐਕ ਏਰੀਨਾ, ਟੋਕੀਓ ਮੈਟਰੋਜਿੰਮ, ਰੀਓਗੋਹੂ, ਕੁਕੂਗੀਰਨ, ਟੋਕੀਓ ਟੋਟਸੂਸੀ ਇੰਟਰਨੈਸ਼ਨਲ, ਕੋਮਾਯਾ ਅਰੀਕੇ ਕੋਲਜੀਅਮ ਅਤੇ ਮੈਜੀ ਜਿੰਗਮ ਤਿਆਰ ਕੀਤੇ ਗਏ ਹਨ। ਕਰੀਬ 127 ਮਿਲੀਅਨ ਆਬਾਦੀ ਵਾਲੇ ਜਾਪਾਨ ਵਲੋਂ ਦਾਅਵਾ ਕੀਤਾ ਜਾ ਰਿਹਾ ਹੈ ਕਿ 1964 ਵਾਲੀਆਂ ਖੇਡਾਂ ਦੇ ਮੁਕਾਬਲੇ ਦੁੱਗਣੇ ਤਮਗੇ ਜਿੱਤ ਕੇ ਰਿਕਾਰਡ ਬਣਾਏਗਾ। ਉਹ ਜ਼ਿਆਦਾਤਰ ਸਿੰਗਲ ਈਵੈਂਟਸ ਵਿਚ ਹਿੱਸਾ ਲਵੇਗਾ। ਖੇਡਾਂ ਦੌਰਾਨ ਟੋਕੀਓ ਦਾ ਤਾਪਮਾਨ 90 ਡਿਗਰੀ 'ਤੇ ਪਹੁੰਚ ਜਾਂਦਾ ਹੈ, ਭਾਵ ਹਿੱਸਾ ਲੈਣ ਵਾਲੇ ਦੇਸ਼ਾਂ ਨੂੰ ਖਿਡਾਰੀਆਂ ਦੀ ਤਿਆਰੀ ਮੌਸਮ ਮੁਤਾਬਕ ਕਰਵਾਉਣੀ ਚਾਹੀਦੀ ਹੈ।

ਭਾਰਤ ਵਲੋਂ ਇਨ੍ਹਾਂ ਖੇਡਾਂ ਵਿਚ ਕਰੀਬ ਦਸ ਈਵੈਂਟਸ ਵਿਚ ਹਿੱਸਾ ਲੈਣ ਦੀ ਉਮੀਦ ਹੈ, ਜਿਵੇਂ ਹਾਕੀ, ਕੁਸ਼ਤੀ, ਸ਼ੂਟਿੰਗ, ਬਾਕਸਿੰਗ, ਵੇਟਲਿਫਟਿੰਗ, ਬੈਡਮਿੰਟਨ, ਘੋੜ-ਸਵਾਰੀ, ਅਥਲੈਟਿਕਸ, ਟੈਨਿਸ ਆਦਿ। ਕੁਝ ਮਾਹਰ ਕੋਚਾਂ ਦਾ ਮੰਨਣਾ ਹੈ ਕਿ ਭਾਰਤੀ ਖਿਡਾਰੀ ਕੁੱਲ ਮਿਲਾ ਕੇ 6-7 ਮੈਡਲ ਹਾਸਲ ਕਰ ਸਕਦੇ ਹਨ। ਭਾਰਤੀ ਮਹਿਲਾ ਹਾਕੀ ਟੀਮ ਨੇ ਵੀ ਇਨ੍ਹਾਂ ਖੇਡਾਂ ਲਈ ਕੁਆਲੀਫਾਈ ਕੀਤਾ ਹੈ, ਜਿਸ ਨੇ 1974 ਵਿਸ਼ਵ ਕੱਪ ਵਿਚ ਕਾਂਸੀ ਦਾ ਤਗਮਾ ਹਾਸਲ ਕੀਤਾ ਸੀ ਅਤੇ 1982 ਦੀਆਂ ਦਿੱਲੀ ਏਸ਼ਿਆਡ ਵਿਚ ਚੈਂਪੀਅਨ ਬਣਿਆ ਸੀ। ਇੰਡੀਆ ਹਾਕੀ ਦੇ ਪ੍ਰਧਾਨ ਡਾ. ਨਰਿੰਦਰ ਬਤਰਾ, ਜਿਨ੍ਹਾਂ ਨੂੰ ਆਈ. ਓ. ਸੀ. ਦੇ ਮੈਂਬਰ ਅਤੇ ਐਫ. ਆਈ. ਐਚ. ਦੇ ਪਹਿਲੇ ਭਾਰਤੀ ਹੋਣ ਦੇ ਨਾਤੇ ਪ੍ਰਧਾਨ ਬਣਨ ਦਾ ਮਾਣ ਪ੍ਰਾਪਤ ਹੈ, ਦਾ ਕਹਿਣਾ ਹੈ ਕਿ ਭਾਰਤੀ ਹਾਕੀ ਟੀਮ ਵਿਸ਼ਵ ਦੀ ਚੋਟੀ ਦੀਆਂ ਟੀਮਾਂ ਵਿਚ ਗਿਣੀ ਜਾਂਦੀ ਹੈ ਅਤੇ ਟੋਕੀਓ ਓਲੰਪਿਕਸ ਵਿਚ ਮੈਡਲ ਹਾਸਲ ਕਰ ਸਕਦੀ ਹੈ। ਦੇਖਣਾ ਇਹ ਹੈ ਕਿ 1964 ਵਾਲਾ ਇਤਿਹਾਸ ਦੁਹਰਾਇਆ ਜਾ ਸਕੇਗਾ!

ਟੋਕੀਓ ਸ਼ਹਿਰ ਨਾਲ ਜੁੜੀਆਂ ਕੁਝ ਪੁਰਾਣੀਆਂ ਯਾਦਾਂ ਹਨ, ਜੋ ਖੇਡ ਜਗਤ ਨਾਲ ਪੱਕੀਆਂ ਜੁੜੀਆਂ ਹੋਈਆਂ ਹਨ। ਪਹਿਲੀ ਇਹ ਕਿ 1964 ਦੀਆਂ ਓਲੰਪਿਕਸ ਖੇਡਾਂ ਵਿਚ 'ਫਲਾਇੰਗ ਸਿੱਖ' ਨਾਂ ਨਾਲ ਜਾਣੇ ਜਾਂਦੇ ਮਿਲਖਾ ਸਿੰਘ 400 ਮੀਟਰ ਦੀ ਦੌੜ ਵਿਚ ਚੌਥੇ ਸਥਾਨ 'ਤੇ ਰਹਿਣ ਕਰਕੇ ਭਾਵੇਂ ਮੈਡਲ ਹਾਸਲ ਕਰਨ ਤੋਂ ਪਛੜ ਗਏ ਸਨ, ਪਰ ਉਨ੍ਹਾਂ ਵਲੋਂ ਨਵਾਂ ਨੈਸ਼ਨਲ ਰਿਕਾਰਡ 45.73 ਕਾਇਮ ਕੀਤਾ ਗਿਆ ਸੀ, ਜੋ ਕੋਈ ਵੀ ਭਾਰਤੀ ਅਥਲੀਟ 40 ਸਾਲ ਤੱਕ ਤੋੜ ਨਾ ਸਕਿਆ। ਇਸੇ ਓਲੰਪਿਕਸ ਵਿਚ ਗੁਰਬਚਨ ਸਿੰਘ ਰੰਧਾਵਾ ਨੇ 110 ਮੀਟਰ ਹਰਡਲ ਵਿਚ ਪੰਜਵਾਂ ਸਥਾਨ ਪ੍ਰਾਪਤ ਕੀਤਾ ਸੀ, ਜਿਸ ਦਾ ਬਹੁਤਾ ਕਦੇ ਜ਼ਿਕਰ ਨਹੀਂ ਕੀਤਾ ਜਾਂਦਾ। ਇਸ ਤੋਂ ਪਹਿਲਾਂ 1960 ਦੀਆਂ ਰੋਮ ਓਲੰਪਿਕਸ ਖੇਡਾਂ ਵਿਚ ਭਾਰਤੀ ਹਾਕੀ ਟੀਮ ਪਹਿਲੀ ਵਾਰ ਆਪਣੇ ਗੁਆਂਢੀ ਦੇਸ਼ ਪਾਕਿਸਤਾਨ ਤੋਂ ਗੋਲਾਂ ਦੇ ਮੁਕਾਬਲੇ ਸੋਨੇ ਦਾ ਤਮਗਾ ਗੁਆ ਬੈਠੀ ਸੀ, ਜੋ 1964 ਦੀਆਂ ਟੋਕੀਓ ਖੇਡਾਂ ਵਿਚ ਮੁੜ ਆਪਣੇ ਹੱਥ ਵਿਚ ਕਰ ਲਿਆ ਸੀ। ਇਸ ਦਾ ਸਿਹਰਾ ਪੈਨਲਟੀ ਕਾਰਨਰ ਮਾਹਰ ਪ੍ਰਿਥੀਪਾਲ ਸਿੰਘ ਨੂੰ ਕੀਤੇ ਗਏ ਵੱਧ ਗੋਲਾਂ ਕਰ ਕੇ ਜਾਂਦਾ ਹੈ।

ਇਥੇ ਹੀ ਇਕ ਹੋਰ ਹਵਾਲਾ ਦੇਣਾ ਜ਼ਰੂਰੀ ਹੈ, ਜੋ ਜਾਪਾਨ ਦੀ ਇਮਾਨਦਾਰੀ ਦਾ ਸਬੂਤ ਪੇਸ਼ ਕਰਦਾ ਹੈ। ਜਦੋਂ ਭਾਰਤੀ ਟੀਮ ਸੋਨੇ ਦਾ ਤਮਗਾ ਜਿੱਤ ਕੇ ਵਾਪਸ ਦੇਸ਼ ਪਰਤੀ ਤਾਂ ਪ੍ਰਿਥੀਪਾਲ ਸਿੰਘ ਨੂੰ ਇਕ ਪਾਰਸਲ ਮਿਲਿਆ, ਜਿਸ ਵਿਚ ਉਸੇ ਦੇ ਪੁਰਾਣੇ ਜੁੱਤੇ ਅਤੇ ਖਤ ਸੀ। ਖਤ ਵਿਚ ਲਿਖਿਆ ਗਿਆ ਸੀ, "ਅਸੀਂ ਤੁਹਾਡੇ ਕਮਰੇ ਵਿਚ ਪਏ ਜੁੱਤੇ ਭੇਜ ਰਹੇ ਹਾਂ, ਜੋ ਸ਼ਾਇਦ ਤੁਸੀਂ ਭੁੱਲ ਗਏ ਹੋਵੋਗੇ, ਕਿਉਂਕਿ ਜੇ ਉਹ ਇਸਤੇਮਾਲ ਕਰਨ ਦੇ ਯੋਗ ਨਾ ਹੁੰਦੇ ਤਾਂ ਕੂੜੇ ਵਾਲੀ ਬਾਸਕਿਟ ਵਿਚ ਹੋਣੇ ਚਾਹੀਦੇ ਸਨ।"



ਓਲੰਪਿਕਸ ਖੇਡਾਂ ਕਰਾਉਣ ਵਾਲੇ ਹਰ ਦੇਸ਼ ਲਈ ਖਿਡਾਰੀਆਂ ਦੀ ਸੁਰੱਖਿਆ ਵੱਡੀ ਚੁਣੌਤੀ ਹੁੰਦੀ ਹੈ, ਜਿਸ ਨੂੰ ਖਾਸ ਤਵੱਜੋ ਦਿੱਤੀ ਜਾਂਦੀ ਹੈ। ਟੋਕੀਓ 35 ਮਿਲੀਅਨ ਆਬਾਦੀ ਵਾਲਾ ਵੱਡਾ ਮੈਟਰੋਪਾਲਿਟਨ ਸ਼ਹਿਰ ਹੈ, ਹੁਣ ਇਸ ਨੂੰ ਨਵਾਂ ਰੂਪ ਰੰਗ ਦੇ ਦਿੱਤਾ ਗਿਆ ਹੈ ਅਤੇ ਸਿਕਿਉਰਿਟੀ ਪੱਖੋਂ ਪਹਿਲੀ ਵਾਰ ਰੋਬੋਟ ਅਤੇ ਹਾਈਟੈਕ ਦਾ ਇਸਤੇਮਾਲ ਕੀਤਾ ਜਾਵੇਗਾ। ਸੁਣਨ ਵਿਚ ਆਇਆ ਹੈ ਕਿ ਜਾਪਾਨ ਵਿਚ ਅਸਲਾ ਰੱਖਣਾ ਦੀ ਸਖਤ ਮਨਾਹੀ ਹੈ, ਜਿਸ ਕਰਕੇ ਅਪਰਾਧ ਨਾ-ਮਾਤਰ ਹੁੰਦਾ ਹੈ। ਜਾਪਾਨ ਵਲੋਂ ਇਨ੍ਹਾਂ ਖੇਡਾਂ ਨੂੰ ਦੋ ਹਿੱਸਿਆਂ ਵਿਚ ਪੇਸ਼ ਕੀਤੇ ਜਾਣ ਦੀ ਤਜਵੀਜ਼ ਰੱਖੀ ਗਈ ਹੈ। ਪਹਿਲੀ ਹੈਰੀਟੇਜ (ਵਿਰਾਸਤ) ਅਤੇ ਦੂਜੀ ਹਿਸਟਰੀ (ਇਤਿਹਾਸ), ਕਿਉਂਕਿ ਉਹ ਪੁਰਾਣੇ ਸਟੇਡੀਅਮ ਦੀ ਮੁਰੰਮਤ ਅਤੇ ਵਸਤੂਆਂ ਨੂੰ ਰੀਸਾਈਕਲ ਕਰ ਕੇ ਇਸਤੇਮਾਲ ਕਰਨ ਦਾ ਸੁਨੇਹਾ ਨਵੀਂ ਪੀੜ੍ਹੀ ਨੂੰ ਦੇਣਾ ਚਾਹੁੰਦਾ ਹੈ। ਅਜਿਹਾ ਪਹਿਲਾਂ ਕਦੀ ਦੇਖਣ ਨੂੰ ਨਹੀਂ ਮਿਲਿਆ। ਕੁਝ ਝਲਕੀਆਂ ਇਸ ਪ੍ਰਕਾਰ ਹਨ,

1. ਓਲੰਪਿਕਸ ਮਸ਼ਾਲ, ਜੋ ਚੈਰੀ ਰੰਗ ਅਤੇ ਪੰਜ ਰਿੰਗਾਂ ਦੇ ਆਕਾਰ ਵਿਚ ਬਣੀ ਹੋਈ ਹੈ, ਨੂੰ ਜਾਪਾਨ ਵਿਚ ਆਏ ਭੁਚਾਲ ਵਿਚੋਂ ਬਚੇ-ਖੁਚੇ ਅਲਮੀਨੀਅਮ ਨੂੰ ਰੀਸਾਈਕਲ ਕਰਕੇ ਤਿਆਰ ਕੀਤਾ ਗਿਆ ਹੈ।
2. ਜੇਤੂ ਖਿਡਾਰੀਆਂ ਨੂੰ ਕੁੱਲ ਮਿਲਾ ਕੇ 5,000 ਗੋਲਡ, ਸਿਲਵਰ ਅਤੇ ਕਾਂਸੀ ਦੇ ਤਮਗੇ ਤਕਸੀਮ ਕੀਤੇ ਜਾਣਗੇ, ਜੋ ਪੁਰਾਣੇ ਮੋਬਾਈਲ ਫੋਨਾਂ ਨੂੰ ਰੀਸਾਈਕਲ ਕਰਕੇ ਤਿਆਰ ਕੀਤੇ ਜਾਣਗੇ।
3. ਖੇਡਾਂ ਵਿਚ ਇਸਤੇਮਾਲ ਹੋਣ ਵਾਲੇ ਪੋਡੀਅਮ, ਕੁਰਸੀਆਂ, ਟੇਬਲ, ਬੈਂਚ, ਸੈਰੇਮਨੀ ਡੈਸਕ ਵੀ ਸਮੁੰਦਰ ਅਤੇ ਲੋਕਾਂ ਕੋਲੋਂ ਪਲਾਸਟਿਕ ਬੋਤਲਾਂ ਇਕੱਠੀਆਂ ਅਤੇ ਰੀਸਾਈਕਲ ਕਰਕੇ ਤਿਆਰ ਕੀਤੇ ਜਾਣਗੇ, ਜੋ ਪਹਿਲੀ ਵਾਰ ਦੇਖਣ ਨੂੰ ਮਿਲੇਗਾ।
4. ਓਲੰਪਿਕਸ ਵਿਚ ਡਿਊਟੀ ਦੇਣ ਵਾਲਿਆਂ ਲਈ ਯੂਨੀਫਾਰਮ ਵੀ ਉਸ ਪੌਲੀਥੀਨ ਕੱਪੜੇ ਨੂੰ ਰੀਸਾਈਕਲ ਕਰਕੇ ਤਿਆਰ ਕੀਤੀ ਜਾਵੇਗੀ, ਜੋ ਕੁਝ ਸਾਲ ਪਹਿਲਾਂ ਜਾਪਾਨ ਵਿਚ ਆਏ ਭੁਚਾਲ ਤੋਂ ਪੀੜਤ ਲੋਕਾਂ ਲਈ ਟੈਂਟ ਹਾਊਸ ਦੇ ਤੌਰ 'ਤੇ ਬਣਾਏ ਗਏ ਸਨ।
5. ਪ੍ਰਦੂਸ਼ਣ ਕੰਟਰੋਲ ਵਿਚ ਰੱਖਣ ਲਈ ਟੋਕੀਓ ਓਲੰਪਿਕਸ ਕਮੇਟੀ ਨੇ ਖੇਡਾਂ ਦੌਰਾਨ ਦੁਨੀਆਂ ਦੀ ਮਸ਼ਹੂਰ ਮੋਟਰ ਕੰਪਨੀ ਟੋਇਟਾ (Toyota) ਵਲੋਂ ਜ਼ੀਰੋ ਮਿਸ਼ਨ ਗੱਡੀਆਂ ਇਸਤੇਮਾਲ ਕਰਨ ਦਾ ਫੈਸਲਾ ਕੀਤਾ ਹੈ, ਭਾਵ ਪਾਵਰ ਬਚਾਓ 'ਤੇ ਪਹਿਰਾ ਦਿੰਦਿਆਂ ਸੋਲਰ ਤੇ ਹਾਈਡਰੋ ਸਿਸਟਮ ਦਾ ਪ੍ਰਬੰਧ ਕੀਤਾ ਹੈ।
6. ਟੋਕੀਓ ਓਲੰਪਿਕਸ ਦਾ ਮਾਸਕਟ ਨੀਲੇ ਅਤੇ ਸਫੈਦ ਰੰਗਾਂ ਦੇ ਚੈੱਕ ਡਿਜ਼ਾਈਨ ਵਿਚ ਅਤੇ ਕੁੱਤੇ ਦੇ ਕੰਨ ਨਾਲ ਮਿਲਦਾ ਜੁਲਦਾ ਹੋਵੇਗਾ, ਜਿਸ ਨੂੰ ਉਥੋਂ ਦੇ ਪ੍ਰਾਇਮਰੀ ਸਕੂਲ ਦੇ ਵਿਦਿਆਰਥੀਆਂ ਨੇ ਚੁਣਿਆ ਹੈ, ਜੋ ਜਾਪਾਨ ਦੇ ਦੋ ਸ਼ਬਦਾਂ-ਮੀਰਾਏ (ਭਵਿਖ) ਅਤੇ ਤੋਵਾ (ਪਿਆਰ) ਨੂੰ ਮਿਲਾ ਕੇ ਬਣਾਇਆ ਗਿਆ ਹੈ।
7. ਹਰ ਪਬਲਿਕ-ਕੈਬ 'ਤੇ ਓਲੰਪਿਕਸ ਲੋਗੋ ਲੱਗਾ ਹੋਵੇਗਾ ਤਾਂ ਕਿ ਦੇਸ਼ਾਂ-ਵਿਦੇਸ਼ਾਂ ਤੋਂ ਆਏ ਖੇਡ ਪ੍ਰੇਮੀ ਅਤੇ ਖਿਡਾਰੀਆਂ ਨੂੰ ਕਿਸੇ ਔਕੜ ਦਾ ਸਾਹਮਣਾ ਨਾ ਕਰਨਾ ਪਵੇ। ਅਮਰੀਕੀ ਟੈਲੀਵਿਜ਼ਨ ਕੰਪਨੀ ਐਨ. ਬੀ. ਸੀ., ਜਿਸ ਨੇ ਲੰਡਨ ਖੇਡਾਂ ਵਿਚ 3500 ਘੰਟੇ ਅਤੇ 2016 ਰੀਓ ਓਲੰਪਿਕਸ ਵਿਚ 4500 ਘੰਟੇ ਕਵਰੇਜ ਕੀਤੀ ਸੀ, ਵਲੋਂ ਟੋਕੀਓ ਓਲੰਪਿਕਸ ਦਾ ਸਿੱਧਾ ਪ੍ਰਸਾਰਨ ਕੀਤਾ ਜਾਵੇਗਾ, ਜੋ ਲੋਕਲ ਚੈਨਲਾਂ ਤੋਂ ਵੀ ਰੀਲੇਅ ਕੀਤਾ ਜਾਵੇਗਾ।
8. ਕੋਕਾ ਕੋਲਾ ਅਤੇ ਮੈਕਡੋਨਲਡ ਓਲੰਪਿਕਸ ਭਾਈਵਾਲ ਹੋਣਗੇ।
9. ਟੋਕੀਓ ਖੇਡਾਂ ਦੇਖਣ ਲਈ 70 ਫੀਸਦੀ ਟਿਕਟਾਂ ਜਾਪਾਨ ਵਾਸੀਆਂ ਲਈ ਰੱਖੀਆਂ ਗਈਆਂ ਹਨ ਅਤੇ ਬਾਕੀ ਵੱਖ-ਵੱਖ ਦੇਸ਼ਾਂ ਲਈ। ਅਮਰੀਕਾ ਕੋ-ਸਪੋਰਟਸ ਟਿਕਟਾਂ ਦੀ ਵਿਕਰੀ ਕਰੇਗਾ। ਏ. ਟੀ. ਆਰ. ਏਜੰਸੀ ਦੇ ਵੈਬ ਜ਼ਰੀਏ ਵੀ ਟਿਕਟਾਂ ਖਰੀਦੀਆਂ ਜਾ ਸਕਦੀਆਂ ਹਨ। ਉਦਘਾਟਨੀ ਅਤੇ ਸਮਾਪਤੀ ਸਮਾਗਮਾਂ ਲਈ ਟਿਕਟਾਂ ਪਹਿਲਾਂ ਹੀ ਵਿਕ ਚੁਕੀਆਂ ਹਨ। ਟੋਕੀਓ ਓਲੰਪਿਕਸ ਕਮੇਟੀ ਦਾ ਬਿਆਨ ਹੈ ਕਿ ਇਹ ਖੇਡਾਂ ਦੇਖਣਯੋਗ ਹੋਣਗੀਆਂ, ਹੋਟਲ ਕਮਰੇ ਅਤੇ ਟਿਕਟ ਦਾ ਇੰਤਜ਼ਾਮ ਹੋ ਸਕਦਾ ਹੈ।
10. ਖਿਡਾਰੀਆਂ ਦੇ ਰਹਿਣ ਦਾ ਪ੍ਰਬੰਧ ਟੋਕੀਓ ਸ਼ਹਿਰ ਦੇ ਸੈਂਟਰ ਪਾਰਕ ਦੇ ਨਜ਼ਦੀਕ ਓਲੰਪਿਕਸ ਪਿੰਡ ਵਿਚ ਕੀਤਾ ਜਾਵੇਗਾ, ਜਿਸ ਨੂੰ ਤਿਆਰ ਕਰਨ ਲਈ 1.25 ਮਿਲੀਅਨ ਮੁਦਰਾ ਖਰਚਾ ਹੋਇਆ ਹੈ। ਇਥੋਂ ਆਸਾਨੀ ਨਾਲ ਖਿਡਾਰੀ ਸਬੰਧਤ ਸਟੇਡੀਅਮ ਅਤੇ ਈਵੈਂਟਸ ਵਾਲੀ ਥਾਂ ਪਹੁੰਚ ਸਕਦੇ ਹਨ। ਓਲੰਪਿਕਸ ਪਿੰਡ ਵਿਚ ਕਾਰਡ ਬੋਰਡ ਤੋਂ ਬਣਾਏ ਮੰਜੇ ਲਾਏ ਜਾਣਗੇ, ਜਿਸ ਨੂੰ ਖੇਡਾਂ ਪਿਛੋਂ ਉਤਾਰ ਕੇ ਰੀਸਾਈਕਲ ਕੰਪਨੀ ਦੇ ਹਵਾਲੇ ਕੀਤਾ ਜਾਵੇਗਾ ਤਾਂ ਕਿ ਇਨ੍ਹਾਂ ਨੂੰ ਮੁੜ ਵਰਤੋਂ ਵਿਚ ਲਿਆਂਦਾ ਜਾ ਸਕੇ। ਇਥੇ ਹੀ ਖਾਣ-ਪੀਣ ਲਈ ਕੈਫੇਟੇਰੀਆ ਹੋਵੇਗਾ, ਜੋ 24 ਘੰਟੇ ਖੁੱਲ੍ਹਾ ਰਹੇਗਾ।

ਕੌਮਾਂਤਰੀ ਓਲੰਪਿਕਸ ਕਮੇਟੀ ਦੇ ਪ੍ਰਧਾਨ ਥਾਮਸ ਬੈਕ ਪਹਿਲਾਂ ਹੀ ਐਲਾਨ ਕਰ ਚੁਕੇ ਹਨ ਕਿ ਟੋਕੀਓ ਨਵਾਂ ਇਤਿਹਾਸ ਸਿਰਜੇਗਾ, ਕਿਉਂਕਿ ਇਹ ਸਭ ਤੋਂ ਪਾਪੂਲਰ ਓਲੰਪਿਕਸ ਅਤੇ ਅਹਿਮ ਈਵੈਂਟ ਹੋਣ ਦੀ ਸੰਭਾਵਨਾ ਹੈ; ਜਿਵੇਂ 2000 ਵਾਲੀਆਂ ਸਿਡਨੀ (ਆਸਟਰੇਲੀਆ) ਓਲੰਪਿਕਸ ਨੂੰ ਉਸ ਸਮੇਂ ਦੇ ਆਈ. ਓ. ਸੀ. ਦੇ ਪ੍ਰਧਾਨ ਜੁਆਨ ਅੰਤੋਨੀਓ ਸਮਾਰੰਚ ਨੇ 'ਦਿ ਬੈਸਟ' ਕਿਹਾ ਸੀ ਅਤੇ ਬੀਜਿੰਗ (ਚੀਨ) ਵਿਚ ਹੋਈਆਂ 2008 ਵਾਲੀਆਂ ਖੇਡਾਂ ਨੂੰ 'ਆਲ ਟਾਈਮ ਬੈਸਟ' ਦਾ ਮਾਣ ਪ੍ਰਾਪਤ ਹੈ। ਜਾਪਾਨ ਪੁਰਾਣੀ ਸਭਿਅਤਾ ਵਾਲਾ ਦੇਸ਼ ਹੈ ਅਤੇ ਉਨ੍ਹਾਂ ਦੀ ਮਹਿਮਾਨ ਨਿਵਾਜ਼ੀ ਸੰਸਾਰ ਭਰ ਵਿਚ ਪ੍ਰਸਿਧ ਹੈ। ਇਸ ਗੱਲ ਨੂੰ ਮੁੱਖ ਰੱਖਦਿਆਂ ਖੇਡਾਂ ਦੌਰਾਨ ਲਾਏ ਗਏ 'ਜੀ ਆਇਆਂ' ਦੇ ਬੋਰਡ ਅਤੇ ਟੂਰਿਸਟ ਇਥੋਂ ਦੀਆਂ ਸੁੰਦਰ ਇਮਾਰਤਾਂ, ਟੈਂਪਲ, ਸਾਫ-ਸਫਾਈ, ਉਚੇ ਲੰਮੇ ਟਾਵਰ ਅਤੇ ਰੈਸਟੋਰੈਂਟਾਂ ਅੱਗੇ ਲੋਕਾਂ ਦੀਆਂ ਲੱਗੀਆਂ ਲੰਮੀਆਂ ਕਤਾਰਾਂ ਦਾ ਨਜ਼ਾਰਾ ਖੂਬ ਦੇਖ ਸਕਣਗੇ।

ਇਥੇ ਇਕ ਸਵਾਲ ਪੈਦਾ ਹੁੰਦਾ ਹੈ ਕਿ ਕਦੀ ਭਾਰਤ ਵੀ ਇਹ ਖੇਡਾਂ ਕਰਾਉਣ ਦਾ ਦਾਵੇਦਾਰ ਬਣ ਸਕੇਗਾ? ਇਸ ਦੇ ਨਾਲ ਹੀ ਇਹ ਹਵਾਲਾ ਦੇਣਾ ਜ਼ਰੂਰੀ ਹੈ ਕਿ 1988 ਦੀਆਂ ਸਿਓਲ (ਦੱਖਣੀ ਕੋਰੀਆ) ਓਲੰਪਿਕਸ ਖੇਡਾਂ ਵੇਲੇ ਭਾਰਤੀ ਓਲੰਪਿਕਸ ਸੰਘ ਦੇ ਪ੍ਰਧਾਨ ਵੀ. ਸੀ. ਸ਼ੁਕਲਾ ਨੇ ਅਰਜ਼ੀ ਦਰਜ ਕੀਤੀ ਸੀ ਅਤੇ ਦਾਅਵੇ ਅੱਜ ਵੀ ਕੀਤੇ ਜਾਂਦੇ ਹਨ, ਪਰ ਮੰਜ਼ਿਲ ਅਜੇ ਕਿੰਨੀ ਦੂਰ ਹੈ, ਇਸ ਦਾ ਅੰਦਾਜ਼ਾ ਲਾਉਣਾ ਸੁਪਨੇ ਦੇ ਬਰਾਬਰ ਹੀ ਹੈ। ਦੇਸ਼ ਦੀ ਰਾਜਧਾਨੀ ਵਿਚ 2010 ਵਿਚ ਹੋਈਆਂ ਕਾਮਨਵੈਲਥ ਖੇਡਾਂ (ਜੋ ਅਸਲ ਵਿਚ ਗੁਲਾਮੀ ਦੀ ਯਾਦ ਕਰਵਾਉਂਦੀਆਂ ਹਨ) ਦੌਰਾਨ ਜਿਸ ਤਰ੍ਹਾਂ ਘੁਟਾਲੇ ਸਾਹਮਣੇ ਆਏ, ਉਸ ਦਾ ਪ੍ਰਭਾਵ ਚੰਗਾ ਨਹੀਂ ਪਿਆ। ਇਨ੍ਹਾਂ ਘੁਟਾਲਿਆਂ ਵਿਚ ਸਿਆਸੀ ਆਗੂਆਂ ਦੇ ਨਾਂ ਬੋਲੇ ਸਨ।

2024 ਦੀਆਂ ਓਲੰਪਿਕਸ ਖੇਡਾਂ ਪੈਰਿਸ (ਫਰਾਂਸ) ਅਤੇ 2028 ਵਾਲੀਆਂ ਲਾਸ ਏਂਜਲਸ (ਅਮਰੀਕਾ) ਵਿਚ ਹੋਣੀਆਂ ਹਨ। ਇਨ੍ਹਾਂ ਖੇਡਾਂ ਉਤੇ ਭਾਰੀ ਰਕਮ ਖਰਚਣੀ ਪੈਂਦੀ ਹੈ। ਆਮ ਤੌਰ 'ਤੇ ਇਹ ਅੰਦਾਜ਼ਾ ਲਾਉਣਾ ਬੜਾ ਮੁਸ਼ਕਿਲ ਹੁੰਦਾ ਹੈ ਕਿ ਖੇਡਾਂ 'ਤੇ ਕਿੰਨਾ ਖਰਚਾ ਆਵੇਗਾ। ਟੋਕੀਓ ਓਲੰਪਿਕਸ ਖੇਡਾਂ ਲਈ 20 ਬਿਲੀਅਨ ਖਰਚਾ ਹੋਣ ਦੀ ਸੰਭਾਵਨਾ ਹੈ, ਜਿਸ ਦਾ 70 ਫੀਸਦੀ ਪੈਸਾ ਟੈਕਸ ਜ਼ਰੀਏ ਇਕੱਠਾ ਕੀਤਾ ਗਿਆ ਹੈ। ਪੈਰਿਸ ਵਿਚ 8 ਬਿਲੀਅਨ ਅਤੇ ਲਾਸ ਏਂਜਲਸ ਲਈ 7 ਬਿਲੀਅਨ ਅਮਰੀਕੀ ਡਾਲਰ ਦਾ ਅੰਦਾਜ਼ਾ ਲਾਇਆ ਜਾ ਰਿਹਾ ਹੈ।

## ਗਰਾਊਂਡਾਂ ਵਿਰਾਨ ਤੇ ਖਿਡਾਰੀ ਪ੍ਰੇਸ਼ਾਨ!

ਕਰੋਨਾ ਵਾਇਰਸ ਕਾਰਨ ਟੋਕੀਓ ਓਲੰਪਿਕਸ ਖੇਡਾਂ ਮੁਲਤਵੀ ਹੋਣ ਕਰ ਕੇ ਵੱਖ ਵੱਖ ਮੁਲਕਾਂ ਦੀਆਂ ਕੀਤੀਆਂ ਤਿਆਰੀਆਂ ਧਰੀਆਂ ਧਰਾਈਆਂ ਰਹਿ ਗਈਆਂ ਹਨ। ਵਿੰਬਲਡਨ ਟੈਨਿਸ ਟੂਰਨਾਮੈਂਟ, ਯੂਰੋ ਕੱਪ ਫੁੱਟਬਾਲ, ਸੁਲਤਾਨ ਅਜ਼ਲਾਨ ਸ਼ਾਹ ਹਾਕੀ ਕੱਪ ਅਤੇ ਕਈ ਹੋਰ ਵਿਸ਼ਵ ਪੱਧਰ ਦੀਆਂ ਚੈਂਪੀਅਨਸ਼ਿਪ ਕਰੋਨਾ ਵਾਇਰਸ ਕਾਰਨ ਮੁਲਤਵੀ ਜਾਂ ਰੱਦ ਹੋ ਗਈਆਂ ਹਨ। ਦੁਨੀਆਂ ਦੇ ਖੇਡ ਜਗਤ ਵਿਚ ਨਿਰਾਸ਼ਾ ਦਾ ਆਲਮ ਤਾਰੀ ਹੈ। ਅਜਿਹੇ ਹਾਲਾਤ ਪਹਿਲੇ ਅਤੇ ਦੂਜੇ ਵਿਸ਼ਵ ਯੁੱਧ ਦੌਰਾਨ ਹੋਏ ਸਨ, ਜਦੋਂ ਬਹੁਤ ਸਾਰੇ ਖਿਡਾਰੀਆਂ ਦਾ ਖੇਡ ਕੈਰੀਅਰ ਵੀ ਤਹਿਸ ਨਹਿਸ ਹੋ ਗਿਆ ਸੀ। ਹਾਕੀ ਦੇ ਜਾਦੂਗਰ ਧਿਆਨ ਚੰਦ ਨੇ ਤਿੰਨ ਓਲੰਪਿਕਸ (1928, 1932 ਤੇ 1936) ਖੇਡੀਆਂ। ਤਿੰਨਾਂ ਵਿਚ ਹੀ ਸੋਨ ਤਮਗਾ ਜਿੱਤਿਆ। ਜੇ ਦੂਜਾ ਵਿਸ਼ਵ ਯੁੱਧ ਨਾ ਹੁੰਦਾ ਤਾਂ ਉਸ ਨੇ ਦੋ ਓਲੰਪਿਕਸ (1940 ਤੇ 1944) ਹੋਰ ਖੇਡ ਜਾਣੀਆਂ ਸਨ।

1936 ਬਰਲਿਨ ਓਲੰਪਿਕਸ ਵਿਚ ਚਾਰ ਸੋਨ ਤਮਗੇ ਜਿੱਤਣ ਵਾਲੇ ਅਮਰੀਕਨ ਅਥਲੀਟ ਜੈਸੀ ਓਵਨਜ਼ ਨੇ ਵੀ ਅਗਲੇ ਓਲੰਪਿਕ ਵਿਚ ਚੰਗੀ ਧਾਕ ਜਮਾਉਣੀ ਸੀ। ਅਮਰੀਕਾ ਪੱਖੀ ਮੁਲਕਾਂ ਵੱਲੋਂ 1980 ਮਾਸਕੋ ਓਲੰਪਿਕਸ ਦੇ ਬਾਈਕਾਟ ਨੇ ਵੀ ਬਹੁਤ ਸਾਰੇ ਖਿਡਾਰੀਆਂ ਦਾ ਖੇਡ ਕੈਰੀਅਰ ਬਰਬਾਦ ਕੀਤਾ। ਫਿਰ 1984 ਵਿਚ ਲਾਸ ਏਂਜਲਸ ਓਲੰਪਿਕਸ ਵਿਚ ਸੋਵੀਅਤ ਯੂਨੀਅਨ ਅਤੇ ਉਸ ਪੱਖੀ ਮੁਲਕਾਂ ਵੱਲੋਂ ਕੀਤੇ ਬਾਈਕਾਟ ਨੇ ਵੀ ਖਿਡਾਰੀਆਂ ਦਾ ਵੱਡਾ ਨੁਕਸਾਨ ਕੀਤਾ।

ਭਾਰਤ ਦੀਆਂ ਖੇਡਾਂ ਦੀ ਗੱਲ ਕਰੀਏ ਤਾਂ ਕੌਮੀ ਪੱਧਰ ਦੇ ਸਾਰੇ ਟੂਰਨਾਮੈਂਟ ਅਤੇ ਹੋਰ ਜੋ ਮੁਕਾਬਲੇ ਹੋਣੇ ਸਨ, ਰੱਦ ਹੋ ਗਏ ਹਨ। ਪੰਜਾਬ ਦਾ ਖੇਡ ਢਾਂਚਾ ਵੀ ਪੂਰੀ ਤਰ੍ਹਾਂ ਜਾਮ ਹੋ ਗਿਆ ਹੈ। ਪੰਜਾਬ ਦੇ ਪੇਂਡੂ ਖੇਡ ਮੇਲੇ ਖਾਸ ਕਰਕੇ ਕਬੱਡੀ ਕੱਪ, ਜੋ ਅਪਰੈਲ ਦੇ ਅੱਧ ਤੱਕ ਚੱਲਦੇ ਹਨ, ਉਹ ਵੀ 20 ਮਾਰਚ ਤੋਂ ਬਾਅਦ ਕਿਤੇ ਨਹੀਂ ਹੋਏ। ਕਬੱਡੀ ਖਿਡਾਰੀਆਂ ਦਾ ਕਾਫੀ ਵਿੱਤੀ ਨੁਕਸਾਨ ਹੋਇਆ ਤੇ ਕਬੱਡੀ ਪ੍ਰੋਮੋਟਰਾਂ ਨੂੰ ਨਿਰਾਸ਼ਾ ਝੱਲਣੀ ਪਈ। ਅਖਬਾਰੀ ਖੇਡ ਖਬਰਾਂ ਵਿਚ ਚੁੱਪ ਵਿਸਰ ਗਈ, ਇਲੈਕਟ੍ਰਾਨਿਕ ਖੇਡ ਮੀਡੀਏ ਨੂੰ ਆਪਣੇ ਕੈਮਰੇ ਕਿੱਲੀਆਂ 'ਤੇ ਟੰਗਣੇ ਪੈ ਗਏ ਹਨ।

-ਜਗਰੂਪ ਸਿੰਘ ਜਰਖੜ, ਫੋਨ: 91-98143-00722

# ਅਮਰੀਕੀ ਰਾਸ਼ਟਰਪਤੀ ਦੀ ਚੋਣ ਦੇ ਅਰਥ

ਬਰਤਾਨੀਆ ਵਿਚ ਚਿਰਾਂ ਤੋਂ ਚੋਣਾਂ ਹੋ ਰਹੀਆਂ ਹਨ ਅਤੇ ਭਾਰਤ ਵਾਸੀ ਭਾਰੀ ਗਿਣਤੀ ਵਿਚ ਵੋਟਾਂ ਪਾਉਂਦੇ ਹਨ ਪਰ ਜਮਹੂਰੀ ਚੋਣਾਂ ਦੀ ਵੱਡੀ ਕਵਾਇਦ ਅਮਰੀਕੀ ਰਾਸ਼ਟਰਪਤੀ ਦੀ ਚੋਣ ਵੇਲੇ ਹੁੰਦੀ ਹੈ। ਇਹ ਸ਼ਾਇਦ ਹੁਣ ਕਿਸੇ ਇਕ ਮੁਲਕ ਦਾ ਮਾਮਲਾ ਨਹੀਂ ਰਿਹਾ। ਅਮਰੀਕਾ ਕਿਉਂਕਿ ਦੁਨੀਆਂ ਦਾ ਸਭ ਤੋਂ ਅਮੀਰ ਤੇ ਤਾਕਤਵਰ ਮੁਲਕ ਹੈ, ਇਸ ਕਾਰਨ ਉਸ ਦੀ ਅਗਵਾਈ ਕੌਣ ਕਰ ਰਿਹਾ ਹੈ, ਇਸ ਦਾ ਅਸਰ ਸਾਰੀ ਦੁਨੀਆਂ ਉਤੇ ਪੈਂਦਾ ਹੈ। ਬਰਤਾਨੀਆ ਦੇ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਦੀਆਂ ਨੀਤੀਆਂ ਕਾਰਨ ਯੂਰਪ ਤੋਂ ਬਾਹਰ ਸ਼ਾਇਦ ਹੀ ਕੋਈ ਹਿਲਜੁਲ ਹੁੰਦੀ ਹੋਵੇ। ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਨੀਤੀਆਂ ਦੀ ਵੀ ਦੱਖਣੀ ਏਸ਼ੀਆ ਤੋਂ ਬਾਹਰ ਕੋਈ ਅਹਿਮੀਅਤ ਨਹੀਂ ਪਰ ਅਮਰੀਕੀ ਸਦਰ ਦੇ ਕੁਝ ਕਰਨ ਜਾਂ ਨਾ ਕਰਨ ਦਾ ਅਸਰ ਸਾਰੀ ਕਾਇਨਾਤ 'ਤੇ ਪੈ ਸਕਦਾ ਹੈ। ਜੇ ਅਮਰੀਕੀ ਸਦਰ ਦੀਆਂ 2000 ਦੀਆਂ ਚੋਣਾਂ

**ਰਾਮਚੰਦਰ ਗੁਹਾ**

ਜਾਰਜ ਵਾਕਰ ਬੁਸ਼ ਦੀ ਥਾਂ ਅਲ ਗੋਰ ਜਿੱਤ ਜਾਂਦੇ ਤਾਂ ਬਹੁਤ ਸੰਭਾਵਨਾ ਸੀ ਕਿ ਇਰਾਕ ਜੰਗ ਨਾ ਹੁੰਦੀ ਅਤੇ ਉਸ ਸੂਰਤ ਵਿਚ ਸੰਸਾਰ ਹੁਣ ਨਾਲੋਂ ਕਿਤੇ ਵੱਧ ਮਹਿਫੂਜ਼ ਹੁੰਦਾ।

ਅਮਰੀਕੀ ਰਾਸ਼ਟਰਪਤੀ ਦੀਆਂ 2020 ਦੀਆਂ ਚੋਣਾਂ ਦੁਨੀਆਂ ਲਈ ਅਹਿਮ ਹੋਣੀਆਂ ਹੀ ਸਨ, ਕਰੋਨਾ ਸੰਕਟ ਕਾਰਨ ਇਹ ਹੋਰ ਅਹਿਮ ਹੋ ਗਈਆਂ ਹਨ। ਟਰੰਪ ਦੇ ਅਹੁਦੇ ਦਾ ਪਹਿਲਾ ਕਾਰਜਕਾਲ ਅਮਰੀਕਾ ਲਈ ਚੰਗਾ ਰਿਹਾ ਜਾਂ ਨਹੀਂ, ਇਸ ਬਾਰੇ ਤਾਂ ਅਮਰੀਕੀ ਹੀ ਦੱਸ ਸਕਦੇ ਹਨ ਪਰ ਇਹ ਕਾਰਜਕਾਲ ਸੰਸਾਰ ਲਈ ਮਾੜਾ ਰਿਹਾ, ਇਸ ਵਿਚ ਕੋਈ ਸ਼ੱਕ ਨਹੀਂ। ਉਨ੍ਹਾਂ ਵਲੋਂ ਪੈਰਿਸ ਇਕਰਾਰਨਾਮੇ ਤੋਂ ਪਿੱਛੇ ਹਟਣ ਕਾਰਨ ਵਾਤਾਵਰਨ ਤਬਦੀਲੀ ਦਾ ਸੰਕਟ ਹੋਰ ਗੰਭੀਰ ਹੋ ਗਿਆ ਹੈ। ਉਨ੍ਹਾਂ ਵਲੋਂ ਇਰਾਨ ਉਤੇ ਨਵੀਆਂ ਪਾਬੰਦੀਆਂ ਲਾਏ ਜਾਣ ਦੀ ਕਾਰਵਾਈ ਨੇ ਹਮੇਸ਼ਾ ਹੀ ਨਾਜ਼ੁਕ ਹਾਲਤ ਵਿਚ ਰਹਿੰਦੇ ਮੱਧ-ਪੂਰਬ ਨੂੰ ਹੋਰ ਅਸਥਿਰ ਕਰ ਦਿੱਤਾ ਹੈ।

ਸੰਸਾਰ ਅੱਜ ਜਨਵਰੀ 2017 ਦੇ ਮੁਕਾਬਲੇ ਕਿਤੇ ਘੱਟ ਸੁਰੱਖਿਅਤ ਤੇ ਵੱਧ ਅਸੰਤੁਸ਼ਟ ਹੈ। ਯਕੀਨਨ ਇਸ ਹਾਲਾਤ ਲਈ ਅਨੇਕਾਂ ਕਾਰਨ ਜ਼ਿੰਮੇਵਾਰ ਹਨ ਪਰ ਟਰੰਪ ਤੇ ਉਨ੍ਹਾਂ ਦੀਆਂ ਨੀਤੀਆਂ ਵੱਧ ਜ਼ਿੰਮੇਵਾਰ ਹਨ। ਇਹੋ ਕਾਰਨ ਹੈ ਕਿ ਅਜਿਹੇ ਬਹੁਤ ਸਾਰੇ ਲੋਕ, ਜਿਹੜੇ ਅਮਰੀਕੀ ਸ਼ਹਿਰੀ ਵੀ ਨਹੀਂ, ਬੇਸਬਰੀ ਨਾਲ ਅਮਰੀਕੀ ਰਾਸ਼ਟਰਪਤੀ ਦੀ ਚੋਣ ਉਡੀਕ ਰਹੇ ਹਨ। ਜੇ ਟਰੰਪ ਮੁੜ ਚੋਣ ਜਿੱਤ ਜਾਂਦੇ ਹਨ ਤਾਂ ਸੰਸਾਰ ਨੂੰ ਵਧੇਰੇ ਸੁਰੱਖਿਅਤ ਅਤੇ ਸੰਤੁਸ਼ਟ ਬਣਾਉਣ ਦੇ ਆਸਾਰ, ਉਨ੍ਹਾਂ ਦੇ ਹਾਰ ਜਾਣ ਦੇ ਮੁਕਾਬਲੇ ਘਟ ਜਾਣਗੇ।



ਫਰਵਰੀ ਵਿਚ ਮੈਂ ਅਮਰੀਕਾ ਵਿਚ ਸਾਂ ਅਤੇ ਰਾਸ਼ਟਰਪਤੀ ਦੇ ਅਹੁਦੇ ਲਈ ਡੈਮੋਕਰੈਟ ਉਮੀਦਵਾਰੀ ਦੇ ਦਾਅਵੇਦਾਰਾਂ ਦੀਆਂ ਕੁਝ ਬਹਿਸਾਂ ਦੇਖੀਆਂ। ਉਦੋਂ ਮੁਕਾਬਲੇ ਵਿਚ ਵਰਮੌਂਟ ਦੇ ਸੈਨੇਟਰ ਬਰਨੀ ਸੈਂਡਰਜ਼ ਸਭ ਤੋਂ ਅੱਗੇ ਸਨ। ਮੇਰੇ ਅਮਰੀਕੀ ਦੋਸਤ (ਜਿਹੜੇ ਟਰੰਪ ਨੂੰ ਨਾਪਸੰਦ ਕਰਦੇ ਹਨ) ਇਸ ਮੁੱਦੇ 'ਤੇ ਵੰਡੇ ਹੋਏ ਸਨ। ਕੁਝ ਦਾ ਖਿਆਲ ਸੀ ਕਿ ਗੋਰੇ ਕਿਰਤੀ ਵਰਗ ਵਿਚ ਚਹੇਤੇ ਹੋਣ ਕਾਰਨ ਸੈਂਡਰਜ਼ ਜ਼ਰੂਰ ਇੰਨੇ ਕੁ ਡੈਮੋਕਰੈਟ ਵੋਟਰਾਂ ਨੂੰ ਖਿੱਚ ਲੈਣਗੇ ਕਿ ਉਹ ਟਰੰਪ ਨੂੰ ਹਰਾ ਸਕਣ ਪਰ ਹੋਰਨਾਂ ਦਾ ਖਿਆਲ ਹੈ ਕਿ ਖੱਬੇ-ਪੱਖੀ ਸੋਚ ਵਾਲੇ ਹੋਣ ਕਾਰਨ ਸੈਂਡਰਜ਼ ਹਾਰ ਸਕਦੇ ਹਨ, ਉਹ ਵੀ ਬੁਰੀ ਤਰ੍ਹਾਂ।

ਮਾਰਚ ਦੇ ਸ਼ੁਰੂ ਵਿਚ ਨਿਊ ਯਾਰਕ ਤੋਂ ਪਰਤਿਆ ਤਾਂ ਉਦੋਂ ਤੱਕ ਮੁਕਾਬਲੇ ਵਿਚ ਜੋਅ ਬਿਡੇਨ ਵੀ ਸੈਂਡਰਜ਼ ਦੇ ਕਰੀਬ ਆ ਰਹੇ ਸਨ। ਛੇਤੀ ਹੀ ਉਨ੍ਹਾਂ ਸੈਂਡਰਜ਼ ਨੂੰ ਪਛਾੜ ਦਿੱਤਾ ਅਤੇ ਹੁਣ ਬਿਡੇਨ ਡੈਮੋਕਰੈਟ ਉਮੀਦਵਾਰ ਹਨ। ਮੇਰੇ ਕੁਝ ਦੋਸਤ ਸੋਚਦੇ ਹਨ ਕਿ ਬਿਡੇਨ ਨੂੰ ਆਪਣੀ ਸ਼ਰਾਫਤ ਤੇ ਦ੍ਰਿੜ੍ਹਤਾ ਸਦਕਾ ਜ਼ਰੂਰ ਗੋਰੇ ਵੋਟਰਾਂ ਦੇ ਇਕ ਹਿੱਸੇ ਦੀਆਂ ਵੋਟਾਂ ਮਿਲ ਜਾਣਗੀਆਂ ਅਤੇ ਸਾਬਕਾ ਸਦਰ ਬਰਾਕ ਓਬਾਮਾ ਨਾਲ ਨਜ਼ਦੀਕੀ ਸਦਕਾ ਅਫਰੀਕੀ-ਅਮਰੀਕੀ ਭਾਈਚਾਰਾ ਵੱਡੀ ਗਿਣਤੀ ਵਿਚ ਉਨ੍ਹਾਂ ਦੀ ਹਮਾਇਤ 'ਤੇ ਆਵੇਗਾ। ਹੋਰਨਾਂ ਦਾ ਖਿਆਲ ਹੈ ਕਿ ਬਿਡੇਨ ਦੀ ਉਮਰ, ਊਰਜਾ ਦੀ ਕਮੀ, ਉਨ੍ਹਾਂ ਦੇ ਪੁੱਤਰ ਵਲੋਂ ਯੂਕਰੇਨ ਨਾਲ ਕਾਰੋਬਾਰ ਕੀਤੇ ਜਾਣ ਆਦਿ ਵਰਗੇ ਮੁੱਦੇ ਡੈਮੋਕਰੈਟਾਂ ਵਲੋਂ ਟਰੰਪ ਨੂੰ ਹਰਾਉਣ ਦੀਆਂ ਉਮੀਦਾਂ ਲਈ ਫੈਸਲਾਕੁਨ ਸਾਬਤ ਹੋਣਗੇ।

ਕਰੋਨਾ ਵਾਇਰਸ ਦੇ ਉਭਾਰ ਅਤੇ ਇਸ ਦੇ ਅਮਰੀਕਾ ਵਿਚ ਪਸਾਰ ਨੇ ਨਵੇਂ ਸਵਾਲ ਖੜ੍ਹੇ ਕਰ ਦਿੱਤੇ ਹਨ। ਟਰੰਪ ਦੀ ਇਸ ਪ੍ਰਤੀ ਪਹਿਲੀ ਪ੍ਰਤੀਕਿਰਿਆ ਸ਼ੇਖੀ ਤੇ ਇਨਕਾਰ ਵਾਲੀ ਸੀ; ਉਨ੍ਹਾਂ ਇਸ ਵਾਇਰਸ ਦੇ ਖਤਰੇ ਨੂੰ ਮੰਨਣ ਤੋਂ ਹੀ ਨਾਂਹ ਕਰ ਦਿੱਤੀ ਅਤੇ ਦਾਅਵਾ (ਝੂਠਾ) ਕੀਤਾ ਕਿ ਉਨ੍ਹਾਂ ਦੀ ਸਰਕਾਰ ਨੇ ਬਚਾਅ ਲਈ ਲੋੜੀਂਦੇ ਕਦਮ ਚੁੱਕ ਲਏ ਹਨ ਪਰ ਜਦੋਂ ਮੁਲਕ ਵਿਚ ਕਰੋਨਾ ਦੇ ਮਾਮਲਿਆਂ ਵਿਚ ਅਚਾਨਕ ਵਾਧਾ ਹੋਇਆ ਤਾਂ ਕਾਫੀ ਪਛੜ ਕੇ ਉਹ ਹਰਕਤ ਵਿਚ ਆਏ। ਉਨ੍ਹਾਂ ਕਾਂਗਰਸ ਤੋਂ ਕਰੋਨਾ ਰਾਹਤ ਪੈਕੇਜ ਪਾਸ ਕਰਵਾਇਆ ਜਿਸ ਨਾਲ ਮੁਫਤ ਟੈਸਟਾਂ ਅਤੇ ਮੁਲਾਜ਼ਮਾਂ ਨੂੰ ਐਮਰਜੈਂਸੀ ਵਿਚ ਤਨਖਾਹਸ਼ੁਦਾ ਛੁੱਟੀ ਦੇਣ ਦਾ ਰਾਹ ਸਾਫ ਹੋਇਆ; ਨਾਲ ਹੀ ਉਨ੍ਹਾਂ ਸਬੰਧਤ ਧਿਰਾਂ ਨਾਲ ਬਾਕਾਇਦਾ ਮੀਟਿੰਗਾਂ ਸ਼ੁਰੂ ਕੀਤੀਆਂ। ਨਾਲ ਦੀ ਨਾਲ ਉਨ੍ਹਾਂ ਇਸ ਮਾਮਲੇ ਵਿਚ ਨਸਲਪ੍ਰਸਤ ਰਾਗ ਅਲਾਪਦਿਆਂ ਇਸ ਸੰਕਟ ਨੂੰ 'ਚੀਨੀ ਵਾਇਰਸ' ਦਾ ਨਾਂ ਦਿੱਤਾ।

ਟਰੰਪ ਨੇ ਆਪਣੇ ਸਲਾਹਕਾਰਾਂ ਦੇ ਦਬਾਅ ਕਾਰਨ ਇਸ ਮਾਮਲੇ ਵਿਚ ਚੀਨੀਆਂ ਨੂੰ ਖਲਨਾਇਕ ਬਣਾ ਕੇ ਪੇਸ਼ ਕਰਨਾ ਬੰਦ ਕੀਤਾ ਪਰ ਹੁਣ ਉਨ੍ਹਾਂ ਨਵਾਂ ਬਲੀ ਦਾ ਬੱਕਰਾ ਲੱਭ ਲਿਆ ਹੈ - ਸੰਸਾਰ ਸਿਹਤ ਸੰਸਥਾ (ਡਬਲਿਊ.ਐਚ.ਓ.)। ਉਨ੍ਹਾਂ ਦਾ ਦਾਅਵਾ ਹੈ ਕਿ ਡਬਲਿਊ.ਐਚ.ਓ. ਨੇ ਵਾਇਰਸ ਫੈਲਣ ਦੀ ਰਫਤਾਰ ਨੂੰ ਘਟਾ ਕੇ ਦੇਖਿਆ ਅਤੇ ਸਿੱਟੇ ਵਜੋਂ ਅਮਰੀਕਾ ਨੇ ਇਸ ਮੁਤੱਲਕ ਵੇਲੇ ਸਿਰ ਢੁਕਵੀਂ ਕਾਰਵਾਈ ਨਹੀਂ ਕੀਤੀ ਪਰ ਦੋ ਕਾਰਨਾਂ ਕਰ ਕੇ ਇਹ ਗੱਲ ਪੂਰੀ ਤਰ੍ਹਾਂ ਸਹੀ ਨਹੀਂ ਮੰਨੀ ਜਾ ਸਕਦੀ। ਪਹਿਲਾ, ਟਰੰਪ ਨੇ ਹਮੇਸ਼ਾ ਡਬਲਿਊ.ਐਚ.ਓ. ਵਰਗੇ ਬਹੁਧਿਰੀ ਅਦਾਰਿਆਂ ਪ੍ਰਤੀ ਆਪਣੀ ਨਫਰਤ ਦਾ ਪ੍ਰਗਟਾਵਾ ਕੀਤਾ ਹੈ; ਉਨ੍ਹਾਂ ਅਜਿਹੇ ਅਦਾਰਿਆਂ ਨੂੰ ਅਮਰੀਕੀ ਸਰਕਾਰ ਤੋਂ ਮਿਲਣ ਵਾਲੇ ਫੰਡਾਂ ਵਿਚ ਕਟੌਤੀ ਕੀਤੀ ਅਤੇ ਉਹ ਬੀਤੇ ਦੌਰਾਨ ਇਨ੍ਹਾਂ ਵਲੋਂ ਦਿੱਤੀ ਗਈ ਸਲਾਹ ਨੂੰ ਅਣਡਿੱਠ ਕਰ ਚੁੱਕੇ ਹਨ। ਦੂਜਾ, ਜਨਵਰੀ ਦੌਰਾਨ ਹੀ ਟਰੰਪ ਦੇ ਆਪਣੇ ਵਪਾਰਕ ਸਲਾਹਕਾਰ ਪੀਟਰ ਨਾਵਾਰੋ ਨੇ ਉਨ੍ਹਾਂ ਨੂੰ ਖਬਰਦਾਰ ਕੀਤਾ ਸੀ ਕਿ ਕਰੋਨਾ ਵਾਇਰਸ ਦਾ ਸੰਕਟ ਅਮਰੀਕੀ ਅਰਥਚਾਰੇ ਨੂੰ ਤਬਾਹ ਕਰ ਸਕਦਾ ਤੇ ਵੱਡੀ ਗਿਣਤੀ ਮੌਤਾਂ ਦਾ ਕਾਰਨ ਬਣ ਸਕਦਾ ਹੈ। ਨਾਵਾਰੋ ਨੇ ਕਿਹਾ ਕਿ ਕਿਉਂਕਿ ਇਸ ਬਿਮਾਰੀ ਦੀ ਰੋਕਥਾਮ ਲਈ ਕੋਈ ਟੀਕਾ ਨਹੀਂ ਹੈ, 'ਇਸ ਕਾਰਨ ਸੁਰੱਖਿਆ ਦੀ ਇਹ ਅਣਹੋਂਦ ਕਰੋਨਾਵਾਇਰਸ ਦੇ ਵਿਆਪਕ ਮਹਾਂਮਾਰੀ ਬਣਨ ਦੇ ਖਤਰੇ ਨੂੰ ਵਧਾਉਂਦੀ ਹੈ, ਜਿਸ ਨਾਲ ਲੱਖਾਂ ਅਮਰੀਕੀਆਂ ਦੀ ਜਾਨ ਖਤਰੇ ਵਿਚ ਪੈ ਸਕਦੀ ਹੈ'। ਨਾਵਾਰੋ ਦੀ ਇਸ ਚਿਤਾਵਨੀ ਦੇ ਹਵਾਲੇ ਨਾਲ 'ਨਿਊ ਯਾਰਕ ਟਾਈਮਜ਼' ਨੇ ਲਿਖਿਆ ਹੈ: 'ਇਹ ਚਿਤਾਵਨੀ 29 ਜਨਵਰੀ ਨੂੰ ਉਸ ਮੌਕੇ ਆਈ ਜਦੋਂ ਟਰੰਪ ਇਸ ਸੰਕਟ ਤੋਂ ਅਮਰੀਕਾ ਨੂੰ ਦਰਪੇਸ਼ ਖਤਰੇ ਨੂੰ ਨਜ਼ਰਅੰਦਾਜ਼ ਕਰ ਰਹੇ ਸਨ, ਤੇ ਬਾਅਦ ਵਿਚ ਉਨ੍ਹਾਂ ਕਿਹਾ ਕਿ ਕੋਈ ਵੀ ਇਸ ਦੇ ਅਜਿਹੇ ਭਿਆਨਕ ਸਿੱਟਿਆਂ ਦੀ ਪੇਸ਼ੀਨਗੋਈ ਨਹੀਂ ਸੀ ਕਰ ਸਕਦਾ।'

ਇਸ ਮੌਕੇ ਇਹ ਆਖਣਾ ਔਖਾ ਹੈ ਕਿ ਕਰੋਨਾ ਨੇ ਟਰੰਪ ਦੇ ਮੁੜ ਚੋਣ ਜਿੱਤਣ ਦੇ ਆਸਾਰ ਵਧਾਏ ਹਨ ਜਾਂ ਘਟਾਏ। ਇਕ ਪਾਸੇ ਉਨ੍ਹਾਂ ਦੀ ਅਸਥਿਰ ਸ਼ਖਸੀਅਤ ਸਾਫ ਤੌਰ ਤੇ ਇਸ ਜ਼ਿੰਮੇਵਾਰੀ ਉਤੇ ਭਾਰੀ ਪੈ ਰਹੀ ਹੈ; ਇਸੇ ਤਰ੍ਹਾਂ ਮਾਹਿਰਾਨਾ ਗਿਆਨ ਵੀ ਉਨ੍ਹਾਂ ਨੂੰ ਪਸੰਦ ਨਹੀਂ। ਇਸ ਹਾਲਤ ਵਿਚ ਹੋ ਸਕਦਾ ਹੈ ਕਿ ਵੋਟਰਾਂ ਦਾ ਝੁਕਾਅ ਵਧੇਰੇ ਸੁਰੱਖਿਅਤ ਤੇ ਸਥਿਰ ਮੰਨੇ ਜਾਂਦੇ ਬਿਡੇਨ ਵਲ ਹੋ ਜਾਵੇ ਪਰ ਦੂਜੇ ਪਾਸੇ ਇਸ ਵਾਇਰਸ ਨੂੰ ਖਤਰਨਾਕ ਦੁਸ਼ਮਣ ਵਲੋਂ ਸਾਜ਼ਿਸ਼ ਤਹਿਤ ਅਮਰੀਕਾ ਵਿਚ ਫੈਲਾਏ ਜਾਣ ਦਾ ਪ੍ਰਚਾਰ ਕਰ ਕੇ ਟਰੰਪ ਪਹਿਲਾਂ ਹੀ ਉਹੋ ਜਿਹੀਆਂ ਸਹਿਮ ਭਾਵਨਾਵਾਂ ਜਗਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਜਿਨ੍ਹਾਂ ਨੇ 2016 ਵਿਚ ਉਨ੍ਹਾਂ ਦੀ ਚੋਣ ਜਿੱਤਣ ਵਿਚ ਮਦਦ ਕੀਤੀ ਸੀ। ਉਹ ਇਕ ਤਰ੍ਹਾਂ ਉਹੋ ਜਿਹਾ ਮਾਹੌਲ ਸਿਰਜ ਰਹੇ ਸਨ, ਜਿਹੋ ਜਿਹਾ ਭਾਰਤੀ ਪ੍ਰਧਾਨ ਮੰਤਰੀ ਮੋਦੀ ਨੇ 2019 ਵਿਚ ਆਪਣੀ ਦੂਜੀ ਚੋਣ ਜਿੱਤਣ ਲਈ ਸਿਰਜਿਆ ਸੀ।

ਜੇ 2016 ਵਿਚ ਟਰੰਪ ਦਾ ਚੋਣ ਜਿੱਤਣਾ ਸੰਸਾਰ ਲਈ ਮਾੜੀ ਖਬਰ ਸੀ ਤਾਂ ਉਨ੍ਹਾਂ ਦਾ ਇਸ ਵਾਰ ਚੁਣੇ ਜਾਣਾ ਹੋਰ ਵੀ ਭਿਆਨਕ ਹੋਵੇਗਾ। ਇਸ ਨਾਲ ਵਾਤਾਵਰਨ ਤਬਦੀਲੀ ਵਲੋਂ ਇਨਸਾਨੀਅਤ ਲਈ ਖੜ੍ਹਾ ਕੀਤਾ ਖਤਰਾ ਹੋਰ ਵੱਡਾ ਹੋ ਸਕਦਾ ਹੈ। ਮੱਧ-ਪੂਰਬ ਵਿਚ ਖਾਨਾਜੰਗੀ ਹੋਰ ਤੇਜ਼ ਹੋ ਸਕਦੀ ਹੈ। ਅਮਰੀਕਾ ਤੇ ਚੀਨ ਦੇ ਰਿਸ਼ਤੇ ਵਧੇਰੇ ਖਰਾਬ ਹੋ ਸਕਦੇ ਹਨ, ਇਸੇ ਤਰ੍ਹਾਂ ਅਮਰੀਕਾ ਤੇ ਯੂਰਪ ਦੇ ਰਿਸ਼ਤੇ ਵੀ। ਬਹੁਧਿਰੀ ਅਦਾਰੇ ਜਿਵੇਂ ਡਬਲਿਊ.ਐਚ.ਓ. ਅਤੇ ਸੰਯੁਕਤ ਰਾਸ਼ਟਰ ਦੇ ਸ਼ਰਨਾਰਥੀਆਂ ਬਾਰੇ ਹਾਈ ਕਮਿਸ਼ਨ ਨੂੰ ਹੋਰ ਹੇਠੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਕਰੋਨਾ ਦੇ ਉਭਾਰ ਨੇ ਅਸਲ ਵਿਚ ਅਮਰੀਕਾ ਤੋਂ ਬਾਹਰਲੇ ਸੰਸਾਰ ਦੀ ਇਹ ਲੋੜ ਹੋਰ ਵਧਾ ਦਿੱਤੀ ਹੈ ਕਿ ਅਮਰੀਕੀ ਸਦਰ ਦੀ ਚੋਣ ਡੈਮੋਕਰੈਟ ਉਮੀਦਵਾਰ ਹੀ ਜਿੱਤੇ। ਸਾਰੀ ਦੁਨੀਆਂ ਨੂੰ ਇਸ ਵਾਇਰਸ ਦੀ ਭਾਰੀ ਆਰਥਿਕ, ਸਮਾਜਿਕ ਅਤੇ ਮਾਨਸਿਕ ਕੀਮਤ ਚੁਕਾਉਣੀ ਪਵੇਗੀ ਜਿਸ ਦੀ ਤੁਲਨਾ ਸਿਰਫ ਦੋ ਸੰਸਾਰ ਜੰਗਾਂ ਨਾਲ ਹੀ ਕੀਤੀ ਜਾ ਸਕਦੀ ਹੈ। ਗੌਰਤਲਬ ਹੈ ਕਿ ਕਰੋਨਾ ਨੂੰ ਆਖਰ ਠੱਲ੍ਹ ਪਾ ਲਏ ਜਾਣ ਜਾਂ ਇਸ ਦੇ ਆਪਣੀ ਪ੍ਰਕਿਰਿਆ ਪੂਰੀ ਕਰ ਲੈਣ ਦੇ ਬਾਅਦ ਵੀ ਦੁਨੀਆਂ ਨੂੰ ਲੀਹ ਤੇ ਲਿਆਉਣ ਲਈ ਬਹੁਤ ਜ਼ਿਆਦਾ ਤਾਕਤ, ਸਮਝਦਾਰੀ ਤੇ ਹਮਦਰਦੀ ਦੀ ਲੋੜ ਹੋਵੇਗੀ। ਇਸ ਮਕਸਦ ਲਈ ਜ਼ਰੂਰੀ ਹੋਵੇਗਾ ਕਿ ਸਾਰੇ ਵੱਡੇ ਮੁਲਕ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਮਿਲਵਰਤਣ ਨਾਲ ਕੰਮ ਕਰਨ ਤਾਂ ਕਿ ਇਸ ਸਬੰਧੀ ਨਵਾਂ ਟੀਕਾ ਬਣ ਜਾਵੇ ਤੇ ਉਹ ਸਾਰਿਆਂ ਨੂੰ ਉਪਲਬਧ ਹੋਵੇ, ਵਪਾਰ ਤੇ ਸੰਚਾਰ ਆਮ ਵਾਂਗ ਬਹਾਲ ਹੋ ਸਕੇ ਤੇ ਨਾਲ ਹੀ ਵਿੱਤੀ ਢਾਂਚੇ ਵਿਚ ਭਰੋਸਾ ਬਹਾਲ ਹੋਵੇ। ਜੇ ਦੁਨੀਆਂ ਦੇ ਸਭ ਤੋਂ ਤਾਕਤਵਰ ਮੁਲਕ ਵਿਚ ਟਰੰਪ ਮੁੜ ਰਾਸ਼ਟਰਪਤੀ ਚੁਣੇ ਜਾਂਦੇ ਹਨ, ਤਾਂ ਸਾਫ ਹੈ ਕਿ ਉਨ੍ਹਾਂ ਦਾ ਅੜੀਅਲ ਤੇ ਬੇਮੁਹਾਰਾ ਕੰਮ-ਢੰਗ ਦੁਨੀਆਂ ਦੇ ਵਖ-ਵਖ ਮੁਲਕਾਂ ਦਰਮਿਆਨ ਕੋਈ ਵੀ ਉਸਾਰੂ ਸਹਿਯੋਗ ਨਹੀਂ ਹੋਣ ਦੇਵੇਗਾ ਜਿਸ ਦੀ ਇਸ ਵੇਲੇ ਸੰਸਾਰ ਨੂੰ ਭਾਰੀ ਲੋੜ ਹੈ।

---

# ਵਤਨ ਅੰਦਰ ਬੇਵਤਨੇ ਲੋਕ

ਕੁਝ ਹਫਤੇ ਪਹਿਲਾਂ ਭਾਰਤੀ ਆਸਮਾਨ ਵਿਚ ਬਿਨਾਂ ਕਿਸੇ ਅਗਾਊਂ ਚਿਤਾਵਨੀ ਦੇ ਜ਼ੋਰਦਾਰ ਧਮਾਕਾ ਹੋਇਆ। ਇਸ ਤੋਂ ਪਹਿਲੇ ਅਜਿਹੇ ਧਮਾਕਿਆਂ ਜਿਵੇਂ ਨੋਟਬੰਦੀ ਤੇ ਜੀ.ਐਸ.ਟੀ. ਵਾਂਗ ਹੀ ਇਸ ਧਮਾਕੇ, ਭਾਵ ਲੌਕਡਾਊਨ ਨੇ ਵੀ ਸਾਰੇ ਦੇਸ਼ ਨੂੰ ਸੁੰਨ ਕਰ ਕੇ ਰੱਖ ਦਿੱਤਾ, ਕਿਉਂਕਿ ਮੁਲਕ ਇਸ ਦੇ ਅਸਰਾਂ ਬਾਰੇ ਤਿਆਰ ਨਹੀਂ ਸੀ। ਇਹ ਉਮੀਦ ਕੀਤੀ ਜਾਂਦੀ ਸੀ ਕਿ ਪਹਿਲਾਂ ਦੀਆਂ ਦੋਵੇਂ ਉਕਾਈਆਂ ਤੋਂ ਬਾਅਦ ਦਿੱਲੀ ਵਿਚ ਬੈਠੇ ਸਿਆਣੇ ਬੰਦੇ ਇਸ ਵਾਰ ਜ਼ਰੂਰ ਸੋਚ ਸਮਝ ਕੇ ਅਤੇ ਪੂਰੀ ਤਿਆਰੀ ਨਾਲ ਕੋਈ ਕਦਮ ਚੁੱਕਣਗੇ ਪਰ ਇਹ ਉਮੀਦ ਪੂਰੀ ਨਾ ਹੋਈ, ਤੇ ਇਸ ਐਲਾਨ ਦੇ ਕੁਝ ਘੰਟਿਆਂ ਬਾਅਦ ਸਾਰਿਆਂ ਨੇ ਦੇਖਿਆ ਕਿ ਦੇਸ਼

**ਗੁਰਬਚਨ ਜਗਤ**

ਦਾ ਸਮੁੱਚਾ ਪ੍ਰਸ਼ਾਸਕੀ ਢਾਂਚਾ ਅੱਧ-ਪਚੱਧ ਠੱਪ ਹੋ ਕੇ ਰਹਿ ਗਿਆ। ਇਸ ਮਾਮਲੇ ਵਿਚ ਵਿਰੋਧੀ ਪਾਰਟੀਆਂ ਅਤੇ ਮਾਹਿਰਾਂ ਨੂੰ ਕਿਉਂ ਭਰੋਸੇ ਵਿਚ ਨਹੀਂ ਲਿਆ ਗਿਆ? ਇਸ ਮਾਮਲੇ ਵਿਚ ਵਿਚਾਰ-ਵਟਾਂਦਰੇ ਦੀ, ਗ੍ਰਹਿ ਤੇ ਸਿਹਤ ਵਿਭਾਗਾਂ ਤੇ ਹੋਰ ਵਿਭਾਗਾਂ ਦੀ ਮਾਹਿਰਾਨਾ ਰਾਇ ਦੀ ਕਮੀ ਕਿਉਂ ਰਹੀ? ਇਸ ਮਾਮਲੇ ਨੂੰ ਇੰਨਾ ਗੁਪਤ ਰੱਖਣ ਦੀ ਕੀ ਲੋੜ ਸੀ? ਅਜਿਹਾ ਰਾਹ ਕਿਉਂ ਅਪਨਾਇਆ ਗਿਆ ਜਿਸ ਕਾਰਨ ਚਾਰੇ ਪਾਸੇ ਘਬਰਾਹਟ ਫੈਲ ਗਈ? ਇਸ ਮਾਮਲੇ ਵਿਚ ਕੇਂਦਰ ਤੇ ਸੂਬਾਈ ਸਰਕਾਰਾਂ ਨੇ ਆਪੋ-ਆਪਣੇ ਢੰਗ ਨਾਲ ਕਾਰਵਾਈ ਕੀਤੀ। ਇਸ ਮਾਮਲੇ ਵਿਚ ਕੋਈ ਵਧੀਆ ਪੜਾਅਵਾਰ ਯੋਜਨਾ ਕਿਤੇ ਵੀ ਦਿਖਾਈ ਨਾ ਦਿੱਤੀ ਜਦੋਂਕਿ ਇਸ ਐਲਾਨ ਦਾ ਅਸਰ ਦੇਸ਼ ਵਾਸੀਆਂ ਦੀ ਜ਼ਿੰਦਗੀ ਦੇ ਹਰ ਪੱਖ ਉਤੇ ਪੈਣਾ ਸੀ ਪਰ ਮੈਂ ਇਸ ਵਿਚੋਂ ਸਿਰਫ ਇਕ ਪੱਖ, ਭਾਵ 'ਮਜ਼ਦੂਰ ਵਰਗ' ਨੂੰ ਲਵਾਂਗਾ।

ਲੌਕਡਾਊਨ ਕਾਰਨ ਫੈਕਟਰੀਆਂ ਬੰਦ ਹਨ, ਕਾਰੋਬਾਰ ਠੱਪ ਹਨ; ਟਰਾਂਸਪੋਰਟ, ਰੇਲਵੇ, ਹਵਾਬਾਜ਼ੀ ਸਣੇ ਸਾਰਾ ਕੁਝ ਜਾਮ ਹੋ ਕੇ ਰਹਿ ਗਿਆ ਹੈ। ਕੌਮੀ, ਸੂਬਾਈ ਤੇ ਜ਼ਿਲ੍ਹਾ ਪੱਧਰਾਂ ਉਤੇ ਲੋਕਾਂ ਨੂੰ ਕੋਈ ਸੇਧ ਜਾਂ ਜਾਣਕਾਰੀ ਦੇਣ ਵਾਲਾ ਕੋਈ ਵੀ ਨਹੀਂ ਸੀ, ਜਦੋਂਕਿ ਰਾਤੋ-ਰਾਤ ਲੱਖਾਂ ਹੀ ਲੋਕ ਬੇਰੁਜ਼ਗਾਰ ਹੋ ਗਏ। ਖੇਤ ਮਜ਼ਦੂਰ, ਉਸਾਰੀ ਮਜ਼ਦੂਰ, ਸਨਅਤੀ ਕਾਮੇ ਆਦਿ ਆਪਣੇ ਘਰਾਂ ਵਿਚ ਬੰਦ ਹੋ ਗਏ ਅਤੇ ਉਨ੍ਹਾਂ ਨੂੰ ਕੋਈ ਪਤਾ ਨਹੀਂ ਸੀ ਲੱਗ ਰਿਹਾ ਕਿ ਉਨ੍ਹਾਂ ਦੇ ਟੱਬਰ ਲਈ ਅਗਲੇ ਡੰਗ ਦੀ ਰੋਟੀ ਕਿਥੋਂ ਆਵੇਗੀ ਤੇ ਕੀ ਉਨ੍ਹਾਂ ਨੂੰ ਦੁਬਾਰਾ ਰੁਜ਼ਗਾਰ ਮਿਲੇਗਾ ਵੀ ਜਾਂ ਨਹੀਂ? ਆਪਣੇ ਚਾਰੇ ਪਾਸੇ ਖਲਾਅ-ਸੁੰਨ ਤੋਂ ਸਿਵਾ ਹੋਰ ਕੁਝ ਨਾ ਦਿਸਣ ਕਾਰਨ ਉਨ੍ਹਾਂ ਨੂੰ ਮੁੜ ਉਹੋ ਰਾਹ ਸੁੱਝਿਆ ਕਿ ਆਪੋ-ਆਪਣੇ ਪਿੰਡਾਂ ਨੂੰ ਪਰਤਿਆ ਜਾਵੇ। ਇਸ ਪਿਛੋਂ ਅਜਿਹੇ ਪਰਿਵਾਰਾਂ ਨੇ ਜੋ ਕੁਝ ਸਮੇਟ ਹੋਇਆ, ਸਮੇਟ ਕੇ ਉਤਰ ਪ੍ਰਦੇਸ਼, ਬਿਹਾਰ, ਝਾਰਖੰਡ, ਪੱਛਮੀ ਬੰਗਾਲ ਆਦਿ ਵਿਚਲੇ ਆਪਣੇ ਜੱਦੀ ਘਰਾਂ ਵਲ ਚਾਲੇ ਪਾ ਦਿੱਤੇ।

ਉਹ ਮੁੰਬਈ, ਪੁਣੇ, ਦਿੱਲੀ, ਹਰਿਆਣਾ, ਪੰਜਾਬ ਤੇ ਗੁਜਰਾਤ ਆਦਿ ਤੋਂ ਆਪਣੇ ਘਰਾਂ ਨੂੰ ਤੁਰੇ, ਉਨ੍ਹਾਂ ਨੂੰ ਇਸ ਗੱਲ ਦੀ ਕੋਈ ਪ੍ਰਵਾਹ ਨਹੀਂ ਸੀ ਕਿ ਆਵਾਜਾਈ ਦੇ ਸਾਧਨਾਂ ਦੀ ਅਣਹੋਂਦ ਵਿਚ ਉਨ੍ਹਾਂ ਨੂੰ ਇਹ ਲੰਮਾ ਪੈਂਡਾ ਪੈਦਲ ਹੀ ਤੈਅ ਕਰਨਾ ਪਵੇਗਾ। ਉਹ ਇਕ ਤੋਂ ਬਾਅਦ ਦੂਜਾ, ਦੂਜੇ ਤੋਂ ਬਾਅਦ ਤੀਜਾ ਕਦਮ ਧਰਦੇ ਹੋਏ ਇਸ ਅਨੰਤ ਤੇ ਅਮੁੱਕ ਜਾਪਦੀ ਵਾਟ 'ਤੇ ਅੱਗੇ ਵਧਦੇ ਗਏ। ਇਸ ਤੋਂ ਬਾਅਦ ਮੀਡੀਆ ਦਾ ਧਿਆਨ ਇਨ੍ਹਾਂ ਲੋਕਾਂ ਵਲ ਗਿਆ ਤੇ ਨਾਲ ਹੀ ਸਿਆਸਤਦਾਨਾਂ ਦਾ। ਇਸ ਦੇ ਨਾਲ-ਨਾਲ ਇਨ੍ਹਾਂ 'ਤੇ 'ਪਰਵਾਸੀਆਂ' ਦਾ ਠੱਪਾ ਲਾ ਦਿੱਤਾ ਗਿਆ, ਕਿਉਂਕਿ ਇਹ ਉਨ੍ਹਾਂ ਦੀਆਂ ਸਮੂਹਿਕ ਤੇ ਸ਼ਖਸੀ ਪਛਾਣਾਂ ਨੂੰ ਲੁਕਾਉਣ ਦਾ ਬਹੁਤ ਸੌਖਾ ਤਰੀਕਾ ਸੀ। ਕਲਮ ਦੀ ਮਹਿਜ਼ ਇਕ ਝਰੀਟ ਨਾਲ ਮੀਡੀਆ ਤੇ ਸਿਆਸਤਦਾਨਾਂ ਨੇ ਨਵਾਂ ਵਰਗ ਪੈਦਾ ਕਰ ਦਿੱਤਾ - 'ਪਰਵਾਸੀ'। ਲੋਕਾਂ ਨੂੰ ਇਸ ਭਿਆਨਕ ਤ੍ਰਾਸਦੀ ਬਾਰੇ ਪ੍ਰਸ਼ਾਸਕੀ ਮਦਦ ਦੀ ਉਡੀਕ ਸੀ ਪਰ ਸਰਕਾਰ ਦੀ ਕਾਰਵਾਈ ਆਰਜ਼ੀ ਕੈਂਪਾਂ ਵਿਚ ਰੱਖੇ ਇਨ੍ਹਾਂ ਲੋਕਾਂ ਨੂੰ ਬਹੁਤ ਹੀ ਅਸਵੱਛਤਾ ਭਰੇ ਮਾਹੌਲ ਵਿਚ ਭੋਜਨ ਵਰਤਾਏ ਜਾਣ ਦੇ ਰੂਪ ਵਿਚ ਸਾਹਮਣੇ ਆਈ। ਇਨ੍ਹਾਂ ਪਰਵਾਸੀਆਂ ਨੂੰ ਹਦਾਇਤ ਦਿੱਤੀ ਗਈ ਕਿ ਉਹ ਜਿਥੇ ਵੀ ਪੁੱਜੇ ਸਨ, ਉਥੇ ਹੀ ਰੁਕ ਜਾਣ; ਬਹੁਤ ਸਾਰਿਆਂ ਨੂੰ ਜਾਨਵਰਾਂ ਵਾਂਗ ਪੈਰਾਂ ਭਾਰ ਬਿਠਾ ਕੇ ਉਨ੍ਹਾਂ ਉਤੇ ਕੀਟਾਣੂ ਮਾਰਨ ਵਾਲਾ ਰਸਾਇਣ ਛਿੜਕਿਆ ਗਿਆ, ਕੱਟੜ ਸੋਚ ਵਾਲੇ ਪੁਲਿਸ ਮੁਲਾਜ਼ਮਾਂ ਵਲੋਂ ਵੱਡੀ ਪੱਧਰ 'ਤੇ ਕੁੱਟਮਾਰ ਕੀਤੀ ਗਈ, ਕੁੱਲ ਮਿਲਾ ਕੇ ਉਨ੍ਹਾਂ ਨੂੰ ਅਗਾਂਹ ਆਪਣੀ ਮੰਜ਼ਿਲ ਵਲ ਨਾ ਜਾਣ ਦਿੱਤਾ ਗਿਆ। ਉਨ੍ਹਾਂ ਦੇ ਜੱਦੀ ਸੂਬਿਆਂ ਦੇ ਮੁੱਖ ਮੰਤਰੀਆਂ ਨੇ ਵੀ ਉਨ੍ਹਾਂ 'ਤੇ ਵਾਪਸ ਨਾ ਆਉਣ ਲਈ ਹੀ ਦਬਾਅ ਪਾਇਆ ਅਤੇ ਭਰੋਸਾ ਦੇਣ ਦੀ ਕੋਸ਼ਿਸ਼ ਕੀਤੀ ਕਿ ਉਹ ਜਿਥੇ ਵੀ ਹਨ, ਉਥੇ ਹੀ ਰੁਕ ਜਾਣ ਤੇ ਉਨ੍ਹਾਂ ਨੂੰ ਉਥੇ ਹੀ ਰਾਹਤ ਪਹੁੰਚਾਈ ਜਾਵੇਗੀ। ਅਮਲੀ ਤੌਰ 'ਤੇ ਇਸ ਦਾ ਇਹੋ ਮਤਲਬ ਸੀ ਕਿ ਉਹ ਸੜਕਾਂ ਦੇ ਕੰਢਿਆਂ 'ਤੇ ਹੀ ਡੇਰੇ ਲਾ ਲੈਣ ਅਤੇ ਭੋਜਨ ਦੀ ਖੈਰਾਤ ਦੀ ਉਡੀਕ ਕਰਨ ਪਰ ਇਸ ਮੌਕੇ ਵੀ ਕਿਸੇ ਨੂੰ ਉਨ੍ਹਾਂ ਦੇ ਰਹਿਣ ਲਈ ਥਾਂ ਜਾਂ ਕੱਪੜੇ ਜਾਂ ਦਵਾਈਆਂ ਮੁਹੱਈਆ ਕਰਾਉਣ ਜਾਂ ਸਵੱਛਤਾ ਦਾ ਪ੍ਰਬੰਧ ਕਰਨ ਦੀ ਫਿਕਰ ਨਹੀਂ ਸੀ।

ਅੱਜ ਤੱਕ ਮੈਨੂੰ ਕਿਸੇ ਸੀਨੀਅਰ ਮੰਤਰੀ/ ਮੁੱਖ ਮੰਤਰੀ, ਪ੍ਰਸ਼ਾਸਕ ਆਦਿ ਵਲੋਂ ਅਜਿਹੇ ਕਿਸੇ ਕੈਂਪ ਦਾ ਦੌਰਾ ਕਰਨ ਅਤੇ ਉਥੇ ਰਹਿ ਰਹੇ ਪਰਵਾਸੀਆਂ ਨੂੰ ਮਿਲਣ ਜਾਂ ਉਨ੍ਹਾਂ ਦੀ ਹਾਲਤ ਦਾ ਪਤਾ ਲਾਉਣ ਦੀ ਕੋਸ਼ਿਸ਼ ਕੀਤੇ ਜਾਣ ਦੀ ਕੋਈ ਖਬਰ ਕਿਸੇ ਅਖਬਾਰ ਵਿਚ ਪੜ੍ਹਨ ਨੂੰ ਨਹੀਂ ਮਿਲੀ। ਕੌਮੀ ਤੇ ਸੂਬਾਈ ਆਗੂ ਅਕਸਰ ਆਫਤ ਮਾਰੇ ਇਲਾਕਿਆਂ ਦਾ ਹਵਾਈ ਸਰਵੇਖਣ ਕਰਦੇ ਦੇਖੇ ਜਾ ਸਕਦੇ ਹਨ ਪਰ ਇਸ ਮਾਮਲੇ ਵਿਚ ਉਨ੍ਹਾਂ ਅਜਿਹੀ ਰਸਮ ਨਿਭਾਉਣ ਦੀ ਵੀ ਲੋੜ ਨਾ ਸਮਝੀ। ਮੈਂ ਵਿਰੋਧੀ ਪਾਰਟੀਆਂ (ਕਾਂਗਰਸ, ਸਮਾਜਵਾਦੀ ਪਾਰਟੀ, ਬਸਪਾ, ਸੀ.ਪੀ.ਆਈ. ਆਦਿ) ਦੇ ਵੀ ਕਿਸੇ ਆਗੂ ਵਲੋਂ ਇਨ੍ਹਾਂ ਕੈਂਪਾਂ ਦਾ ਦੌਰਾ ਕੀਤੇ ਜਾਣ ਅਤੇ ਇਨ੍ਹਾਂ 'ਪਰਵਾਸੀਆਂ' ਨੂੰ ਸਹਿਯੋਗ ਦਾ ਫੋਕਾ ਭਰੋਸਾ ਦਿੱਤੇ ਜਾਣ ਦੀ ਵੀ ਨਾ ਕੋਈ ਤਸਵੀਰ ਦੇਖੀ ਤੇ ਨਾ ਹੀ ਕੋਈ ਖਬਰ ਆਦਿ ਪੜ੍ਹੀ, ਸ਼ਾਇਦ ਉਹ ਬਹੁਤ ਡਰੇ ਹੋਏ ਹਨ। ਇਸ ਮਾਮਲੇ ਵਿਚ ਤਾਂ ਕੋਈ ਟਵਿੱਟਰਬਾਜ਼ੀ ਵੀ ਦਿਖਾਈ ਨਹੀਂ ਦਿੱਤੀ। ਇੰਜ ਜਾਪਦਾ ਹੈ, ਜਿਵੇਂ ਇਨ੍ਹਾਂ ਲੋਕਾਂ ਨੂੰ ਅਣਡਿੱਠ ਕਰਨ ਦਾ ਫੈਸਲਾ ਸਰਬਸਮੰਤੀ ਨਾਲ ਲਿਆ ਗਿਆ ਹੋਵੇ। ਮੀਡੀਆ ਦਾ ਸਾਰਾ ਧਿਆਨ ਇਨ੍ਹਾਂ ਲੋਕਾਂ ਦੀ ਥਾਂ ਤਕਰੀਰਬਾਜ਼ੀਆਂ ਅਤੇ ਨਾਮੀ ਹਸਤੀਆਂ ਵਲੋਂ ਥਾਲੀਆਂ ਵਜਾਉਣ ਤੇ ਦੀਵੇ ਜਗਾਉਣ ਵਲ ਹੀ ਲੱਗਾ ਰਿਹਾ। ਹੌਲੀ-ਹੌਲੀ ਮੀਡੀਆ ਵਿਚੋਂ ਪਰਵਾਸੀਆਂ ਦਾ ਜ਼ਿਕਰ ਗਾਇਬ ਹੁੰਦਾ ਗਿਆ ਤੇ ਹੁਣ ਸ਼ਾਇਦ ਹੀ ਕਦੇ ਇਨ੍ਹਾਂ ਦਾ ਨਾਂ ਲਿਆ ਜਾਂਦਾ ਹੋਵੇ। ਇਸ ਸੂਰਤ ਵਿਚ ਕਈ ਸਵਾਲ ਖੜ੍ਹੇ ਹੁੰਦੇ ਹਨ:

ਇਹ ਪਰਵਾਸੀ ਮੂਲ ਰੂਪ ਵਿਚ ਕਿਥੋਂ ਦੇ ਸਨ? ਉਨ੍ਹਾਂ ਨੂੰ ਕਿਸ ਸੂਬੇ ਵਿਚ ਰੁਜ਼ਗਾਰ ਮਿਲਿਆ? ਉਨ੍ਹਾਂ ਆਪੋ-ਆਪਣੇ ਸੂਬਿਆਂ ਨੂੰ ਪਰਤਣ ਦਾ ਫੈਸਲਾ ਕਿਵੇਂ ਕੀਤਾ? ਹੁਣ ਉਹ ਕਿੱਥੇ ਹਨ? ਕੀ ਉਹ ਅਜੇ ਵੀ ਕੈਂਪਾਂ ਜਾਂ ਸੜਕਾਂ ਕੰਢੇ ਡੇਰੇ ਲਾਈ ਬੈਠੇ ਹਨ ਜਾਂ ਆਪਣੇ ਜੱਦੀ ਸੂਬਿਆਂ ਵਿਚ ਪੁੱਜ ਗਏ ਹਨ? ਆਪਣਾ ਰੁਜ਼ਗਾਰ ਗੁਆ ਲੈਣ ਤੋਂ ਬਾਅਦ ਉਨ੍ਹਾਂ ਲਈ ਰਾਹਤ ਕਿਥੋਂ ਤੇ ਕਿਸ ਰੂਪ ਵਿਚ ਆ ਰਹੀ ਹੈ? ਉਨ੍ਹਾਂ ਦੇ ਉਨ੍ਹਾਂ ਸੂਬਿਆਂ ਨੂੰ ਵਾਪਸ ਜਾਣ ਦੇ ਕਿੰਨੇ ਕੁ ਆਸਾਰ ਹਨ ਜਿਥੇ ਉਨ੍ਹਾਂ ਨੂੰ ਰੁਜ਼ਗਾਰ ਮਿਲਿਆ ਸੀ? ਉਨ੍ਹਾਂ ਨੂੰ ਮਰਜ਼ੀ ਮੁਤਾਬਿਕ ਸਫਰ ਕਰਨ ਦੀ ਖੁੱਲ੍ਹ ਕਦੋਂ ਮਿਲੇਗੀ ਤੇ ਕਦੋਂ ਉਹ ਦੂਜੇ ਸੂਬਿਆਂ ਵਿਚ ਜਾ ਸਕਣਗੇ? ਕੀ ਕਿਸੇ ਕੇਂਦਰੀ ਜਾਂ ਸੂਬਾਈ ਸਰਕਾਰੀ ਏਜੰਸੀ ਨੇ ਇਨ੍ਹਾਂ ਪਰਵਾਸੀਆਂ ਦੀ ਗਿਣਤੀ/ਜਨਗਣਨਾ ਕੀਤੀ ਹੈ ਤਾਂ ਕਿ ਉਨ੍ਹਾਂ ਦੀ ਪਛਾਣ ਤੈਅ ਹੋ ਸਕੇ?

ਸਵਾਲਾਂ ਦਾ ਅਜਿਹਾ ਅਮੁੱਕ ਸਿਲਸਿਲਾ ਇਸ ਤ੍ਰਾਸਦੀ ਨਾਲ ਜੁੜਿਆ ਹੋਇਆ ਹੈ ਜਿਸ ਦੀ ਤੁਲਨਾ ਕੁਝ ਲੋਕਾਂ ਵਲੋਂ 1947/48 ਦੀ ਭਿਆਨਕ ਹਿਜਰਤ (ਭਾਰਤ-ਪਾਕਿਸਤਾਨ ਵੰਡ) ਨਾਲ ਕੀਤੀ ਜਾ ਰਹੀ ਹੈ, ਬੱਸ ਹਿੰਸਾ ਨੂੰ ਛੱਡ ਕੇ। ਮੈਂ ਆਪਣੀਆਂ ਅੱਖਾਂ ਬੰਦ ਕਰ ਕੇ ਉਪਰ ਵਲ ਦੇਖਦਾ ਹਾਂ ਅਤੇ ਇਸ ਦੌਰਾਨ ਮੇਰੇ ਮਨ ਦੀਆਂ ਅੱਖਾਂ ਨੂੰ ਬਹੁਤ ਸਾਰੇ ਮਹਾਨ ਪੁਰਖੇ ਦਿਖਾਈ ਦਿੰਦੇ ਹਨ ਜਿਹੜੇ ਸ਼ਾਂਤ ਭਾਵ ਪਰ ਬੇਭਰੋਸਗੀ ਭਰੇ ਢੰਗ ਨਾਲ ਹੇਠਾਂ ਸਾਡੇ ਵਲ ਦੇਖ ਰਹੇ ਹਨ। ਮੈਨੂੰ ਮਹਾਤਮਾ ਗਾਂਧੀ, ਸਰਦਾਰ ਪਟੇਲ, ਜਵਾਹਰ ਲਾਲ ਨਹਿਰੂ, ਮੌਲਾਨਾ ਅਬੁਲ ਕਲਾਮ ਆਜ਼ਾਦ, ਡਾ. ਬੀ.ਆਰ. ਅੰਬੇਡਕਰ, ਐਸ.ਪੀ. ਮੁਖਰਜੀ ਅਤੇ ਸ਼ਹੀਦ ਭਗਤ ਸਿੰਘ ਤੇ ਹਜ਼ਾਰਾਂ ਹੋਰ ਆਜ਼ਾਦੀ ਘੁਲਾਟੀਏ ਦਿਖਾਈ ਦਿੰਦੇ ਹਨ ਅਤੇ ਫਿਰ ਮੈਨੂੰ ਹੇਠ ਲਿਖੀਆਂ ਸਤਰਾਂ ਸੁਣਾਈ ਦਿੰਦੀਆਂ ਹਨ:

ਯੇ ਦਾਗ-ਦਾਗ ਉਜਾਲਾ,
ਯੇ ਸ਼ਬਗਜ਼ੀਦਾ ਸਹਰ
ਵੋ ਇੰਤਜ਼ਾਰ ਥਾ ਜਿਸਕਾ,
ਯੇ ਵੋ ਸਹਰ ਤੋ ਨਹੀਂ
ਯੇ ਵੋ ਸਹਰ ਤੋ ਨਹੀਂ,
ਜਿਸਕੀ ਆਰਜ਼ੂ ਲੇਕਰ
ਚਲੇ ਥੇ ਯਾਰ ਕੇ,
ਮਿਲ ਜਾਏਗੀ ਕਹੀਂ ਨਾ ਕਹੀਂ
ਫਲਕ ਕੇ ਦਸ਼ਤ ਮੇਂ
ਤਾਰੋਂ ਕੀ ਆਖਿਰੀ ਮੰਜ਼ਿਲ

*(ਸ਼ਬਗਜ਼ੀਦਾ: ਰਾਤ ਦੀ ਡੰਗੀ ਹੋਈ, ਸਹਰ: ਸਵੇਰ, ਫਲਕ: ਆਕਾਸ਼, ਦਸ਼ਤ: ਮਾਰੂਥਲ)।*

# ਉਗਦੇ ਸੂਰਜ ਦੀ ਲੋਏ

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਪਿਛਲੇ ਲੇਖ ਵਿਚ ਉਨ੍ਹਾਂ ਸੰਸਾਰ ਭਰ ਵਿਚ ਪੈਦਾ ਹੋਏ ਹਾਲਾਤ 'ਤੇ ਨਜ਼ਰਸਾਨੀ ਕਰਦਿਆਂ ਨਸੀਹਤ ਕੀਤੀ ਸੀ, "ਬਾਹਰ ਸਭ ਕੁਝ ਬੰਦ ਹੈ, ਪਰ ਇਹ ਅਸਥਾਈ ਹੈ, ਉਨੇ ਸਮੇਂ ਲਈ ਆਪਣੇ ਅੰਦਰਲੇ ਕਿਵਾੜ ਖੋਲੋ। ਗਿਆਨ ਇੰਦਰੀਆਂ ਨੂੰ ਆਲੇ-ਦੁਆਲੇ ਨੂੰ ਸਿਆਣਨ, ਪਰਖਣ, ਸਮਝਣ ਲਈ ਵਰਤੋ। ਇਸ ਨੂੰ ਅਜਾਈਂ ਨਾ ਗਵਾਓ, ਕਿਉਂਕਿ ਕਸ਼ਟਮਈ ਦਿਨ ਜਦ ਖਤਮ ਹੋ ਗਏ ਤਾਂ ਮਨੁੱਖ ਨੇ ਫਿਰ ਦੁਨਿਆਵੀ ਦੌੜ ਵਿਚ ਖਚਤ ਹੋ ਜਾਣਾ ਏ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਸੂਰਜ ਦੇ ਪ੍ਰਸੰਗ ਵਿਚ ਜ਼ਿੰਦਗੀ ਵਿਚਲੇ ਸੂਰਜਾਂ ਤੋਂ ਰੌਸ਼ਨੀ ਲੈ ਕੇ ਨਵੇਂ ਕੀਰਤੀਮਾਨ ਸਿਰਜਣ ਦੀ ਨਸੀਹਤ ਕੀਤੀ ਹੈ। ਉਹ ਕਿਤਾਬਾਂ ਨੂੰ ਸੂਰਜ ਦੀ ਸੰਗਿਆ ਦਿੰਦੇ ਕਹਿੰਦੇ ਹਨ, "ਕਿਤਾਬਾਂ ਵਿਚ ਸੁਲਘਦੇ ਸੂਰਜਾਂ ਨਾਲ ਸੰਵਾਦ ਰਚਾਉਂਦੇ ਰਿਹਾ ਕਰੋ, ਤੁਹਾਡੇ ਮਨ ਵਿਚ ਚੇਤਨਾ ਦਾ ਜਾਗ ਲੱਗਾ ਰਹੇਗਾ ਅਤੇ ਮਨ-ਨੁੱਕਰੇ ਪਏ ਬੇਹੇ ਵਿਚਾਰਾਂ ਨੂੰ ਤਾਜ਼ਗੀ ਤੇ ਤਤਪਰਤਾ ਦਾ ਅਹਿਸਾਸ ਹੋਵੇਗਾ।" ਡਾ. ਭੰਡਾਲ ਦੀ ਇਸ ਗੱਲ ਵਿਚ ਕਿੰਨੀ ਸੱਚਾਈ ਹੈ ਕਿ ਸਭ ਤੋਂ ਵੱਡੇ ਅਤੇ ਦਗਦੇ ਸੂਰਜ ਤਾਂ ਘਰ ਵਿਚ ਬੈਠੇ ਬਜੁਰਗ ਹੁੰਦੇ, ਜਿਨ੍ਹਾਂ ਦੀਆਂ ਸਲਾਹਾਂ ਅਤੇ ਮੱਤਾਂ ਕਾਰਨ ਸਾਡੀ ਸ਼ਖਸੀ ਸਿਰਜਣਾ ਹੋਈ ਹੁੰਦੀ। ਇਨ੍ਹਾਂ ਸੂਰਜਾਂ ਨੂੰ ਕਦੇ ਧੁਖਣ ਨਾ ਲਾਓ, ਸਗੋਂ ਇਨ੍ਹਾਂ ਦੇ ਧੁੱਪੀਲੇ ਸੇਕ ਵਿਚ ਆਪਣੇ ਅੰਤਰੀਵ ਨੂੰ ਰੁਸ਼ਨਾਓ। ਦੇਖਣਾ! ਤੁਹਾਡੇ ਮਨ ਵਿਚ ਵੀ ਸੂਰਜ ਬਣਨ ਅਤੇ ਸੂਰਜ ਵਾਂਗ ਚਾਨਣ ਦਾ ਵਪਾਰ ਕਰਨ ਦਾ ਵਿਚਾਰ ਪੈਦਾ ਹੋਵੇਗਾ। -ਸੰਪਾਦਕ***

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਇਕ ਸੂਰਜ ਅੰਬਰੀਂ ਚੜ੍ਹਦਾ। ਧੁੱਪ ਦੀਆਂ ਬਰਕਤਾਂ ਵਰਤਾਉਂਦਾ। ਕੁਦਰਤ ਨੂੰ ਭਾਗ ਲਾਉਂਦਾ। ਜੀਵ-ਸੰਸਾਰ ਨੂੰ ਅੰਗੜਾਈ ਲੈਣ ਲਈ ਉਕਸਾਉਂਦਾ। ਸਭ ਦੇ ਦਰੀਂ ਨਿਆਮਤਾਂ ਦੀ ਸੌਗਾਤ ਪਾਉਂਦਾ। ਧਰਤ 'ਤੇ ਸਮੁੱਚੇ ਜੀਵਨ ਦਾ ਆਧਾਰ ਅਤੇ ਕਾਇਨਾਤੀ ਪਸਾਰ। ਇਹ ਸੂਰਜ, ਸੂਰਜ-ਮੰਡਲ ਦਾ ਟਿੱਕਾ। ਆਪਣੇ ਚਾਨਣ ਨਾਲ ਕਦੇ ਧਰਤ ਨੂੰ ਰੁਸ਼ਨਾਉਂਦਾ ਅਤੇ ਕਦੇ ਚੰਨ-ਚਾਨਣੀ ਦੇ ਰੂਪ ਵਿਚ ਰਾਤਾਂ ਨੂੰ ਹੁਸੀਨ ਬਣਾਉਂਦਾ। ਕਦੇ ਇਹ ਸਰਘੀ ਦਾ ਸੂਰਜ, ਕਦੇ ਤਿੱਖੜ-ਦੁਪਹਿਰ ਅਤੇ ਕਦੇ ਢਲਦੀ ਸ਼ਾਮ ਦਾ ਸ਼ਾਹ-ਅਸਵਾਰ। ਇਸ ਦੀ ਦਿਆਲਤਾ, ਦਲੇਰੀ, ਦਰਿਆਦਿਲੀ ਅਤੇ ਦਾਤਾਂ ਨੇ ਬੇਸ਼ੁਮਾਰ; ਪਰ ਇਸ ਤੋਂ ਬਿਨਾ ਵੀ ਬਹੁਤ ਸਾਰੇ ਸੂਰਜ ਸਾਡੇ ਆਲੇ-ਦੁਆਲੇ ਉਗਦੇ, ਜਿਨ੍ਹਾਂ ਦੀ ਲੋਅ ਵਿਚ ਰਾਹਾਂ ਤੇ ਸੋਚਾਂ ਨੂੰ ਰੁਸ਼ਨਾਇਆ ਜਾ ਸਕਦਾ ਅਤੇ ਮੰਜ਼ਿਲਾਂ ਦਾ ਹਾਸਲ ਬਣਿਆ ਜਾ ਸਕਦਾ, ਪਰ ਇਨ੍ਹਾਂ ਉਗਦੇ ਸੂਰਜਾਂ ਨੂੰ ਦੇਖਣਾ ਅਤੇ ਇਸ ਦੀ ਤਾਸੀਰ ਵਿਚ ਰੰਗੇ ਜਾਣਾ ਵਿਰਲਿਆਂ ਦਾ ਨਸੀਬ।

ਬਹੁਤ ਸਾਰੇ ਸੂਰਜ ਗਾਹੇ-ਬਗਾਹੇ ਸਾਡੇ ਦੀਦਿਆਂ ਵਿਚ ਝਾਤ ਮਾਰਦੇ, ਪਰ ਅਸੀਂ ਇਸ ਦੀ ਸੰਵੇਦਨਾ ਅਤੇ ਸੁਚੇਤਨਾ ਨੂੰ ਆਪਣੇ ਸੁਚਿੰਤਨ ਦਾ ਹਾਸਲ ਬਣਾਉਣ ਤੋਂ ਵਿਰਵੇ ਰਹਿ ਜਾਂਦੇ। ਇਹ ਸੂਰਜ ਉਗਦੇ, ਚਾਨਣ ਵੰਡਦੇ ਅਤੇ ਆਪਣੀ ਅਉਧ ਪੁਗਾ ਕੇ ਕਿਸੇ ਹੋਰ ਘਰ, ਵਿਹੜੇ, ਫਿਰਨੀ, ਖੇਤ ਜਾਂ ਵਕਤ-ਸਫਿਆਂ ਨੂੰ ਭਾਗ ਲਾਉਣ ਲਈ ਉਗਮਣ ਦੀ ਉਤੇਜਨਾ ਬਣਦੇ।

ਇਹੀ ਸੂਰਜ ਹੁੰਦੇ, ਜੋ ਸਾਡੀ ਸੋਚ, ਸੂਹਜ, ਸੰਵੇਦਨਾ, ਸੁਰਤੀ ਅਤੇ ਸਫਲਤਾ ਦਾ ਸਿਰਨਾਂਵਾਂ ਹੁੰਦੇ। ਜਿਨ੍ਹਾਂ ਦੀ ਆਗੋਸ਼ ਵਿਚ ਬਹਿ ਕੇ ਤਾਰਿਆਂ ਨਾਲ ਗੱਲਾਂ ਕੀਤੀਆਂ ਜਾ ਸਕਦੀਆਂ; ਜਿਨ੍ਹਾਂ ਦੀ ਆੜੀ, ਚਾਨਣਾਂ ਦੀ ਲੋਰ ਅਤੇ ਇਸ ਵਿਚ ਖੁਦ ਨੂੰ ਰੰਗੇ ਜਾਣਾ ਵਿਸਮਾਦੀ ਅਹਿਸਾਸ ਹੁੰਦਾ; ਜਿਸ ਦੀ ਲੋਅ ਵਿਚ ਰਾਹਾਂ ਨੂੰ ਪੈੜ ਅਤੇ ਮੰਜ਼ਿਲਾਂ ਨੂੰ ਉਲੇਖ ਮਿਲਦਾ।

ਇਹੋ ਹੀ ਸੂਰਜ ਹੁੰਦੇ, ਜਿਨ੍ਹਾਂ ਦੀ ਲੋਚਾ ਮਨ ਵਿਚ ਪਾਲਣ ਵਾਲੇ ਕਿਸੇ ਮਨੋਰਥ, ਮਕਸਦ ਅਤੇ ਮਨਸੂਬਿਆਂ ਨੂੰ ਪ੍ਰਾਪਤ ਕਰਨਾ, ਆਪਣਾ ਅਕੀਦਾ ਬਣਾਉਂਦੇ ਤੇ ਮਨ ਚਾਹਿਆ ਫਲ ਪਾਉਂਦੇ।

ਸੂਰਜ ਕਈ ਵਾਰ ਤਾਂ 'ਕੱਲੇ ਹੁੰਦੇ, ਪਰ ਕਈ ਵਾਰ ਉਗੀਆਂ ਹੁੰਦੀਆਂ ਨੇ ਸੂਰਜੀ

> ***ਕੁਝ ਲੋਕ ਵੀ ਸੂਰਜਾਂ ਜਿਹੇ ਹੁੰਦੇ। ਉਹ ਜਿਥੇ ਵੀ ਜਾਂਦੇ, ਉਥੇ ਹੀ ਇਕ ਸੂਰਜ ਡੰਗਦੇ। ਚਾਨਣ ਦੀ ਸੱਦ ਲਾਉਂਦੇ, ਚਾਨਣ-ਰੱਤਾ ਬੋਲ ਹਰ ਹੋਠ 'ਤੇ ਧਰਦੇ। ਅਜਿਹੇ ਲੋਕ ਹੀ ਲੋਕ-ਚੇਤਿਆਂ ਦਾ ਹਿੱਸਾ ਬਣ ਕੇ ਸਦਾ ਜਿਉਂਦੇ ਰਹਿੰਦੇ। ਸੂਰਜਾਂ ਜਿਹੇ ਹੀ ਲੋਕ ਸਨ, ਜਿਨ੍ਹਾਂ ਨੇ ਲੋਕ ਭਲਾਈ, ਮਨੁੱਖੀ ਅਜ਼ਾਦੀ ਜਾਂ ਨਸਲੀ ਨਫਰਤ ਤੋਂ ਨਿਜਾਤ ਅਤੇ ਜਾਬਰਾਂ ਤੋਂ ਮੁਕਤੀ ਲਈ ਸੰਘਰਸ਼ ਕੀਤੇ ਤੇ ਇਤਿਹਾਸ ਦੇ ਸੁਨਹਿਰੀ ਵਰਕਿਆਂ 'ਤੇ ਆਪਣੇ ਨਾਮ ਉਕਰੇ।***

ਬਸਤੀਆਂ। ਜੇ ਅਸੀਂ ਇਨ੍ਹਾਂ ਦੀ ਜੂਹ ਵਿਚ ਵੀ ਸੂਰਜਾਂ ਦੀ ਮੱਤ, ਮਹਾਤਮ ਅਤੇ ਮਹੱਤਵ ਤੋਂ ਹੀ ਅਣਜਾਣ ਹੋਵਾਂਗੇ ਤਾਂ ਇਨ੍ਹਾਂ ਦੀਆਂ ਰਹਿਮਤਾਂ ਨੂੰ ਪ੍ਰਾਪਤ ਕਰਨ ਵਿਚ ਅਸਫਲ ਰਹਾਂਗੇ।

ਸੂਰਜਾਂ ਦੀ ਫਸਲ ਸੋਚਾਂ ਵਿਚ, ਸਫਿਆਂ 'ਤੇ, ਸੰਵੇਦਨਾ ਵਿਚ ਅਤੇ ਸਦ-ਸੋਚ ਵਿਚ ਵੀ ਪੈਦਾ ਹੁੰਦੀ। ਸਿਰਫ ਸੂਰਜਾਂ ਜਿਹਾ ਬਣਨ ਦੇ ਚਾਹਵਾਨ ਹੀ ਚੌਗਿਰਦੇ ਵਿਚ ਸੂਰਜਾਂ ਦੀ ਸੂਹ ਲੈਂਦੇ। ਆਪਣੇ ਕਦਮਾਂ ਨੂੰ ਉਨ੍ਹਾਂ ਰਾਹਾਂ ਦੀ ਰਵਾਨਗੀ ਬਣਾਉਂਦੇ, ਜਿਨ੍ਹਾਂ ਵਿਚ ਸੂਰਜਾਂ ਦੀ ਆਮਦ ਜਾਂ ਸੰਭਾਵਨਾ ਹੁੰਦੀ।

ਸੂਰਜ ਬਹੁਤ ਅਹਿਮ ਹੁੰਦੇ ਜ਼ਿੰਦਗੀ ਵਿਚ, ਸੁਪਨਿਆਂ ਦੀ ਸਰਜ਼ਮੀਂ ਦੀ ਜ਼ਰਖੇਜ਼ਤਾ ਲਈ ਅਤੇ ਸੁਪਨਿਆਂ ਦਾ ਸੱਚ ਦੀਦਿਆਂ ਵਿਚ ਉਗਾਉਣ ਲਈ। ਸੁਪਨੇ ਸਿਰਫ ਉਨ੍ਹਾਂ ਹੀ ਨੈਣਾਂ ਵਿਚ ਉਗਦੇ, ਜਿਨ੍ਹਾਂ ਵਿਚ ਸੂਰਜਾਂ ਦੇ ਬੀਜ ਕੇਰੇ ਜਾਂਦੇ, ਤਾਂ ਹੀ ਸੂਰਜ ਨੂੰ ਉਗਾਉਣ ਅਤੇ ਇਸ ਦੀ ਉਤਪਤੀ ਦਾ ਹਾਸਲ ਬਣਨ ਦਾ ਮੌਕਾ ਮਿਲਦਾ।

ਕੁਝ ਸੂਰਜ ਅਣਗੌਲੇ ਹੀ ਰਹਿੰਦੇ, ਜਦੋਂ ਕਿ ਇਨ੍ਹਾਂ ਦੇ ਬਹੁਤ ਸਾਰੇ ਕਿਰਨ-ਕਾਫਲੇ ਜੀਵਨ ਦੀਆਂ ਕਾਲਖ-ਜੂਹਾਂ ਨੂੰ ਰੁਸ਼ਨਾਉਣ ਅਤੇ ਇਨ੍ਹਾਂ ਦੀਆਂ ਨੁੱਕਰਾਂ ਵਿਚ ਚਿਰਾਗ ਡੰਗਣ ਦਾ ਸਬੱਬ ਬਣਨ ਦੀ ਸਮਰੱਥਾ ਰੱਖਦੇ। ਸੂਰਜਾਂ ਨੂੰ ਕਦੇ ਅਣਗੌਲੇ ਨਾ ਕਰੋ। ਇਨ੍ਹਾਂ ਤੋਂ ਬੇਧਿਆਨੀ ਕਾਰਨ, ਤੁਹਾਡੀਆਂ ਰਾਹਾਂ ਵਿਚਲੀਆਂ ਖਾਈਆਂ, ਖੱਡੇ, ਕੰਡੇ ਜਾਂ ਰੋੜੇ ਰੁਕਾਵਟਾਂ ਬਣਦੇ ਰਹਿਣਗੇ।

ਕਿਸੇ ਵੀ ਰਾਹ 'ਤੇ ਤੁਰਦਿਆਂ ਆਪਣੀਆਂ ਪੈੜਾਂ ਵਿਚ ਅਜਿਹੇ ਸੂਰਜ ਜਰੂਰ ਡੰਗੋ ਤਾਂ ਕਿ ਇਨ੍ਹਾਂ ਰਾਹਾਂ 'ਤੇ ਤੁਰਨ ਵਾਲਿਆਂ ਨੂੰ ਉਸ ਰਾਹਗੀਰ ਦਾ ਚੇਤਾ ਸਦਾ ਰਹੇ, ਜਿਨ੍ਹਾਂ ਨੇ ਇਨ੍ਹਾਂ ਰਾਹਾਂ ਵਿਚ ਚਾਨਣ ਬੀਜ ਕੇ ਰਾਹਾਂ ਨੂੰ ਧੰਨਭਾਗਤਾ ਬਖਸ਼ੀ। ਰਾਹਾਂ ਦੀ ਧੁੰਦਲ ਜਦ ਟਿਮਟਿਮਾਉਂਦੇ ਜੁਗਨੂੰ ਦਾ ਵਜੂਦ ਬਣ ਜਾਵੇ ਤਾਂ ਇਨ੍ਹਾਂ ਰਾਹਾਂ ਦੀ ਧੂੜ ਨੂੰ ਮਸਤਕ 'ਤੇ ਛੁਹਾਉਣ ਨੂੰ ਜੀਅ ਕਰਦਾ। ਜਦ ਕੁਝ ਰਾਹ/ਸੜਕਾਂ ਦੇ ਨਾਂ ਮਹਾਨ ਸ਼ਖਸੀਅਤਾਂ ਦੇ ਨਾਮ 'ਤੇ ਰੱਖੇ ਜਾਂਦੇ ਨੇ ਤਾਂ ਇਹ ਰਾਹਗੀਰਾਂ ਲਈ ਰਾਹ-ਦਸੇਰਾ ਹੀ ਹੁੰਦੇ। ਸਿਰਫ ਇਨ੍ਹਾਂ ਸੂਰਜਾਂ ਨੂੰ ਸਮਝਣ ਵਾਲੇ ਹੀ ਇਸ ਦੀ ਆਸਥਾ ਨੂੰ ਅਰਦਾਸ-ਅਰਘ ਦੀ ਅਰਾਧਨਾ ਬਣਾਉਂਦੇ।

ਕੁਝ ਲੋਕ ਵੀ ਸੂਰਜਾਂ ਜਿਹੇ ਹੁੰਦੇ। ਉਹ ਜਿਥੇ ਵੀ ਜਾਂਦੇ, ਉਥੇ ਹੀ ਇਕ ਸੂਰਜ ਡੰਗਦੇ। ਚਾਨਣ ਦੀ ਸੱਦ ਲਾਉਂਦੇ, ਚਾਨਣ-ਰੱਤਾ ਬੋਲ ਹਰ ਹੋਠ 'ਤੇ ਧਰਦੇ। ਅਜਿਹੇ ਲੋਕ ਹੀ ਲੋਕ-ਚੇਤਿਆਂ ਦਾ ਹਿੱਸਾ ਬਣ ਕੇ ਸਦਾ ਜਿਉਂਦੇ ਰਹਿੰਦੇ। ਸੂਰਜਾਂ ਜਿਹੇ ਹੀ ਲੋਕ ਸਨ, ਜਿਨ੍ਹਾਂ ਨੇ ਲੋਕ ਭਲਾਈ, ਮਨੁੱਖੀ ਅਜ਼ਾਦੀ ਜਾਂ ਨਸਲੀ ਨਫਰਤ ਤੋਂ ਨਿਜਾਤ ਅਤੇ ਜਾਬਰਾਂ ਤੋਂ ਮੁਕਤੀ ਲਈ ਸੰਘਰਸ਼ ਕੀਤੇ ਤੇ ਇਤਿਹਾਸ ਦੇ ਸੁਨਹਿਰੀ ਵਰਕਿਆਂ 'ਤੇ ਆਪਣੇ ਨਾਮ ਉਕਰੇ।

ਸੂਰਜ ਤਾਂ ਬੁੱਕ ਸ਼ੈਲਫ 'ਤੇ ਪਈਆਂ ਪੁਸਤਕਾਂ ਜਾਂ ਸਿਰਹਾਣੇ ਪਈਆਂ ਕਿਤਾਬਾਂ ਵਿਚ ਵੀ ਅੰਗੜਾਈਆਂ ਭਰਦੇ ਨੇ। ਇਹ ਤਾਂ ਸਾਡੇ 'ਤੇ ਨਿਰਭਰ ਕਰਦਾ ਕਿ ਅਸੀਂ ਇਨ੍ਹਾਂ ਸੂਰਜਾਂ ਦੀ ਹਾਕ ਦਾ ਹੁੰਗਾਰਾ ਕਦੋਂ ਭਰਨਾ ਅਤੇ ਇਨ੍ਹਾਂ ਨੂੰ ਆਪਣੇ ਮਸਤਕਾਂ ਵਿਚ ਕਦੋਂ ਧਰਨਾ? ਇਹ ਸੂਰਜ ਸਾਡੇ ਸਭ ਤੋਂ ਵੱਧ ਕਰੀਬੀ ਅਤੇ ਬਹੁਤ ਅਦੀਬੀ ਹੁੰਦੇ। ਇਨ੍ਹਾਂ ਦੇ ਸਦੀਵੀ ਸਾਥ ਵਿਚੋਂ ਹੀ ਵਿਚਾਰਾਂ ਦੀ ਅਮੀਰਤਾ, ਕਰਮਸ਼ੈਲੀ ਵਿਚਲੀ ਪਾਕੀਜ਼ਗੀ, ਕਿਸੇ ਦੇ ਕੰਮ ਆਉਣ ਦਾ ਵਲਵਲਾ ਅਤੇ ਵਧੀਆ ਇਨਸਾਨ ਬਣਨ ਦੀ ਤਮੰਨਾ ਪੈਦਾ ਹੁੰਦੀ। ਸ਼ਬਦਾਂ ਵਿਚ ਉਗਮਦੇ ਅਤੇ ਅਰਥਾਂ ਵਿਚ ਜਗਦੇ ਸੂਰਜਾਂ ਦੀ ਧੁੱਪ ਵਿਚ ਉਗੇ ਖਿਆਲ, ਖੁਆਬ ਵੀ ਬਣਦੇ। ਫਿਰ ਇਹ ਸੁਪਨਿਆਂ ਦੀ ਸੱਚੀ-ਸੁੱਚੀ ਤਸ਼ਬੀਹ ਬਣ ਕੇ ਤਰਜ਼ੀਹ ਅਤੇ ਤਕਦੀਰ ਵੀ ਬਣਦੇ। ਕਿਤਾਬਾਂ ਵਿਚ ਸੁਲਘਦੇ ਸੂਰਜਾਂ ਨਾਲ ਸੰਵਾਦ ਰਚਾਉਂਦੇ ਰਿਹਾ ਕਰੋ, ਤੁਹਾਡੇ ਮਨ ਵਿਚ ਚੇਤਨਾ ਦਾ ਜਾਗ ਲੱਗਾ ਰਹੇਗਾ ਅਤੇ ਮਨ-ਨੁੱਕਰੇ ਪਏ ਬੇਹੇ ਵਿਚਾਰਾਂ ਨੂੰ ਤਾਜ਼ਗੀ ਤੇ ਤਤਪਰਤਾ ਦਾ ਅਹਿਸਾਸ ਹੋਵੇਗਾ।

ਸੂਰਜ ਤਾਂ ਪ੍ਰਦਰਸ਼ਨੀ ਦੀਆਂ ਕਲਾ-ਕਿਰਤਾਂ ਵਿਚ ਵੀ ਜਗਮਗਾਉਂਦੇ। ਇਹ ਤਾਂ ਦੁਧੀਆ ਚਾਨਣ ਰੰਗੀਆਂ ਸੂਖਮ-ਕਲਾਵਾਂ ਦੀ ਕਲਾ-ਨਿਕਾਸ਼ੀ ਕਰਦੀਆਂ, ਜੋ ਸੁਖਨ ਅਤੇ ਸੂਹਜ ਦਾ ਹਾਸਲ ਵੀ ਹੁੰਦੀਆਂ। ਇਹ ਸੂਰਜ, ਕਲਾ-ਬਿਰਤੀ ਨੂੰ ਅਪਨਾਉਣ, ਸੂਖਮ-ਭਾਵਨਾਵਾਂ ਨੂੰ ਜਗਾਉਣ, ਕਿਸੇ ਦੇ ਦਰਦ ਵਿਚ ਹੰਝੂ ਹੋਣ ਦਾ ਵਿਸਮਾਦ ਅਤੇ ਕ੍ਰਿਸ਼ਮਾ ਮਈ ਕਲਾ ਦੇ ਬਲਿਹਾਰੇ ਜਾਣ ਲਈ ਉਤਸੁਕ ਕਰਦੇ। ਕਲਾ-ਕ੍ਰਿਤਾਂ ਵਿਚ ਉਗੇ ਸੂਰਜਾਂ ਦੀ ਹੀ ਕਰਤਾਰੀ ਸ਼ਕਤੀ ਹੁੰਦੀ ਕਿ ਮਨ ਵਿਚ ਕਿਸੇ ਪ੍ਰਤੀ ਹਮਦਰਦੀ ਜਾਂ ਦਯਾ-ਭਾਵਨਾ ਪੈਦਾ ਹੁੰਦੀ। ਰੰਗਾਂ ਵਿਚੋਂ ਕਿਸੇ ਦੀ ਸੀਰਤ ਅਤੇ ਸੂਰਤ ਨੂੰ ਪਛਾਨਣ ਦਾ ਹੁਨਰ ਤੇ ਹਾਸਲ ਨਸੀਬ ਹੁੰਦਾ। ਇਨ੍ਹਾਂ ਸੂਰਜਾਂ ਦਾ ਹੀ ਤਪ-ਤੇਜ ਹੁੰਦਾ ਕਿ ਅਸੀਂ ਮਹਿੰਗੀਆਂ ਕਲਾ-ਕਿਰਤਾਂ ਨੂੰ ਖਰੀਦ ਕੇ ਆਪਣੇ ਕਮਰਿਆਂ ਦੀ ਆਭਾ ਵਧਾਉਂਦੇ, ਕਿਉਂਕਿ ਸਭ ਨੂੰ ਚੰਗਾ ਲੱਗਦਾ ਹੈ, ਸੂਰਜਾਂ ਦਾ ਸਾਥ। ਇਸ ਨਾਲ ਸੂਰਜ ਵਰਗਾ ਬਣਨ ਦੀ ਲੋਚਾ, ਮਨ-ਭਗਤੀ ਬਣਦੀ। ਸੂਰਜ ਵਾਂਗ ਧੁੱਪ ਦੀ ਮਹਿੰਦੀ ਨੂੰ ਹਰ ਤਲੀ 'ਤੇ ਲਾਉਣ ਦੀ ਭਾਵਨਾ ਅਤੇ ਯਖ ਪਲਾਂ ਨੂੰ ਨਿੱਘੇ ਕਰਨ ਦਾ ਖਿਆਲ ਮਨ ਦੀ ਜੂਹ ਨੂੰ ਲਰਜ਼ਾਉਂਦਾ।

ਸੂਰਜ, ਕੁਝ ਲੋਕਾਂ ਦੀ ਦਿੱਖ, ਦ੍ਰਿਸ਼ਟੀ ਅਤੇ ਦਰਿਆ-ਦਿਲੀ ਵਿਚੋਂ ਵੀ ਉਗਮਦਾ। ਅਜਿਹੇ ਲੋਕ ਹੀ ਹੁੰਦੇ, ਜਿਨ੍ਹਾਂ ਵੰਨੀਂ ਝਾਕ ਕੇ ਉਨ੍ਹਾਂ ਵਰਗਾ ਸੋਚਣ, ਬਣਨ, ਸਮਾਜਕ ਭਲਾਈ ਲਈ ਕੁਝ ਕਰਨ ਅਤੇ ਹਾਰਿਆਂ ਲਈ ਪ੍ਰੇਰਨਾ ਸ੍ਰੋਤ ਬਣਨ ਦੀ ਚਾਹਤ ਪੈਦਾ ਹੁੰਦੀ। ਜਿਵੇਂ ਆਪਣੇ ਟੀਚਰ, ਬਾਪ, ਸਹਿਕਰਮੀ ਜਾਂ ਆਪਣੇ ਬੋਸ ਜਿਹਾ ਬਣਨ ਦੀ ਚਾਹਤ ਅਤੇ ਉਨ੍ਹਾਂ ਵਾਂਗ ਉਚੇਰੀਆਂ ਬੁਲੰਦੀਆਂ ਨੂੰ ਪਾਉਣ ਦੀ ਤਮੰਨਾ ਸੂਰਜੀ ਖਿੱਚ ਵਿਚੋਂ ਹੀ ਪੈਦਾ ਹੁੰਦੀ। ਇਹ ਸੂਰਜ ਸਮਿਆਂ ਦਾ ਸਭ ਤੋਂ ਵੱਡਾ ਮਾਣ ਅਤੇ ਮਰਤੱਬਾ ਹੁੰਦੇ, ਜਿਨ੍ਹਾਂ ਨੇ ਸਮਾਜਕ ਦਿੱਖ ਦੀ ਨਵੀਂ ਤਰਜ਼ਮਾਨੀ ਕਰਨ ਲਈ ਖੁਦ ਨੂੰ ਦਾਅ 'ਤੇ ਲਾਇਆ ਹੁੰਦਾ।

ਸੂਰਜਾਂ ਦਾ ਰੰਗ ਜਿਹੜੇ ਮੱਥੇ ਦਾ ਨਸੀਬ ਬਣੇ, ਸੂਹੀ ਸੂਹੀ ਮਾਰਦੇ ਨੇ ਭਾਹ। ਰੁੱਸੀਆਂ ਰੀਝਾਂ ਨੂੰ ਕਲਾਵੇ ਵਿਚ ਭਰ ਕੇ, ਝੂਮਰ ਪਾਉਂਦੇ ਨੇ ਸੁੱਚੇ ਚਾਅ। ਮੰਜ਼ਿਲੋਂ ਬੇਪਛਾਣ ਹੋਏ ਪੈਰਾਂ ਵਿਚ ਉਗਦੇ ਨੇ, ਤਾਰਿਆਂ ਸਜੀਲੇ ਰਾਹ। ਸੋਚ ਵਿਚ ਉਗੀ ਹੋਈ ਲੋਚਾ ਦੀਆਂ ਲਗਰਾਂ 'ਚ, ਸਾਵੀ ਹੋ ਜੇ ਭਾਵਾਂ ਦੀ ਅਦਾ। ਸੂਰਜਾਂ ਦੀ ਕੀਰਤੀ ਨੂੰ ਬਗਲੀ 'ਚ ਪਾਈ ਫਿਰੇ, ਗਲੀ ਗਲੀ ਫਿਰਦਾ ਫਕੀਰ। ਉਹਦੀ ਹੇਕੀਂ ਉਗਦੀ ਏ ਧੁਆਂਖੀਆਂ ਰੇਖਾਵਾਂ ਵਿਚ, ਚਾਨਣ ਦੀ ਇਕ ਲਕੀਰ। ਜਿਸ ਨਾਲ ਪੀਲੀ ਰੁੱਤ, ਲੀਰਾਂ ਦੇ ਲਿਬਾਸ ਵਿਚ, ਖੁਣੇ ਪਿੰਡੇ ਸੂਹੀ ਤਕਦੀਰ; ਤੇ ਸਮਿਆਂ ਦੇ ਵਰਕੇ 'ਤੇ ਜਗਦੇ ਚਿਰਾਗਾਂ ਵਿਚੋਂ ਰੋਸ਼ਨੀ ਦੀ ਵਗਦੀ ਝੁਨੀਰ।

ਸੂਰਜ ਤਾਂ ਉਨ੍ਹਾਂ ਪ੍ਰਚਾਰਕਾਂ, ਬੁਲਾਰਿਆਂ, ਲੇਖਕ-ਸੱਜਣਾਂ ਅਤੇ ਮਹਾਨ ਵਿਅਕਤੀ ਦੇ ਹਰਫ/ਬੋਲ ਵੀ ਹੁੰਦੇ, ਜਿਨ੍ਹਾਂ ਵਿਚੋਂ ਸਿਆਣਪ, ਸੂਹਜ, ਸੁਭ-ਚਿੰਤਨ ਅਤੇ ਸੁਭ-ਕਰਮਨ ਦਾ ਸੁਨੇਹਾ ਫਿਜ਼ਾ ਵਿਚ ਗੂੰਜਦਾ। ਇਹ ਤਾਂ ਨਿੱਕੇ ਨਿੱਕੇ ਚਿਰਾਗਾਂ ਦੀ ਡਾਰ ਹੀ ਹੁੰਦੇ, ਜਿਨ੍ਹਾਂ ਦੀ ਰੌਸ਼ਨੀ ਵਿਚ ਮਨ ਦੀ ਸੁੰਨੀਆਂ ਮੰਮਟੀਆਂ ਨੂੰ ਰੋਸ਼ਨੀ ਨਸੀਬ ਹੁੰਦੀ। ਇਹੀ ਚਿਰਾਗ ਤਾਂ ਅਸਲ ਵਿਚ ਆਲਿਆਂ, ਓਟਿਆਂ ਅਤੇ ਬਨੇਰਿਆਂ ਦਾ ਧੰਨ ਭਾਗ ਹੁੰਦੇ।

ਕਦੇ ਕਦਾਈਂ ਉਨ੍ਹਾਂ ਸੂਰਜਾਂ ਦੀ ਨਿਸ਼ਾਨਦੇਹੀ ਵੀ ਕਰਨੀ, ਜੋ ਖੇਤਾਂ ਵਿਚ ਉਗਦੇ ਨੇ, ਜਿਹੜੇ ਆੜ ਦਾ ਪਾਣੀ ਬਣ ਕੇ ਧਰਤ ਨੂੰ ਭਾਗ ਲਾਉਂਦੇ ਅਤੇ ਸੂਰਜਾਂ ਦੀ ਫਸਲ, ਹਰ ਦਲਾਨ ਵਿਚ ਚਾਨਣ ਵੰਡੀਦੀ, ਭੜੋਲਿਆਂ ਨੂੰ ਭਰੇ ਹੋਣ ਦਾ ਵਰਦਾਨ ਦਿੰਦੀ। ਇਨ੍ਹਾਂ ਸੂਰਜਾਂ ਵਿਚ ਕਿਸਾਨ ਦਾ ਚੋਂਦਾ ਮੁੜ੍ਹਕਾ, ਕਾਮੇ ਨੂੰ ਚੜ੍ਹਿਆ ਹੋਇਆ ਸਾਹ ਅਤੇ ਹਾਲੀ ਦੇ ਪੈਰਾਂ ਵਿਚ ਉਗਿਆ ਉਮਾਹ ਵੀ ਸ਼ਾਮਲ।

ਸਭ ਤੋਂ ਵੱਡੇ ਅਤੇ ਦਗਦੇ ਸੂਰਜ ਤਾਂ ਘਰ ਵਿਚ ਬੈਠੇ ਬਜੁਰਗ ਹੁੰਦੇ, ਜਿਨ੍ਹਾਂ ਦੀਆਂ ਸਲਾਹਾਂ ਅਤੇ ਮੱਤਾਂ ਕਾਰਨ ਸਾਡੀ ਸ਼ਖਸੀ ਸਿਰਜਣਾ ਹੋਈ ਹੁੰਦੀ। ਇਨ੍ਹਾਂ ਸੂਰਜਾਂ ਨੂੰ ਕਦੇ ਧੁਖਣ ਨਾ ਲਾਓ, ਸਗੋਂ ਇਨ੍ਹਾਂ ਦੇ ਧੁੱਪੀਲੇ ਸੇਕ ਵਿਚ ਆਪਣੇ ਅੰਤਰੀਵ ਨੂੰ ਰੁਸ਼ਨਾਓ। ਇਨ੍ਹਾਂ ਦੀਆਂ ਕਿਰਮਚੀ ਕਿਰਨਾਂ ਦੀਆਂ ਮੁਰਝਾਈਆਂ ਸੋਚਾਂ 'ਤੇ ਸੰਦਲੀ ਪਾਣ ਚੜ੍ਹਾਓ। ਦੇਖਣਾ! ਤੁਹਾਡੇ ਮਨ ਵਿਚ ਵੀ ਸੂਰਜ ਬਣਨ ਅਤੇ ਸੂਰਜ ਵਾਂਗ ਚਾਨਣ ਦਾ ਵਪਾਰ ਕਰਨ ਦਾ ਵਿਚਾਰ ਪੈਦਾ ਹੋਵੇਗਾ। ਇਹ ਅਜਿਹਾ ਵਪਾਰ ਹੁੰਦਾ, ਜਿਸ ਵਿਚ ਦੇਣਾ ਹੀ ਹੁੰਦਾ, ਲੈਣਾ ਕੁਝ ਵੀ ਨਹੀਂ ਹੁੰਦਾ।

ਕਦੇ ਕਦਾਈਂ ਬਗੀਚੀ ਵਿਚ ਖਿੜੇ ਹੋਏ ਫੁੱਲਾਂ ਵਿਚ ਉਭਰਦੇ ਰੰਗਦਾਰ ਸੂਰਜਾਂ ਨੂੰ ਨਿਹਾਰੋ। ਇਨ੍ਹਾਂ ਦੇ ਰੰਗਾਂ ਵਿਚ ਖੁਦ ਨੂੰ ਰੰਗੋ। ਇਨ੍ਹਾਂ ਸੂਰਜਾਂ ਦੀ ਨੇਕ-ਨੀਤੀ ਨੂੰ ਕਿਆਸੋ। ਸੂਰਜਾਂ ਜਿਹੇ ਇਹ ਫੁੱਲ ਰੰਗ ਅਤੇ ਮਹਿਕਾਂ ਨੂੰ ਲੁਟਾਉਂਦੇ ਸਿਰਫ ਇਹੀ ਲੋਚਦੇ ਨੇ ਕਿ ਕੋਈ ਇਨ੍ਹਾਂ ਨੂੰ ਡਾਲੀਓਂ ਨਾ ਤੋੜੇ। ਉਹ ਆਪਣੀ ਛਿਨ-ਭੰਗਰੀ ਅਉਧ ਦੌਰਾਨ ਇਸ ਵਪਾਰ ਵਿਚੋਂ ਹੀ ਸੁਖਨ-ਸਬੂਰੀ ਨੂੰ ਆਪਣੀ



*ਪੱਕੀ ਕਣਕ 'ਤੇ ਪੈ ਰਹੀ ਸੂਰਜ ਦੀ ਲਿਸ਼ਕੋਰ*

ਤ੍ਰਿਪਤੀ ਦਾ ਆਧਾਰ ਬਣਾਈ ਰੱਖਦੇ।

ਸਮੂਹ ਧਾਰਮਿਕ ਗ੍ਰੰਥ ਅਜਿਹੇ ਮਹਾਂ-ਸੂਰਜ ਹੁੰਦੇ, ਜਿਨ੍ਹਾਂ ਵਿਚੋਂ ਜੀਵਨ ਨੂੰ ਸੁਚਾਰੂ ਅਤੇ ਸਦੀਵ ਬਣਾਉਣ ਲਈ ਸੇਧ, ਸਮਰੱਥਾ, ਸੁਚਾਰੂ ਰਹਿਨੁਮਾਈ ਅਤੇ ਸਾਰਥਕ ਮਾਰਗ-ਦਰਸ਼ਨਾ ਕੀਤੀ ਜਾ ਸਕਦੀ; ਪਰ ਜਦ ਨਫਰਤ, ਜ਼ੁਲਮ, ਹਿੰਸਾ ਜਾਂ ਹਜੂਮੀ ਨਫਰਤ ਰਾਹੀਂ ਇਨ੍ਹਾਂ ਸੂਰਜਾਂ ਦੀ ਦਿੱਖ ਨੂੰ ਪਲੀਤ ਕੀਤਾ ਜਾਂਦਾ ਤਾਂ ਇਨ੍ਹਾਂ ਸੂਰਜਾਂ ਦੀ ਅੱਖ ਵਿਚ ਆਇਆ ਪਾਣੀ, ਪਾਪੀਆਂ ਨੂੰ ਨਸ਼ਟ ਕਰਨ ਲਈ ਕਾਫੀ ਹੁੰਦਾ। ਕਦੇ ਕਦਾਈ ਇਨ੍ਹਾਂ ਸੂਰਜਾਂ ਨੂੰ ਅਰਘ ਚੜ੍ਹਾਉਣਾ ਅਤੇ ਮੱਥੇ ਦਾ ਟਿੱਕਾ ਬਣਾਉਣਾ, ਤੁਹਾਡੀ ਸ਼ਖਸੀਅਤ ਨੂੰ ਚਾਰ ਚੰਨ ਲੱਗ ਜਾਣਗੇ।

ਕਈ ਵਾਰ ਸੂਰਜਾਂ ਦੀ ਦੱਸ ਝੁੱਗੀਆਂ ਵਿਚ ਵੀ ਪੈਂਦੀ। ਦਿਹਾੜੀਦਾਰ ਦੇ ਘਰ ਵੀ ਸੂਰਜ ਜਨਮ ਲੈਂਦੇ ਅਤੇ ਨਵੀਂ ਤਕਦੀਰ, ਤਰਜ਼ੀਹੀ ਤਦਬੀਰ ਨੂੰ ਜੀ ਆਇਆਂ ਕਹਿੰਦੀ।

ਸੂਰਜ ਸਰਗਮ, ਸੂਰਜ ਸ਼ਕਤੀ, ਸੂਰਜ ਧਰਮ ਧਰਵਾਸ। ਸੂਰਜ ਧੁੱਪ ਦੀ ਵਹਿੰਗੀ ਢੋਂਦਾ, ਬੇ-ਆਸਰਿਆਂ ਦੀ ਆਸ। ਸੂਰਜ, ਅੰਬਰ ਦੇ ਪੀੜ੍ਹੇ ਬੈਠਾ, ਲੋਅ-ਮਹਿਫਿਲ ਦਾ ਮਾਣ। ਬੁੱਕਲ ਦੇ ਵਿਚ ਬੈਠੈ ਤਾਰੇ, ਇਸ ਦੀ ਹੋਂਦ-ਪਛਾਣ। ਸੂਰਜ ਬਣ ਸਰਘੀ ਆਉਂਦਾ, ਤ੍ਰੇਲ ਮੋਤੀਹਾਰ ਪਰੋਵੇ। ਰੰਗ-ਮਹਿਕ ਦੀਆਂ ਮੁੱਠਾਂ ਭਰ ਭਰ ਹਰ ਫੁੱਲ ਨੂੰ ਵਰਤਾਵੇ। ਸੂਰਜ ਜਦ ਬਨੇਰਿਉਂ ਉਤਰੇ ਤਾਂ ਜਾਗਦੇ ਘਰ ਦੇ ਭਾਗ। ਵਿਹੜੇ ਦੇ ਵਿਚ ਮੌਲੇ ਰੌਣਕ ਅਤੇ ਚੌਂਕੇ ਬਸੰਤੀ ਰਾਗ। ਸੂਰਜ ਸ਼ਬਦਾਂ ਦੀ ਜੂਹੇ ਆ ਕੇ, ਅਰਥਾਂ ਨੂੰ ਗਰਭਾਵੇ ਤੇ ਵਰਕੇ ਦੀ ਖਾਲੀ ਹਿੱਕ 'ਤੇ ਸੁਖਨ-ਸਹਿਜ ਉਪਜਾਵੇ। ਸੂਰਜ ਬਦਲੇ ਨਾ ਰੁੱਤਾਂ ਵਾਂਗਰ, ਥਿਰ-ਸਦੀਵੀ ਜਜ਼ਬਾਤ। ਰਾਤ ਕਦੇ ਨਾ ਜੂਹ ਟਪੇਂਦੀ, ਰੁਮਕਦੀ ਰਹੇ ਪ੍ਰਭਾਤ। ਸੂਰਜ ਕਰਮ-ਧਰਮ ਦੀ ਹੋਕਾ ਅਤੇ ਸੁਭ-ਕਰਮ ਦੀ ਬਾਤ। ਸੂਰਜ ਸਦਾ ਸਫਰ ਵਿਚ ਰਹਿੰਦਾ, ਨਹੀਂ ਪੁਛੇਂਦਾ ਜਾਤ। ਸੂਰਜ ਆਲ੍ਹੇ ਚਿਰਾਗ ਜਗਾਉਂਦੇ ਤੇ ਚੁੱਲ੍ਹੇ ਮਘਦੀ ਅੱਗ। ਸੂਰਜ ਹੁੰਦਾ ਸੁਖਨ-ਸਬੂਰੀ, ਆਦਿ-ਅੰਤ ਦਾ ਰੱਜ। ਸੂਰਜ ਮਨ ਦੀ ਬੀਹੀ ਆਵੇ ਤਾਂ ਧੁੱਪ ਦੀਆਂ ਬਰਸਣ ਕਣੀਆਂ। ਤਦ ਤੋਂ ਰੂਹ ਦੀ ਪੀੜ੍ਹੀ ਬੈਠੀਆਂ ਰੰਗਰੇਜ਼ਤਾ ਦੀਆਂ ਮਣੀਆਂ।

ਕੁਝ ਸੂਰਜ ਦਿੱਸਦੇ, ਪਰ ਕੁਝ ਅਦਿੱਖ ਹੁੰਦੇ। ਦਿਸਦੇ ਸੂਰਜਾਂ ਨਾਲੋਂ ਅਦਿੱਖ ਸੂਰਜ ਇਸ ਲਈ ਵੱਧ ਅਹਿਮ ਹੁੰਦੇ ਕਿ ਉਹ ਅਦ੍ਰਿਸ਼ਟ ਰਹਿ ਕੇ ਭਲਿਆਈ ਦੀ ਖੇਤੀ ਕਰਨ ਅਤੇ ਜੀਵਨੀ ਰੰਗਾਂ ਦੀ ਇਬਾਰਤ ਨੂੰ ਮਨਾਂ 'ਤੇ ਉਕਰਨ ਵਿਚ ਹਮੇਸ਼ਾ ਮੂਕ ਰੂਪ ਵਿਚ ਯਤਨਸ਼ੀਲ ਰਹਿੰਦੇ।

ਕੁਝ ਸੂਰਜ ਆੜੀ ਬਣ ਜਾਂਦੇ, ਜਦੋਂ ਕਿ ਕੁਝ ਸੂਰਜ ਆਪਣੀ ਧੁੱਪ ਦੂਜਿਆਂ ਨਾਲ ਸਾਂਝੀ ਕਰਨ ਤੋਂ ਗੁਰੇਜ਼ ਕਰਦੇ; ਪਰ ਜਰੂਰੀ ਹੈ ਕਿ ਸੂਰਜ ਆਪਣਾ ਧਰਮ ਨਿਭਾਵੇ, ਧੁੱਪਹੀਣ ਦੀਦਿਆਂ ਵਿਚ ਚਾਨਣ ਦਾ ਸਿਰਨਾਂਵਾਂ ਟਿਕਾਵੇ ਅਤੇ ਜੀਵਨੀ-ਰਾਤਾਂ ਨੂੰ ਪ੍ਰਭਾਤਾਂ 'ਚ ਵਟਾਵੇ।

ਜੀਵਨ ਦੇ ਕਿਸੇ ਵੀ ਮੋੜ, ਥਾਂ, ਗਰਾਂ ਜਾਂ ਦੇਸ਼-ਦੇਸ਼ਾਂਤਰਾਂ ਵਿਚ ਜਾਂਦਿਆਂ ਆਪਣੀਆਂ ਰਾਹਾਂ ਨੂੰ ਪਛਾਣਯੋਗ ਬਣਾਉਣਾ ਅਤੇ ਕਰਮ-ਕੀਰਤੀਆਂ ਨੂੰ ਧਰਮ-ਕਰਮ ਦੀ ਧਾਰਨਾ ਬਣਾਉਣਾ। ਦੇਖਣਾ! ਉਮਰਾਂ ਬੀਤਣ ਪਿਛੋਂ ਵੀ ਲੋਕ ਅਜਿਹੇ ਸੂਰਜਾਂ ਦੇ ਗੁਣ ਗਾਉਂਦੇ, ਉਨ੍ਹਾਂ ਦੀਆਂ ਘਾਲਣਾਵਾਂ ਨੂੰ ਸਜਦਾ ਕਰਦੇ ਅਤੇ ਉਨ੍ਹਾਂ ਦੀ ਨੇਕ-ਨੀਤੀਆਂ ਦੀਆਂ ਕਹਾਣੀਆਂ ਪੀੜ੍ਹੀ-ਦਰ-ਪੀੜ੍ਹੀ ਨਵੀਂਆਂ ਨਸਲਾਂ ਨਾਲ ਸਾਂਝੀਆਂ ਕਰਦੇ ਰਹਿੰਦੇ ਨੇ। ਅਜਿਹੇ ਸੂਰਜ ਹੀ ਕਿਸੇ ਕੌਮ, ਦੇਸ਼ ਜਾਂ ਕਬੀਲੇ ਦਾ ਮਾਣ ਹੋਇਆ ਕਰਦੇ ਨੇ।

ਪਰ ਸਭ ਤੋਂ ਜਰੂਰੀ ਹੁੰਦਾ ਹੈ, ਸੂਰਜ ਤੋਂ ਰੋਸ਼ਨੀ ਲੈ ਕੇ ਖੁਦ ਸੂਰਜ ਬਣਨ ਵੰਨੀ ਪੁਲਾਂਘ ਪੁੱਟਣੀ। ਆਪਣੀ ਕਰਮ-ਚੇਤਨਾ ਨਾਲ ਤਾਰਿਆਂ ਦੇ ਬੀਜ ਲੋਕ-ਮਾਨਸਿਕਤਾ ਵਿਚ ਬੀਜਣੇ। ਇਹ ਬੀਜ-ਤਾਰੇ, ਵੱਡੇ ਸੂਰਜ ਬਣ ਕੇ ਰਹਿਮਤੀ ਰਹਿਨੁਮਾਈਆਂ ਦਿੰਦੇ, ਵਕਤ ਨੂੰ ਨਵੀਂ ਇਬਾਰਤ ਨਾਲ ਸ਼ਰਸ਼ਾਰ ਕਰਨਗੇ। ਸੂਰਜ ਹੀ ਸੂਰਜਾਂ ਦੀ ਅੰਸ਼ ਹੁੰਦੇ ਅਤੇ ਇਸ ਵਿਚੋਂ ਹੀ ਨਵੀਆਂ ਪਹਿਲਕਦਮੀਆਂ, ਨਵਾਂ ਹੁਲਾਸ ਅਤੇ ਉਤਸ਼ਾਹ ਮਿਲਦਾ।

# ਏਜੰਡਾ ਪੰਜਾਬ

## ਵਿਚਾਰ ਚਰਚਾ



ਪ੍ਰੋ. ਬਲਕਾਰ ਸਿੰਘ ਪਟਿਆਲਾ
ਫੋਨ: +91-93163-01328

'ਏਜੰਡਾ ਪੰਜਾਬ' ਦੀ ਚਰਚਾ ਕਰਨ ਲੱਗਿਆਂ, ਇਸ ਦੀ ਸਿਆਸਤ ਕਰਨ ਤੋਂ ਗੁਰੇਜ਼ ਕਰਨਾ ਪਵੇਗਾ, ਕਿਉਂਕਿ ਸਿਆਸੀ-ਪੈਂਤੜੇ ਦੀ ਲੋੜ, ਲਾਲਚ ਅਤੇ ਉਦਰੇਵੇਂ ਨਾਲ ਜੁੜੀਆਂ ਹੋਈਆਂ ਲੋਕ-ਵਿਰੋਧੀ ਅਤੇ ਲੋਕ-ਪੱਖੀ ਧਾਰਨਾਵਾਂ ਪੰਜਾਬ ਏਜੰਡੇ ਲਈ ਨਹੀਂ ਵਰਤੀਆਂ ਜਾ ਸਕਦੀਆਂ। ਸਿਆਸਤ ਤੋਂ ਮਹਿਰੂਮ ਸਮਕਾਲ ਬੇਸ਼ੱਕ ਨਹੀਂ ਹੁੰਦਾ, ਪਰ ਸਿਧਾਂਤ ਅਤੇ ਸਿਧਾਂਤ ਦੀ ਸਿਆਸਤ ਵਿਚ ਪਾੜੇ ਦੀਆਂ ਸੰਭਾਵਨਾਵਾਂ ਤੋਂ ਵੀ ਤਾਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਸ ਨੂੰ ਸੱਚ ਅਤੇ ਸੱਚ ਦੇ ਅਮਲ ਦੇ ਸੁਭਾਵਕ ਪਾੜੇ ਵਾਂਗ ਸਮਝਿਆ ਜਾ ਸਕਦਾ ਹੈ। ਇਸ ਕਰਕੇ ਕਿਸੇ ਕਿਸਮ ਦੀ ਨਿਜੀ ਧਾਰਨਾ ਜਾਂ ਗਰੁੱਪ ਧਾਰਨਾ ਨੂੰ ਸੱਚ ਦੇ ਕਵਚ ਵਾਂਗ ਵਿਰੋਧੀਆਂ ਦੀ ਕੁੱਟ-ਕਟਾਈ ਲਈ ਨਹੀਂ ਵਰਤਣਾ ਚਾਹੀਦਾ।

ਏਜੰਡਾ ਪੰਜਾਬ ਦੀ ਗੱਲ ਪੰਜਾਬ ਵਿਜ਼ਨ ਤੋਂ ਸ਼ੁਰੂ ਕਰਨੀ ਪਵੇਗੀ। ਇਸ ਵਾਸਤੇ ਵੱਡੀ ਰੁਕਾਵਟ ਸਿਆਣਪਨੁਮਾ-ਸਿਆਸਤ ਅਤੇ ਸਿਆਸਤਨੁਮਾ-ਸਿਆਣਪ ਹੈ ਤੇ ਇਹ ਦਿੱਤੇ ਹੋਏ ਹਾਲਾਤ ਵਿਚ ਅਪਵਿੱਤਰ ਗਠਜੋੜ ਦੀ ਸਿਆਸੀ-ਕਲਾ ਹੋ ਗਈ ਹੈ। ਗੁਆਚੀ ਸਾਖ ਵਾਲੀ ਕਲਾ ਨੂੰ ਵਰਤ ਕੇ ਠੀਕ ਨਤੀਜਿਆਂ ਦੀ ਆਸ ਨਹੀਂ ਕੀਤੀ ਜਾ ਸਕਦੀ। ਮੌਜੂਦਾ ਪੰਜਾਬ ਸਥਾਪਤ-ਵਾਸਤਵਿਕਤਾ ਹੈ, ਕਿਉਂਕਿ ਪੰਜਾਬ ਤਾਂ ਗੁਰੂ ਸਾਹਿਬਾਨ ਤੋਂ ਪਹਿਲਾਂ ਵੀ ਸੀ ਅਤੇ ਅੱਗੋਂ ਵੀ ਰਹਿਣਾ ਹੈ। ਪੰਜਾਬ ਦੇ ਏਜੰਡੇ ਨੂੰ ਕਿਸੇ ਵੀ ਸਮਕਾਲ ਦੇ ਏਜੰਡੇ ਵਾਂਗ ਹੀ ਲੈਣਾ ਚਾਹੀਦਾ ਹੈ। ਅਜਿਹਾ, ਧਾਰਨਾ-ਮਾਡਲ (perception-model) ਦੀ ਗ੍ਰਿਫਤ ਵਿਚੋਂ ਮੁਕਤ ਹੋ ਕੇ ਹੀ ਕੀਤਾ ਜਾ ਸਕਦਾ ਹੈ, ਕਿਉਂਕਿ ਧਾਰਨਾ-ਮਾਡਲ ਨੂੰ, ਕਿਸੇ ਨਾ ਕਿਸੇ ਕਿਸਮ ਦੀਆਂ ਉਲਾਰ-ਥੰਮ੍ਹੀਆਂ ਦੇ ਆਸਰੇ ਖਲ੍ਹਾਰਨਾ ਪੈਂਦਾ ਹੈ। ਧਾਰਨਾਵਾਂ ਦੇ ਜੰਗਲ ਨੂੰ ਸਮਕਾਲੀ-ਪੰਜਾਬ ਦੀ ਸਿਆਸਤ ਕਹਿ ਰਿਹਾ ਹਾਂ। ਇਸ ਕਰਕੇ ਸਭ ਨਾਲੋਂ ਪਹਿਲਾਂ, ਪੰਜਾਬ ਦੀ ਸਿਆਸਤ ਨੂੰ ਵਰਤਮਾਨ ਪੰਜਾਬ (ਪੰਜਾਬੀ ਸੂਬਾ) ਦੀ ਸਿਆਸਤ ਵਜੋਂ ਸਮਝੇ ਜਾਣ ਦੀ ਲੋੜ ਹੈ। ਇਹ ਗੱਲ ਤਾਂ ਹੀ ਸਮਝੀ ਜਾ ਸਕਦੀ ਹੈ, ਜੇ ਪੰਜਾਬ ਦੀ ਸਿਆਸਤ ਨੂੰ ਪ੍ਰਾਪਤ ਅੰਤਰ ਦ੍ਰਿਸ਼ਟੀਆਂ ਦੇ ਨਾਲ ਨਾਲ ਸਭਿਆਚਾਰ, ਧਰਮ ਅਤੇ ਅਧਿਆਤਮ ਦੇ ਹਵਾਲੇ ਨਾਲ ਵੀ ਸਮਝਣ ਦੀ ਕੋਸ਼ਿਸ਼ ਕੀਤੀ ਜਾਵੇ! ਅਕਾਲੀ ਬਿਨਾ ਸਮਝੇ ਇਸ ਤਰ੍ਹਾਂ ਦੀ ਸਮਝ ਦੇ ਨੇੜੇ ਰਹਿੰਦੇ ਹਨ ਅਤੇ ਪੰਜਾਬ ਦੀਆਂ ਬਾਕੀ ਸਿਆਸੀ ਪਾਰਟੀਆਂ, ਸਮਝ ਕੇ ਵੀ ਇਸ ਤਰ੍ਹਾਂ ਦੀ ਸਮਝ ਨੂੰ ਅਪਨਾਉਣ ਲਈ ਤਿਆਰ ਨਹੀਂ ਲੱਗਦੀਆਂ। ਭਾਰਤੀ ਆਮ ਕਰ ਕੇ ਅਤੇ ਪੰਜਾਬੀ ਖਾਸ ਕਰ ਕੇ ਧਰਮ ਨੂੰ ਜ਼ਿੰਦਗੀ ਵਿਚੋਂ ਮੁਕੰਮਲ ਮਨਫੀ ਨਹੀਂ ਕਰ ਸਕਦੇ। ਇਸੇ ਕਰਕੇ ਧਰਮ ਦਾ ਦਖਲ, ਧਰਮ-ਨਿਰਪੇਖਤਾ (secularism) ਵਿਚੋਂ ਵੀ ਖਤਮ ਨਹੀਂ ਹੋ ਸਕਿਆ। ਖਤਮ ਕਰਨ ਅਤੇ ਖਤਮ ਨਾ ਹੋਣ ਦੀ ਪ੍ਰਾਪਤ ਦੋਹਰੇਪਨ ਦੀ ਸਿਆਸਤ ਨੇ ਧਰਮ ਅਤੇ ਸਭਿਆਚਾਰ ਨੂੰ ਟਕਰਾਉ ਵਿਚ ਲੈ ਆਂਦਾ ਹੈ। ਇਸ ਨਾਲ ਪੈਦਾ ਹੋ ਗਈਆਂ ਸਮੱਸਿਆਵਾਂ ਨੂੰ ਪੰਜਾਬ ਏਜੰਡੇ ਵਿਚ ਸ਼ਾਮਲ ਕਰਨਾ ਪਵੇਗਾ।

ਪੰਜਾਬ ਨੂੰ ਸਦਾ ਹੀ ਇਸ ਦੇ ਵਿਰਾਸਤੀ-ਸਰੋਕਾਰ ਊਰਜਾ ਦਿੰਦੇ ਰਹੇ ਹਨ ਅਤੇ ਇਸੇ ਭਾਵਨਾ ਨਾਲ ਜੁੜੀ ਹੋਈ ਹੈ, ਪ੍ਰੋ. ਪੂਰਨ ਸਿੰਘ ਦੀ ਟਿੱਪਣੀ, "ਪੰਜਾਬ ਸਾਰਾ ਜੀਂਦਾ ਗੁਰੂ ਦੇ ਨਾਮ 'ਤੇ।" ਇਸ ਟਿੱਪਣੀ ਦੀ ਨੀਂਹ 'ਤੇ ਪੰਜਾਬ ਏਜੰਡਾ ਉਸਾਰਿਆ ਜਾ ਸਕਦਾ ਹੈ, ਕਿਉਂਕਿ ਇਸ ਵਿਚ ਤਾਸੀਰੀ ਵਿਜ਼ਨ ਹੈ। ਇਸ ਵਿਜ਼ਨ ਦਾ ਰਾਹ ਮੌਜੂਦਾ ਪੰਜਾਬ ਵਿਚ ਰੁਕ ਗਿਆ ਹੈ, ਕਿਉਂਕਿ ਪੰਜਾਬੀ ਸੂਬਾ, ਕਲਪਿਤ ਸਿੱਖ ਸਟੇਟ ਹੋ ਗਿਆ ਹੈ। ਸਿੱਖ ਬਹੁਸੰਮਤੀ ਵਾਲੇ ਜਿਸ ਖਿੱਤੇ ਦੀ ਸਿਆਸੀ ਰੀਝ ਸਿੱਖ ਸਿਆਸਤਦਾਨ ਪਾਲਦੇ ਰਹੇ ਹਨ, ਉਹ ਭਾਰਤੀ ਵਿਧਾਨ ਤਹਿਤ ਸੰਭਵ ਹੱਦ ਤੱਕ ਪੂਰੀ ਹੋ ਗਈ ਹੈ। ਇਸ ਨਾਲ ਸਿਆਸੀ ਰੀਝਾਂ ਅਤੇ ਧਾਰਮਿਕ ਰੀਝਾਂ ਟਕਰਾਉ ਵਿਚ ਆ ਗਈਆਂ ਹਨ, ਜਿਵੇਂ ਡੇਰਾ ਬੱਲਾਂ ਅਤੇ ਸਹਿਜਧਾਰੀਆਂ ਦੀ ਸਮੱਸਿਆ ਸਾਂਝ ਵਿਚੋਂ ਨਿਕਲ ਕੇ ਸਮਾਨੰਤਰਤਾ ਵਿਚ ਵੀ ਤੁਰ ਪਈਆਂ ਹਨ। ਅਜਿਹੇ ਹੀ ਹਨ, ਪੰਜਾਬ ਦੀਆਂ ਧਾਰਮਿਕ ਡੇਰੇਦਾਰੀਆਂ ਦੇ ਮਸਲੇ।

ਪੰਜਾਬੀ ਚੇਤਨਾ ਦੀ ਇਹ ਵਿਲੱਖਣਤਾ ਰਹੀ ਹੈ ਕਿ ਉਹ ਕਿਸੇ ਵੀ ਨਵੀਂ ਲਹਿਰ ਤੋਂ ਪ੍ਰਭਾਵਿਤ ਹੋਣ ਵਿਚ ਭਾਰਤ ਦੇ ਸਾਰੇ ਸੂਬਿਆਂ ਨਾਲੋਂ ਮੋਹਰੀ ਰਹੀ ਹੈ। ਪੰਜਾਬੀਆਂ ਦੀ ਇਸ ਮੋਹਰੀ ਭੂਮਿਕਾ ਵਿਚ ਸਿੱਖ ਊਰਜਾ ਕਿਸੇ ਨਾ ਕਿਸੇ ਰੂਪ ਵਿਚ ਕੰਮ ਕਰਦੀ ਰਹੀ ਹੈ। ਇਸ ਸੁਭਾਅ ਕਰਕੇ ਪੰਜਾਬ ਕੇਂਦ੍ਰਿਤ ਸਰੋਕਾਰ ਸਮੱਸਿਆ ਵੀ ਬਣਦੇ ਜਾ ਰਹੇ ਹਨ। ਇਸ ਦੀ ਸ਼ੁਰੂਆਤ ਇਸ ਭਾਵਨਾ ਤੋਂ ਹੁੰਦੀ ਰਹੀ ਹੈ ਕਿ ਪੰਜਾਬੀ ਸੂਬੇ ਵਿਚ ਵੀ ਪੰਥਕ ਸਰੋਕਾਰ ਸੁਰੱਖਿਅਤ ਨਹੀਂ ਹਨ। ਇਸ ਤੋਂ ਪ੍ਰੇਰਿਤ ਸਿੱਖੀ ਵੱਲ ਪਰਤ ਰਹੇ ਬੁਧੀਜੀਵੀਆਂ, ਸਿੱਖੀ ਦੇ ਇਜਾਰੇਦਾਰ ਬੁੱਧੀਜੀਵੀਆਂ ਅਤੇ ਪੰਜਾਬੀ ਸੁਜੱਗਤਾ ਦਾ ਦਮ ਭਰਦੇ ਬੁੱਧੀਜੀਵੀਆਂ ਨੂੰ ਸਿੱਖ ਪਛਾਣ ਦੀ ਸਿਆਸਤ ਦੀ ਥਾਂ ਪੰਜਾਬ ਦੇ ਏਜੰਡੇ ਅਰਥਾਤ ਪੰਜਾਬ ਦੇ ਭਵਿੱਖ ਬਾਰੇ ਸੋਚਣਾ ਚਾਹੀਦਾ ਹੈ। ਇਸ ਵਾਸਤੇ ਲੋੜ ਪਵੇਗੀ ਗ੍ਰੰਥ ਅਤੇ ਪੰਥ ਦੇ ਸਿੱਖ ਪ੍ਰਸੰਗ ਨੂੰ ਸਮਝਣ ਦੀ, ਕਿਉਂਕਿ ਇਸ ਨੂੰ ਸਮਝੇ ਬਿਨਾ ਪੰਜਾਬ ਦੇ ਏਜੰਡੇ ਬਾਰੇ ਸੋਚਿਆ ਨਹੀਂ ਜਾ ਸਕਦਾ।

ਗ੍ਰੰਥ ਸਿਰਜਿਤ ਸਰੋਕਾਰਾਂ (ਧਰਮ) ਅਤੇ ਪੰਥ ਸਿਰਜਿਤ ਸਰੋਕਾਰਾਂ (ਇਤਿਹਾਸ) ਨੂੰ ਇਕ ਦੂਜੇ ਦੇ ਬਦਲ ਵਿਚੋਂ ਕੱਢ ਕੇ ਇਕ ਦੂਜੇ ਦੀ ਪੂਰਕਤਾ ਵਿਚ ਸਥਾਪਤ ਕਰਨਾ ਪੰਜਾਬ ਏਜੰਡੇ ਦਾ ਹਿੱਸਾ ਹੋਣਾ ਚਾਹੀਦਾ ਹੈ। ਅਜਿਹਾ ਪ੍ਰਾਪਤ ਅੰਤਰ ਦ੍ਰਿਸ਼ਟੀਆਂ ਨੂੰ ਵਰਤ ਕੇ ਹੋਵੇ ਤਾਂ ਹੋਰ ਵੀ ਚੰਗੀ ਗੱਲ ਹੋਵੇਗੀ; ਪਰ ਜੇ ਪ੍ਰਾਪਤ ਅੰਤਰ ਦ੍ਰਿਸ਼ਟੀਆਂ ਦੇ ਪਿੱਛੇ ਲੱਗ ਕੇ ਅਜਿਹਾ ਕਰਾਂਗੇ ਤਾਂ ਮੁਸ਼ਕਿਲ ਹੋਵੇਗੀ, ਕਿਉਂਕਿ ਪ੍ਰਾਪਤ ਅੰਤਰ ਦ੍ਰਿਸ਼ਟੀਆਂ ਨੂੰ ਵਰਤਣ ਅਤੇ ਪ੍ਰਾਪਤ ਅੰਤਰ ਦ੍ਰਿਸ਼ਟੀਆਂ ਵਲੋਂ ਵਰਤੇ ਜਾਣ ਵਿਚ ਬਹੁਤ ਫਰਕ ਹੈ! ਆਧੁਨਿਕ ਅੰਤਰ ਦ੍ਰਿਸ਼ਟੀਆਂ ਦੀ ਚੂਲ ਬੌਧਿਕਤਾ ਅਤੇ ਸ਼ੰਕਾ ਹੋਣ ਕਰਕੇ ਇਸ ਵਿਚ ਪ੍ਰਭੂ ਦਾ ਭੈਅ ਤੇ ਆਸਰਾ ਉਸ ਤਰ੍ਹਾਂ ਸ਼ਾਮਲ ਨਹੀਂ ਹੈ, ਜਿਸ ਤਰ੍ਹਾਂ ਬਾਣੀ ਚਿੰਤਨ ਵਿਚ ਸ਼ਾਮਲ ਹੈ। ਸਿੱਖੀ ਵਿਚ ਹਰ ਕਿਸਮ ਦੇ ਸਰੋਕਾਰ ਨੂੰ ਨਾਲ ਲੈ ਕੇ ਤੁਰਨ (ਕੋਇ ਨ ਦਿਸੈ ਬਾਹਰਾ ਜੀਓ...) ਦੀ ਆਗਿਆ ਹੈ ਅਤੇ ਇਸ ਸੁਰ ਵਿਚ ਸਿਆਸਤ ਨੂੰ ਵੀ ਨਾਲ ਲੈ ਕੇ ਤੁਰਿਆ ਜਾ ਸਕਦਾ ਹੈ। ਸਿਆਸਤ ਦੇ ਪਿੱਛੇ ਲੱਗ ਕੇ ਤੁਰਨ ਦੀ ਆਗਿਆ ਸਿੱਖ ਧਰਮ ਵਿਚ ਨਹੀਂ ਹੈ, ਭਾਵੇਂ ਸਿੱਖ ਸਿਆਸਤਦਾਨਾਂ ਨੇ ਮੀਰੀ-ਪੀਰੀ ਦੀ ਆੜ ਵਿਚ ਸਿਆਸਤ ਨੂੰ ਕੇਂਦਰ ਵਿਚ ਲਿਆਉਣ ਲਈ ਧਰਮ ਨੂੰ ਹਾਸ਼ੀਏ 'ਤੇ ਧੱਕ ਦਿੱਤਾ ਹੈ। ਸਿੱਖੀ, ਬੰਧਨ ਮੁਕਤੀ ਦਾ ਗਾਡੀ ਰਾਹ ਹੈ ਅਤੇ ਸਿੱਖ ਪਛਾਣ ਦੀ ਸਿਆਸਤ ਕਿਸੇ ਵੀ ਤਰ੍ਹਾਂ ਬੰਧਨ ਮੁਕਤੀ ਵੱਲ ਨਹੀਂ ਜਾਂਦੀ। ਫਿਰ ਵੀ ਪੰਜਾਬ, ਸਿਆਸੀ ਹੋਣੀ ਅਰਥਾਤ 'ਸਾਕਾਰ ਹੋ ਚੁਕੀ ਵਾਸਤਵਿਕਤਾ' ਦਾ ਸ਼ਿਕਾਰ ਹੋ ਚੁਕਾ ਹੈ। ਪੰਜਾਬ ਏਜੰਡੇ ਵਾਸਤੇ ਇਸ ਸਥਿਤੀ ਨੂੰ ਮੁਖਾਤਿਬ ਹੋਣਾ ਜ਼ਰੂਰੀ ਹੋ ਗਿਆ ਹੈ।

ਪੰਜਾਬ ਏਜੰਡੇ ਦੀ ਇਕ ਵੰਗਾਰ ਇਹ ਵੀ ਹੈ ਕਿ ਮੌਜੂਦਾ ਪੰਜਾਬ ਵਿਚ ਪੈਦਾ ਹੋ ਗਈ ਸਿਆਸੀ ਸਪੇਸ ਦੇ ਅਪਹਰਣ ਵਾਸਤੇ ਤਰਲੋਮੱਛੀ ਹੋ ਰਹੇ ਹਰ ਰੰਗ ਦੇ ਸਿੱਖ ਸਿਆਸਤਦਾਨ, ਪੰਜਾਬ ਦੇ ਏਜੰਡ ਦੀ ਗੱਲ ਕਿਉਂ ਨਹੀਂ ਕਰਦੇ? ਜਿਸ ਸਥਿਤੀ ਵਿਚੋਂ ਨਿਕਲਣ ਵਾਸਤੇ ਪੰਜਾਬ ਏਜੰਡੇ ਦੀ ਗੱਲ ਕੀਤੀ ਜਾ ਰਹੀ ਹੈ, ਇਹ ਸਥਿਤੀ ਸਿਆਸਤਦਾਨਾਂ ਦੀ ਪੈਦਾ ਕੀਤੀ ਹੋਈ ਹੈ। ਇਸ ਵਿਚੋਂ ਸਿਆਸਤ ਦੇ ਮਾਧਿਅਮ ਰਾਹੀਂ ਬਾਹਰ ਨਹੀਂ ਨਿਕਲਿਆ ਜਾ ਸਕਦਾ। ਮਿਸਾਲ ਵਜੋਂ 'ਨੇਸ਼ਨ ਸਟੇਟ' ਦਾ ਮਸਲਾ ਸਬੰਧਤ ਦੇਸ਼ ਨਾਲ ਜੁੜਿਆ ਰਹਿਣਾ ਹੈ। ਪੰਜਾਬ ਤਾਂ ਸਿੱਖ ਰਾਜ ਵੇਲੇ ਵੀ ਦੇਸ਼ ਨਹੀਂ ਸੀ, ਸਗੋਂ ਦੇਸ਼ ਦਾ ਹਿੱਸਾ ਹੀ ਸੀ। ਸਿੱਖਾਂ ਅਤੇ ਅੰਗਰੇਜ਼ਾਂ ਦੀ ਲੜਾਈ ਵੇਲੇ ਸਾਰਾ ਦੇਸ਼, ਪੰਜਾਬ ਵਿਰੁਧ ਜੇ ਲੜ ਵੀ ਰਿਹਾ ਸੀ (ਜੰਗ ਹਿੰਦ ਪੰਜਾਬ ਦਾ ਹੋਣ ਲੱਗਾ, ਪਾਤਸ਼ਾਹੀ ਫੌਜਾਂ ਦੋਵੇਂ ਭਾਰੀਆਂ ਨੇ-ਸ਼ਾਹ ਮੁਹੰਮਦ) ਤਾਂ ਵੀ ਪੰਜਾਬ, ਦੇਸ਼ ਦਾ ਹਿੱਸਾ ਹੀ ਸੀ। ਸੂਬੇ ਦਾ ਰਾਜਾ ਹੋਣਾ ਜਾਂ ਦੇਸ਼ ਦਾ ਹਾਕਮ ਹੋਣਾ, ਦੇਸ਼ ਹੋ ਜਾਣਾ ਕਿਵੇਂ ਹੋਇਆ? ਅਹੁਦੇ ਦੀ ਨੈਤਿਕਤਾ ਦੀ ਥਾਂ, ਅਹੁਦੇ ਨਾਲ ਮਾਲਕੀ ਦਾ ਹੱਕ ਕਦੋਂ ਅਤੇ ਕਿਵੇਂ ਸਿੱਖੀ ਵਿਚ ਪਰਵੇਸ਼ ਕਰ ਗਿਆ, ਵੱਖਰਾ ਮਸਲਾ ਹੈ ਤੇ ਇਸ ਨੂੰ ਵੱਖਰੇ ਤੌਰ 'ਤੇ ਹੀ ਵਿਚਾਰਿਆ ਜਾਣਾ ਚਾਹੀਦਾ ਹੈ।

ਪੰਜਾਬ ਏਜੰਡਾ, ਦੇਸ਼ ਦੇ ਪ੍ਰਸੰਗ ਵਿਚ ਇਕ ਸੂਬੇ ਵਜੋਂ ਹੀ ਤੈਅ ਹੋਣਾ ਹੈ। ਇਸ ਵਿਚ ਅੜਿੱਕਾ ਵੱਖ ਵੱਖ ਕਿਸਮ ਦੀ ਸਿਆਸਤ ਲਾ ਸਕਦੀ ਹੈ। ਤਾਂ ਵੀ ਇਹ ਸੋਚਣਾ ਹੀ ਪਵੇਗਾ ਕਿ ਇਸ ਸਮੱਸਿਆ ਨੂੰ ਪੰਜਾਬ ਏਜੰਡੇ ਵਿਚ ਕਿਵੇਂ ਨਜਿੱਠਿਆ ਜਾਵੇ? ਕਿਸੇ ਨੂੰ ਮੰਤਵ-ਸਿੱਧੀ ਲਈ ਦਲਿਤ-ਵਿਰੋਧੀ ਕਹਿਣਾ ਤਾਂ ਸਿਆਸਤ ਦੀ ਸਿਆਸਤ ਹੋਵੇਗੀ ਅਤੇ ਇਸ ਦੀਆਂ ਪੈੜਾਂ ਪੰਜਾਬ ਏਜੰਡੇ ਦੀ ਫਿਕਰਮੰਦੀ ਵੱਲ ਨਹੀਂ ਜਾਂਦੀਆਂ। ਕਾਂਗਰਸੀਆਂ, ਕਾਮਰੇਡਾਂ ਅਤੇ ਸਿੱਖਾਂ ਨੂੰ ਦਲਿਤ ਵਿਰੋਧੀ ਹੋਣ ਦੀ ਸਿਧਾਂਤਕ ਆਗਿਆ, ਉਸ ਤਰ੍ਹਾਂ ਨਹੀਂ ਹੈ, ਜਿਵੇਂ ਹਿੰਦੂ-ਚਿੰਤਨ ਵਿਚ ਅੱਜ ਵੀ ਪ੍ਰਾਪਤ ਹੈ। "ਗੁਰੂ ਦੇ ਨਾਮ 'ਤੇ" ਜਿਉਣ ਵਾਲੇ

> **ਪੰਜਾਬੀ ਚੇਤਨਾ ਦੀ ਇਹ ਵਿਲੱਖਣਤਾ ਰਹੀ ਹੈ ਕਿ ਉਹ ਕਿਸੇ ਵੀ ਨਵੀਂ ਲਹਿਰ ਤੋਂ ਪ੍ਰਭਾਵਿਤ ਹੋਣ ਵਿਚ ਭਾਰਤ ਦੇ ਸਾਰੇ ਸੂਬਿਆਂ ਨਾਲੋਂ ਮੋਹਰੀ ਰਹੀ ਹੈ। ਪੰਜਾਬੀਆਂ ਦੀ ਇਸ ਮੋਹਰੀ ਭੂਮਿਕਾ ਵਿਚ ਸਿੱਖ ਊਰਜਾ ਕਿਸੇ ਨਾ ਕਿਸੇ ਰੂਪ ਵਿਚ ਕੰਮ ਕਰਦੀ ਰਹੀ ਹੈ। ਇਸ ਸੁਭਾਅ ਕਰਕੇ ਪੰਜਾਬ ਕੇਂਦ੍ਰਿਤ ਸਰੋਕਾਰ ਸਮੱਸਿਆ ਵੀ ਬਣਦੇ ਜਾ ਰਹੇ ਹਨ। ਇਸ ਦੀ ਸ਼ੁਰੂਆਤ ਇਸ ਭਾਵਨਾ ਤੋਂ ਹੁੰਦੀ ਰਹੀ ਹੈ ਕਿ ਪੰਜਾਬੀ ਸੂਬੇ ਵਿਚ ਵੀ ਪੰਥਕ ਸਰੋਕਾਰ ਸੁਰੱਖਿਅਤ ਨਹੀਂ ਹਨ। ਇਸ ਤੋਂ ਪ੍ਰੇਰਿਤ ਸਿੱਖੀ ਵੱਲ ਪਰਤ ਰਹੇ ਬੁਧੀਜੀਵੀਆਂ, ਸਿੱਖੀ ਦੇ ਇਜਾਰੇਦਾਰ ਬੁੱਧੀਜੀਵੀਆਂ ਅਤੇ ਪੰਜਾਬੀ ਸੁਜੱਗਤਾ ਦਾ ਦਮ ਭਰਦੇ ਬੁੱਧੀਜੀਵੀਆਂ ਨੂੰ ਸਿੱਖ ਪਛਾਣ ਦੀ ਸਿਆਸਤ ਦੀ ਥਾਂ ਪੰਜਾਬ ਦੇ ਏਜੰਡੇ ਅਰਥਾਤ ਪੰਜਾਬ ਦੇ ਭਵਿੱਖ ਬਾਰੇ ਸੋਚਣਾ ਚਾਹੀਦਾ ਹੈ। ਇਸ ਵਾਸਤੇ ਲੋੜ ਪਵੇਗੀ ਗ੍ਰੰਥ ਅਤੇ ਪੰਥ ਦੇ ਸਿੱਖ ਪ੍ਰਸੰਗ ਨੂੰ ਸਮਝਣ ਦੀ, ਕਿਉਂਕਿ ਇਸ ਨੂੰ ਸਮਝੇ ਬਿਨਾ ਪੰਜਾਬ ਦੇ ਏਜੰਡੇ ਬਾਰੇ ਸੋਚਿਆ ਨਹੀਂ ਜਾ ਸਕਦਾ।**

ਪੰਜਾਬ ਦੀ ਸਮੱਸਿਆ, ਕਦੇ ਦਲਿਤ-ਸਮੱਸਿਆ ਸੀ ਹੀ ਨਹੀਂ, ਕਿਉਂਕਿ ਗੁਰੂ-ਚਿੰਤਨ ਵਿਚ ਇਸ ਵਾਸਤੇ ਕੋਈ ਥਾਂ ਹੀ ਨਹੀਂ ਹੈ। ਇਸ ਦਾ ਵਾਰ ਵਾਰ ਸਿੱਖ ਇਤਿਹਾਸ ਵਿਚ ਪ੍ਰਗਟਾਵਾ ਵੀ ਹੁੰਦਾ ਰਿਹਾ ਹੈ। ਇਸ ਕਰਕੇ ਕਿਸੇ ਵੀ ਕਿਸਮ ਦੀ ਸਿਆਸਤ ਨੂੰ ਠੀਕ ਬੈਠਦੀ ਇਜਾਰੇਦਾਰੀ ਜਾਂ ਸ਼ਰੀਕੇਬਾਜੀ ਤੋਂ ਪਾਸੇ ਰੱਖ ਕੇ ਹੀ ਪੰਜਾਬ ਏਜੰਡੇ ਬਾਰੇ ਸੋਚਣਾ ਚਾਹੀਦਾ ਹੈ।

ਇਸ ਦੀ ਸ਼ੁਰੂਆਤ ਪੰਜਾਬ ਦੇ ਜੁਝਾਰੂ ਦੌਰ ਅਤੇ ਅਮਨ ਦੌਰ ਦੀਆਂ ਰਣਨੀਤੀਆਂ ਵਿਚਲੇ ਫਰਕ ਨੂੰ ਆਧਾਰ ਬਣਾ ਕੇ ਵੀ ਕੀਤੀ ਜਾ ਸਕਦੀ ਹੈ। ਬਿਬੇਕੀ-ਪਹੁੰਚ ਨਾਲ ਸਾਂਝੀ ਸਮਝ ਬਣਾਉਣ ਦੇ ਵਿਜ਼ਨ ਦਾ ਨਿਰਮਾਣ ਪੰਜਾਬ ਏਜੰਡੇ ਵਿਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਇਸ ਦੀ ਸ਼ੁਰੂਆਤ ਇਥੋਂ ਕੀਤੀ ਜਾ ਸਕਦੀ ਹੈ ਕਿ ਕਿਨ੍ਹਾਂ ਗੱਲਾਂ ਨੂੰ ਕੇਂਦਰ ਵਿਚ ਰੱਖਣਾ ਹੈ ਅਤੇ ਕਿਨ੍ਹਾਂ ਨੂੰ ਹਾਸ਼ੀਏ 'ਤੇ ਰੱਖਣਾ ਹੈ। ਭਾਈ ਸੰਤੋਖ ਸਿੰਘ ਨੂੰ ਜਿਵੇਂ 'ਅਕਾਲੀਆਂ ਦਾ ਸਿਆਸੀ ਪ੍ਰੇਰਨਾ ਸ੍ਰੋਤ' ਦੱਸਿਆ ਜਾਣ ਲੱਗ ਪਿਆ ਹੈ, ਇਹ ਗਦਰੀ-ਬਿੰਬ ਦਾ ਕਾਮਰੇਡੀ-ਸ਼ੈਲੀ ਵਿਚ ਅਪਹਰਣ ਕਹਿਣਾ ਚਾਹੀਦਾ ਹੈ। ਇਸ ਦੀ ਸ਼ਾਹਦੀ ਮਾਸਟਰ ਤਾਰਾ ਸਿੰਘ ਦੇ ਇਹ ਸ਼ਬਦ ਭਰ ਦਿੰਦੇ ਹਨ, "ਪਰਜਾ ਭਗਤੀ ਮਜ਼ਲੂਮਾਂ ਦੇ ਹੱਕ ਵਿਚ ਜੰਗੇ ਮੈਦਾਨ ਵਿਚ ਨਿਤਰਣਾ ਹੈ, ਜਿਸ ਦੀ ਪਹਿਲ-ਕਦਮੀ ਗੁਰੂ ਗੋਬਿੰਦ ਸਿੰਘ ਨੇ ਕੀਤੀ ਸੀ।" ਮਾਸਟਰ ਤਾਰਾ ਸਿੰਘ ਦੀ ਸਿਆਸਤ ਦੀ ਪ੍ਰਧਾਨ-ਸੁਰ ਇਹ ਸੀ, "ਜੋ ਪੰਥਕ ਨਹੀਂ ਹੈ, ਉਹ ਮੇਰੀ ਸਿਆਸਤ ਦਾ ਹਿੱਸਾ ਨਹੀਂ ਹੈ।"

ਅਕਾਲੀ ਸਦਾ ਹੀ ਗਦਰੀਆਂ ਨੂੰ ਆਪਣਾ ਸਮਝਦੇ ਰਹੇ ਹਨ, ਪਰ ਇਸ ਦੇ ਬਾਵਜੂਦ ਅਕਾਲੀ ਰਾਜਨੀਤੀ ਨੂੰ ਗਦਰੀਆਂ ਦੀ ਰਾਜਨੀਤੀ ਦੀ ਨਿਰੰਤਰਤਾ ਵਿਚ ਨਹੀਂ ਸਮਝਿਆ ਜਾ ਸਕਦਾ। ਬਾਬਾ ਸੋਹਣ ਸਿੰਘ ਭਕਨਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕਿਉਂ ਨਹੀਂ ਸਨ ਬਣ ਸਕੇ, ਇਸ ਵਾਸਤੇ ਅਕਾਲੀ ਸਿਆਸਤ ਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ। ਬਾਬਾ ਜੀ ਨੂੰ ਪ੍ਰਧਾਨ ਬਣਾਉਣ ਦੀ ਅਗਵਾਈ ਅਕਾਲੀ ਹੀ ਕਰ ਰਹੇ ਸਨ, ਪਰ ਅਕਾਲੀ-ਵਿਰੋਧੀਆਂ ਨੇ ਇਸ ਨੂੰ ਸਿਰੇ ਨਹੀਂ ਸੀ ਚੜ੍ਹਨ ਦਿੱਤਾ। ਇਸ ਦੇ ਵਿਸਥਾਰ ਵਿਚ ਜਾਣ ਦੀ ਇਸ ਕਰਕੇ ਲੋੜ ਨਹੀਂ ਹੈ ਕਿ ਇਸ ਦਾ ਪੰਜਾਬ ਏਜੰਡੇ ਨਾਲ ਅਜਿਹਾ ਸਬੰਧ ਨਹੀਂ ਹੈ, ਜਿਸ ਬਿਨਾ ਗੱਲ ਅੱਗੇ ਤੁਰਦੀ ਹੀ ਨਾ ਹੋਵੇ। ਇਸ ਨਾਲ ਪੰਜਾਬ ਏਜੰਡੇ ਨੂੰ ਨਿਰਧਾਰਤ ਕਰਨ ਲੱਗਿਆਂ ਦਰਪੇਸ਼ ਦੁਸ਼ਵਾਰੀਆਂ ਵੱਲ ਇਸ਼ਾਰਾ ਤਾਂ ਹੋ ਹੀ ਜਾਂਦਾ ਹੈ।

ਪੰਜਾਬ ਏਜੰਡੇ ਦੇ ਸੱਚ ਦੀ ਇਕ ਪਰਤ ਇਹ ਵੀ ਹੈ ਕਿ ਜਿਵੇਂ ਜਿਵੇਂ ਪੰਜਾਬ ਏਜੰਡੇ ਦਾ ਸਿੱਖੀਕਰਨ ਹੁੰਦਾ ਗਿਆ ਹੈ, ਤਿਵੇਂ ਤਿਵੇਂ ਇਸ ਦਾ ਭਾਰਤੀ ਪ੍ਰਸੰਗ ਕਦੇ ਧੁੰਧਲਾ ਹੁੰਦਾ ਰਿਹਾ ਹੈ, ਕਦੇ ਵਿਗੜਦਾ ਰਿਹਾ ਹੈ ਅਤੇ ਕਦੇ ਅੱਖੋਂ ਪਰੋਖੇ ਹੁੰਦਾ ਰਿਹਾ ਹੈ। ਭਾਰਤੀ ਪ੍ਰਸੰਗ ਵਿਚ ਜਿਨ੍ਹਾਂ ਨੇ ਪੰਜਾਬ ਏਜੰਡੇ ਨੂੰ ਸਿੱਖੀ ਰਾਹੀਂ ਸਮਝਣ ਦੀ ਥਾਂ ਸਿੱਖਾਂ ਰਾਹੀਂ ਸਮਝਣ ਦੀ ਕੋਸ਼ਿਸ਼ ਕੀਤੀ ਹੈ, ਉਸ ਨਾਲ ਧੁੰਧਲਾਹਟ ਅਤੇ ਵਿਗਾੜ ਪੈਦਾ ਹੋਣ ਦੀਆਂ ਸੰਭਾਵਨਾਵਾਂ ਵਧਦੀਆਂ ਰਹੀਆਂ ਹਨ। ਇਹ ਰਾਹ ਸਿੱਖ ਦੀ ਅਸਫਲਤਾ ਨੂੰ ਸਿੱਖੀ ਦੀ ਅਸਫਲਤਾ ਸਮਝ ਲੈਣ ਦਾ ਸੌਖਾ ਰਾਹ ਹੈ ਅਤੇ ਇਸ ਬਾਰੇ ਸੁਚੇਤ ਪੰਜਾਬ ਏਜੰਡੇ ਰਾਹੀਂ ਕੀਤਾ ਜਾ ਸਕਦਾ ਹੈ। ਸਿੱਖ ਇਤਿਹਾਸ ਰਾਹੀਂ ਸਿੱਖੀ ਨੂੰ ਸਮਝਣ ਨਾਲ ਵੀ ਇਹੋ ਜਿਹੀ ਸਥਿਤੀ ਪੈਦਾ ਹੁੰਦੀ ਰਹੀ ਹੈ ਅਤੇ ਹੁੰਦੀ ਰਹਿ ਸਕਦੀ ਹੈ। ਸਿੱਖੀ ਦਾ ਸ੍ਰੋਤ ਬਾਣੀ ਹੈ ਅਤੇ ਸਿੱਖ ਇਤਿਹਾਸ ਨੂੰ ਵੀ ਬਾਣੀ ਦੀ ਰੌਸ਼ਨੀ ਵਿਚ ਸਮਝੇ ਜਾਣ ਨਾਲ ਹੀ ਸਿੱਖੀ ਦੀ ਪ੍ਰਸੰਗਕ ਸਮਝ ਸਾਹਮਣੇ ਆ ਸਕਦੀ ਹੈ।


ਪੰਜਾਬ ਏਜੰਡੇ ਨੂੰ ਸਿੱਖੀ ਤੋਂ ਮੁਕਤ ਕਰਕੇ ਨਹੀਂ ਸਮਝਿਆ ਜਾ ਸਕਦਾ ਅਤੇ ਗੁਰਬਾਣੀ ਨੂੰ ਸਮਝੇ ਬਿਨਾ ਸਿੱਖੀ ਨੂੰ ਨਹੀਂ ਸਮਝਿਆ ਜਾ ਸਕਦਾ। ਇਸ ਕਰਕੇ ਗੁਰਬਾਣੀ ਤੋਂ ਨਾਵਾਕਫ ਟਿੱਪਣੀਕਾਰਾਂ ਨੂੰ ਲੈ ਕੇ ਵਿਚਲਿਤ ਹੋਣ ਦੀ ਲੋੜ ਨਹੀਂ ਹੈ। ਮਿਸਾਲ ਵਜੋਂ ਟੈਗੋਰ, ਰਜਨੀਸ਼ ਅਤੇ ਡਾ. ਹਜ਼ਾਰੀ ਪ੍ਰਸ਼ਾਦ ਦਿਵੇਦੀ ਦੀਆਂ ਸਿੱਖੀ ਬਾਰੇ ਟਿੱਪਣੀਆਂ ਪੁਸ਼ਟੀ ਕਰ ਦਿੰਦੀਆਂ ਹਨ ਕਿ ਇਨ੍ਹਾਂ ਚਿੰਤਕਾਂ ਨੇ ਬਾਣੀ ਦੀ ਰੌਸ਼ਨੀ ਵਿਚ ਸਿੱਖੀ ਨੂੰ ਸਮਝਣ ਦੀ ਉਸ ਤਰ੍ਹਾਂ ਕੋਸ਼ਿਸ਼ ਕੀਤੀ ਹੈ, ਜਿਸ ਤਰ੍ਹਾਂ ਆਮ ਤੌਰ 'ਤੇ ਸਿੱਖ ਵੀ ਨਹੀਂ ਕਰਦੇ। ਇਸ ਨਾਲ ਇਹ ਨੁਕਤਾ ਸਾਹਮਣੇ ਲਿਆਉਣ ਦੀ ਕੋਸ਼ਿਸ਼ ਕਰ ਰਿਹਾ ਹਾਂ ਕਿ ਹਰ ਸਮਕਾਲ ਦੀ ਲੋੜ ਇਹ ਹੈ, ਸਿੱਖ ਸਿਆਸਤ ਅਤੇ ਸਿੱਖ ਸੰਸਥਾਵਾਂ ਵਿਚਾਲੇ ਵਧ ਰਹੇ ਪਾੜੇ ਨੂੰ ਪੰਜਾਬ ਏਜੰਡੇ ਵਿਚ ਪਹਿਲਾਂ ਸ਼ਾਮਲ ਕੀਤਾ ਜਾਵੇ ਤੇ ਫਿਰ ਬਾਣੀ ਦੀ 'ਸਰਬਤ ਦੇ ਭਲੇ' ਵਾਲੀ ਕੇਂਦਰੀ ਸੁਰ ਦੇ ਨੇੜੇ ਰੱਖ ਕੇ ਮਾਨਵ-ਕਲਿਆਣ ਨਾਲ ਜੁੜੀਆਂ ਸਿੱਖ ਜੁਗਤਾਂ ਨੂੰ ਸਾਹਮਣੇ ਲਿਆਂਦਾ ਜਾਵੇ। ਇਸ ਵਾਸਤੇ ਜੇ 'ਭਾਰਤੀ ਰਾਸ਼ਟਰਵਾਦ ਦੇ ਸਿਧਾਂਤਕ ਚੌਖਟੇ' ਵਿਚ ਸਿੱਖੀ ਨੂੰ ਦਰਗੁਜ਼ਰ ਕਰਨਾ ਸੌਖਾ ਨਾ ਵੀ ਲੱਗੇ, ਤਾਂ ਵੀ ਇਸ ਨੂੰ ਵੱਡਾ ਮਸਲਾ ਨਹੀਂ ਸਮਝਣਾ ਚਾਹੀਦਾ।

ਸਿਆਸਤ ਨੂੰ ਕੇਂਦਰ ਵਿਚ ਰੱਖ ਕੇ ਪੰਜਾਬ ਏਜੰਡੇ ਬਾਰੇ ਸੋਚਾਂਗੇ ਤਾਂ ਨਤੀਜੇ ਸਿਆਸਤ ਮੁਤਾਬਿਕ ਹੀ ਨਿਕਲਣਗੇ। ਗੁਲਾਮ ਭਾਰਤ ਦੇ ਹਵਾਲੇ ਨਾਲ ਜੋ ਧਾਰਨਾਵਾਂ ਬੰਗਾਲੀ ਦਾਨਿਸ਼ਵਰਾਂ (ਬੰਗਾਲੀ ਪੁਨਰ ਜਾਗਰਣ) ਜਾਂ ਕਾਮਰੇਡਾਂ (ਪਰਜਾ ਭਗਤੀ ਅਤੇ ਦੇਸ਼ ਭਗਤੀ) ਦੇ ਹਵਾਲੇ ਨਾਲ ਸਾਹਮਣੇ ਲਿਆਉਣ ਦੀ ਕੋਸ਼ਿਸ਼ ਹੁੰਦੀ ਰਹੀ ਹੈ, ਉਸ ਦੀ ਥਾਂ ਸਿੰਘ ਸਭਾ ਲਹਿਰ ਦੇ ਹਵਾਲੇ ਨਾਲ ਗੱਲ ਕੀਤੀ ਜਾਵੇ ਤਾਂ ਪੰਜਾਬ ਏਜੰਡੇ ਦੇ ਨਿਰਮਾਣ ਵਾਸਤੇ ਵੱਧ ਕੰਮ ਆ ਸਕਦੀ ਹੈ। ਸਮਝਣ ਵਾਲੀ ਗੱਲ ਇਹ ਹੈ ਕਿ 'ਭਾਰਤੀ ਰਾਸ਼ਟਰਵਾਦ' ਨੂੰ ਜਿਵੇਂ ਅੱਜ ਹਿੰਦੂ-ਊਰਜਾ ਮਿਲ ਰਹੀ ਹੈ, ਇਹ ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਇਸ ਤਰ੍ਹਾਂ ਨਹੀਂ ਮਿਲ ਰਹੀ ਸੀ। ਦੂਜੀ ਗੱਲ ਇਹ ਹੈ ਕਿ ਇਸ 'ਭਾਰਤੀ ਰਾਸ਼ਟਰਵਾਦ' ਵਾਸਤੇ ਕਿਸੇ ਇਕ ਸਿਆਸੀ ਪਾਰਟੀ ਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ। ਇਹ ਵੀ ਜ਼ਰੂਰੀ ਨਹੀਂ ਹੈ ਕਿ ਦੇਸ਼ ਭਗਤ ਹੋਣ ਨਾਲ ਪਰਜਾ ਭਗਤੀ ਦਾ ਰਾਹ ਰੁਕ ਜਾਂਦਾ ਹੈ।

ਸਿੱਖ ਸਿਆਸਤ ਵਿਚ ਖਾਸ ਕਰਕੇ ਅਤੇ ਬਾਕੀ ਸਿਆਸਤ ਵਿਚ ਆਮ ਕਰਕੇ ਇਹ ਰੰਗ ਭਾਰੂ ਹੁੰਦਾ ਜਾ ਰਿਹਾ ਹੈ ਕਿ ਜੋ ਹੱਕ ਵਿਚ ਨਹੀਂ ਭੁਗਤਦਾ, ਉਸ ਨੂੰ ਵਿਰੋਧ ਹੀ ਸਮਝ ਲਿਆ ਜਾਵੇ। ਇਸ ਨਾਲ ਦੂਜੇ ਦੇ ਦੂਜੇਪਨ ਨੂੰ ਨਾਲ ਲੈ ਕੇ ਤੁਰਨ ਵਾਲੀ ਸਿੱਖ ਭਾਵਨਾ ਦਾਅ 'ਤੇ ਲੱਗ ਗਈ ਹੈ। ਪੰਜਾਬ ਏਜੰਡੇ ਵਿਚ ਇਸ ਨੂੰ ਪਹਿਲ ਵਾਂਗ ਸਥਾਪਤ ਕਰਨਾ ਚਾਹੀਦਾ ਹੈ ਅਤੇ ਇਸ ਦਾ ਰਾਹ ਰੋਕਣ ਵਾਲੀ ਕਿਸੇ ਕਿਸਮ ਦੀ ਸਿਆਸਤ ਨੂੰ ਪੰਜਾਬ ਵਿਜ਼ਨ ਲਈ ਅੜਿੱਕਾ ਸਮਝਣਾ ਚਾਹੀਦਾ ਹੈ।

ਪੰਜਾਬ ਏਜੰਡੇ ਵਿਚ ਧਰਮ ਅਤੇ ਸਿਆਸਤ ਦਾ ਮਸਲਾ ਵੀ ਸ਼ਾਮਲ ਰਹਿਣਾ ਹੈ। ਸਿੱਖ ਯਾਦ ਵਿਚ ਇਹ ਮਸਲਾ ਇਕ ਦੂਜੇ ਦੇ ਪੂਰਕ ਵਜੋਂ ਵੱਸਿਆ ਹੋਇਆ ਹੈ। ਦੋਹਾਂ ਵਿਚੋਂ ਜੇ ਕਿਸੇ ਇਕ ਨੂੰ ਹਾਸ਼ੀਏ 'ਤੇ ਲੈ ਜਾਣ ਦੀ ਸਥਿਤੀ ਪੈਦਾ ਹੋ ਜਾਵੇ ਤਾਂ ਸਿਆਸਤ ਨੂੰ ਹਾਸ਼ੀਏ 'ਤੇ ਲੈ ਕੇ ਜਾਣ ਦਾ ਸਿਧਾਂਤਕ-ਸਮਰਥਨ ਸਿੱਖੀ ਵਿਚ ਪ੍ਰਾਪਤ ਹੈ। ਮੀਰੀ-ਪੀਰੀ ਦਾ ਸਿੱਖ ਸੰਕਲਪ ਦੋਹਾਂ ਨਾਲ ਨਿਭ ਸਕਣ ਦੇ ਵਚਨਬੱਧ ਸੰਤੁਲਨ ਦਾ ਮਾਡਲ ਹੈ। ਇਸ ਨਾਲ ਧਰਮ ਅਤੇ ਸਿਆਸਤ ਨੂੰ ਪ੍ਰਾਪਤ ਸਮਾਨੰਤਰਤਾ ਵਿਚੋਂ ਕੱਢ ਕੇ, ਲੋੜੀਂਦੀ ਸਮਸਵਰਤਾ ਵਿਚ ਸਥਾਪਤ ਕਰ ਦਿੱਤਾ ਗਿਆ

(ਬਾਕੀ ਅਗਲੇ ਸਫੇ 'ਤੇ)



ਛੇਵੇਂ ਪਾਤਿਸ਼ਾਹ ਗੁਰੂ ਹਰਗੋਬਿੰਦ ਸਾਹਿਬ ਦੇ ਸੰਕਲਪ ਮੀਰੀ-ਪੀਰੀ ਦੇ ਨਿਸ਼ਾਨ

ਸੀ। ਇਸ ਵਿਲੱਖਣਤਾ ਨੂੰ 'ਪੱਛਮੀ ਲਿਬਰਲ ਡੈਮੋਕਰੇਸੀ ਦੀ ਉਪਜ' ਨਹੀਂ ਕਹਿਣਾ ਚਾਹੀਦਾ, ਕਿਉਂਕਿ ਇਸ ਦੇ ਆਧਾਰ ਸਿੱਖ ਧਰਮ ਵਿਚ ਪ੍ਰਾਪਤ ਹਨ। ਆਧੁਨਿਕ ਅੰਤਰਦ੍ਰਿਸ਼ਟੀਆਂ ਦੀ ਪੜ੍ਹਤ ਨੂੰ ਪ੍ਰਣਾਈ ਹੋਈ ਬੌਧਿਕਤਾ ਅਤੇ ਸਿੱਖੀ ਤੋਂ ਊਰਜਿਤ ਮਾਨਸਿਕਤਾ ਵਿਚ ਖੌਰੂ ਪਾ ਰਹੀ ਸਿਆਸਤ ਨਾਲ ਜੁੜੀਆਂ ਟਿੱਪਣੀਆਂ ਦਾ ਸਬੰਧ ਪੰਜਾਬ ਏਜੰਡੇ ਨਾਲ ਜੁੜਦਾ ਨਜ਼ਰ ਨਹੀਂ ਆਉਂਦਾ। ਜੇ ਸਿੱਖ 'ਵੱਖਵਾਦ-ਅਤਿਵਾਦ' ਵੱਲੋਂ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਖਤਰਾ ਖੱਬੀ ਲਹਿਰ ਦੇ ਵਿਕਾਸ ਵਿਚ ਅੜਿੱਕਾ ਜਾਪਦਾ ਵੀ ਹੈ ਤਾਂ ਵੀ ਇਸ ਨੂੰ ਪੰਜਾਬ ਏਜੰਡੇ ਵਾਸਤੇ ਰੁਕਾਵਟ ਨਹੀਂ ਸਮਝਿਆ ਜਾਣਾ ਚਾਹੀਦਾ। 'ਅਖੰਡਤਾ ਦੀ ਪਵਿੱਤਰਤਾ ਦੇ ਢੰਡੋਰੇ' ਜਿਹੇ ਨਾਹਰੇ ਦੀ ਸਿਆਸਤ ਵਿਚ ਸਾਰੇ ਦੇਸ਼ ਦੀਆਂ ਸਿਆਸੀ ਪਾਰਟੀਆਂ ਨੂੰ ਇਕੋ ਰੱਸੇ ਤਾਂ ਨਹੀਂ ਬੰਨ੍ਹਿਆ ਜਾ ਸਕਦਾ ਅਤੇ ਨਾ ਹੀ ਇਸ ਧਾਰਨਾ ਨੂੰ ਪੰਜਾਬ ਏਜੰਡੇ ਦਾ ਹਿੱਸਾ ਬਣਾਇਆ ਜਾ ਸਕਦਾ ਹੈ। ਪੰਜਾਬੀ ਸੂਬੇ ਦੀ ਪ੍ਰਾਪਤੀ ਨਾਲ ਭਾਰਤ ਵਿਚ ਰਹਿੰਦਿਆਂ ਜੋ ਸੰਭਵ ਸਿੱਖ ਸਟੇਟ (ਪੰਜਾਬੀ ਸੂਬਾ) ਹੋਂਦ ਵਿਚ ਆ ਚੁਕਾ ਮੰਨ ਲਈਏ ਤਾਂ ਇਹ ਵੀ ਮੰਨ ਲੈਣਾ ਚਾਹੀਦਾ ਹੈ ਕਿ ਪੰਜਾਬ ਏਜੰਡੇ ਦੀ ਜਿੰਮੇਵਾਰੀ ਪੰਜਾਬੀਆਂ ਨੇ ਹੀ ਨਿਭਾਉਣੀ ਹੈ। ਜੋ ਇਸ ਨਾਲ ਸਹਿਮਤ ਨਹੀਂ, ਉਨ੍ਹਾਂ ਨੂੰ ਬਹਾਨਾ ਬਣਾ ਕੇ ਜਿੰਮੇਵਾਰੀ ਤੋਂ ਨਹੀਂ ਭੱਜਣਾ ਚਾਹੀਦਾ।

ਸੁਜੱਗ ਸਿੱਖਾਂ 'ਚ ਉਹ ਸਭ ਗੱਲਾਂ ਸਕਰਮਕ ਰਹਿਣੀਆਂ ਚਾਹੀਦੀਆਂ ਹਨ, ਜੋ ਪੰਜਾਬ ਵਿਜ਼ਨ ਨਾਲ ਜੁੜੀਆਂ ਹੋਈਆਂ ਹਨ। ਇਸ ਵਿਚ ਅਜਿਹੇ ਅਣਸੁਲਝੇ ਮਸਲੇ ਸ਼ਾਮਲ ਹੋਣੇ ਚਾਹੀਦੇ ਹਨ,

1. ਗ੍ਰੰਥ ਅਤੇ ਪੰਥ ਵਿਚੋਂ ਪਹਿਲ ਕਿਸ ਨੂੰ, ਕਿਵੇਂ ਅਤੇ ਕਿਉਂ ਮਿਲਣੀ ਚਾਹੀਦੀ ਹੈ?

2. ਗੁਰੂ ਗ੍ਰੰਥ ਸਾਹਿਬ ਸਥਾਪਤ ਸੱਚਾਈ ਹੋਣ ਦੇ ਬਾਵਜੂਦ ਦਸਮ ਗ੍ਰੰਥ ਨੂੰ ਲੈ ਕੇ ਸਿਆਸਤ ਕਿਉਂ ਹੋ ਰਹੀ ਹੈ?

3. ਸਿਆਸਤ ਅਤੇ ਧਰਮ ਦੇ ਰਿਸ਼ਤੇ ਨੂੰ ਮੀਰੀ-ਪੀਰੀ ਦੇ ਪ੍ਰਸੰਗ ਵਿਚ ਕਿਵੇਂ ਨਜਿੱਠੀਏ?

4. ਸਿਆਸਤ ਨੂੰ ਲੈ ਕੇ ਖਾੜਕੂ ਲਹਿਰ, ਨੀਲਾ ਤਾਰਾ ਅਤੇ 1984 ਦੇ ਦੰਗਿਆਂ ਵੇਲੇ ਸਿੱਖ ਭਾਈਚਾਰੇ ਵੱਲੋਂ ਦਿੱਤੀ ਗਈ ਕੀਮਤ ਕਿਸ ਖਾਤੇ ਵਿਚ ਪਾਈਏ?

5. ਕਿਹੋ ਜਿਹੇ ਸਿੱਖ ਨੂੰ ਸਿੱਖ ਕੌਮ ਦੀ ਅਗਵਾਈ ਕਰਨੀ ਚਾਹੀਦੀ ਹੈ ਅਤੇ ਇਸ ਦਾ ਫੈਸਲਾ ਕਰਨ ਤੋਂ ਸਿੱਖਾਂ ਨੂੰ ਕੌਣ ਰੋਕਦਾ ਹੈ?

6. ਗਲੋਬਲ ਹੋ ਚੁਕੇ ਸਿੱਖ ਭਾਈਚਾਰੇ ਨੂੰ ਆਪਸੀ ਤਣਾਓ ਪੈਦਾ ਕਰਨ ਵਾਲੀ ਸਿਆਸਤ ਤੋਂ ਕਿਵੇਂ ਬਚਾਇਆ ਜਾ ਸਕਦਾ ਹੈ?

7. ਸਵਾਲਾਂ ਵਿਚੋਂ ਇਕ ਸਵਾਲ ਇਹ ਵੀ ਹੈ ਕਿ ਸਿੱਖ ਅਮਲ ਅਤੇ ਸਿੱਖ ਸਿਧਾਂਤ ਵਿਚਾਲੇ ਤਣਾਓ ਏਨਾ ਅੱਗੇ ਵਧਾਉਣ ਲਈ ਜਿੰਮੇਵਾਰ ਕੌਣ ਹੈ?

8. ਸਿੱਖ ਭਾਈਚਾਰੇ ਨੂੰ ਸਾਂਝੀ ਸਿੱਖ ਸਮਝ ਦੇ ਰਸਤੇ ਬੰਦ ਹੋ ਗਏ ਕਿਉਂ ਲੱਗਣ ਲੱਗ ਪਏ ਹਨ?

9. ਸਿੱਖ ਨੇ ਆਪਣਾ ਸਫਰ 'ਮੈਂ ਗੁਰੂ ਦਾ ਹਾਂ' ਤੋਂ ਸ਼ੁਰੂ ਕੀਤਾ ਸੀ। ਕੀ ਸਿੱਖ 'ਗੁਰੂ ਮੇਰਾ ਹੀ ਹੈ' ਤੱਕ ਤਾਂ ਨਹੀਂ ਪਹੁੰਚ ਗਿਆ?

10. ਕੀ ਸਿੱਖੀ ਦਾ ਫਿਕਰ ਹਾਸ਼ੀਏ 'ਤੇ ਚਲਾ ਗਿਆ ਹੈ ਅਤੇ ਸਿੱਖੀ ਦੀ ਸਿਆਸਤ ਕੇਂਦਰ ਵਿਚ ਆ ਗਈ ਹੈ?

11. ਸਿਆਸਤ ਜੇ ਹੱਕਾਂ ਦੀ ਖੇਡ ਹੈ ਤਾਂ ਪੰਥਕਤਾ ਵਿਚ ਵੀ ਪਦਵੀ ਦੇ ਹੱਕਾਂ ਦਾ ਬੋਲਬਾਲਾ ਕਿਉਂ ਅਤੇ ਕਿਵੇਂ ਹੋ ਗਿਆ ਹੈ?

12. ਪੰਥਕਤਾ ਵਾਸਤੇ ਜੋ ਸਿਰ ਦੀ ਬਾਜੀ ਲਾ ਸਕਦੇ ਸਨ, ਕੀ ਉਹ ਕਸੂਤੇ ਉਲਝ ਗਏ ਹਨ ਜਾਂ ਉਲਝਾ ਦਿੱਤੇ ਗਏ ਹਨ? ਇਸ ਗੈਰਹਾਜ਼ਰ ਖਲਾਅ ਵਿਚ ਮੇਰੀ ਸੋਚੀ ਸਮਝੀ ਰਾਏ ਹੈ ਕਿ ਸਿੱਖਾਂ ਨੂੰ ਸਿੱਖਾਂ ਤੋਂ ਬਚਾਏ ਜਾਣ ਦੀ ਲੋੜ ਪੈਦਾ ਹੋ ਗਈ ਹੈ। ਇਹ ਉਦੋਂ ਤੱਕ ਸੰਭਵ ਨਹੀਂ ਹੋ ਸਕਣਾ, ਜਿੰਨਾ ਚਿਰ ਸਿੱਖ ਸੰਸਥਾਵਾਂ ਨੂੰ ਸਿੱਖ ਸਿਆਸਤਦਾਨਾਂ ਤੋਂ ਮੁਕਤ ਨਹੀਂ ਕਰਵਾਇਆ ਜਾਂਦਾ।

ਪੰਜਾਬ ਏਜੰਡੇ ਵਿਚ ਅਕਾਦਮਿਕਤਾ ਦਾ ਅਹਿਮ ਰੋਲ ਰਹਿਣਾ ਹੈ, ਪਰ ਪੰਜਾਬ ਦੀ ਅਕਾਦਮਿਕਤਾ ਵਿਚ ਵੱਖ ਵੱਖ ਕਾਰਨਾਂ ਕਰਕੇ ਪੈਦਾ ਹੋ ਚੁਕੀ ਵਾਸਤਵਿਕਤਾ ਨੂੰ ਅੱਖੋਂ ਓਹਲੇ ਕਰਕੇ ਪੱਛਮੀ-ਸੁਰਾਂ ਉਤੇ ਸਿੱਖੀ ਦਾ ਗੀਤ ਕਿਉਂ ਗਾਇਆ ਜਾਣ ਲੱਗ ਪਿਆ ਹੈ? ਪੱਛਮੀ ਸਿਧਾਂਤਕੀ ਦੀ ਮੁਥਾਜੀ ਪਹਿਲਾਂ ਵੀ ਪ੍ਰਸੰਗ-ਵਿਗਾੜ ਕਰਦੀ ਰਹੀ ਹੈ ਅਤੇ ਅੱਗੋਂ ਵੀ ਕਰ ਸਕਦੀ ਹੈ। ਸਿੱਖੀ, ਆਮ ਆਦਮੀ ਦੇ ਸਮਕਾਲ ਨੂੰ ਜਿਉਣ ਦੀ ਜਾਚ ਸਿਖਾਉਂਦੀ ਹੈ। ਇਸ ਪਰਿਵਰਤਨ-ਮਾਡਲ ਵਲੋਂ ਸਿਰਜੇ ਇਤਿਹਾਸ ਵਿਚ ਧਰਮ ਨੂੰ ਜਨਮ ਤੋਂ ਨਹੀਂ ਮੰਨਿਆ ਜਾਂਦਾ ਰਿਹਾ ਹੈ।

ਸਿੱਖ ਸਮਾਜਕਤਾ ਵਿਚ ਮੌਜੂਦਾ ਸਿਆਸਤ ਵਲੋਂ ਪੈਦਾ ਕਰ ਦਿੱਤੀਆਂ ਗਈਆਂ ਦਲਿਤ ਕੋਟੀਆਂ ਨੂੰ ਸਿੱਖੀ ਨੇ ਕਦੇ ਵੀ ਮਾਨਤਾ ਨਹੀਂ ਸੀ ਦਿੱਤੀ। ਇਹ ਵੀ ਕਹਿ ਸਕਦੇ ਹਾਂ ਕਿ ਸਿੱਖ ਧਰਮ ਵਿਚ ਦਲਿਤ-ਮੁਕਤੀ ਦੇ ਏਜੰਡੇ ਦੀਆਂ ਮਾਡਲ-ਪੈੜਾਂ ਤਾਂ ਹਨ, ਪਰ ਦਲਿਤ ਸ਼੍ਰੇਣੀ ਵਾਸਤੇ ਵਿਸ਼ੇਸ਼ ਥਾਂ ਜਾਂ ਰਾਖਵੇਂਕਰਣ ਵਾਸਤੇ ਕੋਈ ਥਾਂ ਨਹੀਂ ਹੈ। ਗਲੋਬਲ ਹੋ ਗਏ ਸਿੱਖ ਭਾਈਚਾਰੇ ਨੇ ਬਿਨਾ ਕਿਸੇ ਰਾਖਵੇਂਕਰਣ ਦੇ, ਧਰਮ ਨੂੰ ਨਾਲ ਲੈ ਕੇ ਜਿਉਣ ਦੀ ਧਰੋਹਰ 'ਕਿਰਤ ਕਰਨ, ਨਾਮ ਜਪਣ ਅਤੇ ਵੰਡ ਛਕਣ' ਨਾਲ ਪੈਦਾ ਹੋਈ ਸਿੱਖ ਊਰਜਾ ਰਾਹੀਂ ਦੁਨੀਆਂ ਭਰ ਵਿਚ ਮੱਲਾਂ ਮਾਰੀਆਂ ਹਨ। ਸਿੱਖ ਅਹਿਸਾਸ ਦੇ ਬੋਲ-ਬਾਲਿਆਂ ਨਾਲੋਂ ਟੁੱਟੀ ਹੋਈ

***ਸਿੱਖ ਸਿਆਸਤ ਵਿਚ ਖਾਸ ਕਰਕੇ ਅਤੇ ਬਾਕੀ ਸਿਆਸਤ ਵਿਚ ਆਮ ਕਰਕੇ ਇਹ ਰੰਗ ਭਾਰੂ ਹੁੰਦਾ ਜਾ ਰਿਹਾ ਹੈ ਕਿ ਜੋ ਹੱਕ ਵਿਚ ਨਹੀਂ ਭੁਗਤਦਾ, ਉਸ ਨੂੰ ਵਿਰੋਧ ਹੀ ਸਮਝ ਲਿਆ ਜਾਵੇ। ਇਸ ਨਾਲ ਦੂਜੇ ਦੇ ਦੂਜੇਪਨ ਨੂੰ ਨਾਲ ਲੈ ਕੇ ਤੁਰਨ ਵਾਲੀ ਸਿੱਖ ਭਾਵਨਾ ਦਾਅ 'ਤੇ ਲੱਗ ਗਈ ਹੈ। ਪੰਜਾਬ ਏਜੰਡੇ ਵਿਚ ਇਸ ਨੂੰ ਪਹਿਲ ਵਾਂਗ ਸਥਾਪਤ ਕਰਨਾ ਚਾਹੀਦਾ ਹੈ ਅਤੇ ਇਸ ਦਾ ਰਾਹ ਰੋਕਣ ਵਾਲੀ ਕਿਸੇ ਕਿਸਮ ਦੀ ਸਿਆਸਤ ਨੂੰ ਪੰਜਾਬ ਵਿਜ਼ਨ ਲਈ ਅੜਿੱਕਾ ਸਮਝਣਾ ਚਾਹੀਦਾ ਹੈ।***

ਸਿੱਖ ਪਛਾਣ ਦੀ ਕਲਪਨਾ ਹੀ ਨਹੀਂ ਕੀਤੀ ਜਾ ਸਕਦੀ। ਸਿੱਖ ਪਛਾਣ ਦੇ ਰੋਲ ਮਾਡਲ ਬੇਸ਼ੱਕ ਸਿੱਖ ਡੇਰੇਦਾਰ ਹੁੰਦੇ ਜਾ ਰਹੇ ਹਨ, ਪਰ ਨਾਲ ਹੀ ਇਹ ਸਿੱਖ ਅਹਿਸਾਸ ਵੀ ਕਾਇਮ ਹੈ ਕਿ ਡੇਰੇਦਾਰੀ ਵਾਸਤੇ ਸਿੱਖੀ ਵਿਚ ਕੋਈ ਥਾਂ ਨਹੀਂ ਹੈ। ਸਿੱਖ ਪਛਾਣ ਦੀਆਂ ਹੱਦਬੰਦੀਆਂ ਤੋਂ ਪਾਰ ਜਾ ਸਕਣ ਦਾ ਅਹਿਸਾਸ ਪੰਜਾਬ ਏਜੰਡੇ ਵਿਚ ਸ਼ਾਮਲ ਰਹਿਣਾ ਚਾਹੀਦਾ ਹੈ।

ਮਸਲਿਆਂ ਦੇ ਇਸ ਘਮਸਾਨ ਨੂੰ ਗੁਰਬਚਨ ਨੇ (ਏਜੰਡਾ-2) ਜ਼ਬਾਨ ਦੇਣ ਦੀ ਕੋਸ਼ਿਸ਼ ਇਹ ਕਹਿ ਕੇ ਕੀਤੀ ਹੋਈ ਹੈ, "ਸਾਕਾਰ ਹੋ ਚੁਕੀ ਵਾਸਤਵਿਕਤਾ ਨੂੰ ਪ੍ਰਵਾਨ ਕਰਕੇ ਮਸਲਿਆਂ ਨੂੰ ਊਰਜਿਤ ਕਰਨ ਵਾਲੀਆਂ ਸ਼ਕਤੀਆਂ ਦੀ ਨਿਸ਼ਾਨਦੇਹੀ ਕਰਨ ਅਤੇ ਉਸ ਨਾਲ ਨਜਿੱਠਣ ਦੀ ਲੋੜ ਹੈ। ਇਹ ਸੱਚਾਈ ਸਥਾਪਤ ਹੋ ਚੁਕੀ ਹੈ ਕਿ ਕਿਸੇ ਕਿਸਮ ਦੀ ਇਕਹਿਰੀ-ਸਰਦਾਰੀ ਦੀ ਸਿਆਸਤ ਨੇ ਸਿਰੇ ਨਹੀਂ ਚੜ੍ਹਨਾ ਜਾਂ ਪਰਵਾਨ ਨਹੀਂ ਹੋਣਾ। ਵਿਚਾਰਧਾਰਕ-ਸਿਰਦਾਰੀਆਂ ਦੇ ਨਤੀਜੇ ਵੀ ਸਭ ਦੇ ਸਾਹਮਣੇ ਹਨ। ਜੋ ਵਿਚਾਰਧਾਰਕ-ਪੈਂਤੜੇਬਾਜੀ ਅਵਚੇਤਨ ਨੂੰ ਮੱਲ ਲਵੇ, ਉਸ ਨੂੰ ਸਿਵਿਆਂ ਦੇ ਰਾਹ ਪੈਣਾ ਹੀ ਪੈਂਦਾ ਹੈ। ਕਿਸੇ ਵੀ ਕਿਸਮ ਦੇ ਅਵਚੇਤਨੀ ਕੰਪਲੈਕਸ 'ਤੇ ਉਸਰੀ ਮਾਨਸਿਕਤਾ ਵੱਲੋਂ ਹੁੰਦੀ ਰਹੀ, ਹੋ ਰਹੀ ਜਾਂ ਹੋਣ ਵਾਲੀ ਸਿਆਸਤ ਨਾਲ ਨਜਿੱਠਣ ਦਾ ਗਾਡੀ ਰਾਹ (ਗੁਰਮੁਖਿ ਗਾਡੀ ਰਾਹ ਚਲਾਇਆ...) ਸਿੱਖ ਗੁਰੂ ਸਾਹਿਬਾਨ (1499-1708) ਨੇ ਸਾਹਮਣੇ ਲਿਆਂਦਾ ਸੀ। ਇਹ ਗਰਜਾਂ ਦੀ ਸਿਆਸਤ ਅਤੇ ਇੱਛਾਵਾਂ ਦੇ ਤਲਿਸਮੀ ਜੋੜ-ਤੋੜ ਤੋਂ 'ਪਾਰ ਜਾਣ' ਦਾ ਗਾਡੀ ਰਾਹ ਸੀ ਅਤੇ ਹੈ। ਇਸ ਗਾਡੀ ਰਾਹ 'ਤੇ ਬਰਾਸਤਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਕਾਲੀ ਸਿਆਸਤ ਦਾ ਕਬਜਾ ਹੋ ਗਿਆ ਹੈ। ਪੰਜਾਬ ਏਜੰਡੇ ਨੂੰ ਇਸ ਕਬਜਿਆਂ ਦੀ ਧੁਰੀ ਦੇ ਆਲੇ ਦੁਆਲੇ ਹੀ ਘੁਮਾਇਆ ਜਾ ਸਕਦਾ ਹੈ। ਇਸ 'ਸਾਕਾਰ ਹੋ ਚੁਕੀ ਵਾਸਤਵਿਕਤਾ' ਦੀ ਕੀਮਤ ਵਜੋਂ 'ਇੰਡਸਟਰੀਅਲ ਸਰਮਾਇਆ' ਹਰਿਆਣੇ ਕੋਲ ਚਲਾ ਗਿਆ ਹੈ ਅਤੇ 'ਕੁਦਰਤੀ-ਸਰਮਾਇਆ' ਹਿਮਾਚਲ ਕੋਲ ਚਲਾ ਗਿਆ ਹੈ। ਅਮੀਰ-ਵਿਰਾਸਤ ਵਾਲਾ ਪੰਜਾਬ ਪੁੱਜ ਕੇ ਗਰੀਬ ਹੋ ਗਿਆ ਹੈ। ਇਸ ਹਾਲਤ ਵਿਚ ਪੰਜਾਬ ਨੂੰ ਸਿਆਸੀ ਏਜੰਡੇ ਦੀ ਨਹੀਂ, ਆਰਥਕ-ਏਜੰਡੇ ਦੀ ਲੋੜ ਹੈ। ਵਿਸ਼ਾ ਮਾਹਿਰਾਂ ਅਤੇ ਨੈਤਿਕ ਤਾਸੀਰ ਦੇ ਸੰਗਮ ਨਾਲ ਹੀ ਸਿਹਤਮੰਦ ਪ੍ਰਾਪਤੀਆਂ ਦੇ ਰਾਹ ਪਿਆ ਜਾ ਸਕਦਾ ਹੈ। ਇਸ ਵਾਸਤੇ 'ਹਮਲਾਵਰ ਰਾਜਨੀਤੀ' ਨੇ ਕੰਮ ਨਹੀਂ ਆਉਣਾ।"

ਪੰਜਾਬ ਏਜੰਡੇ ਨੂੰ ਸਿਆਸਤ ਤੋਂ ਬਚਾਏ ਜਾਣ ਦੀ ਇਸ ਕਰਕੇ ਵੀ ਲੋੜ ਹੈ ਕਿ ਸਿਆਸਤ ਵਿਚ ਬੇਲਗਾਮ-ਪ੍ਰਾਪਤੀਆਂ ਅਤੇ ਗਲਵੱਢ-ਮੁਕਾਬਲਾ ਹੀ ਊਰਜੀ-ਭੂਮਿਕਾ ਨਿਭਾਉਂਦਾ ਰਿਹਾ ਹੈ। ਵਿਰਾਸਤੀ-ਜੜ੍ਹਾਂ ਨਾਲੋਂ ਟੁੱਟੀ ਸੂਚਨਾ-ਬੌਧਿਕਤਾ ਅਕਾਦਮਿਕ-ਚੌਧਰਾਂ ਨਾਲ ਸੰਤੁਸ਼ਟ ਪਈ ਹੋਵੇ, ਪਰ ਇਹ ਜ਼ਰੂਰ ਸੋਚੇ ਕਿ ਪੰਜਾਬ ਦਾ ਚੇਤੰਨ ਵਰਗ ਪੰਜਾਬ ਦੇ ਭਵਿੱਖ ਬਾਰੇ ਸੋਚਣ ਦੀ ਲੋੜ ਕਿਉਂ ਨਹੀਂ ਸਮਝਦਾ? ਨਤੀਜੇ ਵਜੋਂ ਪੰਜਾਬ ਏਜੰਡੇ ਦੀ ਸਿਆਸਤ ਤਾਂ ਹੈ, ਪਰ ਪੰਜਾਬ ਏਜੰਡੇ ਦੀ ਅਕਾਦਮਿਕਤਾ ਸਾਹਮਣੇ ਨਹੀਂ ਆ ਰਹੀ। ਲੱਗਦਾ ਹੈ, ਪੰਜਾਬ ਦੇ ਦਾਨਿਸ਼ਵਰ ਆਪੋ ਆਪਣੇ ਸੰਕਟਾਂ ਨੂੰ 'ਪੰਜਾਬ ਸੰਕਟ' ਬਣਾਉਣ ਦੇ ਰਾਹੇ ਪਏ ਹੋਏ ਹਨ। ਪੈਦਾ ਕੀਤੇ ਜਾਂ ਗਲ ਪੈ ਗਏ ਸੰਕਟਾਂ ਦੀ ਰਾਜਨੀਤੀ 'ਪੰਥ ਨੂੰ ਖਤਰੇ' ਦੀ ਨਿਰੰਤਰਤਾ ਵਿਚ ਹੀ ਸਮਝ ਆ ਸਕਦੀ ਹੈ। ਵਿਦੇਸ਼ਾਂ ਵਿਚ ਜਾਣ-ਆਉਣ ਵਾਲਿਆਂ ਨੂੰ ਪਤਾ ਹੈ ਕਿ ਪੰਜਾਬ ਕੇਂਦ੍ਰਿਤ ਰਾਜਨੀਤੀ ਅਤੇ ਵਿਦੇਸ਼ ਕੇਂਦ੍ਰਿਤ ਰਾਜਨੀਤੀ ਦੇ ਤਣਾਓ ਨੇ ਆਮ ਸਿੱਖ ਨੂੰ ਬੰਧੂਆ-ਵੋਟਰ ਅਤੇ ਬੰਧੂਆ-ਸਮਰਥਕ ਹੋ ਜਾਣ ਲਈ ਮਜਬੂਰ ਕਰ ਦਿੱਤਾ ਹੈ। ਪੰਜਾਬ ਵਿਚ ਵਿਹਲੜਾਂ ਅਤੇ ਨਸ਼ੇੜੀਆਂ ਦੀ ਤੀਜੀ ਧਿਰ ਵੀ ਪੈਦਾ ਹੁੰਦੀ ਜਾ ਰਹੀ ਹੈ ਅਤੇ ਵੱਢੀ-ਖੋਰੀ ਸਿਆਸਤ ਨੂੰ ਊਰਜਿਤ ਵੀ ਕਰ ਰਹੀ ਹੈ ਤੇ ਉਤਸ਼ਾਹਿਤ ਵੀ। ਨਵੇਂ ਸਰੋਕਾਰਾਂ ਨੇ ਨਵੇਂ ਸੰਕਟ ਪੈਦਾ ਕਰ ਦਿੱਤੇ ਹਨ। ਕੋਮਲ ਮਾਨਸਿਕਤਾ ਵਾਲੀ ਪੇਂਡੂ ਜਨਤਾ ਬੰਧੂਆ-ਵੋਟਰ ਅਤੇ ਬੰਧੂਆ-ਸਮਰਥਕ ਵਿਚਾਲੇ ਵੰਡੀ ਗਈ ਹੈ। ਨਿੱਤ ਦੀਆਂ ਖੁਆਰੀਆਂ ਦਾ ਝੰਬਿਆ ਆਮ ਪੰਜਾਬੀ ਕੰਧਾਂ ਵਿਚ ਵੱਜਦਾ ਫਿਰਦਾ ਹੈ। ਚੜ੍ਹਦੀ ਕਲਾ ਦੇ ਵਾਰਸ ਖੁਦਕੁਸ਼ੀਆਂ ਦੇ ਰਾਹ ਪੈ ਗਏ ਹਨ। ਅਜਿਹੀ ਹਾਲਤ ਵਿਚ ਸਿੱਖ ਸਿਆਸਤ ਦੀ ਸਿਆਸੀ-ਚੀਕ ਅਤੇ ਗੁਰਬਚਨ ਦਾ ਬੌਧਿਕ-ਨਿਰੀਖਣ ਕੁਝ ਕਰਨ ਲਈ ਲਲਕਾਰਦਾ ਤਾਂ ਹੈ, ਪਰ ਕੁਝ ਕਰਨ ਵਾਸਤੇ ਰਸਤਾ ਵਿਖਾਉਂਦਾ ਨਜ਼ਰ ਨਹੀਂ ਆਉਂਦਾ?

ਚਰਚਾ ਨੂੰ ਇਸ ਟਿੱਪਣੀ ਨਾਲ ਸਮੇਟ ਰਿਹਾ ਹਾਂ ਕਿ ਪੰਜਾਬ ਏਜੰਡੇ ਦੇ ਇਰਦ ਗਿਰਦ ਸਿਆਸਤ ਦੀ ਧੁੰਧ ਫੈਲੀ ਹੋਈ ਹੈ। ਜੇ ਪ੍ਰਾਪਤ ਸਿਆਸੀ ਢਾਂਚੇ ਦੇ ਥੰਮ੍ਹ, ਸਿਆਸਤਦਾਨ, ਬਿਊਰੋਕਰੇਸੀ ਅਤੇ ਮੀਡੀਏ ਨੂੰ ਮੰਨ ਲਿਆ ਜਾਵੇ ਤਾਂ ਇਨ੍ਹਾਂ ਤਿੰਨਾਂ ਵਿਚਾਲੇ ਅਪਵਿੱਤਰ-ਗਠਜੋੜ ਦੀ ਜੱਗ-ਜਾਹਰ ਸੱਚਾਈ ਨੂੰ ਵੀ ਮੰਨ ਲੈਣਾ ਚਾਹੀਦਾ ਹੈ। ਸੌਖਾ ਸਾਹ ਲੈਣ ਦੇ ਸੁਪਨੇ ਨਾਲ ਜੁੜਿਆ ਪੰਜਾਬ ਦਾ ਹਿਜਰਤੀ-ਰੁਝਾਨ ਵੀ ਇਸੇ ਬੇਕਿਰਕ ਮਾਹੌਲ ਦੀ ਉਪਜ ਹੈ। ਅਜਿਹੇ ਵੇਲੇ ਪੰਜਾਬ ਏਜੰਡੇ ਬਾਰੇ ਸਾਂਝੀ-ਸਮਝ 'ਤੇ ਪਹੁੰਚਣ ਲਈ ਵਿਚਾਰ ਵਟਾਂਦਰੇ ਵਾਸਤੇ ਪਲੈਟਫਾਰਮ ਮੁਹੱਈਆ ਕਰਕੇ ਬਥੇਰਿਆਂ ਨੇ ਸ਼ਲਾਘਾਯੋਗ ਕੰਮ ਕੀਤਾ ਹੈ। ਬੌਧਿਕ-ਵਚਨਬੱਧਤਾ ਨੂੰ ਪ੍ਰਣਾਏ ਪੰਜਾਬੀਆਂ ਨੂੰ ਇਸ ਵਿਚ ਸ਼ਾਮਲ ਹੋਣਾ ਚਾਹੀਦਾ ਹੈ। ਇਸ ਪਾਸੇ ਤੁਰਾਂਗੇ ਤਾਂ ਪਤਾ ਲੱਗ ਜਾਵੇਗਾ ਕਿ ਪੰਜਾਬ ਦੇ ਕਿੰਨੇ ਪ੍ਰਤੀਸ਼ਤ ਲੋਕ ਮੌਜਾਂ ਮਾਣ ਰਹੇ ਹਨ ਅਤੇ ਕਿੰਨੇ ਪ੍ਰਤੀਸ਼ਤ ਜਨਤਾ ਉਸ ਮੌਜ ਮਸਤੀ ਦਾ ਖਾਜਾ ਹੋ ਜਾਣ ਦੀ ਹੋਣੀ ਭੁਗਤ ਰਹੀ ਹੈ? ਇਸ ਨਾਲ ਇਹ ਅਹਿਸਾਸ ਵੀ ਸਾਹਮਣੇ ਆ ਜਾਵੇਗਾ ਕਿ ਪੰਜਾਬ ਜੋ "ਗੁਰੂ ਦੇ ਨਾਮ 'ਤੇ ਜਿਉਂਦਾ" ਰਿਹਾ ਹੈ, ਉਹੀ ਪੰਜਾਬ 'ਗੁਰੂ ਦੇ ਨਾਮ' ਦੀ ਸਿਆਸਤ ਦਾ ਸ਼ਿਕਾਰ ਕਿਵੇਂ ਅਤੇ ਕਿਉਂ ਹੁੰਦਾ ਜਾ ਰਿਹਾ ਹੈ?

# ਕਿੱਥੇ ਹਨ ਗੈਬੀ ਸ਼ਕਤੀਆਂ ਵਾਲੇ ਬਾਬੇ?

ਹੁਣ ਜਦੋਂ ਸਾਰੀ ਦੁਨੀਆਂ ਕਰੋਨਾ ਮਹਾਮਾਰੀ ਦੀ ਲਪੇਟ ਵਿਚ ਹੈ ਤਾਂ ਗੈਬੀ ਸ਼ਕਤੀਆਂ ਵਾਲੇ ਅਖੌਤੀ ਬਾਬੇ, ਸਾਧ, ਪੀਰ, ਪੰਡਿਤ, ਸਿਆਣੇ, ਜੋਗੀ, ਸਾਈਂ, ਸ਼ਾਹ ਤੇ ਤਾਂਤਰਿਕ ਕਿਥੇ ਹਨ? ਉਨ੍ਹਾਂ ਦੇ ਲੱਖਾਂ-ਕਰੋੜਾਂ ਮੁਰੀਦ ਦਿਮਾਗ ਨਾਲ ਸੋਚਣ, ਕੀ ਉਨ੍ਹਾਂ ਦੇ 'ਬਾਬੇ' ਸੱਚ-ਮੁੱਚ ਕੁਝ ਕਰਨ ਜੋਗੇ ਹਨ? ਕਿਤੇ ਭੇਡ ਚਾਲ ਵਾਂਗ ਉਹ ਉਨ੍ਹਾਂ ਦੇ ਮਗਰ ਤਾਂ ਨਹੀਂ ਲੱਗੇ ਹੋਏ? ਪੱਟੇ ਤਾਂ ਨਹੀਂ ਜਾ ਰਹੇ?



ਪ੍ਰਿੰ. ਸਰਵਣ ਸਿੰਘ
ਫੋਨ: 905-799-1661

ਇਕ 'ਬਾਬੇ' ਦਾ ਇਸ਼ਤਿਹਾਰ ਛਪਦਾ, "ਆਪਣੀ ਹਰ ਖਾਹਿਸ਼ ਪੂਰੀ ਕਰੋ! ਮੇਰਾ ਸਭ ਨੂੰ ਚੈਲਿੰਜ ਹੈ। ਇਕ ਵਾਰ ਜ਼ਰੂਰ ਅਜ਼ਮਾਓ! ਤੁਹਾਡੀਆਂ ਸਾਰੀਆਂ ਪ੍ਰੇਸ਼ਾਨੀਆਂ ਦੂਰ ਕਰਨ ਵਾਲਾ ਕਰਾਮਾਤੀ ਤਾਵੀਤ ਹਾਸਲ ਕਰੋ। ਮੈਂ ਸਾਰੇ ਦੁਖੀ ਭੈਣ-ਭਰਾਵਾਂ ਨੂੰ ਸੱਦਾ ਦਿੰਦਾ ਹਾਂ ਕਿ ਮੇਰੇ ਕੋਲ ਕਾਲੀ ਤਾਕਤ ਦੀ ਮਹਾ ਸ਼ਕਤੀ ਹੈ, ਜਿਸ ਨਾਲ ਤੁਹਾਡੇ ਤਮਾਮ ਦੁੱਖ ਅਤੇ ਪ੍ਰੇਸ਼ਾਨੀਆਂ ਤਿੰਨ ਦਿਨਾਂ ਵਿਚ ਹੀ ਖਤਮ ਹੋ ਜਾਣਗੀਆਂ।" ਨਾਲ ਲਿਖਿਆ ਹੁੰਦਾ ਕਿ ਤੁਹਾਡਾ ਪਤਾ ਟਿਕਾਣਾ ਸਭ ਕੁਝ ਗੁਪਤ ਰੱਖਿਆ ਜਾਵੇਗਾ ਅਤੇ ਸਾਡੇ ਕੰਮ ਦੀ ਪੂਰੀ ਗਾਰੰਟੀ ਹੈ।

ਸਭ ਕੁਝ 'ਗੁਪਤ' ਰੱਖਣ ਵਾਲੇ ਗਾਰੰਟੀਸ਼ੁਦਾ 'ਬਾਬੇ' ਤੋਂ ਤਾਂ ਫਿਰ ਉਹਦੇ ਮੁਰੀਦਾਂ ਨੂੰ ਹੀ ਤਿੰਨ ਦਿਨਾਂ ਵਿਚ ਕਰੋਨਾ ਖਤਮ ਕਰਨ ਦੀ ਗਾਰੰਟੀ ਲੈ ਲੈਣੀ ਚਾਹੀਦੀ ਹੈ! ਨਾਲੇ ਪਤਾ ਲੱਗ ਜਾਵੇਗਾ 'ਬਾਬਾ' ਕਿੰਨੀ ਕੁ ਸ਼ਕਤੀ ਵਾਲਾ ਹੈ?

ਇਕ 'ਪੰਡਿਤ' ਬਾਬੇ ਨੂੰ ਵੀ ਮਾਤ ਪਾਉਂਦਾ ਦਾਅਵਾ ਕਰਦਾ, "1952 ਤੋਂ ਲੈ ਕੇ ਹੁਣ ਤਕ ਉਹਦਾ ਕੋਈ ਮੁਕਾਬਲਾ ਨਹੀਂ। ਉਹ ਸਿਰਫ 72 ਘੰਟਿਆਂ ਵਿਚ ਕਾਲੇ ਜਾਦੂ, ਟੂਣੇ ਜਾਂ ਕਰੇ ਕਰਾਏ ਦਾ ਮੁਕੰਮਲ ਖਾਤਮਾ ਕਰਦਾ ਹੈ। ਉਹਦਾ ਪ੍ਰਚਾਰ ਸੀ, ਜੇ ਕਿਸੇ ਨੇ ਤੁਹਾਡੇ ਜਾਂ ਤੁਹਾਡੇ ਘਰ ਵਾਲਿਆਂ ਉਤੇ ਕਿਸੇ ਕਿਸਮ ਦਾ ਕਾਲਾ ਜਾਦੂ, ਧਾਗਾ ਤਵੀਤ ਜਾਂ ਕੋਈ ਹੋਰ ਕਾਰਾ ਕਰ ਦਿੱਤਾ, ਜਿਸ ਨਾਲ ਤੁਹਾਡੀ ਮੁਸੀਬਤ ਦਿਨੋ ਦਿਨ ਵਧਦੀ ਜਾ ਰਹੀ ਹੈ ਤਾਂ ਪੰਡਿਤ ਜੀ ਸੌ ਫੀਸਦੀ ਗਾਰੰਟੀ ਨਾਲ ਇਸ ਦਾ ਮੁਕੰਮਲ 'ਤੋੜ' ਸਿਰਫ 72 ਘੰਟਿਆਂ ਵਿਚ ਕਰ ਦੇਣਗੇ, ਕਿਉਂਕਿ ਪੰਡਿਤ ਜੀ ਕਾਲੇ ਜਾਦੂ ਦੀ ਕਾਟ ਪਲਟ ਤੇ ਇਸ ਦੀ ਬੰਦਿਸ਼ ਦੇ ਮਾਹਿਰ ਹਨ।



ਜਿਹੜੇ ਭੈਣ ਭਰਾ ਕਿਸੇ ਕਾਰਨ ਆਪ ਨਹੀਂ ਆ ਸਕਦੇ, ਉਹ ਫੋਨ ਜਾਂ ਚਿੱਠੀ ਪੱਤਰ ਰਾਹੀਂ ਗੁਪਤ ਤਰੀਕੇ ਨਾਲ ਘਰ ਬੈਠਿਆਂ ਆਪਣੇ ਸਾਰੇ ਦੁੱਖ ਦਰਦ ਹਮੇਸ਼ਾ ਲਈ ਦੂਰ ਕਰਵਾ ਸਕਦੇ ਹਨ।"

ਜੋ ਪਹਿਲਾਂ ਹੀ ਕਿਸੇ 'ਸਿਆਣੇ' ਤੋਂ ਉੱਨ ਲੁਹਾਈ ਬੈਠੇ ਹੋਣ, ਉਨ੍ਹਾਂ ਨੂੰ ਭਰਮਾਉਣ ਲਈ ਲਿਖਿਆ ਹੁੰਦਾ, "ਜੇ ਤੁਹਾਡਾ ਕੰਮ ਕਿਸੇ ਹੋਰ ਕੋਲੋਂ ਨਹੀਂ ਹੋ ਸਕਿਆ ਤੇ ਤੁਸੀਂ ਹਿੰਮਤ ਹਾਰ ਕੇ ਢੇਰੀ ਢਾਹ ਬੈਠੇ ਹੋ ਤਾਂ ਪੰਡਿਤ ਜੀ ਥੋੜ੍ਹੇ ਦਿਨਾਂ ਵਿਚ ਹੀ ਆਪਣੀ ਜੋਤਿਸ਼ ਵਿਦਿਆ, ਤਾਂਤਰਿਕ ਸ਼ਕਤੀ ਤੇ ਜੰਤਰ-ਮੰਤਰ ਨਾਲ ਤੁਹਾਡੀਆਂ ਸਾਰੀਆਂ ਮਨੋਕਾਮਨਾਵਾਂ ਪੂਰੀਆਂ ਕਰ ਦੇਣਗੇ।"

ਕੋਈ 'ਪੀਰ' ਫੁਰਮਾਉਂਦਾ, "ਹੁਣ ਚਿੰਤਾ ਕਰਨ ਦੀ ਲੋੜ ਨਹੀਂ, ਮੈਨੂੰ ਆਪਣੀਆਂ ਚਿੰਤਾਵਾਂ ਸਦਾ ਲਈ ਖਤਮ ਕਰਨ ਦਾ ਮੌਕਾ ਦਿਓ।" ਭੇਤੀ ਬੰਦੇ ਹੀ ਇਸ ਫਿਕਰੇ ਦਾ ਮਤਲਬ ਸਮਝ ਸਕਦੇ ਕਿ ਚਿੰਤਾਵਾਂ ਕੀਹਦੀਆਂ ਖਤਮ ਹੋਣੀਆਂ ਸਨ?

ਯਕੀਨ ਬੰਨ੍ਹਾਉਣ ਲਈ ਉਹ ਪ੍ਰਚਾਰਦਾ ਕਿ "ਇਸ ਸਮੇਂ ਹਜ਼ਾਰਾਂ ਹੀ ਦੁਖੀ ਭੈਣ-ਭਰਾ 'ਪੀਰ' ਦੀਆਂ ਦੁਆਵਾਂ ਅਤੇ ਜਾਦੂ ਦਾ ਅਸਰ ਕਰਨ ਵਾਲੇ ਤਾਵੀਜ਼ ਨਾਲ ਖੁਸ਼ੀ ਖੁਸ਼ੀ ਵਧੀਆ ਜੀਵਨ ਬਤੀਤ ਕਰ ਰਹੇ ਹਨ।"

ਖੁਸ਼ ਜੀਵਨ ਬਤੀਤ ਕਰਨ ਦਾ ਲਾਲਚ ਭਲਾ ਕਿਹਨੂੰ ਨਹੀਂ ਹੁੰਦਾ? ਸੋ ਸਿੱਧੇ-ਸਾਦੇ ਲੋਕ ਉਨ੍ਹਾਂ ਦੀ ਲੁੱਟ ਦਾ ਸ਼ਿਕਾਰ ਹੋਈ ਜਾਂਦੇ ਸਨ। ਇਕ ਹੋਰ 'ਬਾਬਾ' ਇਸ਼ਤਿਹਾਰ ਦਿੰਦਾ, "ਧੋਖੇ ਤੋਂ ਬਚੋ ਤੇ ਬਾਬਾ ਜੀ ਦੀਆਂ ਦੁਆਵਾਂ ਲਵੋ।" ਮੁੰਡਾ ਹੋਣ ਦਾ ਨੁਸਖਾ ਦੱਸਦਿਆਂ ਕਹਿੰਦਾ ਕਿ "ਕੁੱਖ 'ਚ ਪਲਦਾ ਬੱਚਾ ਬਾਬਾ ਜੀ ਦੇ ਉਪਾਅ ਨਾਲ ਮੁੰਡਾ ਬਣ ਜਾਵੇਗਾ। ਇਥੇ ਹੀ ਬੱਸ ਨਹੀਂ, ਉਹ ਨੂੰਹ-ਸੱਸ, ਪਤੀ-ਪਤਨੀ, ਜੀਜਾ-ਸਾਲੀ ਜਾਂ ਘਰ 'ਚ ਕਿਸੇ ਵੀ ਲੜਾਈ ਕਲੇਸ਼ ਨੂੰ ਹਮੇਸ਼ਾ ਲਈ ਖਤਮ ਕਰਨ ਦਾ 'ਨੁਸਖਾ' ਦਿੰਦਾ।

ਲੜਾਈ ਕਲੇਸ਼ ਹਮੇਸ਼ਾਂ ਵਾਸਤੇ ਖਤਮ ਕਰਨ ਲਈ ਭਾਰਤ ਤੇ ਪਾਕਿਸਤਾਨ ਦੇ ਰਹਿਬਰਾਂ ਨੂੰ ਜ਼ਰੂਰ ਉਸ 'ਬਾਬੇ' ਤੋਂ 'ਨੁਸਖਾ' ਲੈ ਲੈਣਾ ਚਾਹੀਦਾ ਹੈ!

ਕੋਈ 'ਯੋਗੀ' ਪੁੱਤਰ ਦੀ ਦਾਤ ਦਿੰਦਾ, ਕੋਰਟ ਕੇਸਾਂ ਦੀ ਭਵਿੱਖਵਾਣੀ ਕਰਦਾ ਤੇ ਇਮੀਗ੍ਰੇਸ਼ਨ ਦੀਆਂ ਮੁਸ਼ਕਿਲਾਂ ਦਾ ਹੱਲ ਕਰਨ ਦੇ ਨਾਲ ਨਸ਼ੇ ਪੱਤੇ ਛਡਾਉਣ ਦੇ ਗੁਰ ਦੱਸਦਾ। ਕਹਿੰਦਾ ਕਿ ਧਨ ਦੀ ਕਮੀ ਨਹੀਂ ਰਹਿਣ ਦਿਆਂਗਾ। ਇਹ ਤਾਂ ਰੱਬ ਜਾਣੇ ਕਿ ਉਹ ਆਪਣੇ ਧਨ ਬਾਰੇ ਕਹਿੰਦਾ ਜਾਂ ਅਗਲੇ ਦੇ ਧਨ ਬਾਰੇ? ਏਡੇ ਪੁੱਜੇ ਹੋਏ ਯੋਗੀ ਜੀ ਨੂੰ ਬੇਨਤੀ ਹੈ ਕਿ ਕਰੋੜਾਂ ਲੋਕ ਤਾਂ ਉਨ੍ਹਾਂ ਨੇ ਪਹਿਲਾਂ ਹੀ ਤਾਰ ਦਿੱਤੇ ਹਨ, ਧਰਤੀ 'ਤੇ ਵਸਦੇ ਬਾਕੀ ਕਰੋੜਾਂ ਲੋਕਾਂ ਦਾ ਵੀ ਕਲਿਆਣ ਕਰ ਦੇਣ। ਫਿਰ ਤਾਂ ਯੋਗੀ ਜੀ ਲਈ ਨੋਬੇਲ ਪ੍ਰਾਈਜ਼ ਵੀ ਵੱਟ 'ਤੇ ਪਿਐ!

ਇਕ 'ਸਿਆਣਾ' ਦੁਖੀ ਅਤੇ ਪ੍ਰੇਸ਼ਾਨ ਭੈਣਾਂ-ਭਰਾਵਾਂ ਲਈ ਖੁਸ਼ਖਬਰੀ ਦਿੰਦਿਆਂ ਦਸ ਹਜ਼ਾਰ ਡਾਲਰ ਦੇ ਨਕਦ ਇਨਾਮ ਜਿੱਤਣ ਦਾ ਐਲਾਨ ਕਰਦਾ, ਪਰ ਸ਼ਰਤ ਅਜਿਹੀ ਹੁੰਦੀ ਕਿ ਕੋਈ ਇਨਾਮ ਜਿੱਤ ਹੀ ਨਹੀਂ ਸੀ ਸਕਦਾ। ਉਹ ਕਹਿੰਦਾ, "ਕੋਈ ਮਾਈ ਦਾ ਲਾਲ ਇਹ ਸਾਬਤ ਕਰੇ ਕਿ ਉਹਦਾ ਸਬਜੈਕਟ ਕਿਸੇ ਧਰਮ, ਜਾਤ, ਮਨੁੱਖ ਜਾਂ ਕਿਸੇ ਸ਼ਹਿਰ ਦੇ ਖਿਲਾਫ ਹੈ।" ਨਾਲ ਕਹਿੰਦਾ ਕਿ "ਉਹਦੇ ਕੋਲ ਛੇਤੀ ਤੇ ਤੇਜ਼ ਅਸਰ ਕਰਨ ਵਾਲੀ ਦੁਨੀਆਂ ਦੀ ਮਸ਼ਹੂਰ ਗਿੱਦੜਸਿੰਗੀ ਹੈ, ਜੋ ਚੌਵੀ ਘੰਟਿਆਂ ਵਿਚ ਹੀ ਸਾਰੇ ਦੁੱਖ ਦੂਰ ਕਰ ਦਿੰਦੀ ਹੈ। ਉਹਦੇ ਨਾਲ ਦੁਨੀਆਂ ਦੀ ਹਰ ਸ਼ੈਅ ਪ੍ਰਾਪਤ ਕੀਤੀ ਜਾ ਸਕਦੀ ਹੈ। ਅੱਜ ਹੀ ਮਿਲੋ ਜਾਂ ਫੋਨ ਕਰੋ। ਹਰ ਤਰ੍ਹਾਂ ਦੀ ਕਾਰਵਾਈ ਗੁਪਤ ਰੱਖੀ ਜਾਵੇਗੀ।"

ਇਹ 'ਗੁਪਤ' ਕਾਰਵਾਈ ਹੀ ਠੱਗ ਬਾਬਿਆਂ ਨੂੰ ਵਾਰਾ ਖਾਂਦੀ। ਜਿਨ੍ਹਾਂ ਨੂੰ ਗੁਪਤੋ-ਗੁਪਤੀ ਥੁੱਕ ਲੱਗ ਜਾਂਦਾ, ਬੱਸ ਇਸੇ 'ਗੁਪਤ' ਕਾਰਵਾਈ ਕਰਕੇ ਕੁਸਕ ਨਾ ਸਕਦੇ! ਸੁਆਲ ਕਿਹਨੇ ਕਰਨਾ ਸੀ?

ਅਜਿਹੀਆਂ ਇਸ਼ਤਿਹਾਰਬਾਜ਼ੀਆਂ ਦਾ ਕੋਈ ਅੰਤ ਨਹੀਂ। ਵਿਕਾਊ ਮੀਡੀਆ ਇਹੋ ਕੁਝ ਭਾਲਦੈ। ਵਿਚਾਰੇ ਭੋਲੇ ਭਾਲੇ ਲੋਕ ਠੱਗੇ ਜਾ ਰਹੇ ਨੇ, ਜਿਨ੍ਹਾਂ ਨੂੰ ਸੁਚੇਤ ਕਰਨਾ ਮੀਡੀਏ ਦਾ ਫਰਜ਼ ਹੈ; ਪਰ ਜੇ ਭਾੜੇ ਦਾ ਮੀਡੀਆ ਈ ਠੱਗਾਂ ਨਾਲ ਰਲ ਜਾਵੇ ਤਾਂ ਕੌਣ ਕਹੇ ਰਾਣੀਏਂ ਅੱਗਾ ਢਕ?

ਦੁੱਖ ਸੁਖ ਕੁਦਰਤ ਦੀ ਦੇਣ ਹਨ। ਸ਼ਾਇਦ ਹੀ ਕੋਈ ਮਨੁੱਖ ਹੋਵੇ, ਜਿਹਨੂੰ ਕਦੇ ਦੁੱਖ ਦਾ ਸਾਹਮਣਾ ਨਾ ਕਰਨਾ ਪਿਆ ਹੋਵੇ। ਜੀਂਦੇ ਜਾਗਦੇ ਬੰਦੇ ਦੁੱਖਾਂ ਦੇ ਕਾਰਨ ਲੱਭਦੇ ਹਨ ਅਤੇ ਸੂਝ ਸਿਆਣਪ ਨਾਲ ਦੁੱਖਾਂ ਨੂੰ ਦੂਰ ਕਰਦੇ ਹਨ। ਜੋ ਦੁੱਖਾਂ ਦੇ ਕਾਰਨ ਖੋਜਣ ਦੀ ਥਾਂ ਦਿਮਾਗ ਦਾ ਬੂਹਾ ਭੇੜ ਐਵੇਂ ਅੱਕੀਂ ਪਲਾਹੀਂ ਹੱਥ ਮਾਰਦੇ ਹਨ, ਉਹ ਅਖੌਤੀ ਪੀਰਾਂ-ਪੰਡਿਤਾਂ ਤੇ ਯੋਗੀਆਂ-ਬਾਬਿਆਂ ਦੇ ਜਾਲ ਵਿਚ ਫਸ ਜਾਂਦੇ ਹਨ। ਧਾਗੇ ਤਵੀਤਾਂ ਤੇ ਗਿੱਦੜਸਿੰਗੀਆਂ 'ਚ ਕੋਈ ਕਰਾਮਾਤ ਹੁੰਦੀ ਤਾਂ ਦੁਨੀਆਂ ਕਦੋਂ ਦੀ ਤਰ ਗਈ ਹੁੰਦੀ! ਕਰੋਨਾ ਮਹਾਮਾਰੀ ਦੇ ਔਖੇ ਦਿਨ ਵੀ ਹੋਰਨਾਂ ਮਹਾਮਾਰੀਆਂ ਦੇ ਦਿਨਾਂ ਵਾਂਗ ਲੰਘ ਜਾਣਗੇ; ਪਰ ਸੁਆਲ ਹੈ, "ਕੀ ਸਾਡੇ ਲੋਕ ਠੱਗ ਬਾਬਿਆਂ ਤੋਂ ਸੁਚੇਤ ਹੋਣਗੇ?"

ਗੁਰਬਾਣੀ ਗਿਆਨ

# ਸੁਣਿਐ ਸਤੁ ਸੰਤੋਖੁ ਗਿਆਨੁ

**ਸਿੱਖ ਪੰਥ ਵਿਚ ਪੁਜਾਰੀ ਤੇ ਸੰਪਰਦਾਈਏ ਸਾਧ ਸੰਤ ਹੀ ਪਾਠ ਪੜ੍ਹਨ ਤੇ ਸੁਣਾਉਣ ਦਾ ਕਾਰਜ ਕਰਦੇ ਹਨ ਤੇ ਅਚੇਤ ਸ਼ਰਧਾਲੂਆਂ ਨੂੰ ਇਸ ਦੇ ਅਧਿਆਤਮਕ ਲਾਭ ਦੱਸ ਕੇ ਇੱਕਠਾ ਕਰਦੇ ਹਨ। ਇਸ ਲਈ ਸੁਣਾਉਣ ਵਾਲਿਆਂ ਨੂੰ ਸੰਗਤ, ਮਾਇਆ, ਮਾਣ ਪ੍ਰਤਿਸ਼ਠਾ, ਚੌਧਰ ਤੇ ਵੋਟ ਬੈਂਕ ਸਭ ਇਕ ਥਾਂਏਂ ਬੈਠੇ ਬਿਠਾਏ ਮਿਲ ਜਾਂਦੇ ਹਨ। ਸ਼ਾਇਦ ਇਸੇ ਲਈ ਇਹ ਵਿਦਵਾਨ ਗੁਰੂ ਸਾਹਿਬ ਤੋਂ ਉਪਰੋਂ ਉਪਰੀ ਵਾਰ ਵਾਰ ਇਹੀ ਗੱਲ ਪ੍ਰਚਾਰਦੇ ਹਨ ਕਿ ਸ਼ਰਧਾਲੂਆਂ ਲਈ ਸੁਣਨਾ ਬੜੇ ਅਧਿਆਤਮਕ ਲਾਹੇ ਵਾਲੀ ਕ੍ਰਿਆ ਹੈ!**

**ਡਾ. ਗੋਬਿੰਦਰ ਸਿੰਘ ਸਮਰਾਓ**
ਫੋਨ: 408-634-2310

ਇਕ ਨਹੀਂ, ਸਾਰੇ ਸਿੱਖ ਵਿਦਵਾਨ ਗੁਰੂ ਨਾਨਕ ਨੂੰ ਭਗਤੀ ਲਹਿਰ ਨਾਲ ਜੋੜਦੇ ਹਨ। ਕਈ ਕਹਿੰਦੇ ਹਨ, ਉਹ ਭਗਤੀ ਲਹਿਰ ਦੇ ਮੋਢੀ ਸਨ, ਕਈਆਂ ਅਨੁਸਾਰ ਉਹ ਭਗਤੀ ਮੱਤ ਦੇ ਪੈਰੋਕਾਰ ਸਨ ਤੇ ਕਈ ਉਨ੍ਹਾਂ ਨੂੰ ਪੰਜਾਬ ਵਿਚ ਭਗਤੀ ਅੰਦੋਲਨ ਨੂੰ ਅਰੰਭ ਕਰਨ ਵਾਲਾ ਮੰਨਦੇ ਹਨ। ਉਨ੍ਹਾਂ ਦੇ ਕਹਿਣ ਦਾ ਭਾਵ ਇਹ ਹੋਇਆ ਕਿ ਗੁਰੂ ਸਾਹਿਬ ਮੂਲ ਤੌਰ 'ਤੇ ਭਗਤ ਸਨ ਤੇ ਭਗਤੀ ਲਹਿਰ ਚਲਾ ਕੇ ਗਏ ਹਨ।

ਹੁਣ ਥੋੜ੍ਹਾ ਡੂੰਘੇ ਚੱਲ ਕੇ ਦੇਖੀਏ ਕਿ ਭਗਤ ਕੌਣ ਹੁੰਦਾ ਹੈ? ਭਗਤ ਦਾ ਆਮ ਅਰਥ ਉਹ ਬੰਦਾ, ਜਿਸ ਨੇ ਆਪਣੀ ਸੁਤੰਤਰ ਸੋਚ ਨੂੰ ਪੂਰੀ ਤਰ੍ਹਾਂ ਕਿਸੇ ਦੂਜੇ ਵਿਅਕਤੀ, ਦੈਵੀ ਪੁਰਸ਼ ਜਾਂ ਸ਼ਕਤੀ, ਜਿਸ ਨੂੰ ਉਹ ਆਪਣਾ ਸਵਾਮੀ ਜਾਂ ਪ੍ਰਭੂ ਕਹਿੰਦਾ ਹੈ, ਦੇ ਅਧੀਨ ਕਰ ਦਿੱਤਾ ਹੋਵੇ। ਭਗਤ ਉਹ ਹੈ, ਜੋ ਹਰ ਵੇਲੇ ਆਪਣੇ ਪ੍ਰਭੂ ਦੀ ਪ੍ਰਸ਼ੰਸਾ ਵਿਚ ਡੁੱਬਾ ਰਹਿੰਦਾ ਹੈ ਅਤੇ ਉਸ ਦੀ ਭਗਤੀ ਅਰਥਾਤ ਪੂਜਾ ਪਾਠ ਕਰਦਾ ਰਹਿੰਦਾ ਹੈ। ਉਹ ਹਰ ਸਵਾਸ ਨਾਲ ਉਸ ਦੇ ਗੁਣ ਗਾਉਂਦਾ ਹੈ, ਸੰਸਾਰ ਤੋਂ ਉਦਾਸੀਨ ਰਹਿੰਦਾ ਹੈ ਤੇ ਆਪਣੇ ਸਭ ਕਾਰਜ ਸਵਾਮੀ ਦੇ ਸਹਾਰੇ ਛੱਡਦਾ ਹੈ। ਭਗਤ ਇਸ ਸੰਸਾਰ ਨੂੰ ਅਗਿਆਨ ਅਤੇ ਦੁਖਾਂ ਦਾ ਘਰ ਸਮਝਦਾ ਹੈ ਤੇ ਇਸ ਵਿਚ ਜਨਮ ਲੈਣ ਨੂੰ ਪਾਪਾਂ ਦੀ ਸਜ਼ਾ ਮੰਨਦਾ ਹੈ। ਇੱਥੇ ਉਸ ਦਾ ਦਮ ਘੁਟਦਾ ਹੈ ਤੇ ਉਹ ਇਸ 'ਦੋਜ਼ਖ' ਰੂਪੀ ਸੰਸਾਰ ਵਿਚ ਨਿਰਲੇਪ ਰਹਿ ਕੇ ਆਪਣਾ ਸਮਾਂ ਕੱਟਦਾ ਹੈ। ਉਹ ਆਪਣਾ ਅਸਲ ਨਿਵਾਸ ਬੈਕੁੰਠ ਭਾਵ ਸਚਿਖੰਡ ਜਾਂ ਸਵਰਗ ਨੂੰ ਮੰਨਦਾ ਹੈ, ਜਿੱਥੇ ਉਸ ਅਨੁਸਾਰ ਉਸ ਦਾ ਪ੍ਰਭੂ ਨਿਵਾਸ ਕਰਦਾ ਹੈ।

ਭਗਤ ਦਾ ਸਿਰਫ ਇਕੋ ਮਨੋਰਥ ਹੁੰਦਾ ਹੈ ਕਿ ਉਹ ਪੂਜਾ ਪਾਠ ਭਾਵ ਨਾਮ ਸਿਮਰਨ ਰਾਹੀਂ ਪ੍ਰਭੂ ਨੂੰ ਖੁਸ਼ ਕਰਕੇ ਇਸ ਜਲਦੇ ਸੰਸਾਰ ਤੋਂ ਮੁਕਤੀ ਪ੍ਰਾਪਤ ਕਰੇ ਤੇ ਬੈਕੁੰਠ ਵਿਚ ਰਹਿਣ ਦਾ ਸਥਾਨ ਬਣਾਵੇ। ਹਰ ਭਗਤ ਇਹ ਚਾਹੁੰਦਾ ਹੈ ਕਿ ਉਹ ਸਚਿਖੰਡ ਵਿਚ ਜਾ ਕੇ ਪ੍ਰਭੂ ਚਰਨਾਂ ਵਿਚ ਸਦੀਵੀ ਜੀਵਨ ਬਿਤਾਵੇ ਤੇ ਹਮੇਸ਼ਾ ਲਈ ਨਿਸ਼ਚਿੰਤ ਹੋ ਕੇ ਉਥੇ ਜ਼ਿੰਦਗੀ ਦੇ ਸਭ ਰਸ ਮਾਣਦਾ ਰਹੇ। ਹਰ ਭਗਤ ਉਮਰ ਭਰ ਇਹੀ ਉਦੇਸ਼ ਪੂਰਾ ਕਰਨ ਵਿਚ ਰੁੱਝਾ ਰਹਿੰਦਾ ਹੈ।

ਇਹ ਸੋਚ ਕੋਈ ਨਵੀਂ ਨਹੀਂ। ਗੁਰੂ ਸਾਹਿਬ ਦੇ ਸਮੇਂ ਤੇ ਉਸ ਤੋਂ ਮੁੱਦਤਾਂ ਪਹਿਲਾਂ ਤੋਂ ਵੀ ਲੋਕ ਇਵੇਂ ਹੀ ਸੋਚਦੇ ਸਨ। ਇਸ ਤਰਕਹੀਣ ਸੋਚ ਨਾਲ ਜੁੜੀ ਜੀਵਨ ਜਾਚ ਤੇ ਰਸਮੋ ਰਿਵਾਜ਼ਾਂ ਨੂੰ ਨਕਾਰਦਿਆਂ ਗੁਰੂ ਸਾਹਿਬ ਦੂਰ ਦੂਰ ਗਏ, ਜਿੱਥੇ ਉਨ੍ਹਾਂ ਨੇ ਵੱਖ ਵੱਖ ਦੇਸ਼ਾਂ ਦੇ ਲੋਕਾਂ ਵਿਚ ਆਪਣੇ ਤਰਕ-ਸੰਗਤ ਵਿਚਾਰਾਂ ਦਾ ਪ੍ਰਚਾਰ ਕੀਤਾ। ਉਨ੍ਹਾਂ ਦੀ ਸਾਰੀ ਬਾਣੀ ਵਿਚ ਪੂਜਾ ਪਾਠ ਵਾਲੀ ਭਗਤੀ ਦਾ ਵਿਰੋਧ ਮਿਲਦਾ ਹੈ। ਕਿਤੇ ਉਹ ਆਰਤੀ ਦਾ ਖੰਡਨ ਕਰਦੇ ਹਨ, ਕਿਤੇ ਸਮਾਧੀ ਦਾ ਤੇ ਕਿਤੇ 'ਜਗਦੀਸ਼' ਭਾਵ ਪ੍ਰਭੂ ਦੇ ਨਾਂ ਦੇ ਰਟਣ ਦਾ; ਪਰ ਤਾਂ ਵੀ ਸਭ ਸਿੱਖ ਵਿਦਵਾਨ ਗੁਰੂ ਸਾਹਿਬ ਨੂੰ ਭਗਤ ਦੇ ਉਕਤ ਬਿੰਬ ਵਿਚ ਢਾਲ ਕੇ ਹੀ ਉਨ੍ਹਾਂ ਦੀ ਬਾਣੀ ਦੀ ਵਿਆਖਿਆ ਕਰਦੇ ਹਨ। ਉਹ ਸਮਝਦੇ ਹਨ ਕਿ ਗੁਰੂ ਸਾਹਿਬ ਦੀ ਬਾਣੀ ਉਨ੍ਹਾਂ ਦੇ ਅੰਤਹਿਕਰਣ ਦਾ ਉਹ ਬਿਆਨ ਹੈ, ਜੋ ਉਨ੍ਹਾਂ ਨੇ ਅਕਾਲ ਪੁਰਖ ਦੀ ਅਰਾਧਨਾ 'ਚ ਲਿਖਿਆ ਹੈ।

ਇਹੀ ਕਾਰਨ ਹੈ ਕਿ ਉਹ ਉਨ੍ਹਾਂ ਦੇ ਹਰ ਸ਼ਬਦ ਨੂੰ ਅਕਾਲ ਪੁਰਖ ਨਾਲ ਜੋੜ ਕੇ ਦੇਖਦੇ ਹਨ ਤੇ ਬਾਣੀ ਦੀ ਵਿਆਖਿਆ ਵੇਲੇ ਕਈ ਅਜਿਹੇ ਸ਼ਬਦ ਆਪਣੇ ਵਲੋਂ ਹੀ ਨਾਲ ਲਾ ਦਿੰਦੇ ਹਨ। ਉਹ ਬਾਣੀ ਨੂੰ ਇਹ ਜਾਣਨ ਲਈ ਨਹੀਂ ਪੜ੍ਹਦੇ ਕਿ ਇਸ ਵਿਚ ਲਿਖਿਆ ਕੀ ਹੈ? ਸਗੋਂ ਇਹ ਮੰਨ ਕੇ ਵਿਆਖਿਆ ਕਰਦੇ ਹਨ ਕਿ ਇਹ ਇਕ ਪੂਜਾ ਪਾਠ ਦੀ ਸਮੱਗਰੀ ਹੈ ਤੇ ਇਸ ਨੂੰ ਵੱਧ ਤੋਂ ਵੱਧ ਪ੍ਰਭਾਵਸ਼ਾਲੀ ਲਹਿਜੇ ਵਿਚ ਪੇਸ਼ ਕੀਤਾ ਜਾਵੇ। ਉਹ ਇਸ ਦਾ ਅਧਿਐਨ ਗੁਰੂ ਸਾਹਿਬ ਦੀ ਦਰਸਾਈ ਨਿਰਪੱਖ ਦ੍ਰਿਸ਼ਟੀ ਭਾਵ 'ਨਦਰਿ' ਨਾਲ ਨਹੀਂ ਕਰਦੇ, ਸਗੋਂ ਇਕ ਸੱਚੇ ਭਗਤ ਵਾਂਗ ਸਮਰਪਿਤ ਹੋ ਕੇ ਆਪਣੇ ਅੰਦਰ ਪਈ ਪੂਰਵ-ਧਾਰਨਾ ਅਨੁਸਾਰ ਵਧਾ ਚੜ੍ਹਾ ਕੇ ਕਰਦੇ ਹਨ। ਅਜਿਹਾ ਕਰਦਿਆਂ ਉਹ ਇਹ ਵੀ ਨਹੀਂ ਦੇਖਦੇ ਕਿ ਕਿਸੇ ਤੁਕ ਤੋਂ ਪਹਿਲਾਂ ਤੇ ਉਸ ਤੋਂ ਬਾਅਦ ਵਿਚ ਕੀ ਲਿਖਿਆ ਹੋਇਆ ਹੈ? ਉਹ ਕਿਸੇ ਵੀ ਵਿਚਾਰ ਨੂੰ ਗੁਰੂ ਸਾਹਿਬ ਦੀ ਜੀਵਨ ਸ਼ੈਲੀ ਤੇ ਉਸ ਤੋਂ ਉਭਰਦੇ ਉਨ੍ਹਾਂ ਦੇ ਕਿਰਦਾਰ ਨਾਲ ਮੇਲ ਕੇ ਨਹੀਂ ਦੇਖਦੇ ਤਾਂ ਕਿ ਜਾਣ ਸਕਨ ਕਿ ਕੀ ਗੁਰੂ ਸਾਹਿਬ ਅਜਿਹਾ ਕੁਝ ਲਿਖ ਵੀ ਸਕਦੇ ਹਨ ਜਾਂ ਨਹੀ!

ਇਸ ਕਾਰਜ ਵਿਚ ਉਹ ਕਿਸੇ ਤਰਕ ਵਿਵੇਕੀ ਵਿਧੀ ਦਾ ਸਹਾਰਾ ਲੈਣ ਦੀ ਥਾਂ ਮਨ ਭਾਉਂਦੀਆਂ ਤਰਕੀਬਾਂ ਵਰਤਦੇ ਹਨ ਤਾਂ ਜੋ ਬਾਣੀ ਨੂੰ ਵੱਧ ਤੋਂ ਵੱਧ ਅਧਿਆਤਮਕ ਦਿੱਖ ਵਾਲੀ ਦਰਸਾਇਆ ਜਾ ਸਕੇ। ਇਸ ਦੀ ਮਿਸਾਲ ਜਪੁਜੀ ਦੀ 10ਵੀਂ ਪਉੜੀ ਹੈ, ਜਿਸ ਵਿਚ ਉਨ੍ਹਾਂ ਨੇ ਆਪਣੇ ਕੋਲੋਂ ਹੀ ਬਹੁਤ ਕੁਝ ਅਜਿਹਾ ਮਿਲਾ ਕੇ ਅਰਥ ਕੀਤੇ ਹਨ, ਜੋ ਇਸ ਵਿਚ ਲਿਖਿਆ ਹੋਇਆ ਨਹੀਂ ਮਿਲਦਾ। ਪਾਠਕਾਂ ਦੇ ਨਿਰਣੇ ਲਈ ਇਹ ਪੂਰੀ ਦੀ ਪੂਰੀ ਪਉੜੀ ਤੇ ਪ੍ਰਸਿੱਧ ਸਿੱਖ ਵਿਦਵਾਨ ਪ੍ਰੋ. ਸਾਹਿਬ ਸਿੰਘ ਵਲੋਂ ਕੀਤੇ ਇਸ ਦੇ ਅਰਥ ਇੰਜ ਹਨ,

ਸੁਣਿਐ ਸਤੁ ਸੰਤੋਖੁ ਗਿਆਨੁ॥
ਸੁਣਿਐ ਅਠਸਠਿ ਕਾ ਇਸਨਾਨੁ॥
ਸੁਣਿਐ ਪੜਿ ਪੜਿ ਪਾਵਹਿ ਮਾਨੁ॥
ਸੁਣਿਐ ਲਾਗੈ ਸਹਜਿ ਧਿਆਨੁ॥
ਨਾਨਕ ਭਗਤਾ ਸਦਾ ਵਿਗਾਸੁ॥
ਸੁਣਿਐ ਦੂਖ ਪਾਪ ਕਾ ਨਾਸੁ॥੧੦॥

ਇਸ ਪਉੜੀ ਦੇ ਅਰਥ ਕਰਦਿਆਂ ਪ੍ਰੋ. ਸਾਹਿਬ ਲਿਖਦੇ ਹਨ, "ਹੇ ਨਾਨਕ! (ਅਕਾਲ ਪੁਰਖ ਦੇ ਨਾਮ ਵਿਚ ਸੁਰਤ ਜੋੜਨ ਵਾਲੇ) ਭਗਤ ਜਨਾਂ ਦੇ ਹਿਰਦੇ ਵਿਚ ਸਦਾ ਖਿੜਾਉ ਬਣਿਆ ਰਹਿੰਦਾ ਹੈ, (ਕਿਉਂਕਿ) ਅਕਾਲ ਪੁਰਖ ਦੀ ਸਿਫਤਿ ਸਾਲਾਹ ਸੁਣਨ ਨਾਲ (ਮਨੁੱਖ ਦੇ) ਦੁੱਖਾਂ ਤੇ ਪਾਪਾਂ ਦਾ ਨਾਸ ਹੋ ਜਾਂਦਾ ਹੈ। ਰੱਬ ਦੇ ਨਾਮ ਵਿਚ ਜੁੜਨ ਨਾਲ (ਹਿਰਦੇ ਵਿਚ) ਦਾਨ (ਦੇਣ ਦਾ ਸੁਭਾਉ), ਸੰਤੋਖ ਤੇ ਪ੍ਰਕਾਸ਼ ਪਰਗਟ ਹੋ ਜਾਂਦਾ ਹੈ, ਮਾਨੋ, ਅਠਾਹਠ ਤੀਰਥਾਂ ਦਾ ਇਸ਼ਨਾਨ (ਹੀ) ਹੋ ਜਾਂਦਾ ਹੈ (ਭਾਵ, ਅਠਾਹਠ ਤੀਰਥਾਂ ਦੇ ਇਸ਼ਨਾਨ ਨਾਮ ਜਪਣ ਦੇ ਵਿਚ ਹੀ ਆ ਜਾਂਦੇ ਹਨ)। ਜੋ ਸਤਿਕਾਰ (ਮਨੁੱਖ ਵਿੱਦਿਆ) ਪੜ੍ਹ ਕੇ ਪਾਉਂਦੇ ਹਨ, ਉਹ ਭਗਤ ਜਨਾਂ ਨੂੰ ਅਕਾਲ ਪੁਰਖ ਦੇ ਨਾਮ ਵਿਚ ਜੁੜ ਕੇ ਹੀ ਮਿਲ ਜਾਂਦਾ ਹੈ। ਨਾਮ ਸੁਣਨ ਦਾ ਸਦਕਾ ਅਡੋਲਤਾ 'ਚ ਚਿੱਤ ਦੀ ਬ੍ਰਿਤੀ ਟਿਕ ਜਾਂਦੀ ਹੈ।10।"

ਆਪਣੀ ਵਿਆਖਿਆ ਵਿਚ ਪ੍ਰੋ. ਸਾਹਿਬ ਨੇ 'ਸੁਣਿਐ' ਦਾ ਅਰਥ ਅਕਾਲ ਪੁਰਖ ਦੇ ਨਾਮ ਨੂੰ ਸੁਣਨਾ ਕੀਤਾ ਹੈ ਤੇ ਇਸੇ ਅਰਥ ਨੂੰ ਵਾਰ ਵਾਰ ਛੇ ਵਾਰੀ ਵਰਤਿਆ ਹੈ। ਉਨ੍ਹਾਂ ਅਨੁਸਾਰ ਅਕਾਲ ਪੁਰਖ ਦੇ ਨਾਮ ਨੂੰ ਸੁਣਨ ਨਾਲ (1) ਮਨੁੱਖ ਦੇ ਹਿਰਦੇ ਵਿਚ ਦਾਨ ਦੇਣ ਦਾ ਸੁਭਾਉ, ਸੰਤੋਖ ਤੇ ਪ੍ਰਕਾਸ਼ ਪਰਗਟ ਹੋ ਜਾਂਦੇ ਹਨ; (2) ਅਠਾਹਠ ਤੀਰਥਾਂ ਦੇ ਇਸ਼ਨਾਨ ਦਾ ਫਲ ਮਿਲਦਾ ਹੈ; (3) ਭਗਤ ਜਨਾਂ ਨੂੰ ਉਹ ਸਤਿਕਾਰ ਮਿਲਦਾ ਹੈ, ਜੋ ਆਮ ਮਨੁੱਖ ਵਿਦਿਆ ਪੜ੍ਹ ਕੇ ਪਾਉਂਦੇ ਹਨ; (4) ਅਡੋਲਤਾ ਵਿਚ ਚਿੱਤ ਦੀ ਬਿਰਤੀ ਟਿਕ ਜਾਂਦੀ ਹੈ; (5) ਮਨੁੱਖ ਦੇ ਦੁੱਖਾਂ ਤੇ ਪਾਪਾਂ ਦਾ ਨਾਸ਼ ਹੋ ਜਾਂਦਾ ਹੈ ਤੇ (6) ਭਗਤ ਜਨਾਂ ਦੇ ਹਿਰਦੇ ਵਿਚ ਸਦਾ ਖਿੜਾਓ ਬਣਿਆ ਰਹਿੰਦਾ ਹੈ।

ਪਉੜੀ ਵਿਚ ਛੇ ਪੰਕਤੀਆਂ ਹਨ ਤੇ ਪੰਜ ਵਾਰ 'ਸੁਣਿਐ' ਸ਼ਬਦ ਆਇਆ ਹੈ। ਵਿਆਖਿਆ ਵਿਚ ਛੇ ਵਾਰ ਅਕਾਲ ਪੁਰਖ ਦੇ ਨਾਮ (ਨੂੰ ਸੁਣਨ) ਦਾ ਜ਼ਿਕਰ ਆਇਆ ਹੈ, ਜਦੋਂ ਕਿ ਪਉੜੀ ਵਿਚ ਇਹ ਇਕ ਵਾਰ ਵੀ ਨਹੀਂ ਆਇਆ। ਇਕ ਵਾਰ ਵੀ ਉਨ੍ਹਾਂ ਇਹ ਨਹੀਂ ਸੋਚਿਆ ਕਿ ਜੋ ਅਰਥ ਉਹ ਕਰ ਰਹੇ ਹਨ, ਉਹ ਸੱਚ ਹੋਣ ਦੀ ਸੰਭਾਵਨਾ ਦੇ ਨੇੜੇ ਤੇੜੇ ਵੀ ਹਨ ਕਿ ਨਹੀਂ? ਇਕ ਵੀ ਸਬੂਤ ਦੇਣ ਤੋਂ ਬਿਨਾ ਉਹ ਵਾਰ ਵਾਰ ਇਹੀ ਦੱਸੀ ਜਾਂਦੇ ਹਨ ਕਿ ਸਾਰੀ ਪਉੜੀ ਨਾਮ ਸੁਣਨ ਦੀ ਵਡਿਆਈ ਬਾਰੇ ਹੈ ਤੇ ਨਾਮ ਸੁਣਨ ਨਾਲ ਹੀ ਸਭ ਕੁਝ ਹੁੰਦਾ ਹੈ।

ਚਲੋ ਜਿਵੇਂ ਉਹ ਕਹਿੰਦੇ ਹਨ, ਉਵੇਂ ਮੰਨ ਲਈਏ; ਤਾਂ ਵੀ ਇਹ ਸਾਰੇ ਫਲ ਪ੍ਰਭੂ ਦਾ ਕਿਹੜਾ ਨਾਮ ਸੁਣਨ ਨਾਲ ਮਿਲਦੇ ਹਨ? ਉਸ ਦੇ ਪ੍ਰਚਲਿਤ ਸਭ ਨਾਮ ਕੂੜ ਹਨ ਤੇ ਅਸਲ ਨਾਮ ਲੱਭਣ ਵਾਲਾ ਪਿਆ ਹੈ। ਉਸ ਦਾ ਜੋ ਵੀ ਅਸਲ ਨਾਮ ਹੈ, ਉਸ ਨੂੰ ਜਾਣਨਾ ਹੀ ਤਾਂ ਜਪੁਜੀ ਦਾ ਮੂਲ ਮਨੋਰਥ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਨਿਰੰਕਾਰ ਸੱਚ ਖੰਡ ਵਿਚ ਵਸਦਾ ਹੈ, ਜੋ ਅਜੇ ਅਛੋਹ ਤੇ ਅਪਹੁੰਚ ਹੈ। ਇਸ ਲਈ ਅਜੇ ਨਾ ਸੱਚ ਖੰਡ ਦੇ ਅੰਦਰੂਨ ਬਾਰੇ ਕੁਝ ਪਤਾ ਹੈ, ਨਾ ਹੀ ਨਿਰੰਕਾਰ ਦੇ ਸਤਿ ਨਾਮ ਬਾਰੇ ਕੁਝ ਕਿਹਾ ਜਾ ਸਕਦਾ ਹੈ। ਜਿਨ੍ਹਾਂ ਗੁਣਾਂ ਦੇ ਆਧਾਰ 'ਤੇ ਨਿਰੰਕਾਰ ਦਾ ਇਹ ਨਾਮ ਨਿਰਧਾਰਤ ਹੋਵੇਗਾ, ਉਨ੍ਹਾਂ ਵਿਚੋਂ ਤਾਂ ਹਾਲੀ ਦੋ ਚਾਰ ਗੁਣ ਹੀ ਪਤਾ ਹਨ ਤੇ ਬਾਕੀ ਸਾਰੇ ਲੱਭਣ ਵਾਲੇ ਪਏ ਹਨ। ਜੇ ਇਨ੍ਹਾਂ ਨੂੰ ਜਾਣੇ ਬਿਨਾ ਹੀ ਕੋਈ ਉਸ ਦੇ ਨਾਮ ਬਾਰੇ ਕੁਝ ਕਹਿਣ ਦਾ ਦਾਅਵਾ ਕਰਦਾ ਹੈ, ਉਹ ਹਉਮੈ ਵਿਚ ਭਟਕਦਾ ਹੈ।

ਗੁਰੂ ਸਾਹਿਬ ਅਜਿਹੇ ਵਿਅਕਤੀ ਨੂੰ 'ਸਿਰਿ ਗਾਵਾਰਾ ਗਵਾਰੁ' ਕਹਿੰਦੇ ਹਨ। ਉਨ੍ਹਾਂ ਅਨੁਸਾਰ ਨਿਰੰਕਾਰ ਦੇ ਅਸਲ ਨਾਮ ਵਾਲਾ ਸ਼ਬਦ ਕਈ ਮੁਸ਼ੱਕਤ ਭਰੇ ਲੰਮੇ ਸੰਘਰਸ਼ਾਂ ਦੀ ਟਕਸਾਲ ਵਿਚੋਂ ਬਣ ਕੇ ਨਿਕਲੇਗਾ। ਉਨ੍ਹਾਂ ਨੇ ਜਪੁਜੀ ਵਿਚ ਨਾਮ ਨੂੰ ਜਾਣਨ ਲਈ, ਇਸ ਦੇ ਗੁਣ ਤੇ ਵਡਿਆਈਆਂ ਦਾ ਗਿਆਨ ਹਾਸਲ ਕਰਨ ਦੀ ਗੱਲ ਕੀਤੀ ਹੈ। ਇਸੇ ਮੰਤਵ ਲਈ ਉਨ੍ਹਾਂ ਨੇ ਸਾਰੇ ਸਬਦ ਖੋਜ ਵਿਧੀਆਂ ਨਾਲ ਸਬੰਧਤ ਵਰਤੇ ਹਨ। ਸੁਣਨਾ ਤਾਂ ਨਾ ਕੋਈ ਖੋਜ ਕਾਰਜ ਹੈ, ਨਾ ਖੋਜ ਵਿਧੀ। ਇਸ ਲਈ ਸੁਣਨ ਨਾਲ ਅਕਾਲ ਪੁਰਖੁ ਜਾਂ ਨਿਰੰਕਾਰ ਬਾਰੇ ਕੋਈ ਗਿਆਨ ਕਿਵੇਂ ਹਾਸਲ ਹੋ ਸਕਦਾ ਹੈ? ਨਾਲੇ ਇਸ ਵਿਸ਼ੇ 'ਤੇ ਕੋਈ ਸੁਣਾਵੇਗਾ ਵੀ ਕੀ? ਜਿਸ ਗਿਆਨ ਦੀ ਉਹ ਗੱਲ ਕਰੇਗਾ, ਉਹ ਕੂੜ ਹੋਵੇਗਾ, ਕਿਉਂਕਿ ਉਹ ਉਨ੍ਹਾਂ ਵਿਧੀਆਂ ਰਾਹੀਂ ਹੀ ਪ੍ਰਾਪਤ ਕੀਤਾ ਗਿਆ ਹੋਵੇਗਾ, ਜੋ ਉਨ੍ਹਾਂ ਨੇ ਪਹਿਲੀ ਪਉੜੀ ਵਿਚ ਹੀ ਨਕਾਰ ਦਿੱਤੀਆਂ ਹਨ।

ਇਸ ਪਿਛੋਂ ਸੁਣਨ ਦਾ ਇਕੋ 'ਮਹੱਤਵ' ਰਹਿ ਜਾਂਦਾ ਹੈ ਤੇ ਉਹ ਹੈ, ਭਗਤੀ ਕਰਨਾ, ਜੋ ਭਗਤ ਜਨ ਰਟ ਕੇ, ਬੋਲ ਕੇ, ਸਿਮ੍ਰਿਤੀਆਂ ਸ਼ਾਸਤਰਾਂ ਨੂੰ ਸੁਣ ਕੇ, ਚੁੱਪ ਰਹਿ ਕੇ, ਸਮਾਧੀ ਲਾ ਕੇ, ਪੁੱਠੇ ਲਟਕ ਕੇ ਜਾਂ ਹੋਰ ਅਜਿਹੇ ਬੇਲੋੜੇ ਢੰਗ ਵਰਤ ਕੇ ਕਰਦੇ ਸਨ। ਇਹ ਸਭ ਅੰਧ-ਵਿਸ਼ਵਾਸੀ ਕਾਰਜ ਹਨ। ਭਗਤੀ ਕਹੇ ਜਾਣ ਵਾਲੇ ਇਨ੍ਹਾਂ ਫੋਕਟ ਕਾਰਜਾਂ ਨਾਲ ਨਾ ਗਿਆਨ ਪ੍ਰਾਪਤ ਹੋ ਸਕਦਾ ਹੈ, ਨਾ ਸਤੁ ਤੇ ਨਾ ਸੰਤੋਖੁ, ਕਿਉਂਕਿ ਇਹ ਗਿਆਨ ਪ੍ਰਪਤੀ ਦੀ ਕੋਈ ਵਿਧੀ ਹੀ ਨਹੀਂ ਹਨ। ਇਸ ਲਈ 'ਸੁਣਿਐ' ਨੂੰ ਨਾਮ ਸੁਣਨਾ ਕਹਿਣਾ ਇਹ ਕਿਸੇ ਤਰ੍ਹਾਂ ਵੀ ਗੁਰੂ ਨਾਨਕ ਦੇ ਅਰਥਾਂ ਵਾਲਾ ਅਰਥ ਨਹੀਂ ਹੈ।

ਪਰ ਪ੍ਰੋ. ਸਾਹਿਬ ਸਿੰਘ ਦੀ ਇਸ ਪਉੜੀ ਦੀ ਵਿਆਖਿਆ ਭਗਤੀ ਭਾਵ ਵਾਲੀ ਵਿਆਖਿਆ ਦੀ ਇਕੋ ਇਕ ਮਿਸਾਲ ਨਹੀਂ ਹੈ। ਇਸ ਦੀ ਦੂਜੀ ਤੁਕ 'ਸੁਣਿਐ ਅਠਸਠਿ ਕਾ ਇਸਨਾਨੁ' ਦੇ ਅਰਥ ਕਰਦਿਆਂ ਉਹ ਲਿਖਦੇ ਹਨ ਕਿ ਰੱਬ ਦਾ ਨਾਮ ਸੁਣਨ ਨਾਲ ਮਾਨੋ ਅਠਾਹਟ ਤੀਰਥਾਂ ਦਾ ਇਸ਼ਨਾਨ ਹੋ ਜਾਂਦਾ ਹੈ। ਇਹ ਲਿਖ ਕੇ ਉਹ ਦ੍ਰਿੜ ਕਰਦੇ ਹਨ ਹੈ ਕਿ ਤੀਰਥ ਇਸ਼ਨਾਨ ਭਗਤਾਂ (ਸਿੱਖਾਂ) ਲਈ ਕੋਈ ਫਾਇਦੇ ਵਾਲਾ ਕੰਮ ਹੈ, ਪਰ ਗੁਰੂ ਸਾਹਿਬ ਤਾਂ ਲਿਖਦੇ ਹਨ 'ਤੀਰਥ ਨਾਵਾ ਜੇ ਤਿਸ ਭਾਵਾ ਵਿਣ ਭਾਣੇ ਕਿ ਨਾਇ ਕਰੀ॥' ਉਹ ਤਾਂ ਤੀਰਥ ਨਹਾਉਣ ਤੋਂ ਉਕਾ ਹੀ ਇਨਕਾਰੀ ਹਨ, ਕਿਉਂਕਿ ਇਹ ਕਰਤਾਰ ਦੀ ਖੋਜ ਦੇ ਕੰਮ ਨਹੀਂ ਆਉਂਦਾ। ਇਸ ਲਈ ਪ੍ਰੋ. ਸਾਹਿਬ ਗੁਰਮਤਿ ਤੋਂ ਉਲਟ ਜਾ ਕੇ ਇਸ ਫੋਕਟ ਕਾਰਜ ਦਾ ਸਮਰਥਨ ਕਰਦੇ ਹਨ। ਫਿਰ ਤਾਂ ਉਹ ਉਨ੍ਹਾਂ ਸਿੱਖ ਵਿਦਵਾਨਾਂ ਵਿਚੋਂ ਹੀ ਇਕ ਹਨ, ਜੋ ਪੁਰਾਣੇ ਸਮਿਆਂ ਤੋਂ ਲੈ ਕੇ ਅੱਜ ਤੀਕ ਸਿੱਖ ਸ਼ਰਧਾਲੂਆਂ ਨੂੰ ਹਿੰਦੂ ਤੀਰਥਾਂ ਤੋਂ ਵਰਜ ਕੇ ਸਿਰਫ ਸਿੱਖ ਤੀਰਥਾਂ 'ਤੇ ਇਸ਼ਨਾਨ ਕਰਨ ਦੀ ਸਲਾਹ ਦਿੰਦੇ ਆ ਰਹੇ ਹਨ।

ਇੰਨਾ ਹੀ ਨਹੀਂ, ਇਸ ਵਿਦਵਾਨ ਟੀਕਾਕਾਰ ਨੇ ਬਿਨਾ ਦਰਿਆਫਤ ਕੀਤੇ ਇਹ ਵੀ ਲਿਖ ਦਿੱਤਾ ਹੈ ਕਿ ਸੁਣਨਾ ਤਾਂ ਪੜ੍ਹ ਪੜ੍ਹ ਕੇ ਮਾਣ-ਇੱਜਤ ਪਾਉਣ ਨਾਲੋਂ ਵੀ ਚੰਗਾ ਕੰਮ ਹੈ। ਇਸ ਨਾਲ ਸਹਿਜੇ ਧਿਆਨ ਲੱਗ ਜਾਂਦਾ ਹੈ ਤੇ ਬਿਨਾ ਪੜ੍ਹਿਆਂ ਗਿਆਨ ਵੀ ਹੋ ਜਾਂਦਾ ਹੈ; ਪਰ ਪਿੰਡਾਂ, ਸ਼ਹਿਰਾਂ ਦੇ ਸਾਰੇ ਵਿਦਿਆਰਥੀਆਂ ਦਾ ਤਜ਼ਰਬਾ ਤਾਂ ਇਸ ਤੋਂ ਉਲਟ ਹੈ। ਸਵੇਰ ਵੇਲੇ ਗੁਰਦੁਆਰੇ ਦੇ ਪਾਠ ਵਾਲਾ ਲਾਊਡ ਸਪੀਕਰ ਸੁਣ ਕੇ ਉਨ੍ਹਾਂ ਦਾ ਧਿਆਨ ਉਖੜ ਜਾਂਦਾ ਹੈ ਤੇ ਉਹ ਪੜ੍ਹਾਈ 'ਚੋਂ ਕਮਜ਼ੋਰ ਰਹਿ ਕੇ ਫੇਲ੍ਹ ਹੋ ਜਾਂਦੇ ਹਨ। ਨਾ ਉਨ੍ਹਾਂ ਨੂੰ ਪੜ੍ਹ ਪੜ੍ਹ ਮਾਣ ਮਿਲਦਾ ਹੈ, ਨਾ ਹੀ ਗਿਆਨ। ਇਸ ਅਨੁਸਾਰ ਤਾਂ ਭਗਤਾਂ ਨੂੰ ਵੀ ਸੁਣਨ ਦਾ ਕੋਈ ਲਾਭ ਨਹੀਂ ਹੋਵੇਗਾ, ਕਿਉਂਕਿ ਜੋ ਨਿਯਮ ਵਿਦਿਆਰਥੀਆਂ 'ਤੇ ਲਾਗੂ ਹੁੰਦਾ ਹੈ, ਉਹੀ ਭਗਤੀ ਕਰਨ ਵਾਲਿਆਂ 'ਤੇ ਹੁੰਦਾ ਹੈ। ਜੇ ਵਿਦਵਾਨ ਕਹਿੰਦੇ ਹਨ ਕਿ ਗੁਰੂ ਸਾਹਿਬ ਲਾਊਡ ਸਪੀਕਰਾਂ ਅਤੇ ਵਿਦਿਆਰਥੀਆਂ ਦੀ ਗੱਲ ਨਹੀਂ ਸੀ ਕਰ ਰਹੇ, ਸਗੋਂ ਵੇਦ ਸ਼ਾਸਤਰ ਸੁਣਨ ਵਾਲੇ ਸ਼ਰਧਾਲੂਆਂ ਦੀ ਗੱਲ ਕਰ ਰਹੇ ਸਨ। ਫਿਰ ਉਹ ਇਹ ਵੀ ਸੋਚਣ ਕਿ ਉਹੀ ਦੋ ਚਾਰ ਕਿਤਾਬਾਂ ਦੇ ਤੋਤਾ ਰਟਣੀ ਪਾਠ ਨੂੰ ਗੁਰੂ ਸਾਹਿਬ ਨੇ ਕਿਤੇ ਵੀ ਗਿਆਨ ਦਾ ਸਾਧਨ ਨਹੀਂ ਮੰਨਿਆ।

ਫਿਰ ਜੇ ਪੜ੍ਹ ਕੇ ਮਾਣ ਪਾਉਣ ਤੇ ਸੁਣ ਕੇ ਧਿਆਨ ਲਾਉਣ ਵਾਲੀ ਗੱਲ ਦਾ ਕਿਤੇ ਵੀ ਕੁਝ ਨਹੀਂ ਵੱਟਿਆ ਜਾਂਦਾ ਤਾਂ ਵਿਦਵਾਨਾਂ ਵਲੋਂ ਇਸ ਵਿਆਖਿਆ ਨੂੰ ਅਪਨਾਉਣ ਦਾ ਕੀ ਕਾਰਨ ਹੋ ਸਕਦਾ ਹੈ? ਸ਼ਾਇਦ ਉਹ ਪੁਜਾਰੀ ਵਰਗ ਤੇ ਸੰਪਰਦਾਈ ਸਾਧਾਂ ਦੇ ਹਿੱਤਾਂ ਨੂੰ ਪੂਰਦੇ ਹੋਣ। ਸਿੱਖ ਪੰਥ ਵਿਚ ਪੁਜਾਰੀ ਤੇ ਸੰਪਰਦਾਈਏ ਸਾਧ ਸੰਤ ਹੀ ਪਾਠ ਪੜ੍ਹਨ ਤੇ ਸੁਣਾਉਣ ਦਾ ਕਾਰਜ ਕਰਦੇ ਹਨ ਤੇ ਅਚੇਤ ਸ਼ਰਧਾਲੂਆਂ ਨੂੰ ਇਸ ਦੇ ਅਧਿਆਤਮਕ ਲਾਭ ਦੱਸ ਕੇ ਇੱਕਠਾ ਕਰਦੇ ਹਨ। ਇਸ ਲਈ ਸੁਣਾਉਣ ਵਾਲਿਆਂ ਨੂੰ ਸੰਗਤ, ਮਾਇਆ, ਮਾਣ ਪ੍ਰਤਿਸ਼ਠਾ, ਚੌਧਰ ਤੇ ਵੋਟ ਬੈਂਕ ਸਭ ਇਕ ਥਾਂਏਂ ਬੈਠੇ ਬਿਠਾਏ ਮਿਲ ਜਾਂਦੇ ਹਨ। ਸ਼ਾਇਦ ਇਸੇ ਲਈ ਇਹ ਵਿਦਵਾਨ ਗੁਰੂ ਸਾਹਿਬ ਤੋਂ ਉਪਰੋਂ ਉਪਰੀ ਵਾਰ ਵਾਰ ਇਹੀ ਗੱਲ ਪ੍ਰਚਾਰਦੇ ਹਨ ਕਿ ਸ਼ਰਧਾਲੂਆਂ ਲਈ ਸੁਣਨਾ ਬੜੇ ਅਧਿਆਤਮਕ ਲਾਹੇ ਵਾਲੀ ਕ੍ਰਿਆ ਹੈ!

ਉਪਰੋਕਤ ਪਉੜੀ ਦੀ ਵਿਆਖਿਆ ਇਸ ਤੋਂ ਪਹਿਲੀਆਂ ਕੁਝ ਅਤੇ ਬਾਅਦ ਦੀਆਂ ਕਈ ਪਉੜੀਆਂ ਦੇ ਸੰਦਰਭ ਵਿਚ ਕਰਨੀ ਬਣਦੀ ਹੈ। ਇਸ ਤੋਂ ਇਲਾਵਾ ਸਮੁੱਚੇ ਜਪੁਜੀ ਦੀ ਸਿਖਿਆ ਤੇ ਇਸ ਦੇ ਉਦੇਸ਼ਾਂ ਨੂੰ ਵੀ ਧਿਆਨ ਵਿਚ ਰੱਖਣਾ ਜਰੂਰੀ ਹੈ। ਗੁਰੂ ਸਾਹਿਬ ਨੇ ਜਪੁਜੀ ਵਿਚ ਸੱਚ ਪ੍ਰਾਪਤੀ ਦੀਆਂ ਸਮਕਾਲੀ ਵਿਧੀਆਂ ਨਕਾਰ ਕੇ ਇਕ ਨਿਰਪੱਖ ਭਾਵ ਹਿਸਾਬੀ-ਕਿਤਾਬੀ ਵਿਧੀ ਦੀ ਰੂਪ ਰੇਖਾ ਸਿਰਜੀ ਹੈ। ਇਸ ਸਬੰਧੀ ਉਹ ਸੁਣੀਆਂ ਸੁਣਾਈਆਂ ਗੱਲਾਂ ਜਾਂ ਕਥਾ ਕਹਾਣੀਆਂ, ਜਿਨ੍ਹਾਂ ਨਾਲ ਪੁਰਾਤਨ ਗ੍ਰੰਥ ਭਰੇ ਪਏ ਹਨ ਤੇ ਜੋ ਲੋਕ ਧਾਰਾ 'ਚ ਸੱਚ ਬਣ ਕੇ ਸਮਾ ਗਈਆਂ ਹਨ, ਦੇ ਤੱਥਆਤਮਿਕ ਮੁੱਲਾਂ 'ਤੇ ਵਿਚਾਰ ਕਰ ਰਹੇ ਹਨ। ਉਨ੍ਹਾਂ ਅਨੁਸਾਰ ਇਹ ਗੱਲਾਂ ਉਦੋਂ ਤੀਕ ਸਹੀ ਨਹੀਂ ਮੰਨੀਆਂ ਜਾਂਦੀਆਂ, ਜਦੋਂ ਤੀਕ ਤਰਕ ਦੀ ਕਸੌਟੀ 'ਤੇ ਪੂਰੀਆਂ ਨਾ ਉਤਰਨ। ਇਸ ਲਈ ਇਨ੍ਹਾਂ ਗੱਲਾਂ 'ਤੇ ਅੰਨਾ ਵਿਸ਼ਵਾਸ ਨਹੀਂ ਕੀਤਾ ਜਾ ਸਕਦਾ।

ਇਸ ਪਉੜੀ ਦੀ ਸਿੱਧੀ ਸਾਦੀ ਵਿਆਖਿਆ ਇਹ ਹੈ ਕਿ ਸੁਣਨ ਨੂੰ ਤਾਂ ਸੁਣਦੇ ਹਾਂ ਕਿ ਕਈ ਪਹੁੰਚੇ ਹੋਏ ਮਹਾਪੁਰਖਾਂ ਦਾ ਭਗਤੀ ਵਿਚ ਆਸਾਨੀ ਨਾਲ ਧਿਆਨ ਲਗ ਜਾਂਦਾ ਹੈ ਤੇ ਉਹ ਵੇਦ ਸ਼ਾਸਤਰ ਪੜ੍ਹ ਪੜ੍ਹ ਕੇ ਬੜਾ ਜਸ ਖੱਟ ਲੈਂਦੇ ਹਨ। ਇਸ ਨਾਲ ਉਨ੍ਹਾਂ ਨੂੰ ਸੰਸਾਰ ਦੇ ਸਾਰੇ ਭਾਵ ਅਠਾਹਟ ਤੀਰਥਾਂ ਦਾ ਫਲ ਮਿਲ ਜਾਂਦਾ ਹੈ। ਇਸ ਨਾਲ ਉਨ੍ਹਾਂ ਵਿਚ ਗਿਆਨ ਆ ਜਾਂਦਾ ਹੈ ਤੇ ਉਹ ਦਾਨੀ ਤੇ ਸਬਰ ਵਾਲੇ ਬਣ ਜਾਂਦੇ ਹਨ। ਸੁਣਦੇ ਹਾਂ ਕਿ ਅਜਿਹੇ ਗਿਆਨੀਆਂ-ਧਿਆਨੀਆਂ ਦੇ ਬਚਨ ਸੁਣ ਕੇ ਲੋਕਾਂ ਦੇ ਦੁੱਖ ਦਰਦ ਤੇ ਬੱਜਰ ਗੁਨਾਹਾਂ ਦੇ ਦੋਸ਼ ਖਤਮ ਹੋ ਜਾਂਦੇ ਹਨ। ਹੇ ਨਾਨਕ! ਇਹ ਗੱਲਾਂ ਜਾਣ ਕੇ ਭਗਤ ਜਨ ਬੜੇ ਖੁਸ਼ ਹੁੰਦੇ ਹਨ, ਭਾਵ ਸੁਣੀਆਂ-ਸੁਣਾਈਆਂ 'ਤੇ ਯਕੀਨ ਕਰ ਬੈਠਦੇ ਹਨ।

ਇਸ ਨਿਰੋਲ ਸ਼ਬਦਾਰਥਕ ਵਿਆਖਿਆ ਤੋਂ ਇੰਜ ਜਾਪਦਾ ਹੈ ਕਿ ਗੁਰੂ ਸਾਹਿਬ ਨਾ ਸਿਰਫ ਸੁਣੀਆਂ-ਸੁਣਾਈਆਂ ਗੱਲਾਂ ਨੂੰ ਕਾਲਪਨਿਕ ਮੰਨਦੇ ਹਨ, ਸਗੋਂ ਸੁਣਨ ਦੀ ਪ੍ਰਕ੍ਰਿਆ ਨੂੰ ਹੀ ਭਰੋਸੇਯੋਗ ਨਹੀਂ ਸਨ ਮੰਨਦੇ। ਹਰ ਤੁਕ ਵਿਚ ਦਿੱਤੀ ਗੱਲ ਬ੍ਰਾਹਮਣਵਾਦੀ ਵਿਚਾਰਧਾਰਾ 'ਤੇ ਕਈ ਕਈ ਸਵਾਲ ਖੜ੍ਹੇ ਕਰਦੀ ਹੈ। ਇਹ ਦੱਸਦੀ ਹੈ ਕਿ ਧਿਆਨ ਸਮਾਧੀ ਦੀ ਵਿਧੀ ਨਾਕਾਰਾਤਮਕ ਹੈ। ਅਧਿਆਤਮਕ ਪੁਸਤਕਾਂ ਦੀ ਤੋਤਾ-ਰਟਣੀ ਨਾਲ ਮਿਲੇ ਮਾਨ ਦਾ ਕੀ ਲਾਭ, ਜੇ ਉਸ ਨਾਲ ਗਿਆਨ ਹੀ ਨਾ ਉਪਜੇ! ਤੀਰਥ ਇਸ਼ਨਾਨ ਇਕ ਫੋਕਟ ਕਾਰਜ ਹੈ ਅਤੇ 'ਗਲੀ ਗਿਆਨ ਨਾ ਢੂੰਡੀਐ' ਦੇ ਮਹਾਵਾਕ ਅਨੁਸਾਰ ਗੱਲਾਂ ਸੁਣਨ ਦਾ ਗਿਆਨ ਨਾਲ ਕੋਈ ਵਾਸਤਾ ਹੀ ਨਹੀਂ। ਗਿਆਨ ਦੀ ਅਣਹੋਂਦ ਵਿਚ ਦਾਨੀ ਤੇ ਸੰਤੋਖੀ ਬਿਰਤੀਆਂ ਪੈਦਾ ਹੋਣ ਦਾ ਸਵਾਲ ਹੀ ਨਹੀਂ ਉਠਦਾ। ਜੇ ਇਹ ਸਭ ਸੁਣੀਆਂ-ਸੁਣਾਈਆਂ ਗੱਲਾਂ ਸੱਚ ਨਹੀਂ, ਫਿਰ 'ਦੂਖ ਪਾਪ' ਦੇ ਨਾਸ ਹੋਣ ਵਾਲੀ ਗੱਲ ਵੀ ਗੱਪ ਹੀ ਹੋਈ! ਇਸ ਕੂੜੋ ਕੂੜੀ ਦੇ ਮਾਹੌਲ ਵਿਚ ਜੇ ਭਗਤਾਂ ਨੂੰ ਖੁਸ਼ੀ ਦੇ ਕੋਈ ਚਾਅ ਚੜ੍ਹਦੇ ਵੀ ਹੋਣਗੇ, ਨਿਸ਼ਚੇ ਹੀ ਉਹ ਵੀ ਬੇਬੁਨਿਆਦ ਤੇ ਮਨਸੂਈ ਹੋਣਗੇ!

ਸੋ ਸੁਣਨ ਨਾਲ ਕਥਿਤ ਅਧਿਆਤਮਕ ਗੁਣਾਂ ਤੇ ਸੰਸਾਰਕ ਲਾਭਾਂ ਦਾ ਪ੍ਰਾਪਤ ਹੋਣਾ ਬ੍ਰਾਹਮਣਵਾਦੀਆਂ ਤੇ ਨਾਥ ਜੋਗੀਆਂ ਦੇ ਗਪੌੜੇ ਹੀ ਸਨ। ਇਨ੍ਹਾਂ ਦਾ ਪਾਜ ਉਧੇੜਨ ਲਈ ਹੀ ਗੁਰੂ ਸਾਹਿਬ ਨੇ ਇਸ ਪਉੜੀ ਵਿਚ ਇਨ੍ਹਾਂ ਦਾ ਜ਼ਿਕਰ ਕੀਤਾ ਹੈ; ਪਰ ਅਜੋਕੇ ਸਿੱਖ ਵਿਦਵਾਨ, ਪੁਜਾਰੀ ਤੇ ਪ੍ਰਚਾਰਕ ਇਨ੍ਹਾਂ ਨੂੰ ਆਪਣੇ ਹੱਕ ਵਿਚ ਲਿਖੇ ਸਮਝ ਕੇ ਸੱਚ ਮੰਨ ਲੈਂਦੇ ਹਨ। ਉਹ ਦੂਜਿਆਂ ਦੀ ਬਿਆਨ ਵਾਰਤਾ ਤੇ ਵਿਸ਼ਵਾਸ ਕਰਨ ਦੀ ਕਾਹਲ ਵਿਚ ਆਪਣੇ ਧਿਆਨ ਨੂੰ ਗੁਆ ਬੈਠਦੇ ਹਨ। ਨਹੀਂ ਤਾਂ ਕਿਹੜਾ ਵਿਦਵਾਨ ਕਹੇਗਾ ਕਿ ਜਿਸ ਦੀ ਸੁਣੋ, ਉਸ ਦੀ ਮੰਨ ਲਵੋ ਤੇ ਕਿਹੜਾ ਗੁਰੂ ਦਾ ਸਿੱਖ ਬਿਨਾ ਸਿਰ-ਪੈਰ ਗੱਲਾਂ ਨੂੰ ਸੁਣ ਕੇ ਉਨ੍ਹਾਂ 'ਤੇ ਯਕੀਨ ਕਰ ਲਵੇਗਾ? ਸਪਸ਼ਟ ਹੈ ਕਿ ਇਕ ਪਾਸੇ ਗੁਰੂ ਸਾਹਿਬ ਆਪਣੇ ਸਿੱਖਾਂ ਨੂੰ ਤਰਕ ਵਿਵੇਕ ਦੀ ਸਿੱਖੀ ਜਾਚ ਦੇ ਕੇ ਸੁਚੇਤ ਕਰਦੇ ਹਨ ਤੇ ਦੂਜੇ ਪਾਸੇ ਅਜੋਕੇ ਵਿਦਵਾਨ ਇਸ ਨੂੰ ਸੁਣਨ ਤੇ ਮੰਨਣ ਤੀਕ ਸੀਮਤ ਕਰ ਕੇ ਸਿੱਖਾਂ ਦੀ ਸੋਚ ਨੂੰ ਦਕਿਆਨੂਸੀ ਬਣਾ ਰਹੇ ਹਨ।

ਵਿਦਵਾਨਾਂ ਰਾਹੀਂ ਬਾਣੀ ਦੀ ਅਜਿਹੀ ਵਿਆਖਿਆ ਕਰਨ ਦੇ ਦੋ ਹੀ ਮੁੱਖ ਕਰਨ ਹੋ ਸਕਦੇ ਹਨ। ਜਾਂ ਤਾਂ ਕਿਸੇ ਗੁੱਝੇ ਜਾਤੀ ਜਾਂ ਜਮਾਤੀ ਹਿੱਤ ਕਾਰਨ ਉਹ ਸੱਚਾਈ ਦੀ ਗੱਲ ਕਰਨਾ ਹੀ ਨਹੀਂ ਚਾਹੁੰਦੇ, ਸਗੋਂ ਗੁਰੂ ਸਾਹਿਬ ਤੋਂ ਪਹਿਲਾਂ ਵਾਲੀ ਕਰਮ-ਕਾਂਡੀ ਤੇ ਭਰਮਾਊ ਸਥਿਤੀ ਬਰਕਰਾਰ ਰੱਖਣਾ ਚਾਹੁੰਦੇ ਹਨ। ਜੇ ਭਰਮ-ਭੁਲੇਖਿਆਂ ਹੇਠ ਸੱਚ ਛੁਪਾਉਣ ਵਿਚ ਉਨ੍ਹਾਂ ਦਾ ਕੋਈ ਲਾਭ ਛੁਪਿਆ ਹੋਇਆ ਹੈ ਤਾਂ ਉਹ ਇਹ ਮੰਨ ਹੀ ਲੈਣ ਕਿ ਸੱਚ ਦੀ ਗੱਲ ਬਹੁਤੀ ਦੇਰ ਨਹੀਂ ਦਬਾਈ ਜਾ ਸਕਦੀ। ਸਮੇਂ ਦੀ ਕਰਵਟ ਇਸ ਨੂੰ ਬਾਹਰ ਕੱਢ ਦੇਵੇਗੀ। ਤਰਕ-ਵਿਵੇਕ ਨੂੰ ਇਹ ਅਜਿਹਾ ਬਲਵਾਨ ਕਰ ਦੇਵੇਗੀ ਕਿ ਸੱਚ ਦਸ ਪਰਦੇ ਫਾੜ ਕੇ ਉਪਰ ਆ ਜਾਵੇਗਾ। ਅਜੋਕੇ ਸਮੇਂ ਵਿਚ ਵਿਗਿਆਨ ਤੇ ਮੀਡੀਆ ਜਲਦੀ ਹੀ ਇਸ ਕਾਰਜ ਨੂੰ ਬਹੁਤ ਆਸਾਨ ਬਣਾ ਦੇਣਗੇ। ਨਾਲ ਉਹ ਇਹ ਵੀ ਮੰਨ ਲੈਣ ਕਿ ਗੁਰਬਾਣੀ ਅਨੁਸਾਰ ਅਜਿਹਾ ਹਿੱਤ ਪਾਲਣਾ ਕਿਸੇ ਨਾ ਕਿਸੇ ਢੰਗ ਨਾਲ ਪਰਾਇਆ ਹੱਕ ਖਾਣ ਦੇ ਤੁੱਲ ਹੈ। ਗੁਰੂ ਨਾਨਕ ਦੇ ਸਿੱਖ ਹੋਣ ਨਾਤੇ ਉਹ ਆਪਣੀ ਇਖਲਾਕੀ ਜ਼ਿੰਮੇਵਾਰੀ ਸਮਝਣ ਤੇ ਸੱਚ ਦੀ ਕਮਾਨ ਹੇਠ ਆਉਣ। ਗੁਰੂ ਸਾਹਿਬ ਦੇ ਆਸੇ ਅਨੁਸਾਰ ਗੁਰਬਾਣੀ ਦੀ ਨਿਰਮਲ ਤੇ ਨਿਹਿੱਤ ਵਿਆਖਿਆ ਕਰਨਾ ਉਨ੍ਹਾਂ ਦਾ ਧਰਮ ਵੀ ਹੈ ਤੇ ਨੈਤਿਕ ਫਰਜ਼ ਵੀ।

ਪਰ ਜੇ ਉਹ ਗੁਰੂ ਸਾਹਿਬ ਦੀ ਵਿਚਾਰਧਾਰਾ ਤੋਂ ਅਣਜਾਣ ਹਨ ਤੇ ਅਣਜਾਣਪੁਣੇ ਵਿਚ ਤਰਕ-ਵਿਵੇਕ ਪਾਸੇ ਜਾ ਹੀ ਨਹੀਂ ਸਕਦੇ ਤਾਂ ਮਿਹਨਤ ਲਾ ਕੇ ਅਜਿਹਾ ਕਰਨਾ ਸਿੱਖਣ। ਮਿਹਨਤ ਕਰਨ ਦਾ ਸਬਕ ਵੀ ਉਹ ਇਸੇ ਪਉੜੀ ਵਿਚੋਂ ਲੈਣ ਕਿ ਕਿਸੇ ਸੁਣੀ-ਸੁਣਾਈ ਗੱਲ 'ਤੇ ਯਕੀਨ ਨਾ ਕਰਕੇ ਇਸ ਨੂੰ ਸਮਝ ਬੂਝ ਨਾਲ ਵਿਚਾਰਨ। ਸਿੱਖੀ ਵਿਚ ਅੰਧ ਵਿਸ਼ਵਾਸ ਦੀ ਮਨਾਹੀ ਹੈ, ਪਰ ਸਵਾਲ ਪੁੱਛਣ ਦੀ ਮਨਾਹੀ ਨਹੀਂ। ਇਸ ਲਈ ਉਹ ਬਾਣੀ ਪੜ੍ਹਨ, ਸਵਾਲ ਕਰਨ, ਲਾਇਬ੍ਰੇਰੀ ਜਾਣ, ਡਿਕਸ਼ਨਰੀਆਂ ਫਰੋਲਣ ਤੇ ਸਹੀ ਨਿਰਣੇ 'ਤੇ ਆਪ ਪਹੁੰਚਣ। ਜੇ ਇਸ ਪਾਸੇ ਆ ਹੀ ਗਏ ਹਨ ਤਾਂ ਇਸ ਕੰਮ ਨੂੰ ਸਿਦਕ ਨਾਲ ਨਿਭਾਉਣ। ਬਾਣੀ ਗੁਰੂ ਦੀ ਪੜ੍ਹਨ, ਸ਼ਬਦਾਰਥ ਡਿਕਸ਼ਨਰੀਆਂ ਵਿਚੋਂ ਲੱਭਣ ਤੇ ਵਿਆਖਿਆ ਆਪਣੀ ਕਰਨ। ਜੇ ਕਠਿਨਾਈ ਆਵੇ ਤਾਂ ਗੁਰੂ ਸਾਹਿਬ ਦੇ ਇਲਾਕੇ ਦੀ ਬੋਲੀ ਤੇ ਮੁਹਾਵਰਿਆਂ ਦਾ ਅਧਿਐਨ ਕਰਨ, ਉਸ ਵੇਲੇ ਦੀਆਂ ਦੂਜੀਆਂ ਕਾਵਿ ਕ੍ਰਿਤੀਆਂ ਨੂੰ ਪੜ੍ਹ ਕੇ ਅੰਦਾਜ਼ਾ ਲਾਉਣ, ਬਾਣੀ ਨੂੰ ਗੁਰੂ ਸਾਹਿਬ ਦੀ ਸ਼ਖਸੀਅਤ ਨਾਲ ਜੋੜ ਕੇ ਦੇਖਣ ਤੇ ਇਕ ਤੁਕ ਦੇਖਣ ਦੀ ਥਾਂ ਸਮੁੱਚੀ ਪਉੜੀ ਜਾਂ ਕਾਵਿ-ਪੈਰੇ ਨੂੰ ਵਿਚਾਰ ਕੇ ਅਰਥ ਕਰਨ। ਅਜਿਹੀ ਵਿਆਖਿਆ ਨਾਲ ਉਹ ਆਪਣੇ ਆਪ ਨੂੰ ਗੁਰੂ ਸਾਹਿਬ ਦੇ ਨੇੜੇ ਲੱਗਿਆ ਮਹਿਸੂਸ ਕਰਨਗੇ। ਇਹੀ ਉਨ੍ਹਾਂ ਲਈ ਬੈਕੁੰਠ ਵਾਸ ਹੋਵੇਗਾ।

# ਪਾਕਿਸਤਾਨ 'ਚ ਮਹਿਮਾਨ ਨਿਵਾਜ਼ੀ ਦਾ ਅਨੰਦ

**ਪਾਕਿਸਤਾਨ ਯਾਤਰਾ**



**ਡਾ. ਗੁਰਨਾਮ ਕੌਰ, ਕੈਨੇਡਾ**

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

ਲਾਹੌਰ ਵਿਖੇ ਜਨਾਬ ਫਖਰ ਜ਼ਮਾਨ ਵੱਲੋਂ ਵਿਉਂਤੀ ਗਈ ਵਿਸ਼ਵ ਪੰਜਾਬੀ ਕਾਨਫਰੰਸ 14 ਫਰਵਰੀ ਨੂੰ ਸ਼ੁਰੂ ਹੋਣੀ ਸੀ, ਜਿਸ ਵਿਚ ਹਿੱਸਾ ਲੈਣ ਲਈ ਪੰਜਾਬ ਤੋਂ ਵੱਡੀ ਗਿਣਤੀ ਵਿਚ ਕਰੀਬ 39 ਵਿਦਵਾਨ, ਲੇਖਕ, ਕਵੀ ਅਤੇ ਪੱਤਰਕਾਰਾਂ ਨੇ 13 ਫਰਵਰੀ ਨੂੰ ਅਟਾਰੀ ਇਕੱਠੇ ਹੋਣਾ ਸੀ ਤੇ



ਗੁਰਦੁਆਰਾ ਜਨਮ ਅਸਥਾਨ ਬੇਬੇ ਨਾਨਕੀ ਜੀ, ਡੇਰਾ ਚਾਹਲ ਅਤੇ (ਹੇਠਾਂ) ਗੁਰਦੁਆਰੇ ਦੇ ਬਾਹਰ ਖੜ੍ਹੇ ਡਾ. ਗੁਰਨਾਮ ਕੌਰ, ਹਰਜੀਤ ਸਿੰਘ ਗਿੱਲ ਅਤੇ ਸਰਫਰਾਜ਼ ਤੇ ਪਰਿਵਾਰਕ ਮੈਂਬਰ



ਵਾਘਾ ਬਾਰਡਰ ਰਾਹੀਂ ਲਾਹੌਰ ਪਹੁੰਚਣਾ ਸੀ। ਹਰਜੀਤ ਸਿੰਘ ਗਿੱਲ ਨੇ ਇਥੋਂ ਕੈਨੇਡਾ ਤੋਂ ਹੀ ਸਲਾਹ ਕਰ ਰੱਖੀ ਸੀ ਕਿ ਉਸ ਦਿਨ ਬਾਰਡਰ 'ਤੇ ਹੋਣ ਵਾਲੀ ਦੇਰੀ ਤੋਂ ਬਚਣ ਲਈ ਅਸੀਂ 14 ਫਰਵਰੀ ਨੂੰ ਹੀ ਜਾਵਾਂਗੇ। ਇਸ ਲਈ ਮੈਂ 12 ਫਰਵਰੀ ਨੂੰ ਅਰਾਮ ਕਰਨ ਪਿਛੋਂ 13 ਫਰਵਰੀ ਨੂੰ ਜੁਗਰਾਜ ਸਿੰਘ ਨੂੰ ਨਾਲ ਲੈ ਕੇ ਗਿੱਲ ਪਰਿਵਾਰ ਕੋਲ ਅੰਮ੍ਰਿਤਸਰ ਦੇ ਰਣਜੀਤ ਅਵੈਨਿਊ ਪਹੁੰਚਣ ਦਾ ਮਨ ਬਣਾਇਆ। ਅੰਮ੍ਰਿਤਸਰ ਦਾ ਇਹ ਇਲਾਕਾ ਏਅਰਪੋਰਟ ਵਾਲੀ ਸੜਕ 'ਤੇ ਹੀ ਪੈਂਦਾ ਹੈ। ਸਾਡੇ ਕੋਲ ਘਰ ਦਾ ਪਤਾ ਸੀ, ਪਰ ਜਦੋਂ ਹਰਜੀਤ ਸਿੰਘ ਨਾਲ ਸੰਪਰਕ ਕੀਤਾ ਤਾਂ ਉਹ ਸਾਨੂੰ ਲੈਣ ਲਈ ਮੁੱਖ ਸੜਕ 'ਤੇ ਆ ਗਏ ਤਾਂ ਕਿ ਸਾਨੂੰ ਕੋਈ ਦਿੱਕਤ ਨਾ ਆਵੇ।

ਖੈਰ! ਜੁਗਰਾਜ ਨਾਲ ਉਸ ਦਾ ਦੋਸਤ ਵੀ ਆਇਆ ਸੀ, ਜੋ ਰੋਟੀ-ਪਾਣੀ ਛਕ ਕੇ ਵਾਪਸ ਪਿੰਡ ਨੂੰ ਚਲੇ ਗਏ। ਗਿੱਲ ਪਰਿਵਾਰ ਨੇ ਮਹਿਮਾਨ ਨਿਵਾਜ਼ੀ ਕਰਦਿਆਂ ਰਾਤ ਦਾ ਖਾਣਾ ਬਾਹਰ ਰੈਸਟੋਰੈਂਟ ਵਿਚ ਖੁਆਇਆ। 14 ਫਰਵਰੀ ਨੂੰ ਸਵੇਰੇ ਅੱਠ ਕੁ ਵਜੇ ਅਟਾਰੀ ਬਾਰਡਰ ਵੱਲ ਜਾਣ ਦੀ ਵਿਉਂਤ ਸੀ, ਪਰ ਨਿਕਲਦਿਆਂ 9 ਕੁ ਵੱਜ ਗਏ; ਉਂਜ ਵੀ ਅਟਾਰੀ ਦਾ ਰਸਤਾ ਉਨ੍ਹਾਂ ਦੇ ਘਰ ਤੋਂ ਮਸਾਂ ਪੰਜ-ਦਸ ਮਿੰਟ ਦਾ ਹੀ ਹੈ। ਮੇਰੇ ਮਨ ਵਿਚ ਸੀ ਕਿ ਯਾਤਰੀਆਂ ਦੀ ਭੀੜ ਤਾਂ ਕੱਲ੍ਹ ਲੰਘ ਗਈ ਸੀ ਅਤੇ ਅੱਜ ਸਾਨੂੰ ਬਹੁਤਾ ਸਮਾਂ ਨਹੀਂ ਲੱਗੇਗਾ, ਪਰ ਹੋਇਆ ਬਿਲਕੁਲ ਉਲਟ। ਕਿਸੇ ਵੱਡੇ ਏਅਰਪੋਰਟ 'ਤੇ ਵੀ, ਜਿੱਥੇ ਮੁਸਾਫਰਾਂ ਦੀ ਕਾਫੀ ਭੀੜ ਹੁੰਦੀ ਹੈ, ਕਸਟਮ ਜਾਂ ਇਮੀਗਰੇਸ਼ਨ ਚੈਕ ਵਿਚੋਂ ਲੰਘਦਿਆ ਏਨਾ ਸਮਾਂ ਨਹੀਂ ਲੱਗਦਾ, ਜਿੰਨਾ ਅਟਾਰੀ ਬਾਰਡਰ 'ਤੇ ਇਸ ਸਾਰੇ ਅਮਲ ਵਿਚੋਂ ਲੰਘਦਿਆਂ ਲੱਗਾ। ਹਿੰਦੁਸਤਾਨ ਵਾਲੇ ਪਾਸੇ ਪਹਿਲਾਂ ਪਾਸਪੋਰਟ ਦੇਖ ਕੇ ਗੱਡੀ ਅੰਦਰ ਤੱਕ ਜਾਣ ਦਿਤੀ। ਫਿਰ ਅੱਗੇ ਗੇਟ ਦਾਖਲ ਹੋਣ ਲੱਗਿਆਂ ਬਾਰਡਰ ਸਿਕਿਉਰਿਟੀ ਫੋਰਸ ਦੇ ਡਿਊਟੀ 'ਤੇ ਤਾਇਨਾਤ ਜੁਆਨ ਨੇ ਪਾਸਪੋਰਟ ਦੇਖੇ। ਉਸ ਪਿਛੋਂ ਇਮੀਗਰੇਸ਼ਨ ਕੇਂਦਰ 'ਤੇ ਕਿੰਨਾ ਹੀ ਸਮਾਂ ਲੱਗ ਗਿਆ।

ਉਸ ਉਪਰੰਤ ਪੋਲੀਓ ਦੀ ਦੁਆਈ ਦੀਆਂ ਬੂੰਦਾਂ ਪਿਲਾਈਆਂ ਗਈਆਂ, ਜਿਨ੍ਹਾਂ ਦੇ ਪਿਆਉਣ ਦੇ 'ਸਲੀਕੇ' ਤੋਂ ਜਾਪਦਾ ਸੀ ਕਿ ਜੇ ਪੋਲੀਓ ਨਾ ਵੀ ਹੋਣਾ ਹੋਇਆ ਤਾਂ ਵੀ ਜ਼ਰੂਰ ਹੋ ਜਾਵੇਗਾ। ਇਹ ਚੌਥੀ ਥਾਂ ਸੀ, ਜਿੱਥੇ ਪਾਸਪੋਰਟ ਫਿਰ ਚੈਕ ਹੋਏ। ਇਸ ਤੋਂ ਅੱਗੇ ਕਸਟਮ ਦੀ ਵਾਰੀ ਆਈ। ਉਥੇ ਲੱਗੀਆਂ ਕੁਰਸੀਆਂ 'ਤੇ ਬੈਠੇ ਅਕੇਵਾਂ ਹੋਣ ਲੱਗ ਪਿਆ ਕਿ ਕਦੋਂ ਸਮਾਨ ਨੂੰ ਸਿਕਿਉਰਿਟੀ ਚੈਕ ਵਿਚੋਂ ਲੰਘਾਉਣਗੇ! ਇਸ ਦੌਰਾਨ ਹੀ ਪਾਕਿਸਤਾਨੀ ਕਰੰਸੀ ਵਟਾਉਣ ਲਈ ਗਏ, ਜੋ ਬਹੁਤ ਥੋੜੀ ਮਾਤਰਾ ਵਿਚ ਹੀ ਪ੍ਰਾਪਤ ਸੀ। ਸਾਨੂੰ ਅਮਰੀਕੀ ਡਾਲਰ ਹੀ ਲੈਣੇ ਪਏ, ਕੁਦਰਤੀ ਹੈ ਕਿ ਇਥੇ ਵੀ ਪਾਸਪੋਰਟਾਂ ਅਨੁਸਾਰ ਹੀ ਬਦਲਵੀ ਕਰੰਸੀ ਮਿਲਣੀ ਸੀ। ਸਮਾਨ ਮਸ਼ੀਨ ਰਾਹੀਂ ਲੰਘਾਉਣ ਪਿਛੋਂ ਕਸਟਮ ਅਧਿਕਾਰੀਆਂ ਨੇ ਪਾਸਪੋਰਟ ਚੈਕ ਕਰਕੇ ਸੂਟਕੇਸ ਖੋਲ੍ਹ ਕੇ ਇੱਕ ਇੱਕ ਸਮਾਨ ਫੋਲ ਕੇ ਦੇਖਿਆ। ਫਿਰ ਕਿਤੇ ਜਾ ਕੇ ਬੱਸ ਵਿਚ ਬੈਠ ਕੇ ਪਾਕਿਸਤਾਨ ਵਾਲੇ ਪਾਸੇ ਜਾਣ ਲਈ ਚਾਲੇ ਪਾਏ।

ਬੱਸ ਤੋਂ ਉਤਰ ਕੇ ਪਾਕਿਸਤਾਨ ਵਾਲੇ ਪਾਸੇ ਦਾਖਲ ਹੋਣ ਤੋਂ ਪਹਿਲਾਂ ਭਾਰਤ ਵਾਲੇ ਪਾਸੇ ਖੜ੍ਹੇ ਸੰਤਰੀ ਨੇ ਫਿਰ ਪਾਸਪੋਰਟ ਦੇਖੇ। ਕੁਦਰਤੀ ਗੱਲ ਹੈ ਕਿ ਪਾਕਿਸਤਾਨ ਵਾਲੇ ਪਾਸੇ ਦਾਖਲ ਹੋਣ ਵੇਲੇ ਉਨ੍ਹਾਂ ਵੀ ਪਾਸਪੋਰਟ ਦੇਖਣੇ ਹੀ ਦੇਖਣੇ ਸਨ, ਪਰ ਸ਼ੁਕਰ ਹੋਇਆ ਕਿ ਉਨ੍ਹਾਂ ਨੇ ਇਮੀਗਰੇਸ਼ਨ ਅਤੇ ਕਸਟਮ ਚੈਕ ਤੇ ਪਾਸਪੋਰਟ ਦੇਖ ਕੇ ਸਾਨੂੰ ਅੱਗੇ ਤੋਰ ਦਿੱਤਾ। ਗੇਟ ਤੋਂ ਬਾਹਰ ਜਾਣ ਤੋਂ ਪਹਿਲਾਂ ਉਨ੍ਹਾਂ ਨੇ ਹਰ ਇੱਕ ਦੇ ਨਾਮ ਅਤੇ ਪਾਸਪੋਰਟ ਨੰਬਰ ਇੱਕ ਰਜਿਸਟਰ ਵਿਚ ਲਿਖੇ ਤੇ ਸਾਨੂੰ ਸ਼ੁਭ ਇਛਾਵਾਂ ਦਿੱਤੀਆਂ। ਇਥੇ ਇੱਕ ਗੱਲ ਹੋਰ ਨੋਟ ਕਰਨ ਵਾਲੀ ਹੈ ਕਿ ਪਾਕਿਸਤਾਨੀ ਅਧਿਕਾਰੀ ਬੜੇ ਖਿੜੇ ਮੱਥੇ ਖੁਸ਼ਆਮਦੀਦ ਕਹਿੰਦੇ ਹਨ। ਆਮ ਤੌਰ 'ਤੇ ਇਨ੍ਹਾਂ ਸਾਰੀਆਂ ਨਿਯਮਾਵਲੀਆਂ ਵਿਚੋਂ ਗੁਜ਼ਰਨ ਤੋਂ ਬਾਅਦ ਕਾਫੀ ਰਸਤਾ ਪੈਦਲ ਤੁਰ ਕੇ ਬਾਹਰ ਆਉਣਾ ਪੈਂਦਾ ਹੈ, ਕਿਉਂਕਿ ਕੋਈ ਵੀ ਵਾਹਨ ਅੰਦਰ ਲੈ ਜਾਣ ਦੀ ਆਗਿਆ ਨਹੀਂ ਹੈ। ਉਨ੍ਹਾਂ ਨੇ ਕੋਈ ਸਾਡਾ ਸਮਾਨ ਨਹੀਂ ਫੋਲਿਆ ਬੱਸ ਏਨਾ ਕੁ ਪੁੱਛਿਆ ਕਿ ਕਿਸੇ ਕੋਲ 'ਸ਼ਰਾਬ' ਨਾ ਹੋਵੇ, ਜਿਸ ਦਾ ਸੁਆਲ ਹੀ ਪੈਦਾ ਨਹੀਂ ਸੀ ਹੁੰਦਾ। ਸਾਡੇ ਲੋਕ ਕਈ ਵਾਰ ਮਨਾਹੀ ਹੋਣ ਦੇ ਬਾਵਜੂਦ ਲੈ ਜਾਂਦੇ ਹਨ, ਜੋ ਉਥੇ ਹੀ ਰਖਵਾ ਲਈ ਜਾਂਦੀ ਹੈ।

ਇੰਜੀਨੀਅਰ ਹਰਜੀਤ ਸਿੰਘ ਗਿੱਲ ਆਪਣੀ ਪਤਨੀ ਨਾਲ ਪਹਿਲਾਂ ਵੀ ਪੰਜ ਜਾਣਿਆਂ ਦੀ ਟੋਲੀ ਵਿਚ ਪਾਕਿਸਤਾਨ ਹੋ ਆਏ ਸਨ, ਜਿਸ ਕਰਕੇ ਉਨ੍ਹਾਂ ਦੀ ਜਨਾਬ ਸ਼ਾਹਿਦ ਇਕਬਾਲ ਨਾਲ ਚੰਗੀ ਦੋਸਤੀ ਹੈ। ਵੈਸੇ ਵੀ ਮੀਡੀਆ ਨਾਲ ਲਗਾਤਾਰ ਜੁੜੇ ਹੋਣ ਕਰਕੇ ਪਾਕਿਸਤਾਨ ਤੋਂ ਆਏ ਲੇਖਕਾਂ, ਕਵੀਆਂ, ਅਦੀਬਾਂ ਨਾਲ ਉਨ੍ਹਾਂ ਦੀ ਮੁਲਾਕਾਤ ਅਕਸਰ ਹੁੰਦੀ ਰਹਿੰਦੀ ਹੈ। 2015 ਦੀ ਫੇਰੀ ਵੇਲੇ ਡਾ. ਸ਼ਾਹਿਦ ਇਕਬਾਲ ਨੇ ਆਪਣੇ ਵਿਭਾਗ ਤੋਂ ਇਕ ਵਿਦਿਆਰਥੀ ਅਨੀਸ ਨੂੰ ਸ. ਗਿੱਲ ਦੀ ਗੁਜਾਰਿਸ਼ 'ਤੇ ਨਨਕਾਣਾ ਸਾਹਿਬ, ਪੰਜਾ ਸਾਹਿਬ ਦੀ ਯਾਤਰਾ 'ਤੇ ਅਗਵਾਈ ਕਰਨ ਲਈ ਤੋਰ ਦਿਤਾ ਸੀ। ਇਸ ਪਿੱਛੋਂ ਅਨੀਸ ਦਾ ਉਨ੍ਹਾਂ ਦੇ ਪਰਿਵਾਰ ਨਾਲ ਘਰ ਦੇ ਜੀਅ ਵਾਂਗ ਹੀ ਪਿਆਰ-ਮੁਹੱਬਤ ਵਾਲਾ ਰਿਸ਼ਤਾ ਬਣ ਗਿਆ। ਉਦੋਂ ਅਨੀਸ ਇਰਾਨ ਦੀ ਕਿਸੇ ਯੂਨੀਵਰਸਿਟੀ ਤੋਂ ਪਰਸ਼ੀਅਨ ਵਿਚ ਪੀਐਚ.ਡੀ. ਕਰ ਰਿਹਾ ਸੀ, ਜਿਸ ਦਾ ਕੁਝ ਦਿਨਾਂ ਵਿਚ ਹੀ ਵਾਈਵਾ ਹੋਣ ਵਾਲਾ ਸੀ। ਸੋ ਉਸ ਦਾ ਪਾਕਿਸਤਾਨ ਪਹੁੰਚਣਾ ਮੁਮਕਿਨ ਨਹੀਂ ਸੀ।

ਹਰਜੀਤ ਸਿੰਘ ਦੇ ਕਹਿਣ 'ਤੇ ਉਸ ਨੇ ਆਪਣੇ ਯੂਨੀਵਰਸਿਟੀ ਵਿਚ ਦੋਸਤ ਰਹੇ ਸਲਮਾਨ ਸੰਧੂ ਨੂੰ ਕਿਹਾ ਕਿ ਉਹ ਕਿਰਾਏ 'ਤੇ ਰਿਹਾਇਸ਼ ਅਤੇ ਗੱਡੀ ਦਾ ਪ੍ਰਬੰਧ ਕਰ ਦੇਵੇ। ਸਲਮਾਨ ਗੱਡੀ ਲੈ ਕੇ ਸਾਨੂੰ ਲੈਣ ਲਈ ਪਹੁੰਚਿਆ ਹੋਇਆ ਸੀ ਅਤੇ ਖਾਸ ਆਗਿਆ ਲੈ ਕੇ ਗੱਡੀ ਅੰਦਰ ਹੀ ਲੈ ਆਇਆ ਸੀ, ਜਿਸ ਕਰਕੇ ਸਾਨੂੰ ਬਹੁਤੀ ਦੂਰ ਤੱਕ ਤੁਰ ਕੇ ਨਹੀਂ ਜਾਣਾ ਪਿਆ। ਸਲਮਾਨ ਬਹੁਤ ਹੀ ਖਲੂਸ ਨਾਲ ਸਾਨੂੰ ਮਿਲਿਆ ਅਤੇ ਨਾਲ ਹੀ ਉਸ ਨੇ ਹਰਜੀਤ ਸਿੰਘ ਨੂੰ ਕਿਹਾ ਕਿ ਉਸ ਨੂੰ ਵੀ ਅਨੀਸ ਹੀ ਸਮਝ ਲਿਆ ਜਾਵੇ। ਸਾਡੀ ਆਪਣੇ ਪਾਕਿਸਤਾਨੀ ਮੇਜ਼ਬਾਨ ਨਾਲ ਇਹ ਮਿਲਣੀ ਬਹੁਤ ਖੁਸ਼ਗਵਾਰ ਹੋ ਨਿਬੜੀ।

ਸਲਮਾਨ ਨੇ ਪਹਿਲਾਂ ਹੀ ਫੋਨ 'ਤੇ ਦਸਿਆ ਹੋਇਆ ਸੀ ਕਿ ਸਭ ਤੋਂ ਪਹਿਲਾਂ ਉਹ ਸਾਨੂੰ ਬੇਬੇ ਨਾਨਕੀ (ਪਹਿਲੇ ਸਮਿਆਂ ਵਿਚ ਵੱਡੀਆਂ ਭੈਣਾਂ ਨੂੰ 'ਬੇਬੇ' ਕਹਿੰਦੇ ਸੀ) ਦੇ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਾਉਣ ਲੈ ਕੇ ਜਾਵੇਗਾ, ਜੋ ਪਿੰਡ ਡੇਰਾ ਚਾਹਲ ਵਿਚ ਸਥਾਪਤ ਹੈ। ਨਾਲ ਹੀ ਉਸ ਦਾ ਇਹ ਵੀ ਕਹਿਣਾ ਸੀ ਕਿ ਬਹੁਤ ਘੱਟ ਲੋਕਾਂ ਨੂੰ ਬੇਬੇ ਨਾਨਕੀ ਦੇ ਗੁਰਦੁਆਰੇ ਦਾ ਪਤਾ ਹੈ ਅਤੇ ਇਥੇ ਆਮ ਤੌਰ 'ਤੇ ਯਾਤਰੀ ਘੱਟ ਹੀ ਆਉਂਦੇ ਹਨ। ਇਸ ਤਰ੍ਹਾਂ ਅਸੀਂ ਅਟਾਰੀ ਤੋਂ ਵਾਘੇ ਹੁੰਦਿਆਂ ਅੱਗੇ ਚੱਲ ਪਏ।

ਪਿੰਡ ਡੇਰਾ ਚਾਹਲ ਲਾਹੌਰ ਜਿਲੇ ਵਿਚ ਠਾਣਾ ਬਰਕੀ ਅਧੀਨ ਆਉਂਦਾ ਹੈ। ਲਾਹੌਰ ਤੋਂ ਘਵਿੰਡੀ ਨੂੰ ਜਾਂਦਿਆਂ 35 ਕਿਲੋਮੀਟਰ ਦੂਰ ਹੈ। ਇਹ ਪਿੰਡ ਬੇਦੀਆਂ ਰੋਡ 'ਤੇ ਹੈ, ਜੋ ਕਿਸੇ ਵੇਲੇ ਲਾਹੌਰ ਨੂੰ ਅੰਮ੍ਰਿਤਸਰ ਨਾਲ ਜੋੜਦੀ ਸੀ। ਪਹਿਲਾਂ ਇਹ ਪਿੰਡ ਲਾਹੌਰ ਸ਼ਹਿਰ ਦੀ ਚਹਿਲ-ਪਹਿਲ ਤੋਂ ਦੂਰ ਸੀ, ਪਰ 'ਡਿਫੈਂਸ ਹਾਊਸਿੰਗ ਅਥਾਰਟੀ' ਰਾਹੀਂ ਲਾਹੌਰ ਸ਼ਹਿਰ ਡੇਰਾ ਚਾਹਲ ਦੀ ਖੇਤੀਬਾੜੀ ਵਾਲੀ ਜ਼ਮੀਨ ਅਤੇ ਆਸ-ਪਾਸ ਦੇ ਹੋਰ ਪਿੰਡਾਂ ਦੀ ਖੇਤੀਬਾੜੀ ਵਾਲੀ ਜ਼ਮੀਨ 'ਤੇ ਫੈਲ ਗਿਆ ਹੈ। ਇਥੇ ਜਗਤ ਗੁਰੂ ਨਾਨਕ ਦੇਵ ਜੀ ਦਾ ਗੁਰਦੁਆਰਾ ਹੈ, ਜਿਸ ਨੂੰ ਬੇਬੇ ਨਾਨਕੀ ਦਾ ਜਨਮ ਸਥਾਨ ਕਿਹਾ ਜਾਂਦਾ ਹੈ। ਮੰਨਿਆ ਜਾਂਦਾ ਹੈ ਕਿ ਡੇਰਾ



ਪਾਕਿਸਤਾਨੀ ਬੱਚੀਆਂ ਨਾਲ ਜੋਤੀ ਤੇ ਸਿਮਰ

ਚਾਹਲ ਵਿਖੇ ਬੇਬੇ ਨਾਨਕੀ ਦਾ ਜਨਮ ਨਾਨਕੇ ਘਰ ਸੰਮਤ 1524 ਨੂੰ ਹੋਇਆ ਸੀ। ਪਹਿਲੇ ਸਮਿਆਂ ਵਿਚ ਪੰਜਾਬ ਦੀ ਇਹ ਪਰੰਪਰਾ ਰਹੀ ਹੈ ਕਿ ਜੇਠੇ ਬੱਚੇ ਦਾ ਜਨਮ ਉਸ ਦੇ ਨਾਨਕੇ ਘਰ ਹੀ ਹੁੰਦਾ ਸੀ। ਨਾਨਕੇ ਪਿੰਡ ਪੈਦਾ ਹੋਣ ਕਰਕੇ ਹੀ ਸ਼ਾਇਦ ਉਨ੍ਹਾਂ ਦਾ ਨਾਂ 'ਨਾਨਕੀ' ਰੱਖਿਆ ਗਿਆ ਹੋਵੇਗਾ। ਨਾਨਕੇ ਹੋਣ ਕਰਕੇ ਗੁਰੂ ਨਾਨਕ ਦੇਵ ਡੇਰਾ ਚਾਹਲ ਬਹੁਤ ਆਉਂਦੇ-ਜਾਂਦੇ ਰਹਿੰਦੇ ਸਨ।

ਸੰਨ 1996 ਤੋਂ ਪਹਿਲਾਂ ਗੁਰਦੁਆਰੇ ਦੀ ਹਾਲਤ ਕੁਝ ਖਸਤਾ ਸੀ, ਪਰ 1996 ਵਿਚ ਉਦੋਂ ਦੇ ਪਾਕਿਸਤਾਨ ਦੇ ਕਾਰਜਕਾਰੀ ਪ੍ਰਧਾਨ ਮੰਤਰੀ ਮੇਰਾਜ ਖਾਲਿਦ ਨੇ ਇਸ ਦੀ ਮੁਰੰਮਤ ਕਰਾਈ। ਗੁਰਦੁਆਰੇ ਦਾ ਚਿੱਟਾ ਗੁੰਬਦ ਦੂਰ ਤੋਂ ਹੀ ਦਿਸਦਾ ਹੈ। ਗੁਰਦੁਆਰੇ ਦੇ ਨਾਮ 30 ਏਕੜ ਜ਼ਮੀਨ ਹੈ। ਗੁਰਦੁਆਰੇ ਦੇ ਸੱਜੇ ਹੱਥ ਬਹੁਤ ਵਧੀਆ ਸਰੋਵਰ ਹੁੰਦਾ ਸੀ, ਜੋ ਹੁਣ ਨਹੀਂ ਹੈ। ਇਥੇ ਕੁੜੀਆਂ ਦਾ ਸਕੂਲ ਵੀ ਹੈ। ਇਹ ਗੁਰਦੁਆਰਾ ਹੁਣ ਸੰਗਤਾਂ ਵਾਸਤੇ ਦਰਸ਼ਨਾਂ ਲਈ ਖੁੱਲ੍ਹਾ ਹੈ। ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਕੇ ਅਸੀਂ ਬਾਹਰ ਖੜ੍ਹੇ ਹੋ ਕੇ ਸਲਮਾਨ ਦੇ ਦੋਸਤ ਦੀ ਉਡੀਕ ਕਰ ਰਹੇ ਸਾਂ, ਜਿਸ ਦਾ ਘਰ ਗੁਰਦੁਆਰਾ ਸਾਹਿਬ ਦੇ ਨੇੜੇ ਹੀ ਹੈ। ਉਸ ਨੇ ਆਪਣੇ ਘਰ ਸਾਡੇ ਲਈ ਚਾਹ ਦਾ ਪ੍ਰਬੰਧ ਕਰ ਰੱਖਿਆ ਸੀ। ਆਸ ਪਾਸ ਤੋਂ ਲੋਕ ਸਾਨੂੰ ਬੜੀ ਹੈਰਾਨੀ ਭਰੀ ਉਤਸੁਕਤਾ ਨਾਲ ਦੇਖਦੇ ਲੰਘ ਰਹੇ ਸਨ। ਨੇੜੇ ਨਿੱਕੀਆਂ ਨਿੱਕੀਆਂ ਕੁੜੀਆਂ ਸਲਵਾਰ-ਕਮੀਜ਼ ਦੇ ਪਹਿਰਾਵੇ ਵਿਚ ਚੁੰਨੀਆਂ ਨਾਲ ਸਿਰ ਢਕੀ ਖੜੀਆਂ ਨੀਝ ਲਾ ਕੇ ਸਾਡੇ ਵੱਲ ਤੱਕ ਰਹੀਆਂ ਸਨ। ਉਦੋਂ ਹੀ ਸਿਮਰ ਅਤੇ ਜੋਤੀ ਨੇ ਉਨ੍ਹਾਂ ਨੂੰ ਬੁਲਾਇਆ ਤਾਂ ਦੋ ਕੁੜੀਆਂ ਸੰਗਦੀਆਂ ਸੰਗਦੀਆਂ ਅੱਗੇ ਵਧੀਆਂ। ਸਿਮਰ ਨੇ ਉਨ੍ਹਾਂ ਦੇ ਨਾਂ ਪੁੱਛੇ ਅਤੇ ਅਸੀਂ ਪਿਆਰ ਨਾਲ ਉਨ੍ਹਾਂ ਨਾਲ ਹੱਥ ਮਿਲਾਏ। ਜੋਤੀ ਤੇ ਸਿਮਰ ਨੇ ਉਨ੍ਹਾਂ ਨਾਲ ਫੋਟੋ ਖਿਚਵਾਈ।

ਥੋੜੀ ਹੀ ਦੇਰ ਵਿਚ ਸਲਮਾਨ ਦਾ ਦੋਸਤ ਆਪਣੀ ਗੱਡੀ ਵਿਚ ਆ ਗਿਆ, ਜਿਸ ਦਾ ਘਰ ਥੋੜੀ ਵਿੱਥ 'ਤੇ ਹੀ ਸੀ। ਇਸ ਤਰ੍ਹਾਂ ਅਸੀਂ ਪਾਕਿਸਤਾਨ ਦੀ ਧਰਤੀ 'ਤੇ ਪਹਿਲੀ ਮਹਿਮਾਨ ਨਿਵਾਜ਼ੀ ਦਾ ਅਨੰਦ ਸਰਫਰਾਜ਼ ਦੇ ਪਰਿਵਾਰ ਨਾਲ ਚਾਹ ਪੀਂਦਿਆਂ ਮਾਣਿਆ। ਸਰਫਰਾਜ਼ ਦੇ ਘਰ ਸਾਨੂੰ ਬੈਠਕ ਕਹੀਏ ਜਾਂ ਆਧੁਨਿਕ ਬੋਲੀ ਵਿਚ



ਸਰਫਰਾਜ਼ ਦੇ ਪਰਿਵਾਰ ਨਾਲ

'ਡਰਾਇੰਗ ਰੂਮ' ਜਾਂ ਫਿਰ ਕੈਨੇਡਾ-ਅਮਰੀਕਾ ਵਾਂਗ 'ਲਿਵਿੰਗ ਰੂਮ', ਵਿਚ ਬਿਠਾਇਆ, ਜਿੱਥੇ ਇਸ ਜ਼ਮਾਨੇ ਵਿਚ ਵੀ ਆਧੁਨਿਕ ਸੋਫਿਆਂ ਅਤੇ ਕੁਰਸੀਆਂ ਦੇ ਨਾਲ ਸੂਤ ਦਾ ਬੁਣਿਆ ਮੰਜਾ ਵੀ ਇੱਕ ਪਾਸੇ ਕੰਧ ਨਾਲ ਡਾਹਿਆ ਹੋਇਆ ਸੀ। ਪੂਰਬੀ ਪੰਜਾਬ ਦੇ ਪਿੰਡਾਂ ਵਿਚੋਂ ਸੂਤ ਦੇ ਮੰਜੇ ਬੁਣਨ ਦਾ ਸਭਿਆਚਾਰ ਹੌਲੀ ਹੌਲੀ ਅਲੋਪ ਹੋ ਗਿਆ ਹੈ, ਪਰ ਪੱਛਮੀ ਪੰਜਾਬ ਵਿਚ ਹਾਲੇ ਵੀ ਕਾਇਮ ਹੈ।

ਜਿਸ ਤਰ੍ਹਾਂ ਪੁਰਾਣੇ ਸਮਿਆਂ ਵਿਚ ਪ੍ਰਾਹੁਣਿਆਂ ਨੂੰ ਘਰ ਦੇ ਅਗਲੇ ਹਿੱਸੇ ਵਿਚ ਬਣੀ ਬੈਠਕ ਵਿਚ ਬਿਠਾ ਦਿਤਾ ਜਾਂਦਾ ਸੀ ਅਤੇ ਪਰਿਵਾਰ ਦੀਆਂ ਔਰਤਾਂ ਆਏ-ਗਏ ਮਹਿਮਾਨਾਂ ਤੋਂ ਪਰਦੇ ਵਿਚ ਹੁੰਦੀਆਂ ਸਨ, ਕੁਝ ਉਹੋ ਜਿਹਾ ਹੀ ਮਾਹੌਲ ਉਥੇ ਅਜੇ ਵੀ ਕਾਇਮ ਹੈ। ਘਰ ਦੀਆਂ ਔਰਤਾਂ ਜਿਨ੍ਹਾਂ ਵਿਚ ਘਰ ਦੀ ਵਡੇਰੀ ਮਾਤਾ, ਵਹੁਟੀਆਂ ਅਤੇ ਕੁੜੀਆਂ ਸ਼ਾਮਲ ਸਨ, ਆ ਕੇ ਸਾਨੂੰ ਮਿਲੀਆਂ, ਕੁਝ ਦੇਰ ਬੈਠੀਆਂ ਅਤੇ ਫਿਰ ਪਰਦੇ ਪਿੱਛੇ ਚਲੀਆਂ ਗਈਆਂ। ਚਾਹ ਪਾਣੀ ਦਾ ਪ੍ਰਬੰਧ ਸਾਰਾ ਉਨ੍ਹਾਂ ਕੁੜੀਆਂ, ਵਹੁਟੀਆਂ ਨੇ ਹੀ ਕੀਤਾ ਸੀ, ਜਿਸ ਵਿਚ ਘਰ ਦੀ ਰਸੋਈ ਵਿਚ ਪਕਾਇਆ ਹੋਇਆ ਕਾਫੀ ਕੁਝ ਸ਼ਾਮਲ ਸੀ। ਜਿੰਨੇ ਖਲੂਸ ਨਾਲ ਪਰਿਵਾਰ ਸਾਨੂੰ ਮਿਲਿਆ, ਚਾਹ-ਪਾਣੀ ਪਿਲਾਇਆ, ਲਗਦਾ ਸੀ ਜਿਵੇਂ ਚਿਰਾਂ ਤੋਂ ਜਾਣਦੇ ਹੋਈਏ। ਇਸ ਤਰ੍ਹਾਂ ਬੀਬੀ ਨਾਨਕੀ ਦਾ ਜਨਮ ਸਥਾਨ ਸਾਡਾ ਪਹਿਲਾ ਪੜਾਅ ਬਣਿਆ।

ਬੀਬੀ ਨਾਨਕੀ ਵੱਡੀ ਭੈਣ ਹੋਣ ਦੇ ਨਾਲ ਨਾਲ ਗੁਰੂ ਨਾਨਕ ਸਾਹਿਬ ਦੀ ਪਹਿਲੀ ਸਿੱਖ ਸੀ, ਜਿਸ ਨੇ ਸਭ ਤੋਂ ਪਹਿਲਾਂ ਗੁਰੂ ਨਾਨਕ ਸਾਹਿਬ ਦੇ 'ਰੱਬੀ ਜੋਤਿ' ਹੋਣ ਦੀ ਪਛਾਣ ਕੀਤੀ। ਬੀਬੀ ਨਾਨਕੀ ਗੁਰੂ ਨਾਨਕ ਸਾਹਿਬ ਨੂੰ ਅੰਤਾਂ ਦਾ ਮੋਹ ਕਰਦੇ ਸਨ ਅਤੇ ਜਦੋਂ ਵੀ ਪਿਤਾ ਕਾਲੂ ਨੂੰ ਕਿਸੇ ਗੱਲ ਤੋਂ ਨਾਰਾਜ਼ਗੀ ਹੁੰਦੀ ਤਾਂ ਇਹ ਬੀਬੀ ਨਾਨਕੀ ਹੀ ਸੀ, ਜੋ ਪਿਤਾ ਨੂੰ ਦੱਸਦੇ ਕਿ ਨਾਨਕ (ਗੁਰੂ) ਕੋਈ ਆਮ ਬਾਲਕ ਨਹੀਂ ਹੈ। ਉਹ ਤਾਂ ਰੱਬੀ ਬਖਸ਼ਿਸ਼ ਵਾਲੀ ਰੂਹ ਦਾ ਮਾਲਕ ਹੈ, ਰੱਬੀ ਨੂਰ ਹੈ।

ਸਲਮਾਨ ਨੇ ਸਾਡੇ ਲਈ ਬਿਲਕੁਲ ਨਵੀਂ ਨਕੋਰ ਬਾਰਾਂ ਸੀਟਾਂ ਵਾਲੀ ਗੱਡੀ ਕਿਰਾਏ 'ਤੇ ਲਈ ਸੀ, ਜਿਸ ਨੂੰ ਮਨਜ਼ੂਰ ਨਾਂ ਦਾ ਸੰਗਾਊ ਕਿਸਮ ਦਾ ਉਚਾ ਲੰਬਾ ਪੰਜਾਬੀ ਚਲਾ ਰਿਹਾ ਸੀ। ਸਲਮਾਨ ਦੀ ਰੀਸੇ ਬਾਕੀ ਵੀ ਉਸ ਨੂੰ 'ਮਨਜ਼ੂਰ ਭਾਈ' ਕਹਿ ਕੇ ਬੁਲਾਉਣ ਲੱਗ ਪਏ। ਸਾਡੀ ਰਿਹਾਇਸ਼ ਦਾ ਪ੍ਰਬੰਧ ਸਲਮਾਨ ਨੇ 'ਡਿਫੈਂਸ ਹਾਊਸਿੰਗ ਅਥਾਰਟੀ' ਵੱਲੋਂ ਬਣਾਈ ਲਾਹੌਰ ਦੇ ਬਾਹਰਲੇ ਇਲਾਕੇ ਜਾਂ ਸਲਮਾਨ ਦੇ ਕਹਿਣ ਮੁਤਾਬਿਕ ਨਵੇਂ ਉਸਰੇ ਆਧੁਨਿਕ ਲਹੌਰ ਦੀ ਡਿਫੈਂਸ ਕਾਲੋਨੀ ਵਿਚ ਬਿਲਕੁਲ ਨਵੇਂ ਅੰਦਾਜ਼ ਵਿਚ ਦੋ-ਮੰਜ਼ਿਲੇ ਬਣੇ ਘਰ ਵਿਚ ਕੀਤਾ ਸੀ, ਜਿਸ ਵਿਚ ਫੈਮਿਲੀ ਰੂਮ ਅਤੇ ਲਿਵਿੰਗ ਰੂਮ ਤੋਂ ਇਲਾਵਾ ਚਾਰ ਸੌਣ ਕਮਰੇ ਸਨ।

ਸਲਮਾਨ ਦੇ ਦੱਸਣ ਅਨੁਸਾਰ ਕਿਸੇ ਜੱਜ ਨੇ ਆਏ ਮਹਿਮਾਨਾਂ ਨੂੰ ਕਿਰਾਏ 'ਤੇ ਦੇਣ ਲਈ ਹੀ ਇਹ ਘਰ ਖਰੀਦ ਰੱਖਿਆ ਸੀ। ਇਹ ਬਰਕੀ ਰੋਡ 'ਤੇ ਸਥਿਤ ਹੈ, ਜਿੱਥੋਂ ਇੱਕ ਸੜਕ ਜੇ ਇੱਕ ਪਾਸੇ ਖਾਲੜੇ ਨੂੰ ਚਲੀ ਜਾਂਦੀ ਹੈ ਤਾਂ ਦੂਜੀ ਫਿਰੋਜ਼ਪੁਰ ਨੂੰ, ਜਿਸ ਨੂੰ ਅੱਜ ਵੀ 'ਫਿਰੋਜ਼ਪੁਰ ਰੋਡ' ਕਰਕੇ ਹੀ ਜਾਣਿਆ ਜਾਂਦਾ ਹੈ। ਇਸੇ ਤਰ੍ਹਾਂ ਇੱਕ ਸੜਕ ਖੇਮਕਰਨ ਨੂੰ ਜਾਂਦੀ ਹੈ ਅਤੇ ਦੂਜੀ ਕਸੂਰ ਨੂੰ ਜਾ ਮਿਲਦੀ ਹੈ। ਅਸੀਂ ਆਪਣੇ ਟਿਕਾਣੇ 'ਤੇ ਪਹੁੰਚ ਕੇ ਉਪਰਲੀ ਮੰਜ਼ਿਲ 'ਤੇ ਬਣੇ ਤਿੰਨ ਕਮਰਿਆਂ ਵਿਚੋਂ ਦੋ ਵਿਚ ਗਿੱਲ ਪਰਿਵਾਰ ਨੇ ਅਤੇ ਇੱਕ ਵਿਚ ਮੈਂ ਆਪਣਾ ਸਮਾਨ ਰੱਖ ਲਿਆ। ਸਿਕਿਉਰਿਟੀ ਦੇ ਨਜ਼ਰੀਏ ਤੋਂ ਸਲਮਾਨ ਨੇ ਹੇਠਲੇ ਕਮਰੇ 'ਚ ਆਪਣਾ ਸੌਣ ਦਾ ਪ੍ਰਬੰਧ ਕਰ ਲਿਆ।

ਭਾਵੇਂ ਸਾਡਾ ਇਰਾਦਾ 14 ਫਰਵਰੀ ਨੂੰ ਪੰਜਾਬੀ ਕਾਨਫਰੰਸ ਵਿਚ ਸ਼ਾਮਲ ਹੋਣ ਦਾ ਸੀ ਅਤੇ ਅਸੀਂ ਸਮੇਂ ਸਿਰ ਪਹੁੰਚਣ ਦੀ ਕੋਸ਼ਿਸ਼ ਵੀ ਕੀਤੀ, ਪਰ ਹਿੰਦੁਸਤਾਨ ਵਾਲੇ ਪਾਸੇ ਸਾਰੇ ਅਮਲ ਵਿਚੋਂ ਲੰਘਦਿਆਂ ਏਨਾ ਸਮਾਂ ਲੱਗ ਗਿਆ ਕਿ ਅਸੀਂ ਕਾਨਫਰੰਸ ਦੇ ਸਮੇਂ ਪਹੁੰਚ ਹੀ ਨਾ ਸਕੇ। ਅਸੀਂ ਸੋਚਿਆ, ਥੋੜੀ ਦੇਰ ਅਰਾਮ ਕਰਕੇ, ਤਰੋ-ਤਾਜਾ ਹੋ ਕੇ ਬਾਬੇ ਬੁੱਲੇ ਸ਼ਾਹ ਦੀ ਮਜ਼ਾਰ 'ਤੇ ਕਸੂਰ ਜਾਇਆ ਜਾਵੇ। ਇਸ ਲਈ ਕੁਝ ਦੇਰ ਅਰਾਮ ਕਰਕੇ, ਮੂੰਹ-ਹੱਥ ਧੋਤੇ ਅਤੇ ਮਨਜ਼ੂਰ ਭਾਈ ਨੂੰ ਕਸੂਰ ਵੱਲ ਚਾਲੇ ਪਾਉਣ ਲਈ ਕਿਹਾ, ਕਿਉਂਕਿ ਸਾਨੂੰ ਇੱਕ ਇੱਕ ਪਲ ਦਾ ਲਾਹਾ ਸੀ ਕਿ ਵੱਧ ਤੋਂ ਵੱਧ ਥਾਂਵਾਂ ਦੇ ਦਰਸ਼ਨ ਕੀਤੇ ਜਾਣ ਅਤੇ ਆਪਣੇ ਸਾਂਝੇ ਵਿਰਸੇ ਨਾਲ ਜੁੜਿਆ ਜਾਵੇ। ਕੁਦਰਤੀ ਹੈ, ਸਲਮਾਨ ਸੰਧੂ ਵੀ ਸਾਡੇ ਨਾਲ ਸੀ, ਉਸ ਨੇ ਅਨੀਸ ਦੀ ਥਾਂ ਆਪਣੇ ਆਪ ਨੂੰ ਸਾਡੀ ਅਗਵਾਈ ਕਰਨ ਲਈ ਵਚਨਬੱਧ ਕਰ ਲਿਆ ਸੀ।

*(ਚਲਦਾ)*

# ਤਾੜੀਆਂ ਦੀ ਗੂੰਜ



ਸਹਿਜ ਨਾਲ ਆਮ ਬੋਲਚਾਲ ਲਈ ਵਰਤੇ ਜਾਂਦੇ ਛੋਟੇ-ਛੋਟੇ ਸ਼ਬਦ ਜ਼ਿੰਦਗੀ 'ਚ ਵਡਮੁੱਲੀ ਥਾਂ ਰੱਖਦੇ ਹਨ। ਇਸ ਦੀ ਇੱਕ ਮਿਸਾਲ ਹੈ, 'ਤਾੜੀ।' ਇਨਸਾਨ ਦੇ ਹੱਥ ਮਨੁੱਖੀ ਜੀਵਨ 'ਚ ਬੇਹੱਦ ਉਪਯੋਗੀ ਭੂਮਿਕਾ ਨਿਭਾਉਂਦੇ ਹਨ। ਮਨੁੱਖੀ ਕਿਰਤ ਦਾ ਸਬੰਧ ਹੱਥਾਂ ਨਾਲ ਹੈ। ਇਸ ਦੇ ਨਾਲ ਹੀ ਜੀਵਨ ਵਿਚ ਖੁਸ਼ੀ-ਗਮੀ ਦੇ ਪਲ ਸਾਂਝੇ ਕਰਨੇ ਹੋਣ ਜਾਂ ਫਿਰ ਕਿਸੇ ਦਾ ਮਜ਼ਾਕ ਉਡਾਉਣਾ ਹੋਵੇ ਤੇ ਭਾਵੇਂ ਕਿਸੇ ਦੇ ਕੀਤੇ ਕੰਮ ਦੀ ਦਾਦ ਦੇਣੀ ਹੋਵੇ, ਦੋ ਹੱਥ ਆਪ-ਮੁਹਾਰੇ ਚਾਲ ਪਕੜ ਕੇ ਆਪਸ 'ਚ ਟਕਰਾਉਂਦਿਆਂ ਗੂੰਜ ਪੈਦਾ ਕਰਦੇ ਹਨ। ਇਹ ਗੂੰਜ ਕੋਈ ਆਮ ਅਵਾਜ਼ ਨਹੀਂ ਸਗੋਂ 'ਤਾੜੀ' ਕਹਾਉਂਦੀ ਹੈ, ਜੋ ਜਨਮ ਤੋਂ ਲੈ ਕੇ ਮੌਤ ਤਕ ਵੱਖ-ਵੱਖ ਰੂਪਾਂ ਵਿਚ ਬੰਦੇ ਦਾ ਸਾਥ ਨਿਭਾਉਂਦੀ ਹੈ। ਇਤਿਹਾਸਕ ਰੂਪ ਵਿਚ ਤਾੜੀ ਦੀ ਪ੍ਰਮਾਣਿਕਤਾ 13ਵੀਂ ਸਦੀ ਤੋਂ ਮਿਲਦੀ ਹੈ। ਧਾਰਮਿਕ ਗ੍ਰੰਥ ਬਾਈਬਲ ਮੁਤਾਬਿਕ ਬਿਰਖਾਂ ਦੇ ਪੱਤਿਆਂ ਦੇ ਆਪਸ 'ਚ ਟਕਰਾਉਣ ਤੋਂ ਪੈਦਾ ਹੋਣ ਵਾਲੀ ਅਵਾਜ਼ ਤੋਂ ਹੀ ਤਾੜੀਆਂ ਦਾ ਸਰੂਪ ਜਨਮਿਆ ਹੈ।

ਹੁਲਾਸ ਅਤੇ ਚਾਅ ਨਾਲ ਮਨੁੱਖੀ ਮਨ ਹੁਲਾਰ ਮਾਰਦਾ ਹੈ ਤਾਂ ਖੁਸ਼ੀ ਨਾਲ ਆਪ-ਮੁਹਾਰੇ ਹੱਥ ਤਾੜੀਆਂ ਵਜਾਉਣ ਲੱਗਦੇ ਹਨ। ਅਜਿਹੇ 'ਚ ਜੇ ਖੁਸ਼ੀ ਦਾ ਸਬੱਬ ਬਣਿਆ ਮਨੁੱਖ ਕੋਲ ਹੀ ਮੌਜੂਦ ਹੋਵੇ ਤਾਂ ਤਾੜੀ ਮਾਰਨ ਵਾਲਾ ਖੁਸ਼ੀ



**ਦੀਪਤੀ ਬਬੂਟਾ**

ਨਾਲ ਉਸ ਦੇ ਗਲੇ ਨਾਲ ਵੀ ਲਿਪਟ ਜਾਂਦਾ ਹੈ। ਇਹ ਤਾੜੀ ਰੂਹ ਨੂੰ ਸਕੂਨ ਤੇ ਸ਼ਾਂਤੀ ਬਖਸ਼ਦੀ ਹੈ।

ਸਮਾਗਮਾਂ ਵਿਚ ਤਾੜੀ ਬੇਹੱਦ ਖਾਸ ਥਾਂ ਰੱਖਦੀ ਹੈ। ਹਾਜ਼ਰ ਮਹਿਮਾਨਾਂ ਦਾ ਸਵਾਗਤ ਤਾੜੀਆਂ ਦੀ ਗੂੰਜ ਨਾਲ ਕੀਤਾ ਜਾਂਦਾ ਹੈ। ਮਹਿਮਾਨ ਦੇ ਰੁਤਬੇ ਮੁਤਾਬਿਕ ਤਾੜੀਆਂ ਦੀ ਗੂੰਜ ਵੀ ਵੱਧ-ਘੱਟ ਹੁੰਦੀ ਹੈ। ਕਿਸੇ ਵਿਅਕਤੀ ਵਿਸ਼ੇਸ਼ ਦੀ ਪ੍ਰਾਪਤੀ ਦੀ ਦਾਦ ਵੀ ਤਾੜੀਆਂ ਦੀ ਗੂੰਜ ਨਾਲ ਦਿੱਤੀ ਜਾਂਦੀ ਹੈ। ਕਲਾਕਾਰਾਂ ਵਲੋਂ ਦਿੱਤੀ ਗਈ ਪੇਸ਼ਕਸ਼ ਕਿੰਨੀ ਦਮਦਾਰ ਰਹੀ, ਇਸ ਦਾ ਫੈਸਲਾ ਵੀ ਤਾੜੀਆਂ ਦੀ ਗੂੰਜ ਹੀ ਕਰਦੀ ਹੈ। ਜੇ ਮੰਚ 'ਤੇ ਕੋਈ ਬੁਲਾਰਾ ਬੇ-ਸਿਰ ਪੈਰ ਦਾ ਭਾਸ਼ਣ ਝਾੜਨਾ ਬੰਦ ਨਹੀਂ ਕਰਦਾ ਤਾਂ ਸਰੋਤੇ ਜ਼ੋਰ-ਜ਼ੋਰ ਨਾਲ ਤਾੜੀਆਂ ਮਾਰ ਕੇ ਉਸ ਨੂੰ ਜ਼ਬਰਦਸਤੀ ਚੁੱਪ ਕਰਵਾ ਦਿੰਦੇ ਹਨ। ਕਿਸੇ ਬੰਦੇ ਦੀ ਕਿਸੇ ਕਾਰਨ ਸਮਾਜਕ ਬੇਪਤੀ ਦਾ ਢਿੰਡੋਰਾ ਪਿੱਟ ਜਾਣ ਦੇ ਪ੍ਰਸੰਗ ਵਿਚ 'ਤਾੜੀ ਵੱਜ ਜਾਣਾ' ਮੁਹਾਵਰਾ ਅਜੋਕੇ ਸਮਾਜ ਵਿਚ ਵੀ ਆਮ ਵਰਤਿਆ ਜਾਂਦਾ ਹੈ।

ਇੱਥੋਂ ਤਕ ਕਿ ਕੋਈ ਬੰਦਾ ਜੀਵਨ 'ਚ ਮਿਲਿਆ ਚੰਗਾ ਮੌਕਾ ਹੱਥੋਂ ਗੁਆ ਬੈਠਦਾ ਹੈ ਤੇ ਫਿਰ ਦਰ-ਬ-ਦਰ ਠੋਕਰਾਂ ਖਾਣ ਲਈ ਮਜਬੂਰ ਹੋ ਜਾਂਦਾ ਹੈ ਤਾਂ ਉਸ ਲਈ 'ਤਾਲੋਂ ਘੁੱਥੀ ਡੂਮਣੀ ਬੋਲੇ (ਫਿਰਦੀ) ਤਾਲ ਬੇ-ਤਾਲ' ਜਿਹੇ ਮੁਹਾਵਰੇ ਕਟਾਖਸ਼ ਰੂਪ ਵਿਚ ਵਰਤ ਕੇ ਤਾੜੀ ਵਜਾਈ ਜਾਂਦੀ ਹੈ।

ਸਿੱਧੇ ਹੱਥਾਂ ਦੀਆਂ ਹਥੇਲੀਆਂ ਨਾਲ ਮਾਰੀਆਂ ਜਾਣ ਵਾਲੀਆਂ ਤਾੜੀਆਂ ਹੌਸਲਾ ਅਫਜ਼ਾਈ ਦੀਆਂ ਸੂਚਕ ਹਨ। ਦੂਜੇ ਪਾਸੇ ਕਿਸੇ ਬੰਦੇ ਵਲੋਂ ਕੀਤੇ ਗਏ ਘਟੀਆ ਕੰਮਾਂ ਲਈ ਪੁੱਠੇ ਹੱਥਾਂ ਨਾਲ ਤਾੜੀਆਂ ਮਾਰ ਕੇ ਸ਼ਰਮਸਾਰ ਵੀ ਕੀਤਾ ਜਾਂਦਾ ਹੈ। ਵੱਖ-ਵੱਖ ਅੰਦਾਜ਼ ਵਿਚ ਤਾੜੀ ਮਾਰ ਕੇ ਕਿਸੇ ਨੂੰ ਆਕਾਸ਼ ਦੀਆਂ ਉਚਾਈਆਂ ਦਾ ਅਹਿਸਾਸ ਕਰਵਾਇਆ ਜਾਂਦਾ ਹੈ, ਪਰ ਤਾੜੀ ਘਟੀਆ ਕਾਰੇ ਕਰਨ ਵਾਲਿਆਂ ਨੂੰ ਬੇਇੱਜਤ ਕਰਨ ਦਾ ਵੀ ਦਮ ਰੱਖਦੀ ਹੈ। ਹੁਣ ਇਹ ਵਿਅਕਤੀ ਵਿਸ਼ੇਸ਼ 'ਤੇ ਹੀ ਨਿਰਭਰ ਕਰਦਾ ਹੈ ਕਿ ਉਹ ਕਿਸ ਤਰ੍ਹਾਂ ਦੇ ਕੰਮ ਕਰਕੇ ਕਿਸ ਢੰਗ ਦੀ ਤਾੜੀ ਵਜਵਾਉਣ ਦਾ ਹੱਕਦਾਰ ਬਣਦਾ ਹੈ। ਵਿਆਹ ਪਿਛੋਂ ਨਵੇਂ ਜੀਵਨ ਦਾ ਆਗਾਜ਼ ਕਰਨ ਅਤੇ ਮੁੰਡਾ ਜੰਮਣ 'ਤੇ ਖੁਸ਼ੀ ਵਿਚ ਹੀਜੜੇ (ਕਿੰਨਰ) ਨਚਾਉਣ ਦਾ ਰਿਵਾਜ ਕਰੀਬ ਪੂਰੇ ਭਾਰਤ ਵਿਚ ਹੀ ਪ੍ਰਚਲਿਤ ਹੈ। ਇਸ ਤਾੜੀ ਦੀ ਗੂੰਜ ਹਰ ਤਰ੍ਹਾਂ ਦੀ ਤਾੜੀ ਦੀ ਅਵਾਜ਼ ਤੋਂ ਵੱਖਰੀ ਹੁੰਦੀ ਹੈ। ਨਵੇਂ ਵਿਆਹੇ ਜੋੜੇ ਲਈ ਜ਼ਿੰਦਗੀ ਦੀ ਗੱਡੀ ਦੀ ਰਵਾਨੀ ਦੀ ਵਧਾਈ ਦਿੱਤੀ ਜਾਂਦੀ ਹੈ ਤੇ ਨਵ-ਜਨਮੇ ਮੁੰਡੇ ਲਈ ਖੁਸ਼ਹਾਲ ਜ਼ਿੰਦਗੀ ਲਈ ਵਧਾਈਆਂ ਦਿੱਤੀਆਂ ਜਾਂਦੀਆਂ ਹਨ। ਪੂਰੇ ਜੋਸ਼ ਨਾਲ ਨੱਚਦੇ-ਗਾਉਂਦੇ ਹੀਜੜੇ ਤਾੜੀ ਮਾਰਦੇ ਹਨ ਤੇ ਮਨ ਚਾਹਿਆ ਲਾਗ ਲੈਂਦੇ ਹਨ।

ਮਹਿਫਿਲ ਵਿਚ ਬੈਠਿਆਂ ਹੋਰਨਾਂ ਦਾ ਧਿਆਨ ਆਕਰਸ਼ਿਤ ਕਰਨ ਲਈ ਵੀ ਤਾੜੀਆਂ ਮਾਰ ਕੇ ਧਿਆਨ ਵਟਾਇਆ ਜਾਂਦਾ ਹੈ। 'ਸਲੋ ਹੈਂਡ ਕਲੈਪ' ਦੀ ਫਿਲਮੀ ਜਗਤ ਵਿਚ ਖਾਸ ਥਾਂ ਹੈ। ਫਿਲਮਾਂ ਵਿਚ ਡਰਾਮੈਟਿਕ ਟਰਨਿੰਗ ਪੁਆਇੰਟ 'ਤੇ ਪਹੁੰਚ ਜਾਣ ਉਤੇ ਵਿਚਾਰ-ਚਰਚਾ ਵਿਚ ਹਿੱਸਾ ਲੈਣ ਵਾਲੇ ਮੈਂਬਰ ਇੱਕ-ਇੱਕ ਕਰਕੇ ਹੌਲੀ-ਹੌਲੀ ਤਾੜੀ ਮਾਰਨੀ ਸ਼ੁਰੂ ਕਰਦੇ ਹਨ। ਫਿਰ ਤਾੜੀਆਂ ਦੀ ਗੂੰਜ ਨਾਲ ਖੜ੍ਹੇ ਹੋ ਕੇ ਫੈਸਲੇ ਦੀ ਪ੍ਰਮਾਣਿਕਤਾ ਦਾ ਦਮ ਭਰਿਆ ਜਾਂਦਾ ਹੈ। 7 ਜੂਨ 2000 ਨੂੰ ਬਰਤਾਨਵੀ ਪ੍ਰਧਾਨ ਮੰਤਰੀ ਟੋਨੀ ਬਲੇਅਰ ਨੂੰ ਵਿਮੈਨ ਇੰਸਟੀਚਿਊਟ ਵਲੋਂ ਦਿੱਤੀ ਗਈ ਸਲੋ ਹੈਂਡ ਕਲੈਪ ਯਾਦਗਾਰੀ ਪਲਾਂ ਵਿਚ ਦਰਜ ਕੀਤੀ ਗਈ ਹੈ। ਵੱਖ-ਵੱਖ ਦੇਸ਼ਾਂ ਦੇ ਸਮਾਜਕ ਆਚਾਰ-ਵਿਹਾਰ 'ਚ ਵੀ ਤਾੜੀ ਵੱਖਰੀ ਪਛਾਣ ਰੱਖਦੀ ਹੈ।

ਗੌਲਫ ਖੇਡ ਰਹੇ ਸਾਥੀ ਗੌਲਫਰਾਂ ਦਾ ਧਿਆਨ ਭੰਗ ਨਾ ਹੋਵੇ, ਇਸ ਵਾਸਤੇ ਖਾਸ ਢੰਗ ਨਾਲ ਤਾੜੀ ਵਜਾਈ ਜਾਂਦੀ ਹੈ, ਜੋ 'ਕੁਆਈਟ ਕਲੈਪਿੰਗ' ਭਾਵ ਸ਼ਾਂਤ ਤਾੜੀ ਦੇ ਨਾਂ ਨਾਲ ਜਾਣੀ ਜਾਂਦੀ ਹੈ। ਸੰਗੀਤ ਜਗਤ ਵਿਚ ਤਾੜੀ ਦਾ ਸਰਵਉਚ ਸਥਾਨ ਹੈ। ਇੱਥੇ ਤਾੜੀ ਇਕਸੁਰਤਾ ਅਤੇ ਤਾਲ ਦਾ ਰੂਪ ਧਾਰਨ ਕਰ ਜਾਂਦੀ ਹੈ।

ਵੰਨ-ਸਵੰਨੀਆਂ ਨਾਚ ਸ਼ੈਲੀਆਂ ਵਿਚ ਵੱਖ-ਵੱਖ ਢੰਗ ਨਾਲ ਤਾੜੀ ਵਜਾਈ ਜਾਂਦੀ ਹੈ, ਜੋ ਵਿਸ਼ੇਸ਼ ਤਰ੍ਹਾਂ ਦੀ ਨਾਚ-ਸ਼ੈਲੀ ਦੀ ਪਛਾਣ ਹੁੰਦੀ ਹੈ। ਦੂਰੋਂ ਆਉਂਦੀ ਤਾੜੀ ਦੀ ਅਵਾਜ਼ ਸੁਣ ਕੇ ਕਲਾ ਪਾਰਖੂ ਦੱਸ ਦਿੰਦੇ ਹਨ ਕਿ ਨਾਚ ਦੀ ਕਿਹੜੀ ਸ਼ੈਲੀ ਚੱਲ ਰਹੀ ਹੈ।

ਪੰਜਾਬੀ ਲੋਕ-ਨਾਚ ਗਿੱਧੇ ਦੀ ਤਾਂ ਜਾਨ ਹੀ ਤਾੜੀਆਂ ਵਿਚ ਵੱਸਦੀ ਹੈ। ਪੂਰੇ ਗਰੁੱਪ ਵਿਚੋਂ ਕਿਸੇ ਇੱਕ ਦੀ ਵੀ ਤਾੜੀ ਬੇ-ਤਾਲ ਹੋ ਜਾਵੇ ਤਾਂ ਪੂਰੇ ਗਿੱਧੇ ਦਾ ਰੂਪ-ਰੰਗ ਗੁਆਚ ਜਾਂਦਾ ਹੈ ਤੇ ਗਿੱਧਾ ਨਾਚ ਨਾ ਰਹਿ ਕੇ ਸ਼ੋਰ-ਸ਼ਰਾਬਾ ਹੀ ਬਣ ਜਾਂਦਾ ਹੈ, ਜੋ ਸਕੂਨ ਦੀ ਥਾਂ ਸਿਰਦਰਦੀ ਦਾ ਸਬੱਬ ਹੋ ਨਿਬੜਦਾ ਹੈ। ਇਸੇ ਲਈ ਗਿੱਧੇ ਦੀ ਬੋਲੀ ਸ਼ੁਰੂ ਕਰਨ ਤੋਂ ਪਹਿਲਾਂ ਗਰੁੱਪ ਵਲੋਂ ਤਾੜੀ ਦੀ ਤਾਲ ਮਿਲਾਈ ਜਾਂਦੀ ਹੈ ਤੇ ਫਿਰ ਢੋਲਕੀ ਦੀ ਥਾਪ 'ਤੇ ਬੋਲੀਆਂ ਪਾ ਕੇ ਧਰਤੀ ਅੰਬਰ ਨੂੰ ਹਿਲਾ ਦੇਣ ਦਾ ਦਮ ਭਰਿਆ ਜਾਂਦਾ ਹੈ। ਕੱਵਾਲੀ ਗਾਇਨ ਸ਼ੈਲੀ ਵਿਚ ਵੀ ਤਾੜੀ ਆਪਣੀ ਪ੍ਰਧਾਨਗੀ ਦੀ ਮੋਹਰ ਲਵਾਉਂਦੀ ਹੈ।

ਬੋਧੀ 'ਇੱਕ ਹੱਥ ਤਾੜੀ' ਅਤੇ 'ਦੋਹੱਥੀ' ਤਾੜੀਆਂ ਨੂੰ ਸਮਝਣ ਅਤੇ ਇਸ ਦਾ ਗਿਆਨ ਹਾਸਿਲ ਕਰਨ ਲਈ ਪੂਰੀ ਖੋਜ ਪ੍ਰਕ੍ਰਿਆ ਵਿਚੋਂ ਗੁਜ਼ਰਨਾ ਪੈਂਦਾ ਹੈ।

ਯੋਗ ਵਿਚ ਤਾੜੀ ਆਪਣੀ ਖਾਸ ਥਾਂ ਰੱਖਦੀ ਹੈ ਅਤੇ ਇੱਕ ਕਸਰਤ ਦੇ ਰੂਪ ਵਿਚ ਤਾੜੀ



ਵਜਾਉਣ ਦਾ ਨਿਰਦੇਸ਼ ਦਿੱਤਾ ਜਾਂਦਾ ਹੈ। ਇਹ 'ਤਣਾਅ' ਉਤੇ ਕਾਬੂ ਪਾਉਣ, ਚਮੜੀ ਰੋਗਾਂ ਦੀ ਰੋਕਥਾਮ 'ਚ ਸਹਾਇਕ ਹੋਣ ਦੇ ਨਾਲ-ਨਾਲ ਮਨ ਨੂੰ ਇਕਾਗਰਤਾ ਬਖਸ਼ਦੀ ਹੈ। ਦਸ ਮਿੰਟ ਰੋਜ਼ਾਨਾ ਤਾੜੀਆਂ ਵਜਾਉਣ ਨਾਲ ਨਾ ਸਿਰਫ ਜੋੜਾਂ ਦੇ ਦਰਦ ਤੋਂ ਰਾਹਤ ਮਿਲਦੀ ਹੈ, ਸਗੋਂ ਬਲੱਡ ਪ੍ਰੈਸ਼ਰ ਵੀ ਕੰਟਰੋਲ 'ਚ ਰਹਿੰਦਾ ਹੈ। ਐਕਿਊਪ੍ਰੈਸ਼ਰ ਅਨੁਸਾਰ ਜਿਨ-ਸ਼ਿਨ-ਡੂ ਅਤੇ ਸੂਜ਼ੋਕ ਸਿਸਟਮ ਤਹਿਤ ਮਨੁੱਖੀ ਹੱਥਾਂ ਵਿਚ ਸਾਰੀਆਂ ਬਿਮਾਰੀਆਂ ਦੇ ਇਲਾਜ ਦਾ ਭੇਤ ਲੁਕਿਆ ਹੋਇਆ ਹੈ, ਲੋੜ ਹੈ ਤਾਂ ਹੱਥਾਂ ਦੇ ਹਰ ਪੁਆਇੰਟ ਨੂੰ ਸਮਝਣ ਦੀ। ਕੁਝ ਹੋਰ ਨਹੀਂ ਤਾਂ ਨਿਰੰਤਰ ਤਾੜੀਆਂ ਵਜਾਉਣ ਦਾ ਅਭਿਆਸ ਕਰਨ ਨਾਲ ਹੀ ਹਥੇਲੀਆਂ ਦੇ ਸਾਰੇ ਪੁਆਇੰਟ ਹਰਕਤ ਵਿਚ ਆ ਜਾਂਦੇ ਹਨ, ਜੋ ਹਰ ਤਰ੍ਹਾਂ ਦੇ ਰੋਗ ਦੀ ਮੁਕਤੀ ਦਾ ਸਾਧਨ ਬਣਦੇ ਹਨ।

ਪ੍ਰਾਚੀਨ ਕਾਲ ਤੋਂ ਹੀ ਤਾੜੀਆਂ ਨਾਲ ਰੋਗ ਮੁਕਤ ਹੋਣ ਦੀ ਪ੍ਰਕ੍ਰਿਆ ਅਪਨਾਈ ਜਾਂਦੀ ਰਹੀ ਹੈ। ਸੰਗੀਤ ਨੂੰ ਆਤਮਿਕ ਸ਼ਾਂਤੀ ਦਾ ਸਾਧਨ ਮੰਨਿਆ ਜਾਂਦਾ ਰਿਹਾ ਹੈ। ਧਾਰਮਿਕ ਗੀਤ-ਸੰਗੀਤ ਨਾਲ ਤਾੜੀਆਂ ਦਾ ਮਹੱਤਵ ਵੀ ਇਸੇ ਕਾਰਨ ਹੀ ਜੁੜਿਆ, ਜੋ ਸਮੇਂ ਦੇ ਨਾਲ ਆਸਥਾ ਦਾ ਪ੍ਰਤੀਕ ਬਣ ਗਈਆਂ। ਧਾਰਮਿਕ ਸਮਾਗਮਾਂ ਦੌਰਾਨ ਮਾਰੀਆਂ ਜਾਣ ਵਾਲੀਆਂ ਤਾੜੀਆਂ ਦੀ ਗੂੰਜ ਪਵਿੱਤਰਤਾ ਦਾ ਰੂਪ ਅਖਤਿਆਰ ਕਰ ਗਈ। ਧਾਰਮਿਕ ਆਸਥਾ ਨਾਲ ਇਕ ਸੁਰ-ਤਾਲ ਹੋ ਕੇ ਮਸਤੀ 'ਚ ਮਾਰੀਆਂ ਜਾਣ ਵਾਲੀਆਂ ਤਾੜੀਆਂ ਮਨੁੱਖੀ ਮਨ-ਮਸਤਕ ਨੂੰ ਸ਼ਾਂਤੀ ਦਿੰਦੀਆਂ ਹਨ, ਜੋ ਆਤਮਿਕ ਸ਼ਾਂਤੀ ਅਤੇ ਤਾਜ਼ਗੀ ਬਖਸ਼ਦੀਆਂ ਹਨ।

ਅੰਤਰ-ਮਨ ਵਿਚ ਕਿਸੇ ਵਿਚਾਰ 'ਤੇ ਚੱਲਦੀ ਸਵੈ-ਪੜਚੋਲ ਦੇ ਨਤੀਜੇ 'ਤੇ ਪਹੁੰਚਦਿਆਂ ਹੀ ਖੁਸ਼ੀ ਨਾਲ ਵੱਜਣ ਵਾਲੀ ਤਾੜੀ ਆਪਣੀ ਜਿੱਤ ਦਾ ਪ੍ਰਤੀਕ ਬਣ ਜਾਂਦੀ ਹੈ। ਜ਼ਮਾਨੇ ਦੇ ਸਫਰ ਨਾਲ ਹਮਸਫਰ ਹੁੰਦੀ ਤਾੜੀ ਵੀ ਹਾਈਟੈਕ ਹੋ ਗਈ ਹੈ ਤੇ ਮਾਹਿਰਾਂ ਨੇ ਤਾੜੀ ਨੂੰ ਰਿਮੋਟ ਵਾਂਗ ਉਪਯੋਗ 'ਚ ਲਿਆ ਕੇ ਇਸ ਦੀ ਪਛਾਣ ਹਾਈਟੈਕ ਕਰ ਦਿੱਤੀ ਹੈ। ਵਿਸ਼ੇਸ਼ ਸੰਕੇਤਕ ਰੂਪ 'ਚ ਤਾੜੀ ਵਜਾਉਣ 'ਤੇ ਬਿਜਲੀ ਉਪਕਰਨ ਤਕ ਚੱਲ ਪੈਂਦੇ ਹਨ ਤੇ ਤਾੜੀ ਰਿਮੋਟ ਦਾ ਕੰਮ ਕਰਦੀ ਹੈ।

ਬੇਹੋਸ਼ੀ ਦੀ ਹਾਲਤ ਵਿਚ ਪਹੁੰਚੇ ਬੰਦੇ ਨੂੰ ਹੋਸ਼ ਵਿਚ ਲਿਆਉਣ ਲਈ ਸਭ ਤੋਂ ਪਹਿਲਾਂ ਉਸ ਦੇ ਕੰਨਾਂ ਲਾਗੇ ਤਾੜੀ ਵਜਾ ਕੇ ਹੋਸ਼ 'ਚ ਲਿਆਉਣ ਦਾ ਉਪਰਾਲਾ ਕੀਤਾ ਜਾਂਦਾ ਹੈ।

ਦੋ ਧਿਰਾਂ ਵਿਚ ਲੜਾਈ ਝਗੜਾ ਹੋ ਜਾਵੇ ਤਾਂ ਉਥੇ ਅਕਸਰ 'ਤਾੜੀ ਇੱਕ ਹੱਥ ਨਾਲ ਨਹੀਂ ਵੱਜਦੀ' ਅਖਾਣ ਵਰਤਦਿਆਂ ਮੁੱਦਾ ਉਭਾਰਿਆ ਜਾਂਦਾ ਹੈ। ਜੇ ਸੁਲ੍ਹਾ-ਸਫਾਈ ਕਰਵਾਉਣੀ ਹੋਵੇ ਤਾਂ ਵੀ ਵਿਰੋਧੀ ਧਿਰ ਵਲੋਂ ਹਾਮੀ ਭਰਨ ਤੋਂ ਪਹਿਲਾਂ ਇਸ ਮੁਹਾਵਰੇ ਦਾ ਰੂਪ ਬਦਲ ਕੇ ਵਰਤਦਿਆਂ ਆਪਣੀ ਗਰਦਨ ਅਕੜਾ ਕੇ ਰੱਖਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਆਪਸੀ ਸੁਲ੍ਹਾ ਹੋ ਜਾਣ 'ਤੇ ਤਾੜੀਆਂ ਦੀ ਗੂੰਜ ਵਿਚ ਗਲਵੱਕੜੀ ਪੁਆ ਦਿੱਤੀ ਜਾਂਦੀ ਹੈ ਤੇ ਤਾੜੀ ਆਪਸੀ ਸਾਂਝ ਦੀ ਸੂਚਕ ਹੋ ਜਾਂਦੀ ਹੈ।

ਰੋਂਦੇ ਬੱਚੇ ਨੂੰ ਚੁੱਪ ਕਰਵਾਉਣ ਲਈ ਤਾੜੀ ਮਾਰ ਕੇ ਲੋਰੀ ਗਾਈ ਜਾਂਦੀ ਹੈ ਤਾਂ ਮਨੁੱਖੀ ਜੀਵਨ ਵਿਚ ਤਾੜੀਆਂ ਦੀ ਗੂੰਜ ਆਪਣਾ ਪਹਿਲਾ ਪ੍ਰਵੇਸ਼ ਕਰਦੀ ਹੈ। ਜਦੋਂ ਮੌਤ ਦੇ ਸਮੇਂ ਅੱਖਾਂ ਦੀ ਨਜ਼ਰ ਇੱਕ ਥਾਂ 'ਤੇ ਇੱਕ ਟੱਕ ਠਹਿਰ ਜਾਂਦੀ ਹੈ ਤਾਂ ਉਸ ਨੂੰ 'ਤਾੜੀ ਲੱਗਣੀ' ਕਿਹਾ ਜਾਂਦਾ ਹੈ।

ਇਸ ਵਿਚ ਕੋਈ ਦੋ ਰਾਇ ਨਹੀਂ ਕਿ ਤਾੜੀ ਇੱਕ ਹੱਥ ਨਾਲ ਨਹੀਂ ਵੱਜਦੀ, ਪਰ ਲੜਾਈ-ਝਗੜੇ ਨੂੰ ਮਿਟਾ ਕੇ ਪਰਿਵਾਰਕ ਇਕਸੁਰਤਾ ਦੀ ਤਾੜੀ ਵਜਾਈ ਜਾਵੇ ਤਾਂ ਪਰਿਵਾਰਕ ਜ਼ਿੰਦਗੀ ਖੁਸ਼ਹਾਲ ਹੋ ਜਾਂਦੀ ਹੈ। ਸਮਾਜ ਵਿਚ ਵਿਚਰਦਿਆਂ ਇੱਕ-ਦੂਜੇ ਦੀਆਂ ਭਾਵਨਾਵਾਂ ਦਾ ਸਨਮਾਨ ਕਰਦੇ ਹੋਏ ਇੱਕ ਤਾਲ ਵਿਚ ਤਾੜੀ ਮਿਲਾਈ ਜਾਵੇ ਤਾਂ ਸਮਾਜਕ ਇਕਸੁਰਤਾ ਸਥਾਪਿਤ ਹੋ ਸਕਦੀ ਹੈ। ਸਿਆਸੀ ਦਲ ਆਪੋ-ਆਪਣੀ ਤਾੜੀ ਮਾਰਨੀ ਛੱਡ ਕੇ ਦੇਸ਼ ਹਿੱਤ ਲਈ ਹੱਥ ਨਾਲ ਹੱਥ ਜੋੜ ਕੇ ਤਾੜੀ ਵਜਾਉਣ ਦੀ ਪਹਿਲਕਦਮੀ ਕਰ ਦਿਖਾਉਣ ਤਾਂ ਵੱਡੇ ਤੋਂ ਵੱਡੇ ਮਸਲੇ ਹੱਲ ਹੋ ਸਕਦੇ ਹਨ। ਸੰਸਾਰ ਪੱਧਰ ਦੀਆਂ ਸਮੱਸਿਆਵਾਂ ਸੁਲਝਾਉਣ ਲਈ ਆਪਸੀ ਵਿਚਾਰ-ਵਟਾਂਦਰੇ ਦੀ ਰਣਨੀਤੀ ਅਪਨਾ ਕੇ ਮੁੱਦੇ ਸੁਲਝਾਉਣ ਦਾ ਰਾਹ ਅਪਨਾ ਲਿਆ ਜਾਵੇ ਤਾਂ ਗੋਲੀ-ਬਾਰੂਦ ਦੀਆਂ ਅਵਾਜ਼ਾਂ ਦੀ ਹੋਂਦ ਮਿਟ ਸਕਦੀ ਹੈ ਤੇ ਸੰਸਾਰਕ ਇਕਸੁਰਤਾ ਦੀ ਤਾਲ ਦੀ ਤਾੜੀ ਪੂਰੇ ਆਲਮ 'ਚ ਗੂੰਜਾਈ ਜਾ ਸਕਦੀ ਹੈ। ਕੌਣ ਕਹਿੰਦਾ ਹੈ ਕਿ ਤਾੜੀ ਮਾਮੂਲੀ ਜਿਹੀ ਚੀਜ਼ ਹੈ? ਤਾਂ ਫਿਰ ਕਿਉਂ ਨਾ ਦੋਹੀਂ ਹੱਥੀਂ ਮਿਲਾਪ ਦੀ ਤਾੜੀ ਵਜਾਉਣ ਦੀ ਪਹਿਲਕਦਮੀ ਕੀਤੀ ਜਾਵੇ। ਗੋਲੀ-ਬਾਰੂਦ ਦੀ ਨੋਕ 'ਤੇ ਦਹਿਸ਼ਤ ਦੇ ਸਾਏ ਹੇਠ ਨਿਰੰਤਰ ਦਬ ਰਹੀ ਮਨੁੱਖਤਾ ਤਾੜੀਆਂ ਦੀ ਭਾਸ਼ਾ ਸਮਝ ਜਾਵੇ ਤਾਂ ਪੂਰੀ ਦੁਨੀਆਂ 'ਚੋਂ ਤਾੜੀਆਂ ਦੀ ਇਕਸੁਰਤਾ ਦੀ ਅਵਾਜ਼ ਗੂੰਜ ਸਕਦੀ ਹੈ। ਲੋੜ ਹੈ ਤਾਂ ਬਸ ਤਾੜੀਆਂ ਦੇ ਮਹੱਤਵ ਨੂੰ ਸਮਝਣ ਦੀ।

# ਧਰਤੀ ਦੀ ਖੋਜ

ਇੱਕ ਵੀਰਾਨ ਗ੍ਰਹਿ। ਦੂਰ ਦੂਰ ਤੱਕ ਜੀਵਨ ਦਾ ਕੋਈ ਚਿਨ੍ਹ ਨਹੀਂ। ਉਪਰ ਪੀਲੇ ਜਿਹੇ ਰੰਗ ਦਾ ਆਸਮਾਨ, ਥੱਲੇ ਕਾਲੀ ਪੈ ਗਈ ਜਮੀਨ। ਨਾ ਹਵਾ, ਨਾ ਪਾਣੀ ਅਤੇ ਨਾ ਕੋਈ ਦਰਖਤ-ਉਜਾੜ ਵਿਚ ਮੌਤ ਜਿਹਾ ਸੱਨਾਟਾ ਪਸਰਿਆ ਪਿਆ ਹੈ। ਆਕਾਸ਼ 'ਚ ਕੋਈ ਧੱਬਾ ਜਿਹਾ ਨਜ਼ਰ ਆ ਰਿਹਾ ਹੈ, ਜੋ ਹੌਲੀ ਹੌਲੀ ਵੱਡਾ ਆਕਾਰ ਲੈਂਦਾ ਜਾ ਰਿਹਾ ਹੈ। ਕੁਝ ਘੰਟਿਆਂ ਪਿਛੋਂ ਇਹ ਧੱਬਾ ਕੋਈ ਪੁਲਾੜੀ

**ਹਰਜੀਤ ਦਿਓਲ, ਬਰੈਂਪਟਨ**
**ਫੋਨ: 905-676-9242**

ਯਾਨ ਦੀ ਸ਼ਕਲ ਅਖਤਿਆਰ ਕਰ ਲੈਂਦਾ ਹੈ, ਤੇ ਕੁਝ ਹੋਰ ਘੰਟਿਆਂ ਪਿਛੋਂ ਇਹ ਵੱਡੇ ਆਕਾਰ ਦਾ ਗੋਲਾ ਬੇ-ਅਵਾਜ਼ ਜਮੀਨ 'ਤੇ ਆ ਟਿਕਦਾ ਹੈ। ਕੁਝ ਕੁ ਮਿੰਟਾਂ ਪਿਛੋਂ ਇਸ ਦੇ ਇੱਕ ਪਾਸਿਓਂ ਕੋਈ ਪੌੜੀ ਜਿਹੀ ਨਿਕਲਦੀ ਹੈ, ਤੇ ਦੇਖਦਿਆਂ ਹੀ ਇੱਕ ਇੱਕ ਕਰਕੇ ਦੋ ਜੀਵ ਪੌੜੀ ਰਾਹੀਂ ਜਮੀਨ 'ਤੇ ਉਤਰ ਆਉਂਦੇ ਹਨ। ਇਨ੍ਹਾਂ ਕੋਈ ਵਾਤਾਵਰਣ ਰੱਖਿਅਕ ਪੋਸ਼ਾਕਾਂ ਪਾਈਆਂ ਹੋਈਆਂ ਹਨ, ਤੇ ਇਹ ਕਦੇ ਇਸ ਧਰਤੀ 'ਤੇ ਰਾਜ ਕਰਦੇ ਮਨੁੱਖ ਜਾਪਦੇ ਹਨ।

ਔਰਤ ਅਤੇ ਮਰਦ ਹਨ ਸ਼ਾਇਦ। ਮਰਦ ਇਸ ਗ੍ਰਹਿ 'ਤੇ ਪਹਿਲਾਂ ਵੀ ਗੇੜਾ ਲਾ ਚੁਕਾ ਹੈ, ਪਰ ਔਰਤ ਪਹਿਲੀ ਵਾਰ ਆਈ ਹੈ। ਜਿਸ ਗ੍ਰਹਿ ਤੋਂ ਇਹ ਆਏ ਹਨ, ਮਰਦ ਉਥੋਂ ਦਾ ਵੱਡਾ ਵਿਗਿਆਨੀ ਹੈ ਤੇ ਇਸ ਵੀਰਾਨ ਪਏ ਗ੍ਰਹਿ ਬਾਰੇ ਕਾਫੀ ਕੁਝ ਜਾਣਦਾ ਹੈ। ਅਸਚਰਜ ਨਾਲ ਭਰੀ ਆਪਣੀ ਸਾਥਣ ਨੂੰ ਉਹ ਦੱਸਦਾ ਹੈ, "ਇਸ ਗ੍ਰਹਿ ਦਾ ਨਾਂ ਧਰਤੀ ਹੁੰਦਾ ਸੀ। ਜਿਵੇਂ ਕਿ ਸਾਡੇ ਪੁਰਖਿਆਂ ਦੱਸਿਆ, ਉਹ ਇੱਥੋਂ ਹੀ ਆਪਣੀ ਨਸਲ ਬਚਾ ਕੇ ਸਾਡੇ ਮੌਜੂਦਾ ਗ੍ਰਹਿ 'ਤੇ ਪੁੱਜੇ ਸਨ। ਧਰਤੀ ਦੇ ਅੰਤ ਬਾਰੇ ਅਸੀਂ ਉਨ੍ਹਾਂ ਤੋਂ ਹੀ ਜਾਣਿਆ। ਅਹੁ ਦੇਖ! ਕਿਸੇ ਵੱਡੀ ਬਿਲਡਿੰਗ ਦਾ ਢਾਂਚਾ ਕਿਵੇਂ ਪਹਾੜ ਜਿਹਾ ਜਾਪਦਾ ਹੈ। ਬਹੁਤ ਤਰੱਕੀ ਕਰ ਗਏ ਸਨ, ਇੱਥੋਂ ਦੇ ਬਾਸ਼ਿੰਦੇ। ਅੰਤ ਸਾਰੀ ਖੇਡ ਇਨ੍ਹਾਂ ਆਪ ਹੀ ਵਿਗਾੜ ਲਈ ਤੇ ਜੇ ਸਮਾਂ ਰਹਿੰਦੇ ਉਹ ਇੱਥੋਂ ਨਾ ਨਿਕਲਦੇ, ਸਾਡਾ ਤਾਂ ਵਜੂਦ ਹੀ ਨਹੀਂ ਸੀ ਹੋਣਾ। ਸਟੀਫਨ ਹਾਕਿੰਗ! ਹਾਂ ਇਹੀ ਨਾਂ ਸੀ ਉਸ ਦਾ। ਉਸ ਦੀ ਤਸਵੀਰ ਤਾਂ ਤੂੰ ਦੇਖੀ ਹੋਣੀ ਐ ਸਾਡੇ ਮਿਊਜ਼ੀਅਮ ਵਿਚ। ਕੁਦਰਤ ਵੱਲੋਂ ਲਾਚਾਰ, ਪਰ ਪ੍ਰਤਿਭਾ ਦਾ ਧਨੀ। ਉਸ ਦੀ ਹੀ ਭਵਿਖਵਾਣੀ 'ਤੇ ਅਮਲ ਕਰਕੇ ਸਾਡੇ ਪੁਰਖੇ ਇੱਥੋਂ ਨਿਕਲਣ ਬਾਰੇ ਸੋਚ ਸਕੇ।"

ਔਰਤ ਉਜਾੜ ਪਏ ਦ੍ਰਿਸ਼ਾਂ ਨੂੰ ਹੈਰਾਨੀ ਨਾਲ ਦੇਖ ਰਹੀ ਸੀ। ਖੰਡਰ ਕਦੇ ਘੁੱਗ ਵਸਦੇ ਗ੍ਰਹਿ ਦੀ ਗਵਾਹੀ ਭਰ ਰਹੇ ਸਨ, ਪਰ ਆਖਰ ਹੋਇਆ ਕੀ? ਕਿਵੇਂ ਹੋਈ ਭਿਅਨਕ ਬਰਬਾਦੀ? ਉਸ ਦੀ ਸੋਚ ਉਸ ਨੂੰ ਪ੍ਰੇਸ਼ਾਨ ਕਰ ਰਹੀ ਸੀ, ਪਰ ਉਸ ਦਾ ਸਾਥੀ ਸਭ ਭੇਤ ਜਾਣਦਾ ਸੀ, ਕਿਉਂਕਿ ਉਹ ਇੱਥੇ ਪਹਿਲਾਂ ਵੀ ਆ ਚੁਕਾ ਸੀ ਤੇ ਖੋਜਾਂ ਰਾਹੀਂ ਬਹੁਤ ਸਾਰੇ ਸਵਾਲਾਂ ਦੇ ਜਵਾਬ ਦੇ ਸਕਦਾ ਸੀ। ਉਸ ਸਾਥਣ ਨੂੰ ਦੱਸਿਆ, "ਇਥੋਂ ਦੇ ਵਾਸੀਆਂ ਵਿਗਿਆਨ 'ਚ ਬਹੁਤ ਤਰੱਕੀ ਕਰ ਲਈ ਸੀ। ਰਹਿਣ ਲਈ ਆਲੀਸ਼ਾਨ ਤੇ ਸਭ ਸਹੂਲਤਾਂ ਨਾਲ ਲੈਸ ਆਸ਼ਿਆਨੇ ਬਣਾ ਲਏ ਸਨ, ਸਫਰ ਲਈ ਬਹੁਤ ਤੇਜ ਗਤੀ ਨਾਲ ਚੱਲਣ ਵਾਲੇ ਯਾਨ, ਨਾਲ ਹੀ ਹੈਰਾਨੀਜਨਕ ਸੰਚਾਰ ਵਿਵਸਥਾ। ਬੜੀਆਂ ਸੁਖ ਸੁਵਿਧਾਵਾਂ ਹਾਸਲ ਕਰ ਲਈਆਂ ਸਨ ਇਸ ਤੇਜ ਦਿਮਾਗ ਮਨੁੱਖ ਨੇ, ਪਰ ਬਹੁਤਾ ਚਿਰ ਇਨ੍ਹਾਂ ਨੂੰ ਮਾਣ ਨਹੀਂ ਸਕਿਆ। ਬਰਬਾਦੀ ਤੋਂ ਨਹੀਂ ਬਚ ਸਕਿਆ ਬੇਚਾਰਾ।"

ਬਰਬਾਦੀ ਬਾਰੇ ਜਾਣਨ ਲਈ ਬਹੁਤ ਉਤਸਕ ਸੀ ਉਸ ਦੀ ਸਾਥਣ, ਸੋ ਮਰਦ ਨੇ ਖੁਲਾਸਾ ਕੀਤਾ, "ਇਨ੍ਹਾਂ ਬਦਨਸੀਬਾਂ ਨੇ ਪ੍ਰਮਾਣੂ ਬੰਬ ਵੀ ਤਿਆਰ ਕਰ ਲਏ ਸਨ, ਜੋ ਕੁਝ ਸਮੇਂ ਵਿਚ ਹੀ ਇਸ ਖੂਬਸੂਰਤ ਧਰਤੀ ਨੂੰ ਖੰਡਰਾਂ ਵਿਚ ਤਬਦੀਲ ਕਰਨ ਦੀ ਸਮਰੱਥਾ ਰੱਖਦੇ ਸਨ। ਆਪਸ ਵਿਚ ਲੜਾਈਆਂ ਕਰਦੇ ਇਹ ਆਪਣੀ ਹਉਮੈ ਨੂੰ ਕਾਬੂ ਨਾ ਰੱਖ ਸਕੇ, ਤੇ ਨਤੀਜਾ ਤੂੰ ਦੇਖ ਹੀ ਰਹੀ ਹੈਂ।"

ਔਰਤ ਨੇ ਪੁਛਿਆ, "ਐਨੇ ਵਿਕਸਿਤ ਦਿਮਾਗ ਆਪਣੀ ਬਰਬਾਦੀ ਬਾਰੇ ਜਾਗਰੂਕ ਕਿਉਂ ਨਾ ਹੋਏ?"

ਮਰਦ ਨੇ ਦੱਸਿਆ, "ਜਾਗਰੂਕ ਸਨ ਭਾਗਵਾਨੇ, ਪਰ ਇੱਕ ਹੋਰ ਲਾਇਲਾਜ ਬੀਮਾਰੀ ਦਾ ਸ਼ਿਕਾਰ ਸਨ ਇਹ ਲੋਕ, ਤੇ ਉਹ ਸੀ ਰੱਬ ਤੇ ਉਸ ਦਾ ਭਾਈਵਾਲ ਧਰਮ। ਕਹਿੰਦੇ ਸੀ, ਪਈ ਰੱਬ ਇੱਕ ਹੈ, ਪਰ ਉਸ ਦੇ ਜੋਟੀਦਾਰ ਧਰਮ ਤਾਂ ਵੱਖਰੇ ਸਨ। ਹਰ ਧਰਮ ਆਪਣੇ ਆਪ ਨੂੰ ਦੂਜੇ ਤੋਂ ਸ੍ਰੇਸ਼ਠ ਸਾਬਤ ਕਰਨ ਲਈ ਜੂਝਣ ਲੱਗਾ। ਧਰਮਾਂ ਦੀ ਆਪਸ 'ਚ ਖਹਿਬਾਜੀ ਇਨ੍ਹਾਂ ਨੂੰ ਲੈ ਬੈਠੀ। ਮਨੁੱਖਤਾ ਦੇ ਭਲੇ ਲਈ ਬਣੇ ਧਰਮਾਂ ਨੂੰ ਜਨੂਨੀਆਂ ਨੇ ਪੁੱਠਾ ਗੇੜ ਦੇ ਦਿੱਤਾ ਅਤੇ ਧਰਮ ਪਿੱਛੇ ਇੱਕ ਦੂਜੇ ਦੀ ਜਾਨ ਲੈਣਾ ਇਨ੍ਹਾਂ ਦਾ ਮਨ ਭਾਉਂਦਾ ਸ਼ੁਗਲ ਬਣ ਗਿਆ। ਸਿਆਣੇ ਸਿਆਸਤਦਾਨਾਂ ਨੇ ਵਿਨਾਸ਼ਕਾਰੀ ਪ੍ਰਮਾਣੂ ਬੰਬ ਵਰਤਣੋਂ ਤਾਂ ਗੁਰੇਜ ਕੀਤਾ, ਪਰ ਮਨੁੱਖ ਦੀ ਮਾੜੀ ਕਿਸਮਤ ਨੂੰ ਇਹ ਬੰਬ ਧਰਮੀ ਜਨੂਨੀਆਂ ਹੱਥ ਆ ਗਏ। ਫਿਰ ਓਹ ਹੋਇਆ, ਜਿਸ ਬਾਰੇ ਸੋਚ ਕੇ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ। ਰੱਬ, ਜਿਸ ਦਾ ਕੋਈ ਵਜੂਦ ਹੀ ਨਹੀਂ ਸੀ, ਸਰਵਨਾਸ਼ ਦਾ ਕਾਰਨ ਬਣਿਆ, ਤੇ ਆਪੋ ਆਪਣੇ ਧਰਮ ਦੀ ਰੱਖਿਆ ਕਰਦੇ ਇਹ ਸੋਹਣੀ ਧਰਤੀ ਨੂੰ ਖੰਡਰ ਬਣਾ ਗਏ।"

ਵਾਪਸੀ ਸਫਰ ਵੇਲੇ ਔਰਤ ਨੇ ਆਪਣੇ ਸਾਥੀ ਨੂੰ ਕਿਹਾ, "ਗਨੀਮਤ ਹੈ, ਸਾਡੇ ਗ੍ਰਹਿ ਨੂੰ ਹਾਲੇ ਰੱਬ ਅਤੇ ਧਰਮ ਦੀ ਲਾਗ ਨਹੀਂ ਲੱਗੀ।" ਮਰਦ ਨੇ ਡੂੰਘਾ ਸਾਹ ਲੈ ਕੇ ਕਿਹਾ, "ਰੱਬ ਕਰੇ ਨਾ ਹੀ ਲੱਗੇ!" ਤੇ ਉਹ ਜੋਰ ਦੀ ਹੱਸ ਪਿਆ।

# ਸ਼ੁਭ ਸੌਗਾਤ ਜਿਹੀ ਪੁਸਤਕ 'ਪੰਜਾਬੀ ਲੋਕਧਾਰਾ ਦੇ ਵਿਸਰਦੇ ਵਰਤਾਰੇ'

ਆਧੁਨਿਕਤਾ, ਅਖੌਤੀ ਆਧੁਨਿਕਤਾ, ਤਕਨੀਕੀ ਕ੍ਰਾਂਤੀ ਜਾਂ ਮਸ਼ੀਨੀਕਰਨ ਦੀ ਬੇਰੋਕ ਹਨੇਰੀ ਅਤੇ ਵਹਿਸ਼ੀ ਝੱਖੜ ਦੇ ਇਸ ਬੇਲਗਾਮ ਦੌਰ ਵਿਚ ਲੋਕਧਾਰਾ ਜਿਹੇ ਸੂਖਮ, ਸੰਵੇਦਨਸ਼ੀਲ ਤੇ ਨਾਜ਼ੁਕ-ਮਿਜਾਜ਼ ਸ਼ਬਦ ਸਹਿਮੇ-ਸਹਿਮੇ ਪ੍ਰਤੀਤ ਹੁੰਦੇ ਹਨ। ਇਹ ਸ਼ਬਦ ਆਪਣੀ ਮਿਟ ਰਹੀ ਹੋਂਦ ਬਾਰੇ ਚਿੰਤਿਤ ਜਾਪਦੇ ਹਨ। ਅਖੌਤੀ ਆਧੁਨਿਕਤਾ ਦੇ ਪਾਗਲਪਨ/ਜਨੂਨ ਵਿਚ ਇਨ੍ਹਾਂ ਦਾ ਵਜੂਦ ਸਿਮਟਦਾ-ਸਹਿਕਦਾ ਦਿਸਦਾ ਹੈ, ਪਰ ਇਨ੍ਹਾਂ ਦਾ ਫਿਕਰ ਕਰਨ ਵਾਲੇ ਵਿਦਵਾਨ ਤੇ ਲੇਖਕ ਵੀ ਮੌਜੂਦ ਹਨ।

ਪੰਜਾਬੀ ਲੋਕਧਾਰਾ ਦੇ ਖੇਤਰ ਵਿਚ ਡਾ. ਪ੍ਰਿਤਪਾਲ ਸਿੰਘ ਮਹਿਰੋਕ ਜਾਣੀ-ਪਛਾਣੀ ਹਸਤੀ

## ਪੁਸਤਕ ਪੜਚੋਲ

ਡਾ. ਹਰਚਰਨ*
ਫੋਨ: +91-98145-61386

ਹੈ। ਇਹ ਸੰਵੇਦਨਸ਼ੀਲ ਲੇਖਕ ਪੰਜਾਬੀ ਸਾਹਿਤ, ਭਾਸ਼ਾ, ਸਭਿਆਚਾਰ ਆਦਿ ਦੀ ਸੇਵਾ ਤੇ ਹਿਫਾਜ਼ਤ ਲਈ ਦ੍ਰਿੜ੍ਹ ਸੰਕਲਪ ਹੈ ਅਤੇ ਸਾਹਿਤ ਤੇ ਲੋਕਧਾਰਾ ਨਾਲ ਬੜਾ ਨੇੜਿਓਂ ਜੁੜਿਆ ਹੋਇਆ, ਨਿੱਠ ਕੇ ਕੰਮ ਕਰਨ ਵਾਲਾ ਕਰਮਯੋਗੀ ਹੈ। ਉਹ ਪਾਰਖੂ ਨੀਝ, ਗਹਿਰੀ, ਤੀਬਰ ਤੇ ਤੀਖਣ ਸੂਝ-ਬੂਝ ਦਾ ਮਾਲਕ ਕਲਮਕਾਰ ਹੈ, ਜਿਸ ਵੱਲ ਪੰਜਾਬੀ ਪਾਠਕਾਂ ਦਾ ਧਿਆਨ ਸੁਤੇ-ਸਿੱਧ ਹੀ ਖਿੱਚਿਆ ਜਾਂਦਾ ਹੈ।

ਸਾਹਿਤ, ਕਲਾ, ਸਭਿਆਚਾਰ ਤੇ ਸਾਹਿਤ ਸਮੀਖਿਆ ਜਿਹੇ ਵੱਖ ਵੱਖ ਖੇਤਰਾਂ ਦੀ ਗਹਿਰ-ਗੰਭੀਰ ਸ਼ਖਸੀਅਤ ਡਾ. ਮਹਿਰੋਕ ਦਾ ਅਧਿਐਨ-ਅਧਿਆਪਨ, ਸਿਰਜਣਾਤਮਕ ਕਾਰਜ, ਸਾਹਿਤ ਸਮਾਲੋਚਨਾ ਦੇ ਕਾਰਜ, ਖੋਜ ਕਾਰਜ, ਲੋਕਧਾਰਾ ਨਾਲ ਜੁੜੇ ਵੱਖ ਵੱਖ ਸਰੋਕਾਰਾਂ ਆਦਿ ਬਾਰੇ ਲਿਖਣ ਕਾਰਜ ਨਾਲ ਨਿਰੰਤਰ ਜੁੜੇ ਰਹਿਣਾ ਕਿਸੇ ਮੁਜੱਸਮੇ ਤੋਂ ਘੱਟ ਨਹੀਂ ਜਾਪਦਾ।

ਡਾ. ਮਹਿਰੋਕ ਜਿਥੇ ਸਾਹਿਤ ਸਮੀਖਿਆ ਦੇ ਖੇਤਰ ਵਿਚ ਆਪਣੀ ਜ਼ਿਕਰਯੋਗ ਪਛਾਣ ਰੱਖਦੇ ਹਨ, ਉਥੇ ਪੰਜਾਬੀ ਲੋਕਧਾਰਾ 'ਤੇ ਕੰਮ ਕਰਦਿਆਂ ਵੀ ਆਪਣੀਆਂ ਅਮਿੱਟ ਪੈੜਾਂ ਛੱਡਣ ਵਿਚ ਸਰਗਰਮ ਭੂਮਿਕਾ ਨਿਭਾਉਂਦੇ ਹਨ। ਸਾਹਿਤ ਆਲੋਚਨਾ ਦੇ ਖੇਤਰ ਵਿਚ 'ਪੰਜਾਬੀ ਕਹਾਣੀ: ਵਿਚਾਰਧਾਰਕ ਪਰਿਪੇਖ', 'ਪੰਜਾਬੀ ਸਾਹਿਤ: ਸਮੀਖਿਆ ਚੇਤਨਾ', 'ਪੰਜਾਬੀ ਵਿਚ ਮਿਰਜ਼ਾ-ਸਾਹਿਬਾਂ ਦੇ ਕਿੱਸੇ' ਉਨ੍ਹਾਂ ਦੀ ਡੂੰਘੀ ਨਿਰਖ-ਪਰਖ ਦੀ ਚਰਚਾ ਛੇੜਦੇ ਹਨ। ਉਨ੍ਹਾਂ ਦੀ ਪੁਸਤਕ 'ਦਿਨ ਚੜ੍ਹਦੇ ਦੀ ਲਾਲੀ' ਪੰਜਾਬੀ ਲੋਕਧਾਰਾ ਦੇ ਪਿੜ ਵਿਚ ਖੂਬ ਚਰਚਾ ਦਾ ਵਿਸ਼ਾ ਰਹੀ ਹੈ, ਜਿਸ ਨੇ ਲੋਕ ਮਨਾਂ 'ਤੇ ਡੂੰਘੀ ਛਾਪ ਛੱਡੀ ਹੈ। ਇਸੇ ਸਿਲਸਿਲੇ ਨੂੰ ਅੱਗੇ ਤੋਰਦਿਆਂ ਉਨ੍ਹਾਂ ਦੀ ਹਥਲੀ ਕਿਤਾਬ 'ਪੰਜਾਬੀ ਲੋਕਧਾਰਾ ਦੇ ਵਿਸਰਦੇ ਵਰਤਾਰੇ' ਪੰਜਾਬੀ ਲੋਕਧਾਰਾ ਦੇ ਖੇਤਰ ਵਿਚ ਆਪਣੀ ਕਿਸਮ ਦੀ ਅਦੁੱਤੀ ਤੇ ਸ਼ੁਭ ਸੌਗਾਤ ਬਣ ਕੇ ਪ੍ਰਗਟ ਹੁੰਦੀ ਹੈ।

ਇਹ ਪੁਸਤਕ ਲੋਕਧਾਰਾ ਵਿਗਿਆਨ ਦੇ ਵਿਸ਼ੇ 'ਤੇ ਡਾ. ਮਹਿਰੋਕ ਦੀ ਡੂੰਘੀ ਪਕੜ ਦਾ ਅਹਿਸਾਸ ਕਰਵਾਉਂਦੀ ਹੈ। ਬਿਆਨ ਵਿਚਲੀ ਰਵਾਨੀ, ਤੱਥਾਂ ਦੇ ਪ੍ਰਗਟਾਵੇ ਵਿਚਲੀ ਸਹਿਜ ਸੁਭਾਵਿਕਤਾ ਲੋਕਧਾਰਾਈ ਮੁਹਾਵਰੇ ਜਿਹੀ ਹੀ ਹੈ। ਪੁਸਤਕ ਦਾ ਅਧਿਐਨ ਕਰਦਾ ਪਾਠਕ ਵਿਸਰਦੇ ਜਾ ਰਹੇ ਬੇਸ਼ਕੀਮਤੀ ਵਿਰਸੇ ਦੇ ਵਰਤਾਰਿਆਂ ਦੇ ਮਹੱਤਵ ਤੋਂ ਜਾਣੂੰ ਵੀ ਹੁੰਦਾ ਜਾਂਦਾ ਹੈ ਤੇ ਉਨ੍ਹਾਂ ਨੂੰ ਧੁਰ ਅੰਦਰ ਤੱਕ ਸਮਾਉਂਦਾ ਵੀ ਜਾਂਦਾ ਹੈ।

ਹਥਲੀ ਪੁਸਤਕ ਬਾਰੇ ਬੁਨਿਆਦੀ ਜਾਣਕਾਰੀ ਦੀ ਅਮਿੱਟ ਸਾਂਝ ਪਾਉਣ ਲਈ ਜਿਥੇ ਡਾ. ਮਹਿਰੋਕ ਨੇ 'ਸਮੇਂ ਦਾ ਗੇੜ ਤੇ ਸਭਿਆਚਾਰਕ ਵਰਤਾਰੇ' ਦੇ ਰੂਪ ਵਿਚ ਭੂਮਿਕਾਨੁਮਾ ਕਾਂਡ ਵਿਚ ਵਿਸ਼ੇ 'ਤੇ ਆਪਣੀ ਡੂੰਘੀ ਪਕੜ ਤੇ ਸਾਂਝ ਦਾ ਬੋਧ ਕਰਵਾਉਣ ਦਾ ਸਫਲ ਉਪਰਾਲਾ ਕੀਤਾ ਹੈ, ਉਥੇ ਇਸ ਵਿਸ਼ਾਲ ਸਾਗਰ ਦੀ ਗਹਿਰਾਈ ਦਾ ਅਹਿਸਾਸ ਵੀ ਕਰਵਾਇਆ ਹੈ। ਡਾ. ਮਹਿਰੋਕ ਲੋਕਧਾਰਾਈ ਵਿਰਾਸਤ ਦੇ ਵਿਸਰਦੇ ਵਰਤਾਰਿਆਂ ਦੀ ਗਾਥਾ ਦੀਆਂ ਪਰਤਾਂ ਫਰੋਲਦਿਆਂ ਇਸ ਵਰਤਾਰੇ ਨੂੰ ਸੁਭਾਵਿਕ ਗੇੜ ਦਰਸਾਉਂਦੇ ਹਨ। ਤਕਨੀਕੀ ਤਰੱਕੀ, ਮਸ਼ੀਨੀਕਰਨ, ਜੀਵਨ ਦੀਆਂ ਅਨੇਕ ਸੁਖ-ਸਹੂਲਤਾਂ, ਮਨੁੱਖ ਦਾ ਚਕਾਚੌਂਧ ਵਾਲੀ ਜ਼ਿੰਦਗੀ ਵਿਚ ਯਕੀਨ, ਜੀਵਨ ਦੀ ਕਾਹਲ ਅਤੇ ਰੁਝੇਵਿਆਂ ਨਾਲ ਅੱਟੀ ਜ਼ਿੰਦਗੀ ਵੱਲ ਵੀ ਉਹ ਸੰਕੇਤ ਕਰਦੇ ਚਲੇ ਜਾਂਦੇ ਹਨ। ਪੁਸਤਕ ਦੀ ਭੂਮਿਕਾ ਇਸ ਨੂੰ ਮਜ਼ਬੂਤ ਆਧਾਰ ਦਿੰਦੀ ਹੈ।

ਲੇਖਕ ਪੁਸਤਕ ਨੂੰ ਪੰਜ ਭਾਗਾਂ ਵਿਚ ਵੰਡਦਾ ਹੈ। ਉਹ ਵਿਸਰਦੇ ਜਾ ਰਹੇ ਵਰਤਾਰਿਆਂ ਦੇ ਨਕਸ਼ ਤਰਾਸ਼ਣ ਵਿਚ ਬਾਰੀਕੀ ਤੋਂ ਕੰਮ ਲੈਂਦਾ ਹੈ। ਮੁੱਠੀ ਵਿਚੋਂ ਰੇਤ ਕਿਰਦੀ ਜਾਣ ਵਾਂਗ ਸਮੇਂ ਨਾਲ ਵਿਸਰਦੇ ਜਾਂਦੇ ਵਰਤਾਰਿਆਂ ਪ੍ਰਤੀ ਆਪਣੀ ਚਿੰਤਾ ਦਾ ਪ੍ਰਗਟਾਵਾ ਵੀ ਲੇਖਕ ਬਾਖੂਬੀ ਕਰਦਾ ਜਾਂਦਾ ਹੈ।

'ਲੋਕਧਾਰਾ ਦਾ ਸ਼ਾਬਦਿਕ ਅਜਾਇਬ ਘਰ' ਸਿਰਲੇਖ ਅਧੀਨ ਪੁਸਤਕ ਨਾਲ ਸਾਂਝ ਪੁਆਉਂਦਿਆਂ ਕਲਾ ਤੇ ਸਾਹਿਤ ਦੇ ਪਾਰਖੂ ਅਤੇ ਇਨ੍ਹਾਂ ਖੇਤਰਾਂ ਦੇ ਨਾਮਵਰ ਹਸਤਾਖਰ ਡਾ. ਲਖਵਿੰਦਰ ਸਿੰਘ ਜੌਹਲ ਨੇ ਆਪਣੀ ਭੂਮਿਕਾ ਰਾਹੀਂ ਪੁਸਤਕ ਦੀ ਸੱਭਿਆਚਾਰਕ ਅਹਿਮੀਅਤ ਨੂੰ ਸਪਸ਼ਟ ਕਰ ਦਿੱਤਾ ਹੈ ਤੇ ਇਸ ਕਿਤਾਬ ਨੂੰ ਮਨ ਨੂੰ ਸਕੂਨ ਦੇਣ ਵਾਲੀ ਮੁੱਲਵਾਨ ਰਚਨਾ ਦਾ ਦਰਜਾ ਦਿੱਤਾ ਹੈ। ਜਿਸ ਸ਼ਿੱਦਤ ਅਤੇ ਪ੍ਰਤੀਬੱਧਤਾ ਨਾਲ ਡਾ. ਮਹਿਰੋਕ ਨੇ ਇਨ੍ਹਾਂ ਵਿਸਰਦੇ ਵਰਤਾਰਿਆਂ ਦੀਆਂ ਪਰਤਾਂ ਫਰੋਲੀਆਂ ਹਨ, ਉਸੇ ਸ਼ਿੱਦਤ ਨਾਲ ਡਾ. ਲਖਵਿੰਦਰ ਸਿੰਘ ਜੌਹਲ ਨੇ ਵਿਸਰ ਰਹੇ ਵਰਤਾਰਿਆਂ ਦੇ ਮਹੱਤਵ ਨੂੰ ਉਜਾਗਰ ਕੀਤਾ ਹੈ।

ਡਾ. ਜੌਹਲ ਦੇ ਸ਼ਬਦਾਂ ਵਿਚ, "ਡਾ. ਪ੍ਰਿਤਪਾਲ ਸਿੰਘ ਮਹਿਰੋਕ ਦੀ ਇਹ ਕਿਤਾਬ ਵਿਰਸੇ ਦੀ ਇਸ ਅਮੀਰੀ ਦਾ ਨਾ ਸਿਰਫ ਸ਼ਾਬਦਿਕ ਵਰਣਨ ਹੈ, ਸਗੋਂ ਉਸ ਨੇ ਦਿਨੋਂ ਦਿਨ ਨਿਰਜਿੰਦ ਹੋ ਰਹੇ ਵਰਤਾਰਿਆਂ ਅਤੇ ਵਸਤਾਂ ਦਾ ਬਿਰਤਾਂਤ ਸਿਰਜ ਕੇ ਇਨ੍ਹਾਂ ਨੂੰ ਅਜਿਹੀਆਂ ਕਥਾ-ਕਹਾਣੀਆਂ ਵਾਂਗ ਸਥਾਪਤ ਕਰ ਦਿੱਤਾ ਹੈ, ਜੋ ਸਦੀਵੀ ਹੋ ਗਈਆਂ ਹਨ।" (ਪੰਨਾ 12)

ਡਾ. ਮਹਿਰੋਕ ਲਿਖਦੇ ਹਨ, "ਵਿਸਰਦੇ ਜਾ



ਡਾ. ਪ੍ਰਿਤਪਾਲ ਸਿੰਘ ਮਹਿਰੋਕ




ਰਹੇ ਜਾਂ ਮਿਟ ਜਾਣ ਦੀ ਕਗਾਰ 'ਤੇ ਖੜੇ ਉਨ੍ਹਾਂ ਸਭਿਆਚਾਰਕ ਵਰਤਾਰਿਆਂ ਦਾ ਆਪਣੇ ਸਮਿਆਂ ਵਿਚ ਵਿਸ਼ੇਸ਼ ਮਹੱਤਵ ਰਿਹਾ ਹੈ। ਲੋਕਧਾਰਾ ਨਾਲ ਜੁੜਿਆ ਹਰੇਕ ਵਰਤਾਰਾ ਮਨੁੱਖੀ ਮਨ ਦੀ ਸਿਰਜਣਾ ਹੁੰਦਾ ਹੈ। ਮਨੁੱਖੀ ਮਨ ਦੀਆਂ ਸਿਰਜਣਾਵਾਂ ਜਦੋਂ ਪਰੰਪਰਾ ਨਾਲ ਜੁੜ ਕੇ ਲੋਕ ਪ੍ਰਵਾਨਗੀ ਹਾਸਲ ਕਰ ਲੈਂਦੀਆਂ ਹਨ ਤਾਂ ਉਹ ਲੋਕਧਾਰਾ ਵਿਚੋਂ ਜਨਮ ਲੈਣ ਵਾਲੀਆਂ ਸਿਰਜਣਾਵਾਂ ਬਣ ਜਾਂਦੀਆਂ ਹਨ।...ਲੋਕ ਮਨ ਵਿਚ ਲੋਕਧਾਰਾ ਦਾ ਸਮਾਵੇਸ਼ ਸਹਿਜ ਸੁਭਾਵਿਕ ਹੁੰਦਾ ਆਇਆ ਹੈ ਤੇ ਇਸ ਦੀ ਹੋਂਦ ਦੇ ਚਿਹਨ ਲੋਕ ਜੀਵਨ ਵਿਚੋਂ ਸਹਿਜੇ ਹੀ ਲੱਭੇ ਜਾ ਸਕਦੇ ਹਨ।" (ਪੰਨਾ 13)

ਲੇਖਕ ਲਿਖਦਾ ਹੈ, "ਲੋਕਧਾਰਾ ਨਾਲ ਜੁੜੇ ਵਰਤਾਰਿਆਂ ਵਿਚ ਆਪਮੁਹਾਰੇਪਨ ਦੇ ਲੱਛਣ ਬਹੁਤ ਤੀਬਰ ਸੁਰ ਵਿਚ ਪਾਏ ਜਾਂਦੇ ਹਨ। ਉਹ ਵਰਤਾਰੇ ਬਹੁਤ ਸਹਿਜ ਹੁੰਦੇ ਹਨ, ਉਨ੍ਹਾਂ ਵਿਚ ਕੋਈ ਉਚੇਚ ਨਹੀਂ ਹੁੰਦਾ। ਉਨ੍ਹਾਂ ਵਿਚੋਂ ਲੋਕ ਮਨ ਦੇ ਸਹਿਜ ਦਰਸ਼ਨ ਹੋ ਜਾਂਦੇ ਹਨ। ਲੋਕਧਾਰਾ ਦੇ ਵਰਤਾਰਿਆਂ ਵਿਚ ਮੌਲਿਕਤਾ, ਵਿਲੱਖਣਤਾ, ਸੁਹਜਾਤਮਕਤਾ ਆਦਿ ਗੁਣਾਂ ਦਾ ਹੋਣਾ ਜ਼ਰੂਰੀ ਹੁੰਦਾ ਹੈ।" (ਪੰਨਾ 14)

ਨਿਸ਼ਚੇ ਹੀ, ਸੱਭਿਆਚਾਰਕ ਨਿਘਾਰ ਕਾਰਨ ਪੰਜਾਬ ਵਿਚੋਂ ਕਈ ਚੀਜ਼ਾਂ-ਵਸਤਾਂ ਅਲੋਪ ਹੋ ਰਹੀਆਂ ਹਨ। ਅਜੋਕੇ ਪੰਜਾਬ ਦਾ ਚਿਹਰਾ-ਮੋਹਰਾ ਨਿਹਾਰਦਿਆਂ ਇਸ ਗੱਲ ਦਾ ਤੀਬਰ ਅਹਿਸਾਸ ਹੁੰਦਾ ਹੈ ਕਿ "ਖੁੱਲ੍ਹੀਆਂ ਖੁਰਾਕਾਂ, ਖੁੱਲ੍ਹੇ-ਡੁੱਲ੍ਹੇ ਪਹਿਰਾਵੇ, ਖੁੱਲ੍ਹੇ ਸੁਭਾਅ ਅਤੇ ਖੁੱਲ੍ਹੇ ਮਕਾਨਾਂ ਵਾਲੇ ਪੰਜਾਬੀਆਂ ਦੇ ਮੂੰਹ-ਮੁਹਾਂਦਰੇ ਵੀ ਹੁਣ ਬਦਲਦੇ ਜਾ ਰਹੇ ਨਜ਼ਰ ਆਉਂਦੇ ਹਨ। ਪੰਜਾਬ ਦੇ ਬਹੁਤ ਘੱਟ ਪ੍ਰਤੀਸ਼ਤ ਘਰਾਂ ਵਿਚ ਹੀ ਹੁਣ ਪੁਰਾਣੀ ਰਹਿਤਲ ਦੀ ਰਹਿੰਦ-ਖੂੰਹਦ ਬਚੀ ਹੋਵੇਗੀ।" (ਪੰਨਾ 17)

ਪੁਸਤਕ ਵਿਚ ਪੇਸ਼ ਕੀਤੇ ਗਏ ਵਿਸਰਦੇ ਜਾ ਰਹੇ ਵਰਤਾਰਿਆਂ ਨੂੰ ਪੰਜਾਬੀ ਲੋਕ ਗੀਤਾਂ ਵਿਚ ਵਿਭਿੰਨ ਪ੍ਰਸੰਗਾਂ ਵਿਚ ਹੋਏ ਉਨ੍ਹਾਂ ਦੇ ਜ਼ਿਕਰ ਦੀ ਪਿੱਠ ਭੂਮੀ ਅਤੇ ਹਵਾਲਿਆਂ ਨਾਲ ਉਘਾੜਨ ਦਾ ਯਤਨ ਕੀਤਾ ਗਿਆ ਹੈ, ਜਿਸ ਨਾਲ ਪੁਸਤਕ ਦਾ ਮਹੱਤਵ ਹੋਰ ਵਧ ਜਾਂਦਾ ਹੈ। ਮੈਂ ਇਸ ਪੁਸਤਕ ਦੇ ਕੁਝ ਲੇਖਾਂ ਦਾ ਜ਼ਿਕਰ ਵਿਸ਼ੇਸ਼ ਤੌਰ 'ਤੇ ਕਰਨਾ ਚਾਹੁੰਦਾਂ, ਜਿਨ੍ਹਾਂ ਨੂੰ ਮੁੜ-ਮੁੜ ਪੜ੍ਹਨ ਲਈ ਮਨ ਅਹੁਲਦਾ ਹੈ। ਪਹਿਲੇ ਹਿੱਸੇ ਵਿਚ 'ਚਿੜੀ ਚੜੂੰਗਾ ਕੱਤ ਕੁੜੇ', 'ਤ੍ਰਿੰਞਣ ਦੀਆਂ ਕੁੜੀਆਂ', 'ਛੱਜ ਓਹਲੇ ਛਾਨਣੀ', 'ਜਾਗੋ ਆਈ ਆ...' ਆਦਿ ਕੁੜੀਆਂ ਦੇ ਗੀਤਾਂ/ਨਾਚਾਂ ਨਾਲ ਸਬੰਧਿਤ ਲੇਖ ਹਨ, ਜਿਨ੍ਹਾਂ ਵਿਚੋਂ ਕੁਝ ਗੁੰਮ-ਗਵਾਚ ਗਏ ਹਨ।

ਦੂਜੇ ਹਿੱਸੇ ਵਿਚ 'ਬੀਤੇ ਦੀ ਬਾਤ ਬਣ ਗਈਆਂ ਹੋਲ਼ਾਂ', 'ਘਰ ਅੰਦਰ ਚੁੱਲ੍ਹਾ-ਚੌਂਕਾ', 'ਦਾਣੇ ਭੱਠੀ 'ਤੇ ਭੁਨਾਨੀ ਆਂ', 'ਮਧਾਣੀ ਮੇਰੀ ਰੰਗਲੀ', 'ਕੱਤਣੀ ਮੇਰੀ ਫੁੱਲਾਂ ਵਾਲੀ' ਆਦਿ ਲੇਖ ਬੀਤੇ ਸਮੇਂ ਦੀ ਬਾਤ ਪਾਉਂਦੇ ਹਨ। ਤੀਜੇ ਹਿੱਸੇ ਵਿਚ 'ਹਰਿਆ ਤੇ ਭਾਗੀਂ ਭਰਿਆ', 'ਘੜੋਲੀ ਭਰ ਆਈ ਆਂ', 'ਖਾਰੇ ਚੜ੍ਹਦਾ ਡੁਸ ਡੁਸ ਰੋਵੇ', 'ਕਲੀਰੇ ਬੰਨ੍ਹਣ ਤੇ ਵੰਡਣ ਦੀ ਰਸਮ' ਆਦਿ ਲੇਖ ਕੁਝ ਪੁਰਾਣੀਆਂ ਰਸਮਾਂ ਦੀ ਯਾਦ ਤਾਜ਼ਾ ਕਰਵਾ ਦਿੰਦੇ ਹਨ। ਚੌਥੇ ਹਿੱਸੇ ਵਿਚ 'ਗੁੰਦਿਆ ਪਰਾਂਦਾ ਰੀਝਾਂ ਨਾਲ ਵੇ', 'ਸੁਰਮਾ ਤਾਂ ਪਾਈਏ ਜੇ ਮਟਕਾਉਣਾ ਆਵੇ', 'ਚਾਂਦੀ ਦੀਆਂ ਝਾਂਜਰਾਂ ਘੜਾ ਦੇ ਹਾਣੀਆਂ' ਅਤੇ 'ਰੁਮਾਲ ਤੇਰਾ ਕੱਢਿਆ ਪਇਆ ਈ' ਕਢਾਈ-ਬੁਣਾਈ ਦੀ ਲੋਕ ਕਲਾ ਤੇ ਹਾਰ ਸ਼ਿੰਗਾਰ ਦੀ ਕਲਾ/ਸ਼ੌਕ ਨਾਲ ਜੁੜੇ ਹੋਏ ਹਨ।

ਪੰਜਵੇਂ ਹਿੱਸੇ ਵਿਚ 'ਵਿਸਰਿਆ ਲੋਕ ਕਾਵਿ ਕਸੀਦਾ', 'ਕਿਧਰ ਗਏ ਨਕਾਲ ਤੇ ਨਕਲਾਂ', 'ਵਿਸਰਿਆ ਲੋਕ ਕਾਵਿ ਨਾਟ ਸਵਾਂਗ', 'ਹੁਣ ਘੱਟ ਹੁੰਦਾ ਹੈ ਕਠਪੁਤਲੀਆਂ ਦਾ ਤਮਾਸ਼ਾ' ਆਦਿ ਅਜਿਹੇ ਵਿਸ਼ੇ ਹਨ, ਜੋ ਵਿਸ਼ੇਸ਼ ਤੌਰ 'ਤੇ ਆਕਰਸ਼ਿਤ ਕਰਦੇ ਹਨ, ਧੁਰ ਅੰਦਰ ਤੱਕ ਉਤਰਦੇ ਜਾਂਦੇ ਹਨ, ਹਲੂਣ ਦੇਣ ਵਾਲੇ ਹਨ ਅਤੇ ਬਹੁਤ ਪ੍ਰਭਾਵਿਤ ਕਰਨ ਵਾਲੇ, ਦਿਲਚਸਪ ਤੇ ਜਾਣਕਾਰੀ ਭਰਪੂਰ ਹਨ।

ਬਿਨਾ ਸ਼ੱਕ ਤਬਦੀਲੀ ਕੁਦਰਤ ਦਾ ਨਿਯਮ ਹੈ। ਕੁਦਰਤੀ ਤਬਦੀਲੀ ਸਹਿਜ ਸੁਭਾਵਿਕ ਤੇ ਆਪ ਮੁਹਾਰੇ ਆਉਣੀ ਹੀ ਹੁੰਦੀ ਹੈ। ਇਸ ਵਿਸ਼ਵ ਵਿਆਪੀ ਅਸਲੀਅਤ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ, ਪਰ ਬੇਲੋੜੀ ਤੇ ਅੰਨ੍ਹੀ ਦੌੜ ਕਿਸੇ ਵੀ ਤਬਦੀਲੀ ਦੌਰਾਨ ਅੱਖਰਦੀ ਹੈ। ਆਪਣੀ ਭੂਮਿਕਾਨੁਮਾ ਗੱਲਬਾਤ ਦੇ ਅੰਤ ਵਿਚ ਵੀ ਡਾ. ਮਹਿਰੋਕ ਲਿਖਦੇ ਹਨ, "ਸਮੇਂ ਦੇ ਗੇੜ ਨੇ ਚੱਲਦਿਆਂ ਰਹਿਣਾ ਹੈ ਤੇ ਸਮੇਂ ਦੇ ਨਾਲ ਨਾਲ ਤਬਦੀਲੀ ਦਾ ਵਾਪਰਨਾ ਵੀ ਸੁਭਾਵਿਕ ਵਰਤਾਰਾ ਹੁੰਦਾ ਹੈ। ਵਿਰਸੇ ਨਾਲ ਸਬੰਧਿਤ ਇਨ੍ਹਾਂ ਵਰਤਾਰਿਆਂ ਦੇ ਬਦਲ ਜਾਣ ਜਾਂ ਗਵਾਚ ਜਾਣ ਦਾ ਹਿਰਖ-ਹੇਰਵਾ ਵੀ ਨਹੀਂ ਹੋਣਾ ਚਾਹੀਦਾ। ਸਮੇਂ ਦੇ ਬਦਲਣ ਨਾਲ ਅਜਿਹਾ ਹੋਣਾ ਹੀ ਹੁੰਦਾ ਹੈ। ਇਸ ਪੁਸਤਕ ਦੀ ਰਚਨਾ ਦਾ ਮਨੋਰਥ ਸਿਰਫ ਇਹ ਹੈ ਕਿ ਅਜਿਹੇ ਵਿਸਰ ਰਹੇ ਵਰਤਾਰੇ ਘੱਟ ਤੋਂ ਘੱਟ ਸਾਡੇ ਚੇਤਿਆਂ ਵਿਚ ਤਾਂ ਕਿਸੇ ਨਾ ਕਿਸੇ ਰੂਪ ਵਿਚ ਆਪਣਾ ਸਥਾਨ ਬਣਾਈ ਰੱਖਣ।" (ਪੰਨਾ 21 ਤੇ 22)

ਪੁਸਤਕ ਵਿਚ ਵਰਤੀ ਗਈ ਬੋਲੀ, ਸ਼ੈਲੀ, ਵਾਕ ਬਣਤਰ ਆਦਿ ਲੋਕਧਾਰਾ ਦੇ ਅਨੁਸ਼ਾਸਨ ਨਾਲ ਕਾਵਿਕ ਨਿਆਂ ਕਰਨ ਵਾਲੀ, ਸਰਲ ਅਤੇ ਸਹਿਜੇ ਹੀ ਪਾਠਕ ਦੀ ਸਮਝ ਵਿਚ ਆਉਣ ਵਾਲੀ ਹੈ। ਇਸ ਪੱਖ ਤੋਂ ਵੀ ਇਹ ਪੁਸਤਕ ਲੋਕ ਮਨਾਂ ਤੱਕ ਰਸਾਈ ਕਰਨ ਵਾਲੀ ਹੈ। ਉਂਜ ਡਾ. ਮਹਿਰੋਕ ਤੇ ਉਨ੍ਹਾਂ ਦੀਆਂ ਰਚਨਾਵਾਂ ਬਾਰੇ ਕੋਈ ਨਤੀਜਾ ਭਰਪੂਰ ਫਤਵਾ ਦੇਣਾ ਸੂਰਜ ਨੂੰ ਦੀਵਾ ਵਿਖਾਉਣ ਵਾਲੀ ਗੱਲ ਹੋਵੇਗੀ।

ਇਹ ਸੱਚ ਹੈ ਕਿ ਹਰ ਸਾਲ ਬੇਸ਼ੁਮਾਰ ਕਿਤਾਬਾਂ ਛਪਦੀਆਂ ਹਨ, ਵਿਕਦੀਆਂ ਹਨ, ਲਾਇਬਰੇਰੀਆਂ ਤੇ ਘਰਾਂ ਦੀਆਂ ਬੁੱਕ ਸ਼ੈਲਫਾਂ ਦੀ ਸ਼ਾਨ ਬਣਦੀਆਂ ਹਨ, ਪਰ ਪੜ੍ਹਨਯੋਗ ਤੇ ਦਿਲਾਂ ਅੰਦਰ ਘਰ ਕਰ ਜਾਣ ਵਾਲੀਆਂ ਪੁਸਤਕਾਂ ਵਿਰਲੀਆਂ-ਟਾਵੀਆਂ ਹੀ ਹੁੰਦੀਆਂ ਹਨ, ਜੋ ਲੋਕ ਮਨਾਂ 'ਤੇ ਆਪਣੀ ਡੂੰਘੀ ਛਾਪ ਛੱਡਦੀਆਂ ਹਨ। 'ਪੰਜਾਬੀ ਲੋਕਧਾਰਾ ਦੇ ਵਿਸਰਦੇ ਵਰਤਾਰੇ' ਪੁਸਤਕ ਉਨ੍ਹਾਂ ਕੁਝ ਖਾਸ ਕਿਤਾਬਾਂ ਵਿਚੋਂ ਇਕ ਹੈ, ਜਿਨ੍ਹਾਂ ਨੂੰ ਮੁੜ ਮੁੜ ਪੜ੍ਹਦਿਆਂ ਵੀ ਕੁਝ ਨਾ ਕੁਝ ਨਵਾਂ ਪੜ੍ਹਨ ਜਿਹਾ ਅਹਿਸਾਸ ਹੁੰਦਾ ਰਹਿੰਦਾ ਹੈ ਤੇ ਅਨੰਦ ਵੀ ਮਿਲਦਾ ਹੈ। ਲੋਕ ਰੰਗ ਦੇ ਵੱਖ ਵੱਖ ਰੰਗਾਂ ਨਾਲ ਓਤ-ਪੋਤ ਤੇ ਆਪਣੀ ਦਮਦਾਰ ਹਾਜ਼ਰੀ ਲਵਾਉਂਦੀ ਇਸ ਅਦੁੱਤੀ ਪੁਸਤਕ ਦਾ ਨਿੱਘਾ ਸਵਾਗਤ ਹੈ।

---

*ਐਸੋਸੀਏਟ ਪ੍ਰੋਫੈਸਰ (ਸੇਵਾ ਮੁਕਤ)
ਜੀ. ਜੀ. ਡੀ. ਐਸ. ਡੀ. ਕਾਲਜ
ਹਰਿਆਣਾ, ਜਿਲਾ ਹੁਸ਼ਿਆਰਪੁਰ।

# ਵਿਸਰਿਆ ਲੋਕ ਨਾਟ 'ਖਿਉੜੇ'

ਪੰਜਾਬੀ ਲੋਕ ਧਾਰਾ ਵਿਚ ਲੋਕ ਨਾਟ ਦੇ ਜਿਨ੍ਹਾਂ ਰੂਪਾਂ ਤੇ ਵੰਨਗੀਆਂ ਨੇ ਲੋਕ ਮਨਾਂ ਵਿਚ ਆਪਣਾ ਸਨਮਾਨਯੋਗ ਸਥਾਨ ਬਣਾਈ ਰੱਖਿਆ ਹੈ, ਉਨ੍ਹਾਂ ਵਿਚ ਖਿਉੜੇ ਦਾ ਲੋਕ ਨਾਟ ਬਹੁਤ ਘੱਟ ਜਾਣਿਆ ਜਾਂਦਾ ਹੈ। ਕਹਿੰਦੇ ਹਨ, ਪਹਿਲੇ ਸਮਿਆਂ ਵਿਚ ਖਿਉੜੇ ਦਾ ਮਹੱਤਵ ਜ਼ਰੂਰ ਬਣਿਆ ਰਿਹਾ ਹੈ। ਸਵਾਲ-ਜਵਾਬ ਦੇ ਲਹਿਜੇ ਵਿਚ ਲੋਕ ਧੁਨਾਂ 'ਤੇ ਗਾਏ ਜਾਣ ਵਾਲੇ ਵਿਸ਼ੇਸ਼ ਵੰਨਗੀ ਦੇ

ਡਾ. ਪ੍ਰਿਤਪਾਲ ਸਿੰਘ ਮਹਿਰੋਕ
ਫੋਨ: 91-98885-10185

ਲੋਕ ਗੀਤਾਂ ਦੇ ਗਾਇਨ ਤੇ ਖੇਡੇ ਜਾਣ ਵਾਲੇ ਲੋਕ ਨਾਟ ਦੇ ਸੁਮੇਲ ਨੂੰ ਖਿਉੜੇ ਕਿਹਾ ਜਾਂਦਾ ਸੀ। ਵਿਆਹ ਮੌਕੇ ਔਰਤਾਂ ਦੀਆਂ ਦੋ ਟੋਲੀਆਂ ਆਹਮੋ-ਸਾਹਮਣੇ ਬੈਠ ਹੇਕਾਂ ਲਾ ਲਾ ਕੇ ਲੋਕ ਗੀਤ ਗਾਉਂਦੀਆਂ ਸਨ ਤੇ ਨਾਟਕ ਵੀ ਖੇਡਦੀਆਂ ਸਨ। ਲੋਕ ਗੀਤਾਂ ਰਾਹੀਂ ਸਵਾਲ-ਜਵਾਬ ਦਾ ਸਿਲਸਿਲਾ ਚੱਲਦਾ ਰਹਿੰਦਾ ਸੀ ਤੇ ਲੋਕ ਨਾਟ ਉਸਰਦਾ ਜਾਂਦਾ ਸੀ। ਲੋਕ ਨਾਟ ਖੇਡਦਿਆਂ ਔਰਤ ਕਲਾਕਾਰ ਇਕ ਤੋਂ ਵੱਧ ਪਾਤਰਾਂ ਦਾ ਸਵਾਂਗ ਵੀ ਰਚ ਲੈਂਦੀਆਂ ਸਨ। ਵਿਆਹ ਦੇ ਚਾਵਾਂ-ਮਲਾਰਾਂ ਅਤੇ ਖੁਸ਼ੀਆਂ



ਵਾਲੇ ਹੋਰ ਸ਼ੁਭ ਮੌਕਿਆਂ 'ਤੇ ਵੀ ਖਿਉੜੇ ਖੇਡੇ/ਗਾਏ ਜਾਂਦੇ।

ਖਿਉੜੇ ਦਾ ਲੋਕ ਨਾਟ ਖੇਡਣ ਲਈ ਬੜੇ ਅਜੀਬ ਤੇ ਵਿਲੱਖਣ ਕਿਸਮ ਦੇ ਸਥਾਨ ਨੂੰ ਰੰਗ ਮੰਚ ਵਜੋਂ ਵਰਤਿਆ ਜਾਂਦਾ ਸੀ। ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ ਅਨੁਸਾਰ "ਆਹਮੋ-ਸਾਹਮਣੇ ਸਥਿਤ ਦੋ ਮਕਾਨਾਂ ਦੀਆਂ ਛੱਤਾਂ ਜਾਂ ਚੌਂਤਰਿਆਂ 'ਤੇ ਦੋ ਟੋਲੀਆਂ ਵਿਚ ਬੈਠ ਕੇ ਔਰਤਾਂ ਨਾਟਕੀ ਸੰਵਾਦ ਉਚਾਰਦੀਆਂ ਸਨ। ਵਾਰਤਾਲਾਪ ਦਾ ਕੁਝ ਹਿੱਸਾ ਲੋਕ ਧੁਨਾਂ ਵਿਚ ਗਾ ਕੇ ਪੇਸ਼ ਕੀਤਾ ਜਾਂਦਾ ਸੀ।" (ਪੰਜਾਬੀ ਲੋਕ ਧਾਰਾ ਵਿਸ਼ਵਕੋਸ਼, ਪੰਨਾ 1194)

ਲੋਕ ਨਾਟ ਖੇਡਣ ਵਾਲੀਆਂ ਔਰਤਾਂ ਇਕ ਦੂਜੀ ਨੂੰ ਸੰਬੋਧਨ ਕਰਕੇ ਆਪੋ ਆਪਣੇ ਹਿੱਸੇ ਦਾ ਨਾਟਕੀ ਸੰਵਾਦ ਉਚਾਰਦੀਆਂ-ਅਲਾਪਦੀਆਂ ਸਨ। ਉਚਾਰੇ ਜਾਣ ਵਾਲੇ ਸੰਵਾਦਾਂ ਦੇ ਕੁਝ ਹਿੱਸੇ ਨੂੰ ਵਿਚ-ਵਿਚਾਲੇ ਲੋਕ ਗੀਤਾਂ ਦੀਆਂ ਧੁਨਾਂ 'ਤੇ ਗਾ ਕੇ ਉਹ ਜਚਵੇਂ-ਫੱਬਵੇਂ ਅੰਦਾਜ਼ ਵਿਚ ਪੇਸ਼ ਕਰਦੀਆਂ ਸਨ ਤੇ ਲੋਕ ਗੀਤਾਂ ਰਾਹੀਂ ਸਵਾਲ ਜੁਆਬ ਕਰਨ ਦਾ ਖੁਸ਼ਗਵਾਰ ਮਾਹੌਲ ਸਿਰਜ ਲਿਆ ਜਾਂਦਾ ਸੀ। ਇਸ ਲੋਕ ਨਾਟ ਦੌਰਾਨ ਕਈ ਵਾਰ ਕਈ ਥਾਂਈਂ ਅਜਿਹੇ ਮੌਕਿਆਂ ਦੀ ਸਿਰਜਣਾ ਵੀ ਕੀਤੀ ਜਾਂਦੀ ਸੀ, ਜਦੋਂ ਨਾਇਕਾ ਕਿਸੇ ਘਰ ਦੀ ਖਿੜਕੀ ਵਿਚ ਬੈਠ ਕੇ, ਟਿਕਟਿਕੀ ਲਾ ਕੇ ਬੜੀਆਂ ਸੱਧਰਾਂ ਨਾਲ ਆਪਣੇ ਪ੍ਰੇਮੀ ਦੀ ਉਡੀਕ ਕਰ ਰਹੀ ਹੁੰਦੀ ਸੀ। ਕਈ ਵਾਰ ਉਸ ਦਾ ਪ੍ਰੀਤਮ (ਜੋ ਕਦੇ ਕਦਾਈਂ ਦਰਸ਼ਕਾਂ ਵਿਚ ਬੈਠਾ ਹੁੰਦਾ ਸੀ) ਉਠ ਕੇ ਉਸ ਵੱਲ ਬੜੀਆਂ ਹਸਰਤ ਭਰੀਆਂ ਨਿਗਾਹਾਂ ਨਾਲ ਵੇਖਦਿਆਂ ਉਸ ਵੱਲ ਵਧਦਾ ਸੀ ਤੇ ਉਸ ਨਾਲ ਪਿਆਰ ਭਰੇ ਮਿੱਠੜੇ ਬੋਲਾਂ ਦੀ ਸਾਂਝ ਪਾਉਂਦਾ ਸੀ।

ਚਾਨਣੀਆਂ ਰਾਤਾਂ ਵਿਚ ਦੇਰ ਰਾਤ ਗਈ ਤੱਕ ਇਹ ਲੋਕ ਨਾਟ ਚੱਲਦਾ ਰਹਿੰਦਾ ਸੀ। ਕਹਿੰਦੇ ਹਨ, ਪੁਰਾਣੇ ਵੇਲਿਆਂ ਵਿਚ ਬਹੁਤਾ ਕਰਕੇ ਅੰਮ੍ਰਿਤਸਰ ਤੇ ਲਾਹੌਰ ਵਿਚ ਖਿਉੜੇ ਖੇਡਣ ਦਾ ਚਲਨ ਵਧੇਰੇ ਪਾਇਆ ਜਾਂਦਾ ਸੀ। ਸਮੇਂ ਦੇ ਪਹੀਏ ਨੇ ਬੇਰੋਕ ਘੁੰਮਦਿਆਂ ਰਹਿਣਾ ਹੈ। ਵਕਤ ਦੇ ਬਦਲਣ ਨਾਲ ਬਹੁਤ ਕੁਝ ਨੇ ਬਦਲ ਜਾਣਾ ਹੁੰਦਾ ਹੈ। ਬਹੁਤ ਕੁਝ ਗਵਾਚ ਜਾਂਦਾ ਹੈ। ਲੋਕ ਨਾਟ ਵੀ ਲੋਪ ਹੁੰਦੇ ਜਾ ਰਹੇ ਹਨ। ਖਿਉੜੇ ਦਾ ਲੋਕ ਨਾਟ ਲੋਕ ਚੇਤਿਆਂ ਵਿਚੋਂ ਵੀ ਆਪਣਾ ਨਾਮ, ਰੂਪ, ਰਚਨਾ, ਸੁਭਾਅ, ਸਥਾਨ ਆਦਿ ਬਹੁਤੇ ਕੁਝ ਨੂੰ ਕਰੀਬ ਗਵਾ ਚੁਕਾ ਹੈ। ਲੋਕ ਨਾਟ ਪਰੰਪਰਾ ਬਾਰੇ ਕਾਫੀ ਖੋਜ ਕਾਰਜ ਹੋਇਆ ਹੈ। ਕਈ ਹੋਰ ਲੋਕ ਨਾਟਾਂ ਅਤੇ ਖਿਉੜੇ ਲੋਕ ਨਾਟ 'ਤੇ ਬਹੁਤਾ ਕੰਮ ਨਹੀਂ ਹੋਇਆ। ਇਸ ਦਿਸ਼ਾ ਵੱਲ ਹੋਰ ਖੋਜ ਕਾਰਜ ਕਰਨ/ਕਰਵਾਉਣ ਵਾਸਤੇ ਸਾਧਨ ਜੁਟਾਉਣ ਦੀ ਲੋੜ ਹੈ, ਜਿਨ੍ਹਾਂ ਨੂੰ ਆਧਾਰ ਬਣਾ ਕੇ ਖੋਜਾਰਥੀ ਨਿੱਠ ਕੇ ਕੰਮ ਕਰ ਸਕਣ।

## ਹਨੇਰੇ ਤੋਂ ਰੌਸ਼ਨੀ ਤੱਕ ਦਾ ਸਫਰ

# ਇਨਕਲਾਬੀ ਆਗੂ ਤੇ ਗਿਆਨ ਦਾ ਸਾਗਰ ਡਾ. ਅੰਬੇਡਕਰ

## ਜਨਮ ਦਿਨ 'ਤੇ ਵਿਸ਼ੇਸ਼

14 ਅਪਰੈਲ 1891 ਨੂੰ ਭੀਮ ਰਾਓ ਅੰਬੇਡਕਰ ਦਾ ਜਨਮ ਮਾਤਾ ਭੀਮਾ ਬਾਈ ਅਤੇ ਪਿਤਾ ਰਾਮ ਜੀ ਸਕਪਾਲ ਦੇ ਘਰ ਮਹੂ (ਮਿਲਟਰੀ ਛਾਉਣੀ), ਜਿਲਾ ਇੰਦੌਰ (ਹੁਣ ਮੱਧ ਪ੍ਰਦੇਸ਼), ਮਹਾਰਾਸ਼ਟਰ ਵਿਚ ਹੋਇਆ। ਉਦੋਂ ਦੇਸ਼ ਵਿਚ ਸਦੀਆਂ ਤੋਂ ਚੱਲ ਰਹੀ ਪੂਰਨ ਗੈਰ-ਬਰਾਬਰੀ ਵਾਲੀ ਵਿਵਸਥਾ ਲਾਗੂ ਸੀ, ਜਿਸ ਮੁਤਾਬਿਕ ਸਮਾਜ ਚਾਰ ਵਰਣਾਂ-ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ ਵਿਚ ਵੰਡਿਆ ਹੋਇਆ ਸੀ। ਸ਼ੂਦਰ ਚੌਥਾ ਤੇ ਆਖਰੀ ਵਰਣ ਸੀ, ਉਸ ਤੋਂ ਵੀ ਜੋ ਨੀਚ ਸਨ, ਉਨ੍ਹਾਂ ਨੂੰ ਅਛੂਤ ਕਿਹਾ ਜਾਂਦਾ ਸੀ। ਡਾ. ਅੰਬੇਡਕਰ ਇਸ ਅਖੌਤੀ ਅਤੇ ਜ਼ਬਰਨ ਥੋਪੀ ਗਈ ਵਰਣ ਵਿਵਸਥਾ ਮੁਤਾਬਿਕ ਕਥਿਤ



**ਸੰਤੋਖ ਸਿੰਘ ਜੱਸੀ**
ਫੋਨ: 91-70876-19800

ਅਛੂਤ ਵਰਗ ਦੀ ਮਹਾਰ ਜਾਤ ਵਿਚੋਂ ਸਨ। ਜਦੋਂ ਕਥਿਤ ਅਛੂਤ ਵਰਗ ਨਾਲ ਹਜਾਰਾਂ ਸਾਲਾਂ ਤੋਂ ਹੋਏ ਵਿਤਕਰਿਆਂ ਅਤੇ ਅਣ-ਮਨੁੱਖੀ ਵਿਹਾਰਾਂ ਤੋਂ ਮਿਲੀ ਸੰਵਿਧਾਨਕ ਬਰਾਬਰੀ 'ਤੇ ਝਾਤ ਮਾਰਦੇ ਹਾਂ ਤਾਂ ਭਾਰਤ ਦੀ ਧਰਤੀ 'ਤੇ ਇਹ ਇੱਕ ਇਨਕਲਾਬ ਹੀ ਸਾਬਿਤ ਹੋਇਆ ਲੱਗਦਾ ਹੈ, ਜੋ ਕਰੋੜਾਂ ਲੋਕਾਂ ਦੇ ਜੀਵਨ ਸੁਧਾਰਨ ਵਿਚ ਬਿਨਾ ਕਿਸੇ ਮਾਰ-ਧਾੜ/ਹਿੰਸਾ ਦੇ ਆਇਆ। ਇਸ ਤਰ੍ਹਾਂ ਡਾ. ਅੰਬੇਡਕਰ ਸਦੀਆਂ ਤੋਂ ਲਤਾੜੇ ਗਏ ਕਰੋੜਾਂ ਲੋਕਾਂ ਅਤੇ ਮਨੁੱਖੀ ਹੱਕਾਂ ਤੋਂ ਵਾਂਝੇ ਵਰਗਾਂ ਦੇ ਆਗੂ ਬਣੇ ਤੇ ਸਤੰਬਰ-ਅਕਤੂਬਰ 1927 ਵਿਚ ਮਹਾਂਰਾਸ਼ਟਰ ਦੇ ਲੋਕ ਉਨ੍ਹਾਂ ਨੂੰ ਸਤਿਕਾਰ ਵਜੋਂ 'ਬਾਬਾ ਸਾਹਿਬ' ਕਹਿ ਕੇ ਸੰਬੋਧਨ ਕਰਨ ਲੱਗੇ।

ਡਾ. ਅੰਬੇਡਕਰ ਦੇ ਜੀਵਨ ਮਿਸ਼ਨ 'ਤੇ ਪੰਛੀ ਝਾਤ ਮਾਰਦਿਆਂ ਭਾਰਤ 'ਚ ਸਦੀਆਂ ਤੋਂ ਅਛੂਤਾਂ ਨਾਲ ਹੁੰਦੇ ਰਹੇ ਗੈਰ-ਮਾਨਵੀ, ਗੈਰ-ਕੁਦਰਤੀ ਅਤੇ ਗੈਰ-ਕਾਨੂੰਨੀ ਸਲੂਕ ਨੂੰ ਬਿਆਨ ਕਰਨਾ ਕਲਪਨਾ ਤੋਂ ਪਰ੍ਹੇ ਹੈ, ਪਰ ਡਾ. ਅੰਬੇਡਕਰ ਨੇ ਇਸ ਨਰਕ ਭਰੀ ਜ਼ਿੰਦਗੀ ਨੂੰ ਪਲ ਪਲ ਝੱਲਿਆ ਅਤੇ ਜੀਵਿਆ, ਭਾਵ ਜਨਮ ਤੋਂ ਮੌਤ ਤੱਕ ਅਪਮਾਨਿਤ ਹੁੰਦੇ ਰਹੇ। ਡਾ. ਅੰਬੇਡਕਰ ਦੀਆਂ ਪ੍ਰਾਪਤੀਆਂ ਬਾਰੇ ਅੱਜ ਸਾਰਾ ਦੇਸ਼ ਜਾਣੂੰ ਹੋ ਰਿਹਾ ਹੈ, ਜਿਸ ਕਾਰਨ ਉਨ੍ਹਾਂ ਬਾਰੇ ਸਮਾਜ ਵਿਚ ਦਿਲਚਸਪੀ ਵਧੀ ਹੈ। ਡਾ. ਅੰਬੇਡਕਰ ਲਿਖਦੇ ਹਨ, "ਲੋਕ ਮੇਰੇ ਤੋਂ ਇਸ ਲਈ ਨਹੀਂ ਡਰਦੇ ਕਿ ਮੈਂ ਵਿਦਵਾਨ ਹਾਂ, ਇਸ ਲਈ ਵੀ ਨਹੀਂ ਡਰਦੇ ਕਿ ਮੈਂ ਇੱਕ ਵੱਡੇ ਸਮਾਜ ਦੀ ਪ੍ਰਤੀਨਿਧਤਾ ਕਰਦਾ ਹਾਂ, ਸਗੋਂ ਲੋਕ ਮੇਰੇ ਤੋਂ ਇਸ ਲਈ ਡਰਦੇ ਹਨ ਕਿ ਮੈਂ ਸ਼ੀਲਵਾਨ, ਚਰਿੱਤਰਵਾਨ ਅਤੇ ਸਵੈ-ਅਭਿਮਾਨੀ ਹਾਂ। ਮੈਨੂੰ ਖਰੀਦਿਆ ਨਹੀਂ ਜਾ ਸਕਦਾ, ਮੈਨੂੰ ਤੇ ਮੇਰੇ ਵਿਚਾਰਾਂ ਨੂੰ ਵੇਚਿਆ ਵੀ ਨਹੀਂ ਜਾ ਸਕਦਾ।"

ਬਾਬਾ ਸਾਹਿਬ ਨੇ ਜਿੱਥੇ ਤਲਾਬ ਦਾ ਮੋਰਚਾ ਲਾਇਆ, ਉਥੇ ਮੰਦਿਰ ਜਾਣ ਦਾ ਅੰਦੋਲਨ ਵੀ ਕੀਤਾ। ਸਮਾਜ ਨੂੰ ਜ਼ਿੰਦਗੀ ਵਿਚ ਆ ਰਹੀਆਂ ਦਰਪੇਸ਼ ਸਮੱਸਿਆਵਾਂ ਦਾ 4 ਅਖਬਾਰਾਂ ਰਾਹੀਂ ਉਲੇਖ ਕੀਤਾ। ਉਨ੍ਹਾਂ ਵੋਟ ਦਾ ਹੱਕ ਦਵਾਇਆ, ਜੋ ਉਸ ਵੇਲੇ ਦੀ ਵੱਡੀ ਅਤੇ ਅਹਿਮ ਪ੍ਰਾਪਤੀ ਸੀ। 1930, 1931, 1932 ਦੀਆਂ ਇੰਗਲੈਂਡ ਦੀਆਂ ਗੋਲ ਮੇਜ ਕਾਨਫਰੰਸਾਂ ਹੋਈਆਂ, ਜਿਨ੍ਹਾਂ ਵਿਚ ਕਾਂਗਰਸ ਤੇ ਹਿੰਦੂਆਂ ਵਲੋਂ ਮਹਾਤਮਾ ਗਾਂਧੀ, ਮੁਸਲਮਾਨਾਂ ਵਲੋਂ ਮੁਹੰਮਦ ਅਲੀ ਜਿਨਾਹ ਅਤੇ ਅਛੂਤਾਂ ਵਲੋਂ ਡਾ. ਅੰਬੇਡਕਰ ਨੇ ਨੁਮਾਇੰਦਗੀ ਕੀਤੀ। ਬਾਬਾ ਸਾਹਿਬ ਨੇ ਇਸ ਮੌਕੇ ਕਿਹਾ ਕਿ ਉਹ ਦੇਸ਼ ਦੇ 5ਵੇਂ ਹਿੱਸੇ, ਅਮਰੀਕਾ ਅਤੇ ਫਰਾਂਸ ਦੀ ਆਬਾਦੀ ਦੇ ਬਰਾਬਰ ਸਮਾਜ ਦੀ ਨੁਮਾਇੰਦਗੀ ਕਰ ਰਹੇ ਹਨ। ਉਨ੍ਹਾਂ ਆਪਣੇ ਗਿਆਨ, ਵਿਵੇਕ, ਤਲਖ ਹਕੀਕਤਾਂ ਨੂੰ ਬਿਆਨ ਕਰਦਿਆਂ ਕਿਹਾ ਕਿ ਉਹ ਦੇਸ਼ 'ਚ ਅੰਗਰੇਜ਼ਾਂ ਦੀ ਗੁਲਾਮੀ ਤੋਂ ਇਲਾਵਾ ਹਿੰਦੂਆਂ ਦੇ ਵੀ ਸਦੀਆਂ ਤੋਂ ਗੁਲਾਮ ਲੋਕ ਹਨ। ਉਨ੍ਹਾਂ ਨਾਲ ਪਸ਼ੂਆਂ-ਜਾਨਵਰਾਂ ਜਿਹਾ ਵਿਹਾਰ ਕੀਤਾ ਜਾਂਦਾ ਹੈ। ਇਸ ਉਪਰੰਤ ਡਾ. ਅੰਬੇਡਕਰ ਦਾ ਗਾਂਧੀ ਨਾਲ ਟਕਰਾਅ ਹੋਇਆ, ਜਿਸ ਵਜੋਂ 24 ਸਤੰਬਰ 1932 ਨੂੰ ਪੂਨਾ ਪੈਕਟ ਹੋਇਆ ਅਤੇ ਗਾਂਧੀ ਜੀ ਦੀ ਜਾਨ ਬਚਾਈ।

ਡਾ. ਅੰਬੇਡਕਰ ਦੀਆਂ ਹੁਣ ਤੱਕ 40 ਲਿਖਤਾਂ ਮਿਲਦੀਆਂ ਹਨ। ਉਨ੍ਹਾਂ ਦੀ ਨਿਜੀ ਲਾਇਬਰੇਰੀ ਵਿਚ 32 ਹਜਾਰ ਕਿਤਾਬਾਂ ਅਤੇ ਗ੍ਰੰਥ ਸਨ। ਉਨ੍ਹਾਂ ਦੀ ਇੱਕ ਇਤਿਹਾਸਕ ਭਾਸ਼ਣ ਵਾਲੀ ਪੁਸਤਕ 'ਜਾਤ-ਪਾਤ ਦਾ ਬੀਜ ਨਾਸ' ਨੇ ਕਾਂਸ਼ੀ ਰਾਮ ਨੂੰ ਇਸ ਕਦਰ ਪ੍ਰਭਾਵਿਤ ਕੀਤਾ ਕਿ ਕਿਤਾਬ ਪੜ੍ਹਨ ਪਿਛੋਂ ਸਮੁੱਚਾ ਜੀਵਨ ਉਨ੍ਹਾਂ ਬਾਬਾ ਸਾਹਿਬ ਨੂੰ ਸਮਰਪਿਤ ਕਰ ਦਿੱਤਾ। ਅੱਜ ਭਾਰਤ ਵਿਚ ਅਤੇ ਦੁਨੀਆਂ ਵਿਚ ਬਾਬਾ ਸਾਹਿਬ ਨੂੰ ਜੋ ਦੁਨੀਆਂ ਸਮਝਣ, ਮੰਨਣ ਅਤੇ ਜਾਣਨ ਲੱਗੀ ਹੈ ਤਾਂ ਉਹ ਸਾਹਿਬ ਕਾਂਸ਼ੀ ਰਾਮ ਦੀ ਹੀ ਬਦੌਲਤ ਹੈ।

ਭਾਰਤ 'ਚ ਜਿਉਂ-ਜਿਉਂ ਆਗਿਆਨ ਦੂਰ ਅਤੇ ਪੜ੍ਹਾਈ-ਲਿਖਾਈ ਦੇ ਵੱਧ ਮੌਕੇ ਸੰਵਿਧਾਨ ਦੀ ਵਜ੍ਹਾ ਕਾਰਨ ਮਿਲਣ ਲੱਗੇ ਹਨ, ਭਾਰਤ ਤਰੱਕੀ ਦੀਆਂ ਮੰਜ਼ਿਲਾਂ ਵੱਲ ਵੱਧ ਰਿਹਾ ਹੈ। ਔਰਤਾਂ ਨੂੰ ਵੱਧ ਮੌਕੇ ਮਿਲਣ ਕਾਰਨ ਉਹ ਵੱਖ-ਵੱਖ ਖੇਤਰਾਂ 'ਚ ਵੱਡੇ ਮੁਕਾਮ 'ਤੇ ਵੱਡੇ ਰੁਤਬਿਆਂ 'ਤੇ ਇੱਕ ਕਾਮਯਾਬੀ ਨਾਲ ਦੇਸ਼ ਦਾ ਮਾਨ-ਸਨਮਾਨ ਵਧਾ ਰਹੀਆਂ ਹਨ। ਜੋ ਕੰਮ ਔਰਤਾਂ ਦੇ ਹੱਕਾਂ ਲਈ ਬਾਬਾ ਸਾਹਿਬ ਨੇ ਭਾਰਤੀ ਸੰਵਿਧਾਨ ਰਾਹੀਂ ਕੀਤਾ, ਉਸ ਨੂੰ ਰਹਿੰਦੀ ਦੁਨੀਆਂ ਤੱਕ ਯਾਦ ਕੀਤਾ ਜਾਵੇਗਾ। ਹਿੰਦੂ ਕੋਡ ਬਿੱਲ ਦਾ ਪਾਸ ਨਾ ਹੋਣਾ ਤੇ ਡਾ. ਅੰਬੇਡਕਰ ਦਾ ਇਸ ਮੁੱਦੇ 'ਤੇ ਮੰਤਰੀ ਮੰਡਲ ਤੋਂ ਅਸਤੀਫਾ ਦੇਣਾ ਇਤਿਹਾਸ 'ਚ ਕੌਣ ਮਨਫੀ ਕਰ ਸਕਦਾ ਹੈ?

ਡਾ. ਅੰਬੇਡਕਰ ਨੇ ਆਪਣੀ 1940 'ਚ ਲਿਖੀ ਪੁਸਤਕ 'ਪਾਕਿਸਤਾਨ 'ਤੇ ਵਿਚਾਰ' ਆਪਣੀ ਪਹਿਲੀ ਪਤਨੀ ਰਮਾਬਾਈ ਨੂੰ ਸਮਰਪਿਤ ਕਰਦਿਆਂ ਲਿਖਿਆ ਕਿ (ਮੇਰੀ ਪਤਨੀ) "ਰਮਾਬਾਈ ਦਿਲ ਦੀ ਕੁਲੀਨ, ਮਨ ਦੀ ਨਿਰਮਲ ਅਤੇ ਚਰਿੱਤਰ ਦੀ ਪਵਿੱਤਰ ਸੀ, ਉਨ੍ਹਾਂ ਦਿਨਾਂ ਵਿਚ ਜਦੋਂ ਸਾਡਾ ਕੋਈ ਮਦਦਗਾਰ ਨਹੀਂ ਸੀ, ਸਾਨੂੰ ਥੁੜ੍ਹਾਂ ਦਾ ਸਾਹਮਣਾ ਕਰਨਾ ਪੈਂਦਾ ਸੀ ਅਤੇ ਅਸੀਂ ਚਿੰਤਾ ਵਿਚ ਸਾਂ ਤਾਂ ਉਸ ਨੇ ਧੀਰਜ ਰੱਖਿਆ ਤੇ ਹੌਸਲਾ ਵਿਖਾਇਆ।" ਦੂਜੀ ਪਤਨੀ ਸਵਿਤਾ ਅੰਬੇਡਕਰ ਨੂੰ ਸਮਰਪਿਤ ਹੁੰਦਿਆਂ ਲਿਖਿਆ ਸੀ, "ਮੈਂ ਔਰਤਾਂ ਦੀ ਉਨਤੀ ਅਤੇ ਮੁਕਤੀ ਵਾਸਤੇ ਲੜਨ ਵਾਲਾ ਮਹਾਨ ਯੋਧਾ ਰਿਹਾ ਹਾਂ ਅਤੇ ਮੈਂ ਔਰਤ ਦੇ ਰੁਤਬੇ ਨੂੰ ਵਧਾਉਣ ਲਈ ਕਾਫੀ ਸੰਘਰਸ਼ ਵੀ ਕੀਤਾ ਹੈ, ਜਿਸ ਦਾ ਮੈਨੂੰ ਮਾਣ ਹੈ।"

ਡਾ. ਅੰਬੇਡਕਰ ਨੇ ਸਦੀਆਂ ਤੋਂ ਚੱਲਦੇ ਕਾਨੂੰਨਾਂ ਦਾ ਖਾਤਮਾ ਕਰਦਿਆਂ ਭਾਰਤੀ ਸੰਵਿਧਾਨ ਦੇ ਅਨੁਛੇਦ 13(1) ਅਤੇ 13(3) ਵਿਚ ਲਿਖਿਆ ਹੈ, "ਇਸ ਸੰਵਿਧਾਨ ਦੇ ਲਾਗੂ ਹੋਣ 'ਤੇ ਭਾਰਤ ਵਿਚ ਠੀਕ ਪਹਿਲਾਂ, ਕਾਨੂੰਨ ਵਜੋਂ ਪ੍ਰਚਲਿਤ ਕੋਈ ਵੀ ਆਰਡੀਨੈਂਸ, ਆਦੇਸ਼, ਕਾਨੂੰਨ, ਕਾਇਦਾ, ਨਿਯਮ, ਉਪਨਿਯਮ, ਅਧਿਸੂਚਨਾ, ਰੂੜੀ ਜਾਂ ਪ੍ਰਥਾ ਸਿਫਰ ਹੋਣਗੇ।"

ਜੇ ਬਾਬਾ ਸਾਹਿਬ ਦੇ ਭਾਰਤ ਦੇ ਨਿਰਮਾਣ ਵਿਚ ਯੋਗਦਾਨ ਬਾਰੇ ਦੇਖੀਏ ਤਾਂ ਸਭ ਤੋਂ ਵੱਡਾ ਯੋਗਦਾਨ ਦੇਸ਼ ਦਾ ਸੰਵਿਧਾਨ ਹੈ (ਹਰਜਿੰਦਰ ਮੱਲ ਇੱਕ ਗੀਤ 'ਚ ਲਿਖਦਾ ਹੈ, 'ਇੱਕ ਚਿੱਠੀ ਲਿਖਣੀ ਔਖੀ ਏ, ਤੂੰ ਲਿਖ ਸੰਵਿਧਾਨ ਦਿੱਤਾ'), ਦੇਸ਼ ਦੀ

*ਸਾਬਕਾ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਕਿਹਾ ਸੀ, "ਜੇ ਡਾ. ਅੰਬੇਡਕਰ ਉਨ੍ਹਾਂ ਦੇ ਦੇਸ਼ ਵਿਚ ਪੈਦਾ ਹੋਏ ਹੁੰਦੇ ਤਾਂ ਉਹ ਉਨ੍ਹਾਂ ਨੂੰ ਸੂਰਜ ਕਹਿੰਦੇ, ਇੱਕ ਐਸਾ ਸੂਰਜ ਜਿਸ ਨੇ ਸਿਆਸੀ, ਸਮਾਜਕ ਅਤੇ ਧਾਰਮਿਕ ਤੌਰ 'ਤੇ ਪੂਰੇ ਵਿਸ਼ਵ ਨੂੰ ਆਪਣੇ ਗਿਆਨ ਨਾਲ ਪ੍ਰਭਾਵਿਤ ਕੀਤਾ।"*

*ਇੰਗਲੈਂਡ ਦੀ ਰਾਣੀ ਐਲਿਜ਼ਾਬੈਥ ਅਨੁਸਾਰ "ਜੇ ਡਾ. ਅੰਬੇਡਕਰ ਭਾਰਤ ਤੋਂ ਇਲਾਵਾ ਹੋਰ ਦੇਸ਼ 'ਚ ਪੈਦਾ ਹੁੰਦੇ ਤਾਂ ਉਨ੍ਹਾਂ ਨੂੰ ਵਿਸ਼ਵ-ਮਾਨਵ ਕਿਹਾ ਗਿਆ ਹੁੰਦਾ।"*



ਰਿਜ਼ਰਵ ਬੈਂਕ, ਰੋਜ਼ਗਾਰ ਦਫਤਰ, ਚੋਣ ਕਮਿਸ਼ਨ, ਬਿਜਲੀ ਅਤੇ ਸਿੰਚਾਈ ਯੋਜਨਾਵਾਂ, ਹੀਰਾ ਕੁੰਡ, ਸੋਨ ਨਦੀ, ਦਾਮੋਦਰ ਘਾਟੀ ਯੋਜਨਾਵਾਂ, ਵਿੱਤ ਕਮਿਸ਼ਨਰ, ਰਾਖਵਾਂਕਰਣ, ਅੰਤਰਜਾਤੀ ਵਿਆਹ, ਮਜ਼ਦੂਰੀ ਦਾ ਸਮਾਂ 12 ਘੰਟੇ ਤੋਂ 8 ਘੰਟੇ ਕਰਨ ਸਮੇਤ ਕਈ ਤਰ੍ਹਾਂ ਦੇ ਯੋਗਦਾਨ ਡਾ. ਅੰਬੇਡਕਰ ਦੀ ਦੂਰਅੰਦੇਸ਼ੀ ਸੋਚ ਦਾ ਹੀ ਨਤੀਜਾ ਹਨ। ਇਸ ਤਰ੍ਹਾਂ ਉਨ੍ਹਾਂ ਭਾਰਤ ਦੇ ਡੀ. ਐਨ. ਏ. ਦੀ ਰਚਨਾ ਕੀਤੀ।

ਅਮਰੀਕਾ ਲਈ ਜੋ ਲਿੰਕਨ, ਰੂਸ ਲਈ ਲੈਨਿਨ, ਮਿਸਰੀਆਂ ਲਈ ਮੂਸਾ, ਅਫਰੀਕੀਆਂ ਲਈ ਨੈਲਸਿਨ ਮੰਡੇਲਾ ਹੈ, ਭਾਰਤ ਦੇ ਕਰੋੜਾਂ ਸ਼ੋਸ਼ਿਤਾਂ, ਔਰਤਾਂ ਲਈ ਉਹ ਟਾਈ ਵਾਲਾ ਬਾਬਾ ਡਾ. ਅੰਬੇਡਕਰ ਹੈ।

ਡਾ. ਅੰਬੇਡਕਰ ਨੂੰ ਸੰਸਾਰ ਦੀ ਸਭ ਤੋਂ ਵੱਡੀ ਸੰਸਥਾ ਯੂ. ਐਨ. ਓ. ਵਲੋਂ 'ਗਿਆਨ ਦੇ ਪ੍ਰਤੀਕ' ਮੰਨਣਾ ਵੱਡੇ ਮਾਣ ਅਤੇ ਸਨਮਾਨ ਨੂੰ ਦਰਸਾਉਂਦਾ ਹੈ। ਇਸ ਵੱਕਾਰੀ ਤੇ ਮਹਾਨ ਸੰਸਥਾ ਨੇ 14 ਅਪਰੈਲ 2016 ਨੂੰ ਉਨ੍ਹਾਂ ਦਾ 125ਵਾਂ ਜਨਮ ਦਿਨ ਮਨਾਇਆ ਅਤੇ ਹਰ ਸਾਲ ਕੌਮਾਂਤਰੀ ਸਮਾਨਤਾ ਦਿਵਸ ਵਜੋਂ ਮਨਾਉਣ ਦਾ ਐਲਾਨ ਕੀਤਾ। 25 ਮਈ 1754 ਨੂੰ ਸਥਾਪਿਤ ਹੋਈ ਅਮਰੀਕਾ ਦੀ ਪ੍ਰਸਿੱਧ ਕੋਲੰਬੀਆ ਯੂਨੀਵਰਸਿਟੀ ਵਿਚ ਡਾ. ਅੰਬੇਡਕਰ ਨੇ 1917 'ਚ ਪੀਐਚ.ਡੀ. ਕੀਤੀ। 5 ਜੂਨ 1952 ਨੂੰ ਐਲ. ਐਲ. ਡੀ. ਦੀ ਡਿਗਰੀ ਪ੍ਰਾਪਤ ਕੀਤੀ। ਉਸੇ ਯੂਨੀਵਰਸਿਟੀ ਨੇ ਆਪਣੇ 250 ਸਾਲਾਂ ਪੂਰੇ ਹੋਣ 'ਤੇ ਸਾਲ 2004 ਵਿਚ 100 ਸਭ ਤੋਂ ਹੋਣਹਾਰ ਵਿਦਿਆਰਥੀਆਂ ਦੀ ਸੂਚੀ ਵਿਚੋਂ ਡਾ. ਅੰਬੇਡਕਰ ਨੂੰ ਪਹਿਲਾਂ ਮਹਾਨਤਮ ਵਿਦਿਆਰਥੀ ਐਲਾਨਿਆ। ਅੱਜ ਉਸੇ ਯੂਨੀਵਰਸਿਟੀ ਵਿਚ ਡਾ. ਅੰਬੇਡਕਰ ਦੀ ਸਵੈ-ਜੀਵਨੀ 'ਵੀਜ਼ੇ ਦੀ ਉਡੀਕ' (ਅਟਿਨਿਗ ੋਰ ੜਸਿਅ) ਪੜ੍ਹਾਈ ਜਾਂਦੀ ਹੈ। ਇਸ ਯੂਨੀਵਰਸਿਟੀ ਵਿਚ ਬਾਬਾ ਸਾਹਿਬ ਦਾ ਬੁੱਤ ਸਥਾਪਿਤ ਕੀਤਾ ਗਿਆ ਹੈ, ਜਿਸ 'ਤੇ ਸਨਮਾਨ ਵਜੋਂ "ਧਰ। ਭ੍।। ਓਮਬਏਦਕਅਰ (1891-1956) 'ਅਟਹਇਰ ੋਾ ਟਹਏ ਨਿਦਅਿਨ ਛੋਨਸਟਟ੍ਿਟੋਨਿ' ਭਹਅਰਅਟ ੍ਅਟਨਅ (1990) (ਨਿਦਅਿ'ਸ ਹਗਿਹਏਸਟ ਚਵਿਲਿਅਿਨ ਹੋਨੋਰ) ੂਨਦਅੁਨਟਏਦ ਚਰੁ-ਸਅਦਏਰ ੋਰ ਸੋਚਅਿਲ ਜੁਸਟਚਿਏ ਅਨਦ ਏਤੁਅਲਟਿ" ਅੰਕਿਤ ਕੀਤਾ ਗਿਆ ਹੈ।

ਇੰਗਲੈਂਡ ਦੇ ਸ਼ਹਿਰ ਲੰਡਨ 'ਚ ਬਣੇ ਮਿਊਜ਼ੀਅਮ ਵਿਚ ਅੱਧੀ ਦੁਨੀਆਂ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਲ ਮਾਰਕਸ ਦੇ ਬਰਾਬਰ ਡਾ. ਅੰਬੇਡਕਰ ਦੀ ਪ੍ਰਤਿਮਾ ਲਾਈ ਗਈ ਹੈ। ਸਾਲ 2018 ਵਿਚ ਲੰਡਨ ਦੇ ਉਯਰਸ ਵਿਚ ਦੁਨੀਆਂ ਦੇ ਸਭ ਤੋਂ ਵੱਧ ਪੜ੍ਹੇ-ਲਿਖੇ ਵਕੀਲਾਂ ਦੀ ਸੂਚੀ ਵਿਚ ਡਾ. ਅੰਬੇਡਕਰ ਦਾ ਨਾਂ ਦਰਜ ਹੈ। ਸਾਬਕਾ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਕਿਹਾ ਸੀ, "ਜੇ ਡਾ. ਅੰਬੇਡਕਰ ਉਨ੍ਹਾਂ ਦੇ ਦੇਸ਼ ਵਿਚ ਪੈਦਾ ਹੋਏ ਹੁੰਦੇ ਤਾਂ ਉਹ ਉਨ੍ਹਾਂ ਨੂੰ ਸੂਰਜ ਕਹਿੰਦੇ, ਇੱਕ ਐਸਾ ਸੂਰਜ ਜਿਸ ਨੇ ਸਿਆਸੀ, ਸਮਾਜਕ ਅਤੇ ਧਾਰਮਿਕ ਤੌਰ 'ਤੇ ਪੂਰੇ ਵਿਸ਼ਵ ਨੂੰ ਆਪਣੇ ਗਿਆਨ ਨਾਲ ਪ੍ਰਭਾਵਿਤ ਕੀਤਾ।"

ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਨੇ ਕਿਹਾ ਸੀ, "ਡਾ. ਭੀਮ ਰਾਓ ਅੰਬੇਡਕਰ ਹਿੰਦੂ ਸਮਾਜ ਦੇ ਸਾਰੇ ਅੱਤਿਆਚਾਰੀ ਲੱਛਣਾਂ ਦੇ ਵਿਰੁਧ ਵਿਦਰੋਹ ਦੇ ਚਿੰਨ੍ਹ ਸਨ। ਜਿਨ੍ਹਾਂ ਗੱਲਾਂ ਵਿਰੁਧ ਉਨ੍ਹਾਂ ਨੇ ਵਿਦਰੋਹ ਕੀਤਾ, ਸਾਨੂੰ ਸਭ ਨੂੰ ਵੀ ਉਨ੍ਹਾਂ ਖਿਲਾਫ ਬਗਾਵਤ ਕਰਨੀ ਚਾਹੀਦੀ ਹੈ।" ਲਾਰਡ ਮਾਊਂਟਬੈਟਨ (ਅੰਗਰੇਜ਼ ਸਰਕਾਰ ਦਾ ਭਾਰਤ 'ਚ ਆਖਰੀ ਗਵਰਨਰ ਜਨਰਲ) ਨੇ ਲਿਖਿਆ, "ਮੈਂ ਪਹਿਲੀ ਵਾਰ 1943 ਵਿਚ ਡਾ. ਅੰਬੇਡਕਰ ਵਿਚ ਰੁਚੀ ਲੈਣੀ ਸ਼ੁਰੂ ਕੀਤੀ। ਉਸ ਵੇਲੇ ਡਾ. ਅੰਬੇਡਕਰ ਵਾਇਸਰਾਏ ਦੀ ਕੌਂਸਲ ਦੇ ਲੇਬਰ ਮੈਂਬਰ ਸਨ। ਉਹ ਸੁਤੰਤਰਤਾ, ਸਮਾਨਤਾ ਤੇ ਭਾਈਚਾਰੇ ਲਈ ਲੜ ਰਹੇ ਸਨ। ਉਨ੍ਹਾਂ ਦੀ ਲੜਾਈ ਦਾ ਉਦੇਸ਼ ਸੀ ਕਿ ਹਰ ਇਕ ਨੂੰ ਚੰਗਾ ਜੀਵਨ ਅਤੇ ਸਮਾਨਤਾ ਮਿਲੇ।...ਜਿਸ ਯੋਗਤਾ ਨਾਲ ਡਾ. ਅੰਬੇਡਕਰ ਨੇ ਸੰਵਿਧਾਨ ਸਭਾ ਵਿਚ ਵਿਧਾਨ ਪੇਸ਼ ਕੀਤਾ। ਉਹ ਅਤਿਅੰਤ ਮਹਾਨ ਅਤੇ ਅਨੋਖਾ ਕਾਰਨਾਮਾ ਸੀ, ਪਰ ਅਛੂਤਾਂ ਅਤੇ ਦਲਿਤ ਵਰਗ ਦੇ ਲੋਕਾਂ ਦੀ ਭਲਾਈ ਲਈ ਉਨ੍ਹਾਂ ਦੇ ਲਗਾਤਾਰ ਸੰਘਰਸ਼ ਨੇ ਮੇਰੇ ਦਿਲ 'ਚ ਬਹੁਤ ਵੱਡਾ ਸਥਾਨ ਬਣਾ ਲਿਆ।"

ਪੀਪਲਜ਼ ਐਜੂਕੇਸ਼ਨ ਸੁਸਾਇਟੀ, ਮੁੰਬਈ ਦੇ ਮੈਂਬਰ ਡਾ. ਬੀ. ਐਨ. ਸ਼ਿਵਰਾਜ ਨੇ ਲਿਖਿਆ, "ਮਰਿਆ ਹੋਇਆ ਡਾ. ਅੰਬੇਡਕਰ, ਜਿਉਂਦੇ ਅੰਬੇਡਕਰ ਤੋਂ ਵੱਧ ਤਾਕਤਵਰ ਹੈ।" 20ਵੀਂ ਸਦੀ ਦੇ ਪ੍ਰਸਿੱਧ ਦਾਰਸ਼ਨਿਕ ਓਸ਼ੋ ਰਜਨੀਸ਼ ਨੇ ਕਿਹਾ, "ਮੈਂ ਜਿਨ੍ਹਾਂ ਸ੍ਰੇਸ਼ਟ ਵਿਅਕਤੀਆਂ ਨੂੰ ਮਿਲਿਆਂ, ਉਨ੍ਹਾਂ ਵਿਚੋਂ ਡਾ. ਅੰਬੇਡਕਰ ਸਰਵਸ੍ਰੇਸ਼ਟ ਵਿਅਕਤੀ ਸਨ।" ਉਨ੍ਹਾਂ ਗਾਂਧੀ ਦੇ ਮੁਕਾਬਲੇ ਡਾ. ਅੰਬੇਡਕਰ ਨੂੰ ਭੋਲੇ (ਭਲੇਮਾਣਸ) ਕਿਹਾ ਅਤੇ ਉਹ ਗਾਂਧੀ ਨੂੰ ਚਤੁਰ ਬਾਣੀਆ ਮੰਨਦੇ ਸਨ। (1932 ਦੇ ਪੂਨਾ ਪੈਕਟ ਦੇ ਸਬੰਧ ਵਿਚ ਵਿਚਾਰ)। ਕੋਲੰਬੀਆ ਯੂਨੀਵਰਸਿਟੀ ਦੇ ਅਰਥ ਸ਼ਾਸਤਰ ਦੇ ਪ੍ਰੋਫੈਸਰ ਸੇਲਿੰਗਸਨ ਨੇ ਕਿਹਾ, "ਭੀਮ ਰਾਓ ਅੰਬੇਡਕਰ ਨਾ ਸਿਰਫ ਭਾਰਤੀ ਵਿਦਿਆਰਥੀਆਂ ਵਿਚੋਂ ਵਿਸ਼ੇਸ਼ ਹੈ, ਸਗੋਂ ਅਮਰੀਕੀ ਵਿਦਿਆਰਥੀਆਂ ਵਿਚੋਂ ਉਹਦੇ ਜਿਹਾ ਕੋਈ ਹੋਰ ਵਿਦਿਆਰਥੀ ਨਹੀਂ ਹੈ।"

ਇੰਗਲੈਂਡ ਦੀ ਰਾਣੀ ਐਲਿਜ਼ਾਬੈਥ ਅਨੁਸਾਰ "ਜੇ ਡਾ. ਅੰਬੇਡਕਰ ਭਾਰਤ ਤੋਂ ਇਲਾਵਾ ਹੋਰ ਦੇਸ਼ 'ਚ ਪੈਦਾ ਹੁੰਦੇ ਤਾਂ ਉਨ੍ਹਾਂ ਨੂੰ ਵਿਸ਼ਵ-ਮਾਨਵ ਕਿਹਾ ਗਿਆ ਹੁੰਦਾ।" ਬੰਗਾਲ ਦੇ ਗਵਰਨਰ ਰਹੇ ਐਨ. ਜੀ. ਕੇਸੀ ਨੇ ਆਪਣੀ ਇੱਕ ਪੁਸਤਕ 'ਓਨ ਉਸਟਰਅਲਅਿਨ ਨਿਦਅਿ' (1946) ਵਿਚ ਲਿਖਿਆ, "ਡਾ. ਅੰਬੇਡਕਰ ਨਾਲ ਮੇਰੀ ਮੁਲਾਕਾਤ ਗਵਰਨਰ ਹਾਊਸ, ਕਲਕੱਤਾ ਵਿਚ ਹੋਈ ਸੀ। ਉਨ੍ਹਾਂ ਨਾਲ ਵੱਖ-ਵੱਖ ਵਿਸ਼ਿਆਂ 'ਤੇ 2 ਘੰਟੇ ਤੱਕ ਵਿਚਾਰ-ਵਟਾਂਦਰਾ ਕਰਨ ਦਾ ਮੌਕਾ ਮਿਲਿਆ। ਮੈਂ ਮਹਿਸੂਸ ਕੀਤਾ ਕਿ ਡਾ. ਅੰਬੇਡਕਰ ਸਮੁੰਦਰ ਵਾਂਗ ਬਹੁਤ ਵਿਦਵਤਾ ਦੇ ਸੁਆਮੀ ਹਨ। ਜੇ ਮੇਰਾ ਜਨਮ ਅਛੂਤ ਘਰਾਣੇ ਵਿਚ ਹੋਇਆ ਹੁੰਦਾ ਤਾਂ ਮੈਂ ਡਾ. ਅੰਬੇਡਕਰ ਨੂੰ ਆਪਣਾ ਨੇਤਾ ਮੰਨਦਾ ਆਪਣੇ ਆਪ ਨੂੰ ਖੁਸ਼ਕਿਸਮਤ ਸਮਝਦਾ ਅਤੇ ਹੋਰ ਕਿਸੇ ਨੂੰ ਆਪਣਾ ਨੇਤਾ ਮੰਨਣ ਨੂੰ ਤਿਆਰ ਨਾ ਹੁੰਦਾ। ਉਹ ਇੱਕ ਦੂਰਅੰਦੇਸ਼ੀ ਆਗੂ ਹਨ। ਉਨ੍ਹਾਂ ਦੇ ਸੰਘਰਸ਼ ਦੇ ਕਾਰਨ ਹੀ ਅਛੂਤ ਹਰ ਖੇਤਰ ਵਿਚ ਤਰੱਕੀ ਕਰ ਰਹੇ ਹਨ। ਉਹ ਅਛੂਤਾਂ ਦੇ ਨਾਲ-ਨਾਲ ਔਰਤ ਜਾਤੀ ਦੇ ਵੀ ਮੁਕਤੀਦਾਤਾ ਹਨ।"

ਡਾ. ਐਸ. ਐਸ. ਵਣਜਾਰਾ ਬੇਦੀ (ਪੰਜਾਬੀ ਲੋਕਧਾਰਾ ਦੇ ਪ੍ਰਸਿੱਧ ਲੇਖਕ) ਆਪਣੀ ਸਵੈ-ਜੀਵਨੀ 'ਆਪਣੀ ਸੋਚ ਦੇ ਗਹਿਰੇ ਸਾਏ' ਵਿਚ ਲਿਖਦੇ ਹਨ, "ਮੈਂ ਡਾ. ਅੰਬੇਡਕਰ ਨੂੰ ਪਹਿਲੀ ਵਾਰ ਆਰਕੀਲੋਜੀਕਲ ਲਾਇਬਰੇਰੀ ਵਿਚ ਮਿਲਿਆ। ਡਾ. ਅੰਬੇਡਕਰ ਦੀਆਂ ਗੱਲਾਂ ਬੜੀਆਂ ਦਿਲਚਸਪ ਹੁੰਦੀਆਂ, ਗਿਆਨ ਨਾਲ ਛਲਕਦੀਆਂ ਤੇ ਸੋਚ ਨੂੰ ਟੁੰਬਦੀਆਂ ਸਨ।" ਅਫਰੀਕਾ ਦੇ ਸਾਬਕਾ ਰਾਸ਼ਟਰਪਤੀ ਅਤੇ ਕਾਲੇ ਮੂਲ ਦੇ ਲੋਕਾਂ ਦੇ ਮਹਾਨ ਆਗੂ ਨੈਲਸਨ ਮੰਡੇਲਾ ਨੇ ਕਿਹਾ ਕਿ ਜੇ ਭਾਰਤ ਵਿਚੋਂ ਕੋਈ ਚੀਜ਼ ਖਰੀਦ ਕੇ ਲਿਜਾਣੀ ਹੈ ਤਾਂ ਉਹ ਭਾਰਤ ਦਾ ਸੰਵਿਧਾਨ ਹੈ। ਬੜੌਦਾ ਰਿਆਸਤ ਦੇ ਮਹਾਰਾਜਾ ਛਤਰਪਤੀ ਸ਼ਾਹੂ ਜੀ ਮਹਾਰਾਜ ਨੇ 15 ਮਾਰਚ 1920 ਵਿਚ ਇੱਕ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਸੀ, "ਅੱਜ ਤੋਂ ਡਾ. ਅੰਬੇਡਕਰ ਤੁਹਾਡੇ ਨੇਤਾ ਹਨ। ਮੇਰਾ ਵਿਸ਼ਵਾਸ ਹੈ ਕਿ ਡਾ. ਅੰਬੇਡਕਰ ਤੁਹਾਡਾ ਭਲਾ ਕਰਨਗੇ। ਮੈਨੂੰ ਅਜਿਹਾ ਲੱਗਦਾ ਹੈ ਕਿ ਡਾ. ਅੰਬੇਡਕਰ ਸਾਰੇ ਭਾਰਤ ਦੇ ਲੋਕਾਂ ਦੇ ਨੇਤਾ ਬਣਨਗੇ।"

ਭਾਰਤ ਦੇ ਇਸ ਸਪੂਤ ਨੂੰ 1990 'ਚ ਮਰਨ ਉਪਰੰਤ ਭਾਰਤ ਸਰਕਾਰ ਵਲੋਂ ਉਸ ਵੇਲੇ ਦੇ ਰਾਸ਼ਟਰਪਤੀ ਆਰ. ਵੈਂਕੰਟਰਮਨ ਨੇ ਭਾਰਤ ਰਤਨ ਪੁਰਸਕਾਰ ਬਾਬਾ ਸਾਹਿਬ ਦੀ ਧਰਮ ਪਤਨੀ ਸਵਿਤਾ ਅੰਬੇਡਕਰ ਨੂੰ ਭੇਟ ਕੀਤਾ। ਭਾਰਤ ਦੇ ਕਈ ਪ੍ਰਸਿੱਧ ਟੀ. ਵੀ. ਚੈਨਲਾਂ ਵਲੋਂ ਸਾਲ 2012 ਵਿਚ ਕਰਵਾਏ ਗਏ ਆਨਲਾਈਨ ਸਰਵੇਖਣ 'ਚ ਕਰੀਬ 2 ਕਰੋੜ ਵੋਟਾਂ ਪ੍ਰਾਪਤ ਕਰਨ ਕਰਕੇ ਮਹਾਨ ਭਾਰਤੀ ਹੋਣ ਦਾ ਮਾਣ ਡਾ. ਅੰਬੇਡਕਰ ਨੂੰ ਪ੍ਰਾਪਤ ਹੋਇਆ।

ਦੇਸ਼ ਵਿਚ ਇਸ ਸਮੇਂ ਸਾਰੇ ਵਰਗਾਂ ਅਤੇ ਸਾਰੇ ਖੇਤਰਾਂ ਨਾਲ ਸਬੰਧਿਤ ਲੋਕ, ਖਾਸ ਕਰ ਸ਼ੋਸ਼ਿਤ ਲੋਕ ਬਾਬਾ ਸਾਹਿਬ ਦੇ ਜੀਵਨ-ਮਿਸ਼ਨ ਨੂੰ ਪੜ੍ਹਨ ਤੇ ਸਮਝਣ 'ਚ ਦਿਲਚਸਪੀ ਰੱਖਦੇ ਹਨ। ਅੱਜ ਦਾ ਨੌਜਵਾਨ ਵਰਗ ਪੁਰਾਣੀਆਂ ਰਹੁ-ਰੀਤਾਂ ਨੂੰ ਛੱਡਦਾ ਹੋਇਆ ਵਿਗਿਆਨ, ਤਰਕ, ਦਲੀਲ ਦੇ ਫਲਸਫੇ ਅਤੇ ਲੋਕਤੰਤਰ ਵਿਚ ਯਕੀਨ ਰੱਖਦਾ ਹੈ। ਇਸ ਤਰ੍ਹਾਂ ਉਹ ਬਾਬਾ ਸਾਹਿਬ ਨੂੰ ਯਾਦ ਕਰਦਾ ਹੈ। ਆਓ, ਉਨ੍ਹਾਂ ਦੇ ਅਧੂਰੇ ਮਿਸ਼ਨ ਲਈ ਸੰਘਰਸ਼ਸ਼ੀਲ ਰਹੀਏ ਅਤੇ ਉਨ੍ਹਾਂ ਦੀ ਮਨੁੱਖਤਾ ਵਾਲੀ ਸੋਚ ਨੂੰ ਅੱਗੇ ਵਧਾਉਂਦਿਆਂ ਦੇਸ਼ ਨੂੰ ਦਰਪੇਸ਼ ਮੁਸ਼ਕਿਲਾਂ ਲਈ ਕਦਮ ਨਾਲ ਕਦਮ ਮਿਲਾ ਕੇ ਅਜ਼ਾਦੀ, ਬਰਾਬਰੀ, ਭਾਈਚਾਰਾ ਅਤੇ ਇਨਸਾਫ ਵਾਲੀ ਪੂਰਨ ਸਮਾਨਤਾ ਵਾਲੀ ਵਿਵਸਥਾ ਬਹਾਲ ਕਰੀਏ। ਸੋਹਣ ਸਹਿਜਲ ਦੇ ਸ਼ਬਦਾਂ ਵਿਚ,

ਮਿਤੀ ਚੌਦਾਂ ਅਪਰੈਲ ਦੇ ਦਿਨ ਵਰਗਾ,
ਹੋਰ ਕੋਈ ਇਤਿਹਾਸ ਵਿਚ ਦਿਨ ਨਹੀਂ ਹੈ।
ਜ਼ਿੰਦਾ ਲਾਸ਼ਾਂ ਵਿਚ ਜ਼ਿੰਦਗੀ ਪਾਉਣ ਵਾਲਾ,
ਜੱਗ ਉਤੇ ਮਸੀਹਾ ਉਸ ਬਿਨ ਨਹੀਂ ਹੈ।
ਸੂਰਜ ਵਾਂਗ ਇੱਕੋ ਇੱਕ ਚਮਕਦਾ ਹੈ,
ਇੱਕੋ ਹੈ ਜੋ ਦੋ ਜਾਂ ਤਿੰਨ ਨਹੀਂ ਹੈ।
ਮੇਰੀ ਸੋਚ ਤੇ ਹੋਸ਼ ਵਿਚ ਨਾ ਹੋਵੇ,
'ਸਹਿਜਲ' ਐਸਾ ਕੋਈ ਪਲ ਛਿਨ ਨਹੀਂ ਹੈ।
ਬਲਹੀਣਾਂ ਤਾਈਂ ਬਲ ਦੇਣ ਵਾਲੀ,
ਵੱਡੀ ਉਨ੍ਹਾਂ ਤੋਂ ਕੋਈ ਧਰੋਹਰ ਨਹੀਂ ਹੈ।
ਹਰ ਵਿਸ਼ੇ 'ਤੇ ਲੋਹਾ ਮੰਨਵਾਉਣ ਵਾਲਾ,
ਬਾਬਾ ਸਾਹਿਬ ਤੋਂ ਬਿਨਾ ਕੋਈ ਹੋਰ ਨਹੀਂ ਹੈ।

ੴ ਸਤਿਗੁਰ ਪ੍ਰਸਾਦਿ॥

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥



ਦਸਮੇਸ਼ ਪਿਤਾ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਜੇ ਨਿਵਾਜੇ

ਖਾਲਸਾ ਪੰਥ ਦੇ ਸਾਜਨਾ ਦਿਵਸ

ਅਤੇ ਪੰਜਾਬੀਆਂ ਦੇ ਖੁਸ਼ੀਆਂ ਦੇ ਤਿਓਹਾਰ ਵਿਸਾਖੀ
ਦੀਆਂ ਸਮੂਹ ਭਾਈਚਾਰੇ ਨੂੰ



S.AShok Bhaura

21 ਇੰਟਰਨੈਸ਼ਨਲ

B21 ਮਿਊਜ਼ਿਕ ਕਰੀਏਸ਼ਨ

B21 ਟਰੱਕਿੰਗ

ਵਲੋਂ ਬਹੁਤ ਬਹੁਤ ਵਧਾਈਆਂ

# ਕਰੋਨਾ ਦੀ ਕਹਾਣੀ: ਕਨਟੇਜੀਅਨ






ਫਿਲਮ 'ਕਨਟੇਜੀਅਨ' ਦਾ ਦ੍ਰਿਸ਼ ਅਤੇ (ਐਨ ਸੱਜੇ) ਫਿਲਮ ਦਾ ਪੋਸਟਰ।

ਕਰੋਨਾ ਮਹਾਂਮਾਰੀ ਅੱਜ ਸਮੁੱਚੀ ਮਨੁੱਖਤਾ ਲਈ ਖਤਰਾ ਬਣ ਚੁੱਕੀ ਹੈ ਪਰ ਕਰੀਬ ਦਹਾਕਾ ਪਹਿਲਾਂ 2011 ਵਿਚ ਅਮਰੀਕਾ ਵਿਚ ਬਣਾਈ ਗਈ ਥ੍ਰਿਲਰ ਅੰਗਰੇਜ਼ੀ ਫਿਲਮ 'ਕਨਟੇਜੀਅਨ' ਕਰੋਨਾ ਵਾਇਰਸ ਦਾ ਨਾਂ ਲਏ ਬਗੈਰ ਕਰੋਨਾ ਦੇ ਮੌਜੂਦਾ ਸੰਤਾਪ ਦੀ ਮੁਕੰਮਲ ਤਰਜਮਾਨੀ ਕਰਦੀ ਹੈ। ਹੈਰੀ ਪੌਟਰ ਸੀਰੀਜ਼ ਤੋਂ ਬਾਅਦ ਇਹ ਵਿਸ਼ਵ ਦੀ ਦੂਜੀ ਸਭ ਤੋਂ ਸਫਲ ਫਿਲਮ ਬਣ ਗਈ ਹੈ। ਇਟਲੀ ਵਿਖੇ ਕਰਵਾਏ ਗਏ 68ਵੇਂ ਕੌਮਾਂਤਰੀ ਫਿਲਮ ਫੈਸਟੀਵਲ ਦੌਰਾਨ 3 ਸਤੰਬਰ 2011 ਨੂੰ ਪ੍ਰੀਮੀਅਰ ਤੋਂ ਬਾਅਦ ਇਹ ਫਿਲਮ 9 ਸਤੰਬਰ 2011 ਨੂੰ ਰਿਲੀਜ਼ ਹੋਈ ਸੀ। ਸਕਾਟ ਜ਼ੈੱਡ. ਬਰਨਸ ਦੀ ਲਿਖੀ ਅਤੇ ਸਟੀਵਨ ਸੋਡਰਬਰਗ ਦੀ ਨਿਰਦੇਸ਼ਤ ਕੀਤੀ ਇਹ ਫਿਲਮ ਇਸ ਵਾਇਰਸ ਦੇ ਹਮਲੇ ਤੋਂ ਬਾਅਦ ਦੀਆਂ ਚੁਣੌਤੀਆਂ ਅਤੇ ਕਰੋਨਾ ਵਾਇਰਸ ਦੇ ਤੇਜ਼ੀ ਨਾਲ ਫੈਲ ਕੇ ਸਮੁੱਚੀ ਮਾਨਵਤਾ ਲਈ ਮੁਸੀਬਤ ਬਣਨ ਦੇ ਕਾਰਨਾਂ ਨੂੰ ਬਾਖੂਬੀ ਬਿਆਨ ਕਰਦੀ ਹੈ।

ਫਿਲਮ ਵਿਚ ਕਿਸੇ ਵਿਸ਼ੇਸ਼ ਦੇਸ਼ ਤੋਂ ਬਿਮਾਰੀ ਦੀ ਸ਼ੁਰੂਆਤ ਜਾਂ ਕੰਪਨੀ ਦੀ ਕੋਈ ਖਾਸ ਦਵਾਈ ਵੇਚਣ ਦੇ ਟੀਚੇ ਪ੍ਰਤੀ ਸ਼ੱਕ ਦੇ ਦ੍ਰਿਸ਼ ਦੇਖਦਿਆਂ ਅਚੰਭਾ ਹੁੰਦਾ ਹੈ ਕਿ ਵਿਸ਼ਵ ਪੱਧਰ 'ਤੇ ਚੱਲ ਰਹੇ ਮੌਜੂਦਾ ਘਟਨਾਕ੍ਰਮਾਂ ਦਾ ਫਿਲਮ ਨਾਲ ਏਨਾ ਨੇੜੇ ਦਾ ਮੇਲ ਕਿਵੇਂ ਬਣ ਗਿਆ? ਇਹ ਅੰਦਾਜ਼ਾ ਲਾਉਣਾ ਵੀ ਮੁਸ਼ਕਿਲ ਹੈ ਕਿ ਲਗਭਗ 10 ਸਾਲ ਪਹਿਲਾਂ ਇਸ ਬਿਮਾਰੀ ਦਾ ਸ਼ੁਰੂਆਤੀ ਸਥਾਨ ਸਮੇਤ ਫੈਲਾਅ ਸਭ ਕੁਝ ਨਿਰਧਾਰਤ ਸੀ ਜਾਂ ਇਹ ਕੁਦਰਤੀ ਵਰਤਾਰਾ ਹੈ। ਫਿਲਮ ਦੀ ਕਹਾਣੀ ਮੌਜੂਦਾ ਸਮੇਂ ਵਿਚ ਕਰੋਨਾ ਨੂੰ ਲੈ ਕੇ ਲੋਕਾਂ ਦੇ ਮਨਾਂ ਵਿਚ ਉਠੇ ਉਨ੍ਹਾਂ ਸਾਰੇ ਸਵਾਲਾਂ ਨਾਲ ਭਰਪੂਰ ਹੈ ਜਿਨ੍ਹਾਂ ਵਿਚ ਇਸ ਬਿਮਾਰੀ ਦੀ ਜੈਵਿਕ ਬੰਬ ਨਾਲ ਤੁਲਨਾ ਕਰਨਾ ਜਾਂ ਬਿਮਾਰੀ ਦਾ ਇਲਾਜ ਪ੍ਰਚਲਿਤ ਵਿਧੀ ਦੀ ਬਜਾਏ ਹੋਰਨਾਂ ਵਿਧੀਆਂ ਵਿਚ ਉਪਲਬਧ ਹੋਣ ਦੇ ਦਾਅਵੇ ਕਰਨਾ ਆਦਿ ਸ਼ਾਮਲ ਹੈ। ਫਿਲਮ ਦਾ ਪਾਤਰ ਐਲੇਨ ਕਰੁਮਵਿਡ (ਜਿਊਡ ਲਾਅ) ਫਰੀਲਾਂਸ ਪੱਤਰਕਾਰ ਅਤੇ ਬਲਾਗਰ ਹੈ। ਆਪਣੇ ਕੋਲ ਇਸ ਜੈਵਿਕ ਬੰਬ ਦਾ ਹੋਮਿਓਪੈਥਿਕ ਇਲਾਜ ਉਪਲਬਧ ਹੋਣ ਦਾ ਦਾਅਵਾ ਕਰਦਿਆਂ ਕਹਿੰਦਾ ਹੈ ਕਿ ਉਹ ਇਸ ਦਵਾਈ ਨਾਲ ਠੀਕ ਹੋਇਆ ਹੈ।



ਫਿਲਮ 'ਕਨਟੇਜੀਅਨ' ਦਾ ਨਿਰਦੇਸ਼ਕ ਸਟੀਵਨ ਸੋਡਰਬਰਗ।

ਫਿਲਮ ਦੀ ਸ਼ੁਰੂਆਤ ਬੈੱਥ ਹੇਮਔਫ (ਜੀ. ਪਾਲਟਰੋ) ਦੀ ਭੇਤਭਰੀ ਮੌਤ ਦੇ ਰਹੱਸ ਨਾਲ ਹੁੰਦੀ ਹੈ। ਫਿਰ ਉਸ ਦੇ ਬੇਟੇ ਦੀ ਵੀ ਮੌਤ ਹੋ ਜਾਂਦੀ ਹੈ। ਬੈੱਥ ਹੇਮਔਫ ਦੀ ਇਹ ਬਿਮਾਰੀ ਉਸ ਦੇ ਹਾਂਗਕਾਂਗ ਦੇ ਵਪਾਰਕ ਦੌਰੇ ਤੋਂ ਪਰਤਣ ਦੌਰਾਨ ਸ਼ਿਕਾਗੋ ਵਿਚ ਰੁਕਣ ਕਾਰਨ ਸਾਹਮਣੇ ਆਉਂਦੀ ਦੱਸੀ ਜਾਂਦੀ ਹੈ। ਇਸ ਭੇਤਭਰੀ ਬਿਮਾਰੀ ਦੀ ਜਾਂਚ ਕਰਨ ਲਈ ਅਟਲਾਂਟਾ ਤੋਂ ਸੈਂਟਰ ਫਾਰ ਡਿਜੀਜ਼ ਕੰਟਰੋਲ ਐਂਡ ਪ੍ਰੀਵੈਨਸ਼ਨ ਦੇ ਮੁਖੀ ਡਾ. ਐਲਿਸ ਚੀਵਰ (ਲਾਰੈਂਸ ਫਿਸ਼ਬਰਨ) ਵਲੋਂ ਸੀਨੀਅਰ ਡਾ. ਐਰਿਨ ਮੀਰਜ (ਕੇਟ ਵਿੰਸਲੈਟ) ਨੂੰ ਬਿਮਾਰੀ ਦੀ ਜਾਂਚ ਲਈ ਘਟਨਾ ਸਥਾਨ 'ਤੇ ਭੇਜਿਆ ਜਾਂਦਾ ਹੈ, ਪਰ ਉਸ ਦੀ ਵੀ ਇਸ ਬਿਮਾਰੀ ਦੀ ਲਪੇਟ ਵਿਚ ਆਉਣ ਨਾਲ ਮੌਤ ਹੋ ਜਾਂਦੀ ਹੈ। ਫਿਰ ਪਤਾ ਲੱਗਦਾ ਹੈ ਕਿ ਇਹ ਲਾਗ ਦੀ ਬਿਮਾਰੀ ਹੈ ਜੋ ਪੀੜਤ ਵਿਅਕਤੀ ਦੇ ਸਿੱਧੇ ਸੰਪਰਕ ਵਿਚ ਆਉਣ ਜਾਂ ਪੀੜਤ ਵਿਅਕਤੀ ਵਲੋਂ ਛੂਹੀਆਂ ਚੀਜ਼ਾਂ ਨੂੰ ਛੂਹਣ ਨਾਲ ਹੁੰਦੀ ਹੈ। ਇਨ੍ਹਾਂ ਹਾਲਾਤ ਨੂੰ ਧਿਆਨ ਵਿਚ ਰੱਖਦਿਆਂ ਵਿਸ਼ਵ ਸਿਹਤ ਸੰਗਠਨ ਵਲੋਂ ਇਸ ਬਿਮਾਰੀ ਨੂੰ ਮਹਾਂਮਾਰੀ ਵਜੋਂ ਐਲਾਨ ਦਿੱਤਾ ਜਾਂਦਾ ਹੈ। ਫਿਲਮ ਦੇ ਫਲੈਸ਼ਬੈਕ 'ਤੇ ਇਸ ਬਿਮਾਰੀ ਦਾ ਦੱਸਿਆ ਜਾਂਦਾ ਕਾਰਨ ਉਸੇ ਦੇਸ਼ ਭਾਵ ਚੀਨ ਦੇ ਇਕ ਸ਼ਹਿਰ ਵਿਚੋਂ ਇਕ ਚਮਗਿੱਦੜ ਵਲੋਂ ਦੂਸ਼ਿਤ ਕੇਲਾ ਜੋ ਸੂਰਾਂ ਦੇ ਇਕ ਫਾਰਮ ਵਿਚ ਸੂਰ ਨੂੰ ਪ੍ਰਭਾਵਿਤ ਕਰਦਾ ਹੈ, ਦਿਖਾਇਆ ਜਾਂਦਾ ਹੈ। ਇਸ ਸੂਰ ਤੋਂ ਰੇਸਤਰਾਂ ਦਾ ਕੁੱਕ ਪੀੜਤ ਹੁੰਦਾ ਹੈ ਜੋ ਬੈੱਥ ਹੇਮਔਫ ਨੂੰ ਲਾਗ ਲਾ ਦਿੰਦਾ ਹੈ। ਫਿਲਮ ਦੌਰਾਨ ਇਸ ਬਿਮਾਰੀ ਤੋਂ ਬਚਾਅ ਵਾਸਤੇ ਟੀਕਾ ਤਿਆਰ ਕਰ ਲਿਆ ਗਿਆ ਦਿਖਾਇਆ ਗਿਆ ਹੈ। ਫਿਲਮ ਵਿਚ ਅਫਵਾਹਾਂ ਕਾਰਨ ਲੋਕਾਂ ਦੇ ਮਨ 'ਤੇ ਭਾਰੀ ਬੋਝ ਲੋਕਾਂ ਨੂੰ ਅਸਮਾਜਿਕ ਕਦਮ ਚੁੱਕਣ ਲਈ ਮਜਬੂਰ ਕਰਦਾ ਹੈ ਜਿਨ੍ਹਾਂ ਵਿਚ ਮਾਸਕ ਅਤੇ ਰਾਸ਼ਨ ਦੀ ਜਮਾਂਖੋਰੀ ਸ਼ੁਰੂ ਹੋ ਜਾਂਦੀ ਹੈ। ਫਿਲਮ ਵਿਚ ਦਿਖਾਈ ਵਿਅਕਤੀ ਤੋਂ ਵਿਅਕਤੀ, ਸਰੀਰਕ ਦੂਰੀ ਅਤੇ ਇਕਾਂਤਵਾਸ, ਗੱਲ ਕੀ, ਹਰ ਗਤੀਵਿਧੀ ਅੱਜ ਦੇ ਸਮੇਂ ਵਾਪਰ ਰਹੀ ਲੱਗਦੀ ਹੈ। ਅੱਜ ਕਰੋਨਾ ਵਲੋਂ ਪੈਦਾ ਕੀਤੇ ਗਏ ਹਾਲਾਤ ਦੇ ਮੱਦੇਨਜ਼ਰ ਇਹ ਫਿਲਮ ਅੱਜ ਦੀ ਹਾਲਤ ਨਾਲ ਬਿਲਕੁਲ ਮੇਲ ਖਾਂਦੀ ਹੈ। ਹੁਣ ਇਹ ਪਤਾ ਨਹੀਂ ਕਿ ਇਹ ਕੋਈ ਇਤਫਾਕ ਹੈ ਜਾਂ ਕਿਸੇ ਸਾਜ਼ਿਸ਼ ਤਹਿਤ ਇਸ ਵਾਇਰਸ ਨੂੰ ਛੱਡਿਆ ਗਿਆ ਹੈ।

**-ਡਾ. ਸੁਰਜੀਤ ਸਿੰਘ ਭਦੌੜ**

# ਅਦਾਕਾਰਾ ਸਾਰਾ ਅਲੀ ਖਾਨ ਦਾ ਸੰਸਾਰ

ਅਦਾਕਾਰਾ ਸਾਰਾ ਅਲੀ ਖਾਨ ਵੀ ਕਰੋਨਾ ਕਾਰਨ ਆਪਣੇ ਘਰ ਅੰਦਰ ਹੀ ਰਹਿ ਰਹੀ ਹੈ। ਕੁਝ ਸਮਾਂ ਪਹਿਲਾਂ ਜਦੋਂ ਅਜੇ ਲੌਕਡਾਊਨ ਨਹੀਂ ਸੀ ਹੋਇਆ, ਉਹ ਕਾਸ਼ੀ ਦੇ ਵਿਸ਼ਵਨਾਥ ਮੰਦਰ ਗਈ ਸੀ। ਉਥੇ ਉਹ ਆਪਣੀ ਫਿਲਮ 'ਸਤਰੰਗੀ' ਦੀ ਸ਼ੂਟਿੰਗ ਲਈ ਗਈ ਹੋਈ ਸੀ। ਉਹ ਹੈਰਾਨ ਹੋ ਗਈ ਕਿ ਮੰਦਰ ਕਮੇਟੀ ਨੇ ਮੰਦਰ ਵਿਚ ਆਉਣ 'ਤੇ ਉਸ ਦਾ ਵਿਰੋਧ ਕੀਤਾ। ਇਹ ਗੱਲ ਸਾਰਾ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ 'ਤੇ ਕਹੀ ਹੈ।

ਉਧਰ, 'ਲਵ ਆਜਕਲ੍ਹ' ਦੇ ਫੇਲ੍ਹ ਹੋਣ 'ਤੇ ਸਾਰਾ ਨਿਰਾਸ਼ ਜ਼ਰੂਰ ਹੋਈ ਪਰ ਉਸ ਨੂੰ ਫਿਲਮ 'ਕੁਲੀ ਨੰਬਰ ਵੰਨ' ਤੋਂ ਬਹੁਤ ਆਸਾਂ ਹਨ। ਇਸ ਫਿਲਮ ਵਿਚ ਵਰੁਣ ਧਵਨ ਉਸ ਦਾ ਹੀਰੋ ਹੈ। ਇਹ ਕਾਮੇਡੀ ਫਿਲਮ ਹੈ ਅਤੇ ਇਸ ਦਾ ਨਿਰਦੇਸ਼ਨ ਡੇਵਿਡ ਧਵਨ ਨੇ ਕੀਤਾ ਹੈ। ਫਿਲਮ ਵਿਚ ਪਰੇਸ਼ ਰਾਵਲ, ਜਾਵੇਦ ਜਾਫਰੀ, ਰਾਜਪਾਲ ਯਾਦਵ, ਜੌਹਨੀ ਲੀਵਰ ਦੇ ਅਹਿਮ ਰੋਲ ਹੈ। ਇਹ ਫਿਲਮ ਪਹਿਲਾਂ ਪਹਿਲੀ ਮਈ ਨੂੰ ਰਿਲੀਜ਼ ਹੋਣੀ ਸੀ ਪਰ ਕਰੋਨਾ ਵਾਇਰਸ ਕਾਰਨ ਲੌਕਡਾਊਨ ਲੱਗਣ ਕਰਕੇ ਇਸ ਫਿਲਮ ਦੀ ਰਿਲੀਜ਼ ਅੱਗੇ ਪਾ ਦਿੱਤੀ ਗਈ।

ਸਾਰਾ ਅਲੀ ਖਾਨ ਦੀ 'ਸਤਰੰਗੀ' ਫਿਲਮ ਅਗਲੇ ਸਾਲ ਰਿਲੀਜ਼ ਹੋਣੀ ਹੈ। ਇਸ ਵਿਚ ਸਾਰਾ ਨਾਲ ਧਨੁਸ਼ ਅਤੇ ਅਕਸ਼ੈ ਕੁਮਾਰ ਦੇ ਮੁੱਖ ਰੋਲ ਹਨ। ਫਿਲਮ ਵਿਚ ਨਿਮਰਤ ਕੌਰ ਅਤੇ ਮੁਹੰਮਦ ਜ਼ੀਸ਼ਾਨ ਆਯੂਬ ਖਾਨ ਨੇ ਅਹਿਮ ਕਿਰਦਾਰ ਨਿਭਾਏ ਹਨ। ਇਸ ਫਿਲਮ ਦਾ ਸੰਗੀਤ ਉਘੇ ਸੰਗੀਤਕਾਰ ਏ.ਆਰ. ਰਹਿਮਾਨ ਨੇ ਤਿਆਰ ਕੀਤਾ ਹੈ। ਇਹ ਫਿਲਮ ਆਨੰਦ ਐਲ. ਰਾਏ ਵਲੋਂ ਨਿਰਦੇਸ਼ਤ ਕੀਤੀ ਜਾ ਰਹੀ ਹੈ। ਸਾਰਾ ਅਲੀ ਖਾਨ ਨੇ ਆਪਣੇ ਫਿਲਮੀ ਕਰੀਅਰ ਦੀ ਸ਼ੁਰੂਆਤ ਸਾਲ 2018 ਵਿਚ ਫਿਲਮ 'ਕੇਦਾਰਨਾਥ' ਨਾਲ ਕੀਤੀ ਸੀ। ਇਹ ਫਿਲਮ ਅਭਿਸ਼ੇਕ ਕਪੂਰ ਨੇ ਬਣਾਈ ਸੀ ਤੇ ਇਸ ਫਿਲਮ ਦਾ ਨਾਇਕ ਸੁਸ਼ਾਂਤ ਸਿੰਘ ਰਾਜਪੂਤ ਸੀ। ਇਹ ਫਿਲਮ ਬਹੁਤੀ ਚੱਲੀ ਤਾਂ ਨਹੀਂ ਪਰ ਇਸ 'ਚ ਸਾਰਾ ਦੇ ਕੰਮ ਦੀ ਤਾਰੀਫ ਹੋਈ ਸੀ ਤੇ ਉਸ ਨੂੰ 'ਫਿਲਮਫੇਅਰ' ਇਨਾਮ ਵੀ ਮਿਲਿਆ ਸੀ।

ਸਾਰਾ ਅਲੀ ਖਾਨ ਦਾ ਜਨਮ 12 ਅਗਸਤ 1995 ਨੂੰ ਅਦਾਕਾਰ ਸੈਫ ਅਲੀ ਖਾਨ ਅਤੇ ਅਦਾਕਾਰਾ ਅੰਮ੍ਰਿਤਾ ਸਿੰਘ ਦੇ ਘਰ ਹੋਇਆ ਸੀ। ਉਸ ਨੂੰ ਮੁੱਢ ਤੋਂ ਹੀ ਫਿਲਮਾਂ ਦਾ ਬੜਾ ਸ਼ੌਕ ਸੀ। ਉਹ ਮਸੀਂ ਚਾਰ ਵਰ੍ਹਿਆਂ ਦੀ ਸੀ ਜਦੋਂ ਉਸ ਨੇ ਇਕ ਇਸ਼ਤਿਹਾਰ ਵਿਚ ਕੰਮ ਕੀਤਾ। ਉਂਜ, ਅਦਾਕਾਰੀ ਵਾਲੇ ਪਾਸੇ ਆਉਣ ਲਈ ਉਸ ਦੀ ਪ੍ਰੇਰਨਾ ਦਾ ਸਰੋਤ ਉਘੀ ਅਦਾਕਾਰਾ ਐਸ਼ਵਰਿਆ ਰਾਏ ਬਣੀ। ਅਮਰੀਕਾ ਦੇ ਸ਼ਹਿਰ ਸ਼ਿਕਾਗੋ ਵਿਚ ਕੋਈ ਪ੍ਰੋਗਰਾਮ ਸੀ ਅਤੇ ਉਸ ਵਿਚ ਐਸ਼ਵਰਿਆ ਦਾ ਰੰਗ-ਢੰਗ ਦੇਖ ਕੇ ਉਸ ਨੂੰ ਵੀ ਜਾਪਿਆ ਕਿ ਉਹ ਵੀ ਅਜਿਹਾ ਜਲਵਾ ਸਟੇਜ ਉਤੇ ਬਖੇਰ ਸਕਦੀ ਹੈ। 'ਸਿੰਬਾ' ਸਾਰਾ ਅਲੀ ਖਾਨ ਦੀ ਦੂਜੀ ਫਿਲਮ ਦੀ ਜਿਸ ਦਾ ਨਿਰਦੇਸ਼ਕ ਰੋਹਿਤ ਸ਼ੈੱਟੀ ਹੈ।

**-ਗੁਰਜੰਟ ਸਿੰਘ**



ਸਾਰਾ ਅਲੀ ਖਾਨ

# ਹਸਨ ਦੀਨ ਦਾ ਹਾਸਾ

1930ਵਿਆਂ ਦੇ ਦਹਾਕੇ ਦੇ ਮਸ਼ਹੂਰ ਮਜ਼ਾਹੀਆ ਅਤੇ ਚਰਿੱਤਰ ਅਦਾਕਾਰ ਮੁਹੰਮਦ ਹਸਨ ਉਰਫ ਹਸਨ ਦੀਨ ਦੀ ਪੈਦਾਇਸ਼ 1905 ਵਿਚ ਸਾਂਝੇ ਪੰਜਾਬ ਦੀ ਰਾਜਧਾਨੀ ਲਾਹੌਰ ਦੇ ਪੰਜਾਬੀ ਮੁਸਲਿਮ ਪਰਿਵਾਰ ਵਿਚ ਹੋਈ। ਉਸ ਨੇ 1924 ਵਿਚ ਲਾਹੌਰ ਤੋਂ ਦਸਵੀਂ ਪਾਸ ਕੀਤੀ। 1928 ਵਿਚ ਫਿਲਮਾਂ ਪ੍ਰਤੀ ਲਗਨ ਅਤੇ ਖਿੱਚ ਦੇ ਚੱਲਦਿਆਂ 23 ਸਾਲਾ ਗੱਭਰੂ ਹਸਨ ਨੇ ਯੂਨਾਈਟਿਡ ਪਲੇਅਰਜ਼ ਦਾ ਰੁਖ ਕੀਤਾ ਜੋ ਲਾਹੌਰ ਦੀ ਪਹਿਲੀ ਫਿਲਮ ਕੰਪਨੀ ਸੀ ਜਿਸ ਨੂੰ ਮੀਆਂ ਅਬਦੁੱਲ ਰਸ਼ੀਦ ਕਾਰਦਾਰ ਨੇ ਰਾਵੀ ਰੋਡ 'ਤੇ ਕਾਇਮ ਕੀਤਾ ਸੀ। ਇਹ ਖਾਮੋਸ਼ ਫਿਲਮਾਂ ਦਾ ਜ਼ਮਾਨਾ ਸੀ, ਜਦੋਂ ਨਵੇਂ ਭਰਤੀ ਹੋ ਰਹੇ ਫਨਕਾਰਾਂ ਨੂੰ ਬਤੌਰ ਸਿਖਿਆਰਥੀ ਰੱਖਿਆ ਜਾਂਦਾ ਅਤੇ ਮਨਮਰਜ਼ੀ ਦੇ ਕੰਮ ਲਏ ਜਾਂਦੇ ਸਨ। ਇਸ ਸਿਖਲਾਈ ਦੌਰਾਨ ਹਸਨ ਦੀਨ ਨੂੰ ਵੀ ਫਿਲਮਾਂ ਵਿਚ ਕੰਮ ਕਰਨ ਦਾ ਖੂਬਸੂਰਤ ਮੌਕਾ ਮਿਲਿਆ।

ਹਸਨ ਦੀਨ ਦੀ ਪਹਿਲੀ ਖਾਮੋਸ਼ ਫਿਲਮ ਯੂਨਾਈਟਿਡ ਪਲੇਅਰਜ਼, ਕਾਰਪੋਰੇਸ਼ਨ, ਲਾਹੌਰ ਦੀ ਏ. ਆਰ. ਕਾਰਦਾਰ ਨਿਰਦੇਸ਼ਿਤ 'ਮਿਸਟੀਰੀਅਸ ਈਗਲ' ਉਰਫ 'ਹੁਸਨ ਕਾ ਡਾਕੂ' (1929) ਸੀ। ਫਿਲਮ ਵਿਚ ਮੀਆਂ ਕਾਰਦਾਰ ਨੇ ਮੁਹੰਮਦ ਹਸਨ ਨੂੰ 'ਹਸਨ ਦੀਨ' ਦੇ ਨਾਮ ਨਾਲ ਨਵੇਂ ਅਦਾਕਾਰ ਵਜੋਂ ਪੇਸ਼ ਕਰਵਾਇਆ। ਇਸੇ ਬੈਨਰ ਦੀ ਹੀ ਖਾਮੋਸ਼ ਫਿਲਮ 'ਵਾਨਡੈਰਿੰਗ ਡਾਂਸਰ' ਉਰਫ 'ਆਵਾਰਾ ਰੱਕਾਸਾ' (1931) ਜੋ ਹੌਲੀਵੁੱਡ ਦੀ ਕਲਾਸਿਕ ਫਿਲਮ 'ਦਿ ਸਨ ਆਫ ਦਿ ਸ਼ੇਖ' (1926) ਤੋਂ ਮੁਤਾਸਿਰ ਹੋ ਕੇ ਬਣਾਈ ਸੀ, ਵਿਚ ਵੀ ਹਸਨ ਦੀਨ ਨੇ ਅਦਾਕਾਰੀ ਕੀਤੀ। ਇਸ ਤੋਂ ਬਾਅਦ ਉਹ ਕਲਕੱਤਾ ਦੀ ਈਸਟ ਇੰਡੀਆ ਫਿਲਮ ਕੰਪਨੀ ਵਿਚ ਸ਼ਾਮਿਲ ਹੋ ਗਿਆ।

ਹਸਨਦੀਨ ਦੀ ਪਹਿਲੀ ਬੋਲਦੀ ਹਿੰਦੀ ਫੀਚਰ ਫਿਲਮ ਪਲੇਆਰਟ ਫੋਟੋਟੋਨ ਕਾਰਪੋਰੇਸ਼ਨ, ਲਾਹੌਰ ਦੀ 'ਹੀਰ ਰਾਂਝਾ' ਉਰਫ 'ਹੂਰ-ਏ-ਪੰਜਾਬ' (1932) ਸੀ। ਇਸ ਫਿਲਮ ਦੇ ਮਰਕਜ਼ੀ ਕਿਰਦਾਰ ਅਨਵਰੀ ਬੇਗਮ ਤੇ ਰਫੀਕ ਗਜ਼ਨਵੀ ਨੇ ਨਿਭਾਏ ਸਨ। ਇਹ ਫਿਲਮ 9 ਸਤੰਬਰ 1932 ਨੂੰ ਕੈਪੀਟਲ ਥੀਏਟਰ, ਭਾਟੀ ਦਰਵਾਜ਼ਾ, ਲਾਹੌਰ ਵਿਖੇ ਰਿਲੀਜ਼ ਹੋਈ ਪਰ ਉਰਦੂ ਹਿੰਦੀ/ਉਰਦੂ 'ਚ ਬਣਨ ਕਰਕੇ ਇਹ ਫਿਲਮ ਦਰਸ਼ਕਾਂ ਵਲੋਂ ਨਕਾਰ ਦਿੱਤੀ ਗਈ ਸੀ। ਅਮਰ ਮੂਵੀਟੋਨ, ਬੰਬਈ ਦੀ ਜਯ ਕਿਸ਼ਨ ਨੰਦਾ ਨਿਰਦੇਸ਼ਿਤ ਫਿਲਮ 'ਇੰਤਕਾਮ' (1933) ਹਸਨਦੀਨ ਦੀ ਮਜ਼ਾਹੀਆ ਅਦਾਕਾਰ ਵਜੋਂ ਦੂਜੀ ਫਿਲਮ ਸੀ। ਈਸਟ ਇੰਡੀਆ ਕੰਪਨੀ, ਕਲਕੱਤਾ ਦੀ ਏ. ਆਰ. ਕਾਰਦਾਰ ਨਿਰਦੇਸ਼ਿਤ 'ਸੁਲਤਾਨਾ' (1934) ਉਸ ਦੀ ਤੀਜੀ ਹਿੰਦੀ ਫਿਲਮ ਸੀ, ਜਿਸ 'ਚ ਉਸਨੇ ਮਜ਼ਾਹੀਆ ਅਦਾਕਾਰ ਦਾ ਕਿਰਦਾਰ ਨਿਭਾਇਆ। ਫਿਲਮ ਦਾ



ਟਾਈਟਲ ਰੋਲ ਜ਼ਰੀਨਾ ਖਾਤੂਨ ਤੇ ਹੀਰੋ ਗੁਲ ਹਮੀਦ ਸਨ। ਫਿਰ ਇਸੇ ਕੰਪਨੀ ਦੀਆਂ ਹੀ ਮਧੂ ਬੋਸ ਨਿਰਦੇਸ਼ਿਤ ਫਿਲਮ 'ਸਲੀਮਾ' (1935), ਧੀਰੇਨ ਗਾਂਗੁਲੀ ਨਿਰਦੇਸ਼ਿਤ 'ਵਿਦਰੋਹੀ' (1935), ਜੀ. ਆਰ. ਸੇਠੀ ਨਿਰਦੇਸ਼ਿਤ 'ਮਰਡਰਰ' ਉਰਫ 'ਸੁਲਗਤਾ ਸੰਸਾਰ' (1935), ਦੇਵਕੀ ਬੋਸ ਨਿਰਦੇਸ਼ਿਤ 'ਸੁਨਹਿਰਾ ਸੰਸਾਰ' (1936), ਗੁਲ ਹਮੀਦ ਨਿਰਦੇਸ਼ਿਤ 'ਖੈਬਰ ਪਾਸ' (1936) ਅਤੇ ਜੀ. ਆਰ. ਸੇਠੀ ਨਿਰਦੇਸ਼ਿਤ ਫਿਲਮ 'ਨੂਰ-ਏ-ਵਹਿਦਤ' (1936) ਵਿਚ ਹਸਨ ਦੀਨ ਨੇ ਆਪਣੀ ਸ਼ਾਨਦਾਰ ਮਜ਼ਾਹੀਆ ਅਦਾਕਾਰੀ ਦੀ ਅਮਿੱਟ ਛਾਪ ਛੱਡੀ। ਮੋਤੀ ਮਹਿਲ ਥੀਏਟਰਜ਼, ਕਲਕੱਤਾ ਦੀ ਫਿਲਮ 'ਮਿਲਾਪ' (1937) ਅਤੇ ਸ੍ਰੀ ਸ਼ੰਕਰ ਟਾਕੀ ਕਾਰਪੋਰੇਸ਼ਨ, ਕਲਕੱਤਾ ਦੀ ਏ. ਆਰ. ਕਾਰਦਾਰ ਨਿਰਦੇਸ਼ਿਤ ਫਿਲਮ 'ਮੰਦਿਰ' (1937) 'ਚ ਵੀ ਉਹ ਆਪਣੀ ਮਖੌਲੀਆ ਅਦਾਕਾਰੀ ਨਾਲ ਛਾਏ ਰਹੇ।

ਹਸਨ ਦੀਨ ਦੀ ਪਹਿਲੀ ਪੰਜਾਬੀ ਫਿਲਮ ਮੋਤੀ ਮਹਿਲ ਥੀਏਟਰਜ਼ ਲਿਮਟਿਡ, ਕਲਕੱਤਾ ਦੀ ਬੀ. ਐਸ. ਰਾਜਹੰਸ ਨਿਰਦੇਸ਼ਿਤ 'ਭਗਤ ਸੂਰਦਾਸ' ਉਰਫ 'ਸੂਰਦਾਸ' (1939) ਸੀ। ਇਸ ਫਿਲਮ ਵਿਚ ਉਸਨੇ 'ਪੰਡਿਤ' ਦਾ ਪਾਰਟ ਅਦਾ ਕੀਤਾ। ਇਹ ਫਿਲਮ 15 ਸਤੰਬਰ 1939 ਨੂੰ ਪੈਲੇਸ ਥੀਏਟਰ, ਲਾਹੌਰ ਵਿਖੇ ਨੁਮਾਇਸ਼ ਹੋਈ। ਹਸਨਦੀਨ ਦੀ ਦੂਜੀ ਪੰਜਾਬੀ ਫਿਲਮ ਵੀ ਇਸੇ ਬੈਨਰ ਦੀ ਬੀ. ਐੱਸ. ਰਾਜਹੰਸ ਨਿਰਦੇਸ਼ਿਤ 'ਸੋਹਣੀ ਕੁਮਾਰਨ' ਉਰਫ 'ਸੋਹਣੀ ਮਹੀਂਵਾਲ' (1939) ਸੀ। ਇਸ ਫਿਲਮ ਵਿਚ ਉਸ ਨੇ 'ਝੰਡੂ ਮੁਲਾਜ਼ਮ' ਦਾ ਕਿਰਦਾਰ ਨਿਭਾਇਆ। ਈਸਟ ਇੰਡੀਆ ਸਟੂਡੀਓ ਦੀ ਪੇਸ਼ਕਸ਼ ਇਹ ਫਿਲਮ 3 ਮਾਰਚ 1939 ਨੂੰ ਕਰਾਊਨ ਟਾਕੀਜ਼, ਲਾਹੌਰ ਵਿਖੇ ਪਰਦਾਪੇਸ਼ ਹੋਈ। ਉਸਦੀ ਤੀਜੀ ਪੰਜਾਬੀ ਫਿਲਮ ਸਿਨੇ ਸਟੂਡੀਓਜ਼, ਲਾਹੌਰ ਦੀ ਜੀ.ਆਰ. ਸੇਠੀ ਨਿਰਦੇਸ਼ਿਤ 'ਗਵਾਂਢੀ' (1942) ਸੀ। ਇਸ ਫਿਲਮ ਵਿਚ ਉਸ ਨੇ 'ਪੰਡਿਤ ਜੀ' ਦਾ ਪਾਤਰ ਅਦਾ ਕੀਤਾ। ਇਹ ਫਿਲਮ 8 ਅਪਰੈਲ 1942 ਨੂੰ ਰਾਵਲਪਿੰਡੀ ਵਿਖੇ ਰਿਲੀਜ਼ ਹੋਈ।

ਕਾਰਦਾਰ ਪ੍ਰੋਡਕਸ਼ਨਜ਼, ਬੰਬਈ ਦੀ ਏ. ਆਰ. ਕਾਰਦਾਰ ਨਿਰਦੇਸ਼ਿਤ ਫਿਲਮ 'ਸਨਿਆਸੀ' (1945) 'ਚ ਉਸ ਨੇ 'ਤੁਲਸੀ' ਦਾ ਪਾਰਟ ਅਦਾ ਕੀਤਾ। ਫਿਲਮ ਦੀ ਕਹਾਣੀ ਤੇ ਸੰਵਾਦ ਅਜ਼ਮ ਬਜ਼ੀਦਪੁਰੀ, ਗੀਤ ਮਧੁਰ ਅਤੇ ਸੰਗੀਤ ਨੌਸ਼ਾਦ ਅਲੀ ਨੇ ਤਿਆਰ ਕੀਤਾ ਸੀ। ਹਿੰਦੋਸਤਾਨ ਵਿਚ ਇਹ ਹਸਨ ਦੀਨ ਦੀ ਆਖਰੀ ਫਿਲਮ ਕਰਾਰ ਪਾਈ।

ਦੇਸ਼ ਵੰਡ ਤੋਂ ਬਾਅਦ ਉਹ ਲਾਹੌਰ ਦੇ ਭਾਟੀ ਗੇਟ ਜਾ ਵੱਸਿਆ। ਪਾਕਿਸਤਾਨ ਜਾ ਕੇ ਉਸ ਨੇ ਫਿਲਮਾਂ ਤੋਂ ਮੁਕੰਮਲ ਕਿਨਾਰਾਕਸ਼ੀ ਕਰ ਲਈ। ਇਹ ਮਾਰੂਫ ਮਜ਼ਾਹੀਆ ਅਦਾਕਾਰ 17 ਅਕਤੂਬਰ 1984 ਨੂੰ ਲਾਹੌਰ ਵਿਖੇ 79 ਸਾਲਾਂ ਦੀ ਉਮਰ ਵਿਚ ਵਫਾਤ ਪਾ ਗਿਆ।

**-ਮਨਦੀਪ ਸਿੰਘ ਸਿੱਧੂ**


Tel.: 317-426-5410
Ext 311 or 340
XPressCargo
Cell : 317-701-4230
Fax : 317-308-6424
Pay Every Week
Single upto 42 Cent + Team Upto 50 Cent
100%
OWNER OPERATOR COMPANY
IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)
ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।
• ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
• ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
• ਟਰੱਕ ਦੀ ਲਾਇਸੈਂਸ ਪਲੇਟ
• ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
• ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
• ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਉਂਟ
ਅਸੀਂ ਵੇਅਰ ਹਾਊਸ ਅਤੇ ਲੋਡ ਸਟੋਰੇਜ ਕਰਦੇ ਹਾਂ
CA >> IN, OH, KY, PA, MD, VA
IN >> KS, TN, WI, MI, KY, IL, GA
ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ
ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ
ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ
ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ
Hiring Owner Operators and Drivers
ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।
2330 Enterprise Park Dr., Indianapolis, IN 46218
Online Application @ www.xpresscargoinc.com




# ਖਾਲਸਾ ਪੰਥ ਦੇ ਸਾਜਨਾ ਦਿਵਸ

## ਅਤੇ ਪੰਜਾਬੀਆਂ ਦੇ ਚੜ੍ਹਦੀ ਕਲਾ ਦੇ ਤਿਓਹਾਰ ਵਿਸਾਖੀ ਦੀਆਂ ਸਮੂਹ ਪੰਜਾਬੀ ਭਾਈਚਾਰੇ ਨੂੰ

ਏ.ਆਈ.ਟਰੱਕਿੰਗ. ਜੀ ਬੀ ਐਂਟਰਟੇਨਮੈਂਟ, ਮੇਜਰ ਲੀਗ ਕਬੱਡੀ ਫੈਡਰੇਸ਼ਨ ਅਤੇ
ਸਵ. ਨਸੀਬ ਸਿੰਘ ਗਾਖਲ ਦੇ ਸਪੁੱਤਰਾਂ ਅਮੋਲਕ ਸਿੰਘ ਗਾਖਲ, ਇਕਬਾਲ ਸਿੰਘ ਗਾਖਲ ਅਤੇ ਪਲਵਿੰਦਰ ਸਿੰਘ ਗਾਖਲ ਵਲੋਂ



ਸਵ: ਨਸੀਬ ਸਿੰਘ ਗਾਖਲ

# ਲੱਖ ਲੱਖ ਵਧਾਈ



ਅਮੋਲਕ ਸਿੰਘ ਗਾਖਲ



ਇਕਬਾਲ ਸਿੰਘ ਗਾਖਲ



ਪਲਵਿੰਦਰ ਸਿੰਘ ਗਾਖਲ

## ਜਾਰੀ ਕਰਤਾ:

ਗਾਖਲ ਭਰਾ ਅਤੇ ਸਮੂਹ ਗਾਖਲ ਪਰਿਵਾਰ ਵਾਟਸਨਵਿੱਲ ਕੈਲੀਫੋਰਨੀਆਂ

Gakhal Brother Watsonville CA, 95076